
Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com

Twenty-Fourth Year of Publication
ਨਿਊਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 09; March 2, 2024
20451 N. Plum Grove Rd., Palatine, IL 60074
Ph:847-359-0746, Fax:847-705-9388

## ਕਿਸਾਨ ਘੋਲ: ਜਥੇਬੰਦੀਆਂ ਦੀ ਖਹਿਬਾਜ਼ੀ ਨੇ ਖੇਡ ਵਿਗਾੜੀ

**ਚੰਡੀਗੜ੍ਹ:** ਕਿਸਾਨੀ ਮੰਗਾਂ ਬਾਰੇ ਪਿਛਲੇ ਕੁਝ ਦਿਨਾਂ ਤੋਂ ਸਰਗਰਮੀ ਦਿਖਾ ਰਹੀ ਕੇਂਦਰ ਸਰਕਾਰ ਨੇ ਇਸ ਮਸਲੇ ਉਤੇ ਮੁੜ ਚੁੱਪ ਧਾਰ ਲਈ ਹੈ। ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਉਤੇ ਕਾਨੂੰਨੀ ਗਰੰਟੀ ਸਣੇ ਹੋਰ ਮੰਗਾਂ ਲਈ ਪੰਜਾਬ ਹਰਿਆਣਾ ਦੀਆਂ ਹੱਦਾਂ ਉਤੇ ਡਟੇ ਕਿਸਾਨਾਂ ਨਾਲ ਕੇਂਦਰ ਨੇ ਗੱਲਬਾਤ ਰੋਕ ਦਿੱਤੀ ਹੈ।



ਯਾਦ ਰਹੇ ਕਿ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦਿੱਲੀ ਵੱਲ ਕੂਚ ਕਰਨ ਦੇ ਐਲਾਨ ਤੋਂ ਤੁਰਤ ਬਾਅਦ ਕੇਂਦਰ ਸਰਕਾਰ ਨੇ ਆਪਣੇ ਵਜ਼ੀਰ ਚੰਡੀਗੜ੍ਹ ਭੇਜ ਕੇ ਇਕ ਤੋਂ ਬਾਅਦ ਇਕ ਚਾਰ ਮੀਟਿੰਗਾਂ ਕੀਤੀਆਂ ਸਨ ਅਤੇ 21 ਫਰਵਰੀ ਨੂੰ ਰੋਕਾਂ ਤੋੜ ਕੇ ਅੱਗੇ ਵਧਣ ਤੋਂ ਪਹਿਲਾਂ ਕਿਸਾਨਾਂ ਨੂੰ ਪੰਜਵੇਂ ਗੇੜ ਦੀ ਗੱਲਬਾਤ ਦਾ ਸੱਦਾ ਵੀ ਆਇਆ ਸੀ ਪਰ ਖਨੌਰੀ ਬਾਰਡਰ ਉਤੇ ਹੋਈ ਪੁਲਿਸ ਕਾਰਵਾਈ ਅਤੇ ਇਸ ਤੋਂ ਬਾਅਦ ਕਿਸਾਨ ਧਿਰਾਂ ਦੀ ਆਪਸੀ ਫੁੱਟ ਸਾਹਮਣੇ ਆਉਣ ਪਿੱਛੋਂ ਕੇਂਦਰ ਸਰਕਾਰ ਨੇ ਚੁੱਪ ਧਾਰ ਲਈ ਹੈ। ਚਰਚਾ ਹੈ ਕਿ ਕੇਂਦਰ ਸਰਕਾਰ ਕਿਸਾਨ ਜਥੇਬੰਦੀਆਂ ਦੀ ਆਪਸੀ ਖਹਿਬਾਜ਼ੀ ਦਾ ਲਾਹਾ ਲੈਣ ਦੀ ਤਿਆਰੀ ਵਿਚ ਹੈ। ਇਸ ਸਮੇਂ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਪੰਜਾਬ ਹਰਿਆਣਾ ਦੀਆਂ ਹੱਦਾਂ ਉਤੇ ਮੋਰਚੇ ਲਾਏ ਹਨ ਜਦਕਿ ਦੇਸ਼ ਪੱਧਰ ਉਤੇ ਕਿਸਾਨ ਜਥੇਬੰਦੀਆਂ ਦੇ ਸਭ ਤੋਂ ਵੱਡੇ ਸਮੂਹ ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਨਾਲ ਇਨ੍ਹਾਂ ਜਥੇਬੰਦੀਆਂ ਦੀ ਅਣਬਣ ਚੱਲ ਰਹੀ ਹੈ। ਐਸ.ਕੇ.ਐਮ. ਦਾ ਤਰਕ ਹੈ ਕਿ ਦਿੱਲੀ ਕੂਚ ਦਾ ਐਲਾਨ ਕਰਨ ਵਾਲੀਆਂ ਜਥੇਬੰਦੀਆਂ ਉਨ੍ਹਾਂ ਨਾਲ ਬਿਨਾਂ ਕੋਈ ਸਲਾਹ ਕੀਤੇ ਤੁਰ ਪਈਆਂ। ਇਸ ਲਈ ਇਨ੍ਹਾਂ ਜਥੇਬੰਦੀਆਂ ਨੂੰ ਸਮਰਥਨ ਦੇਣ ਦੀ ਕੋਈ ਤੁਕ ਨਹੀਂ ਬਣਦੀ। ਐਸ.ਕੇ.ਐਮ. ਦਾ ਕਹਿਣਾ ਹੈ ਕਿ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਮੋਰਚਾ ਫਤਹਿ ਕਰਨ ਤੋਂ ਬਾਅਦ ਕਿਸਾਨ ਜਥੇਬੰਦੀਆਂ ਵਿਚ ਆਏ ਆਪਸੀ ਮਤਭੇਦ ਖਤਮ ਕਰਨ ਲਈ ਬਕਾਇਦਾ ਕਮੇਟੀਆਂ ਬਣਾਈਆਂ ਗਈਆਂ ਪਰ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਨੇ ਇਸ ਪਾਸੇ ਕੋਈ ਹੁੰਗਾਰਾ ਨਹੀਂ ਭਰਿਆ। ਹਾਲਾਂਕਿ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦਾ ਕਹਿਣਾ ਹੈ ਕਿ ਦਿੱਲੀ ਮੋਰਚਾ ਫਤਹਿ ਕਰਨ ਤੋਂ ਬਾਅਦ ਤੈਅ ਹੋਇਆ ਸੀ ਕਿ ਜੇ ਸਰਕਾਰ ਨੇ ਮੰਨੀਆਂ ਬਾਕੀ ਮੰਗਾਂ ਲਾਗੂ ਕਰਨ ਤੋਂ ਨਾਂਹ-ਨੁੱਕਰ ਕੀਤੀ ਤਾਂ ਮੁੜ ਦਿੱਲੀ ਚਾਲੇ ਪਾਏ ਜਾਣਗੇ। ਉਸ ਸਮੇਂ ਮੋਰਚਾ ਸਿਰਫ ਮੁਅੱਤਲ ਕੀਤਾ ਗਿਆ ਸੀ। ਸਰਕਾਰ ਮੰਗਾਂ ਤੋਂ ਭੱਜ ਗਈ ਅਤੇ ਤਕਰੀਬਨ ਦੋ ਸਾਲ ਕੋਈ ਰਾਹ ਨਹੀਂ ਦਿੱਤਾ। ਇਸ ਦੇ ਬਾਵਜੂਦ ਐਸ.ਕੇ.ਐਮ. ਪੰਜਾਬ ਪੱਧਰ ਉਤੇ ਹੀ ਛੋਟੇ-ਮੋਟੇ ਧਰਨੇ ਲਾ ਕੇ ਬੁੱਤਾ ਸਾਰਦਾ ਰਿਹਾ। ਸਰਵਣ ਸਿੰਘ ਪੰਧੇਰ ਅਤੇ ਜਗਜੀਤ ਸਿੰਘ ਡੱਲੇਵਾਲ ਧੜੇ ਦਾ ਕਹਿਣਾ ਹੈ ਕਿ ਜਦੋਂ ਪਤਾ ਹੈ ਕਿ ਦੇਸ਼ ਵਿਚ ਚੋਣ ਜ਼ਾਬਤਾ ਲੱਗਣ ਵਾਲਾ ਹੈ, ਫਿਰ ਸੰਘਰਸ਼ ਦਿੱਲੀ ਤੱਕ ਲਿਜਾਉਣ ਦੀ ਥਾਂ ਪੰਜਾਬ ਤੱਕ ਹੀ ਸੀਮਤ ਰੱਖਣ ਦਾ ਮਤਲਬ ਭਾਜਪਾ ਸਰਕਾਰ ਨੂੰ ਬਚਾਅ ਦਾ ਮੌਕਾ ਦੇਣ ਬਰਾਬਰ ਹੈ। ਡੱਲੇਵਾਲ ਅਤੇ ਪੰਧੇਰ ਧੜਾ ਇਸ ਲਈ ਵੀ ਆਪਣੀ ਪਿੱਠ ਥਾਪੜ ਰਿਹਾ ਹੈ ਕਿ ਹੁਣ ਉਨ੍ਹਾਂ ਦੇ ਦਿੱਲੀ ਵੱਲ ਕੂਚ ਦੇ ਸੱਦੇ ਪਿੱਛੋਂ ਹੀ ਗੱਲ ਅੱਗੇ ਤੁਰੀ ਸੀ ਤੇ ਕੇਂਦਰ ਨੇ ਧੜਾਧੜ ਇਕ ਤੋਂ ਬਾਅਦ ਇਕ ਚਾਰ ਮੀਟਿੰਗਾਂ ਕਰ ਲਈਆਂ ਪਰ ਐਸ.ਕੇ.ਐਮ. ਵੱਲੋਂ ਅੱਗੇ ਨਾ ਵਧਣ ਕਾਰਨ ਕੇਂਦਰ ਢਿੱਲਾ ਪੈ ਗਿਆ ਹੈ।

ਚੌਥੇ ਗੇੜ ਦੀ ਬੈਠਕ ਵਿਚ ਭਾਰਤ ਸਰਕਾਰ ਵੱਲੋਂ ਪੰਜ ਫਸਲਾਂ 'ਤੇ ਐਮ.ਐਸ.ਪੀ. ਦੀ ਗਾਰੰਟੀ ਦੇਣ ਦੀ ਹਾਮੀ ਭਰੀ ਸੀ ਪਰ ਜਥੇਬੰਦੀਆਂ ਨੇ ਇਸ ਤਜਵੀਜ਼ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਹੈ। ਚੌਥੇ

*(ਬਾਕੀ ਸਫਾ 6 'ਤੇ)*

## ਕੋਟਕਪੂਰਾ ਗੋਲੀ ਕਾਂਡ: ਸੁਖਬੀਰ ਤੇ ਸੁਮੇਧ ਸੈਣੀ ਨੇ ਰਚੀ ਸੀ ਸਾਜ਼ਿਸ਼

### ਜਾਂਚ ਟੀਮ ਦਾ ਦਾਅਵਾ

**ਫ਼ਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਮੁਸ਼ਕਿਲਾਂ ਹੋਰ ਵਧ ਗਈਆਂ ਹਨ। ਇਸ ਮਾਮਲੇ ਵਿਚ ਵਿਸ਼ੇਸ਼ ਟੀਮ ਨੇ ਦੋ ਹੋਰ ਚਲਾਨ ਅਦਾਲਤ ਵਿਚ ਪੇਸ਼ ਕਰ ਕੇ ਦਾਅਵਾ ਕੀਤਾ ਹੈ ਕਿ ਕੋਟਕਪੂਰਾ ਗੋਲੀ ਕਾਂਡ ਦੀ ਸਾਜ਼ਿਸ਼ ਸਾਬਕਾ ਉਪ ਮੁੱਖ ਮੰਤਰੀ ਤੇ ਸਾਬਕਾ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਪੁਲਿਸ ਅਧਿਕਾਰੀ ਸੁਮੇਧ ਸਿੰਘ ਸੈਣੀ ਨੇ ਰਚੀ ਸੀ।

ਜਾਂਚ ਟੀਮ ਦੇ ਤਿੰਨ ਮੈਂਬਰਾਂ ਦੇ ਦਸਤਖ਼ਤਾਂ ਹੇਠ ਤਿਆਰ ਕੀਤੀ ਪੜਤਾਲ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਗਈ ਜਿਸ ਵਿਚ ਕਿਹਾ ਗਿਆ ਹੈ ਕਿ ਸੁਖਬੀਰ ਬਾਦਲ ਅਤੇ ਸੁਮੇਧ ਸੈਣੀ ਨੇ ਡੇਰਾ ਪ੍ਰੇਮੀਆਂ ਨੂੰ ਖੁਸ਼ ਕਰਨ ਅਤੇ ਚੋਣਾਂ ਵਿਚ ਉਨ੍ਹਾਂ ਦੀਆਂ ਵੋਟਾਂ ਹਾਸਲ ਕਰਨ ਦੇ ਮਕਸਦ ਨਾਲ ਕੋਟਕਪੂਰਾ ਗੋਲੀ ਕਾਂਡ ਦੀ ਸਾਜ਼ਿਸ਼ ਰਚੀ ਸੀ। ਜਾਂਚ ਟੀਮ ਨੇ ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਐਸ.ਐਸ.ਪੀ. ਸੁਖਮਿੰਦਰ ਸਿੰਘ ਮਾਨ, ਥਾਣਾ ਸਿਟੀ ਕੋਟਕਪੂਰਾ ਦੇ ਸਾਬਕਾ ਐਸ.ਐਚ.ਓ. ਗੁਰਦੀਪ ਸਿੰਘ ਖਿਲਾਫ਼ ਜਾਂਚ ਰਿਪੋਰਟਾਂ, ਫੋਰੈਂਸਿਕ ਰਿਪੋਰਟਾਂ, ਘਟਨਾ ਦੌਰਾਨ ਵਰਤੇ ਗਏ ਅਸਲ੍ਹੇ ਦੀਆਂ ਰਿਪੋਰਟਾਂ, ਗਵਾਹਾਂ ਦੀ ਸੂਚੀ ਅਤੇ ਹੋਰ ਦਸਤਾਵੇਜ਼ ਅਦਾਲਤ ਨੂੰ ਸੌਂਪੇ। ਅਦਾਲਤ ਨੇ ਚਲਾਨ ਦੀਆਂ ਫਾਈਲਾਂ ਪ੍ਰਾਪਤ ਕਰਨ ਤੋਂ ਬਾਅਦ ਇਸ ਮਾਮਲੇ ਦੀ ਅਗਲੀ ਸੁਣਵਾਈ ਪਹਿਲੀ ਮਾਰਚ ਤੈਅ ਕੀਤੀ ਹੈ। ਅਦਾਲਤ ਨੇ ਮੁਲਜ਼ਮਾਂ ਨੂੰ ਨੋਟਿਸ ਜਾਰੀ ਕਰ ਕੇ ਪਹਿਲੀ ਮਾਰਚ ਨੂੰ ਅਦਾਲਤ ਸਾਹਮਣੇ ਪੇਸ਼ ਹੋਣ ਦੀ ਹਦਾਇਤ ਕੀਤੀ ਹੈ।




ਇਸ ਚਲਾਨ ਦਾ ਅਸਰ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਪ੍ਰਸੰਗ ਵਿਚ ਸੁਖਬੀਰ ਸਿੰਘ ਬਾਦਲ ਦੀ ਪਾਰਟੀ ਉਤੇ ਪਵੇਗਾ। ਪਾਰਟੀ ਪਹਿਲਾਂ ਹੀ ਬਹੁਤ ਜ਼ਿਆਦਾ ਦਬਾਅ ਹੇਠ ਹੈ।

**One stop shop for all your taxi needs**

**The Friendly Group Ltd.**
**Chelsea Taxi Brokers**
Ph: 212-947-9833, 212-695-0601
*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
** Medallion transfers*
** Accident claims*
** Taxi Stand Facility available*




We are here at your service to sell and buy or insure medallions and we are in business to help our Punjabi Community since last 40 years.

*Ask us about Purchase or new buyer and financing.

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976

# TRUCK PARTS KING USA

## Heavy duty Trucks & Trailer Parts

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020

# ਸਿਟੀ ਕੌਂਸਲ ਦੀ ਚੋਣ ’ਚ ਅਮੋਲਕ ਸਿੰਘ ਗਾਖਲ ਨੇ ਵਲੋਂ ਸੁਖਦੇਵ ਸਿੰਘ ਬੈਨੀਵਾਲ ਦਾ ਸਮਰਥਨ

## ਬੈਨੀਵਾਲ ਸਮਾਜ ਦੀ ਸੇਵਾ ਕਰਨ ਦੇ ਸਮਰੱਥ: ਗਾਖਲ

ਸੈਨਹੋਜ਼ੇ ’ਚ ਹੋਣ ਜਾ ਰਹੀਆਂ ਸਿਟੀ ਕੌਂਸਲ ਚੋਣਾਂ ਵਿਚ ਭਾਈਚਾਰੇ ਦੀ ਸਤਿਕਾਰਤ ਅਤੇ ਪ੍ਰਸਿੱਧ ਸ਼ਖਸੀਅਤ ਸ. ਸੁਖਦੇਵ ਸਿੰਘ ਬੈਨੀਵਾਲ ਚੋਣ ਮੈਦਾਨ ਵਿਚ ਹਨ। ਉੱਘੇ ਸਮਾਜ ਸੇਵੀ ਅਤੇ ਬਿਜ਼ਨਸਮੈਨ ਸ. ਅਮੋਲਕ ਸਿੰਘ ਗਾਖਲ ਚੇਅਰਮੈਨ ਗਾਖਲ ਗਰੁੱਪ ਯੂ.ਐੱਸ.ਏ. ਨੇ ਸ. ਸੁਖਦੇਵ ਸਿੰਘ ਬੈਨੀਵਾਲ ਦਾ ਸਮਰਥਨ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਦੋਂ ਮੈਂ ਅਮਰੀਕਾ ’ਚ ਪਹੁੰਚਿਆ ਤਾਂ ਸੈਨਹੋਜ਼ੇ ਗੁਰਦੁਆਰਾ ਸਾਹਿਬ ਜਾਣਾ ਸ਼ੁਰੂ ਕੀਤਾ। ਉਸ ਵੇਲੇ ਚਰਚ ਕਿਰਾਏ ’ਤੇ ਲੈ ਕੇ ਗੁਰਦੁਆਰਾ ਸਾਹਿਬ ਬਣਾਇਆ ਗਿਆ ਸੀ ਪਰ ਸ. ਜੀਤ ਸਿੰਘ ਬੈਨੀਵਾਲ ਨੇ ਸਮੂਹ ਸੰਗਤ ਨੂੰ ਨਾਲ ਜੋੜਦਿਆਂ ਅਮਰੀਕਾ ਦਾ ਸਭ ਤੋਂ ਵੱਡਾ ਆਲੀਸ਼ਾਨ ਗੁਰਦੁਆਰਾ ਸਥਾਪਤ ਕਰਨ ਦਾ ਮਾਣ ਖੱਟਿਆ।

ਉਨ੍ਹਾਂ ਦੀ ਨਾਮ ਸਿਮਰਨ ਸੇਵਾ ਸੋਚ ਕਾਰਨ ਮੇਰੀ ਉਨ੍ਹਾਂ ਨਾਲ ਸਾਂਝ ਬਣੀ ਤੇ ਮੈਂ ਉਨ੍ਹਾਂ ਦਾ ਬਹੁਤ ਸਤਿਕਾਰ ਕਰਨ ਲੱਗਾ। ਸ. ਜੀਤ ਸਿੰਘ ਦੇ ਸਪੁੱਤਰ ਸ. ਸੁਖਦੇਵ ਸਿੰਘ ਬੈਨੀਵਾਲ ਨੇ ਵੀ ਆਪਣੇ ਪਿਤਾ ਦੀ ਵਿਰਾਸਤ ਨੂੰ ਕਾਇਮ ਰੱਖਿਆ ਅਤੇ ਅੱਜ ਵੀ ਗੁਰੂਘਰ ਦੀ ਸੇਵਾ ਕਰ ਰਹੇ ਹਨ। ਅੱਜ ਇਹ ਪਰਿਵਾਰ ਸਿਟੀ ਕੌਂਸਲ ਵਿਚ ਜਾ ਕੇ ਆਪਣੇ ਭਾਈਚਾਰੇ ਦੀ ਸੇਵਾ ਕਰਨਾ ਚਾਹੁੰਦਾ ਹੈ। ਇਸ ਲਈ ਸੁਖਦੇਵ ਸਿੰਘ ਬੈਨੀਵਾਲ ਸੈਨਹੋਜ਼ੇ ਸਿਟੀ ’ਚ ਕੌਂਸਲਰ ਦੀ ਚੋਣ ਲੜਨ ਲਈ ਚੋਣ ਮੈਦਾਨ ਵਿਚ ਉੱਤਰੇ ਹਨ। ਮੇਰੀ ਆਪ ਸਭ ਨੂੰ ਬੇਨਤੀ ਹੈ ਕਿ ਆਪ ਜੀ ਸਿੱਖੀ ਤੇ ਸੇਵਾ ਨੂੰ ਸਮਰਪਿਤ ਉਮੀਦਵਾਰ ਸੁਖਦੇਵ ਸਿੰਘ ਬੈਨੀਵਾਲ ਨੂੰ ਵੋਟਾਂ ਜ਼ਰੂਰ ਪਾਓ ਅਤੇ ਜਿਤਾਓ ਤਾਂ ਜੋ ਉਹ ਤੁਹਾਡੇ ਹੱਕ ਦੀ ਗੱਲ ਸਿਟੀ ਕੌਂਸਲ ਵਿਚ ਬਹਿ ਕੇ ਕਰ ਸਕਣ।



*ਸ. ਅਮੋਲਕ ਸਿੰਘ ਗਾਖਲ (ਸੱਜੇ), ਸ. ਸੁਖਦੇਵ ਸਿੰਘ ਬੈਨੀਵਾਲ (ਵਿਚਕਾਰ) ਦੇ ਹੱਕ ’ਚ ਸਮਰਥਨ ਦਾ ਐਲਾਨ ਕਰਨ ਮੌਕੇ।*

# ਭਾਰਤੀ ਵਿਦਿਆਰਥਣ ਦੀ ਮੌਤ ਦੇ ਮਾਮਲੇ ਵਿਚ ਪੁਲਿਸ ਅਫਸਰ ਨੂੰ ਦੋਸ਼ ਮੁਕਤ ਐਲਾਨਿਆ

**ਸੈਕਰਾਮੈਂਟੋ** : ਇਸ ਸਾਲ 23 ਜਨਵਰੀ ਨੂੰ ਵਾਪਰੇ ਦੁਖਦਾਈ ਹਾਦਸੇ ਜਿਸ ਵਿਚ 23 ਸਾਲਾ ਭਾਰਤੀ ਵਿਦਿਆਰਥਣ ਜਾਹਨਵੀ ਕੁੰਡਾਲਾ ਦੀ ਸਿਆਟਲ ਪੁਲਿਸ ਦੀ ਗੱਡੀ ਹੇਠਾਂ ਆ ਕੇ ਮੌਤ ਹੋ ਗਈ ਸੀ, ਦੇ ਮਾਮਲੇ ਵਿਚ ਪੁਲਿਸ ਅਫਸਰ ਕੈਵਿਨ ਡੇਵ ਜੋ ਗੱਡੀ ਚਲਾ ਰਿਹਾ ਸੀ, ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਹੈ। ਹਾਦਸੇ ਦੀ ਗੰਭਰਿਤਾ ਦੇ ਬਾਵਜੂਦ ਕਿੰਗ ਕਾਊਂਟੀ ਦੇ ਪ੍ਰਾਸੀਕਿਊਟਰ ਦਫਤਰ ਨੇ ਐਲਾਨ ਕੀਤਾ ਹੈ ਕਿ ਸਬੂਤਾਂ ਦੀ ਘਾਟ ਕਾਰਨ ਵਾਸ਼ਿੰਗਟਨ ਸਟੇਟ ਕਾਨੂੰਨ ਤਹਿਤ ਡੇਵ ਵਿਰੁੱਧ ਅਪਰਾਧਕ ਦੋਸ਼ ਆਇਦ ਨਹੀਂ ਕੀਤੇ ਜਾਣਗੇ। ਹਾਦਸੇ ਸਮੇ ਗੱਡੀ ਦੀ ਰਫਤਾਰ 74 ਮੀਲ ਪ੍ਰਤੀ ਘੰਟਾ ਸੀ ਤੇ ਸਮਝਿਆ ਜਾਂਦਾ ਹੈ ਕਿ ਇਹ ਹਾਦਸਾ ਤੇਜ਼ ਰਫਤਾਰ ਕਾਰਨ ਵਾਪਰਿਆ ਸੀ ਜਿਸ ਕਾਰਨ ਜਾਹਨਵੀ ਕਈ ਫੁੱਟ ਦੂਰ ਜਾ ਡਿੱਗੀ ਸੀ ਤੇ ਉਸਦੀ ਮੌਤ ਹੋ ਗਈ ਸੀ। ਡੇਵ ਵਿਰੁੱਧ ਮੁਕੱਦਮਾ ਨਾ ਚਲਾਉਣ ਦੇ ਨਿਰਣੇ ਕਾਰਨ ਜਿੱਥੇ ਭਾਰਤੀ ਭਾਈਚਾਰੇ ਵਿਚ ਰੋਸ ਹੈ ਉਥੇ ਲਾਅ ਇਨਫੋਰਸਮੈਂਟ ਅਫਸਰਾਂ ਦੀ ਸ਼ਮੂਲੀਅਤ ਵਾਲੇ ਮਾਮਲਿਆਂ ਵਿਚ ਜ਼ਿੰਮੇਵਾਰੀ ਤੈਅ ਕਰਨ ਨੂੰ ਲੈ ਕੇ ਵੀ ਚਿੰਤਾ ਪਾਈ ਜਾ ਰਹੀ ਹੈ। ਜਾਹਨਵੀ ਨਾਰਥ ਈਸਟਰਨ ਯੂਨੀਵਰਸਿਟੀ ਦੇ ਸਿਆਟਲ ਕੈਂਪਸ ਵਿਚ ਮਾਸਟਰ ਡਿਗਰੀ ਕਰ ਰਹੀ ਸੀ।

*–ਹੁਸਨ ਲੜੋਆ ਬੰਗਾ*






# Matrimonials

## ਲੜਕੀ ਦੀ ਲੋੜ ਹੈ

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA.

05-08

Qualified compatible match for Sikh Khatri postgraduate IT engineer boy, Nov 86 born 5’8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com

05-08

California settled Grewal Jatt Sikh family seeking compatible match for their US born, Kesdhariboy 27,5’9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376

03-06

US Based well educated Khatri Gursikh family is seeking a match for their Son, 31 Years, 5’7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com**

02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com

52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com

52-03

## ਲੜਕੇ ਦੀ ਲੋੜ ਹੈ

ਅਮਰੀਕਾ ਦਾ ਵਿਜ਼ਟਰ ਵੀਜ਼ਾ ਹੋਲਡਰ ਪੰਜਾਬ, ਅੰਮ੍ਰਿਤਸਰ ਰਹਿੰਦੀ ਜੱਟ ਸਿੱਖ ਲੜਕੀ, ਉਮਰ 28 ਸਾਲ, 5’5" (ਵੈੱਬ ਡਿਜਾਈਨਿੰਗ ਡਿਪਲੋਮਾ ਹੋਲਡਰ), ਲਈ ਯੂ.ਐਸ.ਏ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਜ਼ਰੂਰਤ ਹੈ। ਚਾਹਵਾਨ ਲੜਕੀ ਦੇ ਪਿਤਾ ਨਾਲ ਵ੍ਹਟਸਐਪ ਨੰਬਰ: 98783-42510, ਭਰਾ ਨਾਲ 510-424-8565 ਅਤੇ ਫੁੱਫੜ ਨਾਲ 510-610-7391 ‘ਤੇ ਸੰਪਰਕ ਕਰਨ। ਈਮੇਲ: gurtejsingh1991us@gmail.com

06-09

Jat Sikh family seeks a suitable match for their daughter born and raised in US, 29 years. MD doctor in residency in the US. Looking for a US/Canada born or raised Amritdhari boy doctor or higher education. Send biodata and pictures to gurkirpa224@gmail.com.

02-05

Jatt Sikh parents invite matrimonial alliance for their US born daughter 38, 5’9" beautiful, family oriented, never married. Master’s in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5’-5". The boy should be settled in the Bay Area (California) with a University degree and professionally employed. Please contact 408-763-3949

39-42

# ਪੰਜਾਬ ਹਰਿਆਣਾ ਦੀਆਂ ਹੱਦਾਂ 'ਤੇ ਕੇਂਦਰ ਸਰਕਾਰ ਖਿਲਾਫ ਗਰਜੇ ਕਿਸਾਨ




**ਪਟਿਆਲਾ:** ਦਿੱਲੀ ਕਿਸਾਨ ਅੰਦੋਲਨ ਦੌਰਾਨ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਵੱਡੀ ਗਿਣਤੀ ਕਿਸਾਨਾਂ ਨੇ ਪੰਜਾਬ ਹਰਿਆਣਾ ਦੀਆਂ ਹੱਦਾਂ 'ਤੇ ਸ਼ੰਭੂ ਅਤੇ ਢਾਬੀਗੁੱਜਰਾਂ ਬੈਰੀਅਰਾਂ 'ਤੇ ਵਿਸ਼ਵ ਵਪਾਰ ਸੰਸਥਾ ਦੇ ਵੀਹ-ਵੀਹ ਫੁੱਟ ਉਚੇ ਪੁਤਲੇ ਸਾੜ ਕੇ ਰੋਸ ਜਤਾਇਆ।

ਖਨੌਰੀ ਬਾਰਡਰ 'ਤੇ ਹਜ਼ਾਰਾਂ ਕਿਸਾਨਾਂ ਵੱਲੋਂ ਵਿਸ਼ਵ ਵਪਾਰ ਸੰਸਥਾ ਦਾ ਕਰੀਬ ਵੀਹ ਫੁੱਟ ਉਚਾ ਪੁਤਲਾ ਫੂਕਦਿਆਂ ਪ੍ਰਦਰਸ਼ਨ ਕੀਤਾ ਗਿਆ ਅਤੇ ਕੇਂਦਰ ਅਤੇ ਹਰਿਆਣਾ ਦੀਆਂ ਭਾਜਪਾ ਸਰਕਾਰਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਇਕੱਠੇ ਹੋਏ ਕਿਸਾਨਾਂ ਨੂੰ ਵਿਸ਼ਵ ਵਪਾਰ ਸੰਸਥਾ ਦੀਆਂ ਕਿਸਾਨ ਤੇ ਲੋਕ ਮਾਰੂ ਨੀਤੀਆਂ ਬਾਰੇ ਜਾਣੂ ਕਰਵਾਇਆ ਗਿਆ। ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਦੇ ਮੁੱਖ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਕਿਸਾਨੀ ਅਤੇ ਅਗਲੀਆਂ ਨਸਲਾਂ ਬਚਾਉਣ ਲਈ ਇਕਜੁੱਟ ਹੋ ਕੇ ਲੜਾਈ ਲੜਨੀ ਹੋਵੇਗੀ। ਉਨ੍ਹਾਂ ਕਿਹਾ ਕਿ ਕਿਸਾਨ ਜਾਣ ਬੁੱਝ ਕੇ ਖੁਦ ਕਰਜ਼ਈ ਨਹੀਂ ਹੋਏ ਸਗੋਂ ਹਕੂਮਤਾਂ ਨੇ ਸਾਜ਼ਿਸ਼ ਅਤੇ ਰਾਜਨੀਤੀ ਨਾਲ ਕਿਸਾਨਾਂ ਨੂੰ ਕਰਜ਼ਈ ਕੀਤਾ ਹੈ। ਜੇਕਰ ਕਰਜ਼ਿਆਂ ਖ਼ਿਲਾਫ਼ ਇਕਜੁੱਟ ਹੋ ਕੇ ਲੜਾਈ ਨਾ ਲੜੀ ਗਈ ਤਾਂ ਜ਼ਮੀਨਾਂ ਬੈਂਕ ਵਿਚ ਗਿਰਵੀ ਰਹਿਣਗੀਆਂ ਅਤੇ ਕਾਰਪੋਰੇਟ ਕੰਪਨੀਆਂ ਬੈਂਕ ਤੋਂ ਜ਼ਮੀਨਾਂ ਹੜੱਪ ਲੈਣਗੀਆਂ। ਇਸ ਵੇਲੇ ਕਿਸਾਨਾਂ ਨੂੰ ਕਈ ਢੰਗਾਂ ਨਾਲ ਲੁੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਬਸਿਡੀਆਂ 'ਤੇ ਜ਼ਹਿਰੀਲੀਆਂ ਸਪਰੇਆਂ ਦੇ ਕੇ ਅਨਾਜ ਜ਼ਹਿਰੀਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਸਾਨ ਨੂੰ ਲਾਗਤ ਅਨੁਸਾਰ ਜਿਣਸਾਂ ਦਾ ਭਾਅ ਨਾ ਦੇਣ ਦਾ ਦੋਸ਼ ਲਾਇਆ। ਕੇਂਦਰ ਵਲੋਂ ਸਾਜਿਸ਼ੀ ਢੰਗ ਤਰੀਕਿਆਂ ਨਾਲ ਕਿਸਾਨਾਂ ਨੂੰ 14 ਲੱਖ ਕਰੋੜ ਰੁਪਏ ਦਾ ਘਾਟਾ ਪਾਇਆ ਗਿਆ ਹੈ। ਸ੍ਰੀ ਡੱਲੇਵਾਲ ਨੇ ਕਿਸਾਨਾਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਕਿਹਾ ਕਿ ਡਾ. ਸਵਾਮੀਨਾਥਨ ਰਿਪੋਰਟ ਨੂੰ ਜਾਨਣਾ ਅਤੇ ਸਮਝਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਸਾਨਾਂ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਹੁਣ ਤੋਂ ਹੀ ਇਸ ਰਿਪੋਰਟ ਦਾ ਲੇਖਾ-ਜੋਖਾ ਕਰਨਾ ਸ਼ੁਰੂ ਕਰ ਦੇਣ ਤੇ ਇਸ ਰਿਪੋਰਟ ਨੂੰ ਸਮਝਣ ਤੋਂ ਬਾਅਦ ਉਹ ਖੁਦ ਹੀ ਸੰਘਰਸ਼ ਲਈ ਨਿੱਤਰਨਗੇ। ਹਰਿਆਣਾ ਦੇ ਕਿਸਾਨ ਆਗੂ ਅਭਿਮਨਿਊ ਕੋਹਾੜ ਨੇ ਕਿਹਾ ਕਿ ਪੂਰਾ ਹਰਿਆਣਾ ਕਿਸਾਨ ਅੰਦੋਲਨ ਵਿਚ ਡਟ ਕੇ ਖੜ੍ਹਾ ਹੈ ਅਤੇ ਹਰਿਆਣਾ 'ਚ ਜ਼ੋਰਦਾਰ ਢੰਗ ਨਾਲ ਹਾਕਮਾਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ।

## ਕਿਸਾਨਾਂ 'ਤੇ ਤਸ਼ੱਦਦ ਲਈ ਐਨ.ਡੀ.ਏ. ਤੇ 'ਇੰਡੀਆ' ਜ਼ਿੰਮੇਵਾਰ: ਚੰਦੂਮਾਜਰਾ

**ਰੂਪਨਗਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਕਿਸਾਨਾਂ 'ਤੇ ਹੋਇਆ ਤਸ਼ੱਦਦ ਐਨ.ਡੀ.ਏ. ਤੇ ਇੰਡੀਆ ਗੱਠਜੋੜਾਂ ਦਾ ਸਾਂਝਾ ਅਪਰੇਸ਼ਨ ਸੀ। ਇਸ ਸਬੰਧੀ ਦੋਵੇਂ ਗੱਠਜੋੜ ਬਰਾਬਰ ਦੇ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਮਾੜੀ ਵਿਚੋਲਗੀ ਨੇ ਇਹ ਮਾਹੌਲ ਪੈਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਰਾਜਸੀ ਰੋਟੀਆਂ ਸੇਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।


## ਮੋਦੀ ਸਰਕਾਰ ਨੇ ਸੂਬਿਆਂ ਦੀਆਂ ਹੱਦਾਂ ਨੂੰ ਪਾਕਿਸਤਾਨ ਸਰਹੱਦ ਬਣਾਇਆ: ਵੜਿੰਗ

**ਬਾਘਾਪੁਰਾਣਾ:** ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੇਂਦਰ ਸਰਕਾਰ ਉਪਰ ਦੋਸ਼ ਲਾਇਆ ਕਿ ਉਸ ਨੇ ਭਾਰਤ ਦੇ ਸੂਬਿਆਂ ਦੀਆਂ ਸਰਹੱਦਾਂ ਨੂੰ ਕੌਮਾਂਤਰੀ ਸਰਹੱਦਾਂ ਬਣਾ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਿਰਫ ਹਰਿਆਣਾ ਦੀਆਂ ਸਰਹੱਦਾਂ ਨੂੰ ਸੀਲ ਕਰਕੇ ਰੋਕਿਆ ਹੀ ਨਹੀਂ ਗਿਆ ਸਗੋਂ ਪੰਜਾਬ ਅੰਦਰ ਸੁਰੱਖਿਆ ਬਲਾਂ ਦੀ ਤਾਕਤ ਦੀ ਵਰਤੋਂ ਕਰ ਕੇ ਕਿਸਾਨਾਂ ਉੱਪਰ ਅੰਨ੍ਹਾ ਤਸ਼ੱਦਦ ਵੀ ਕੀਤਾ ਗਿਆ। ਸੂਬਾ ਪ੍ਰਧਾਨ ਨੇ ਆਖਿਆ ਕਿ 70 ਹਜ਼ਾਰ ਕਰੋੜ ਦਾ ਕਰਜ਼ਾ ਕਾਂਗਰਸ ਨੇ ਪੰਜ ਸਾਲਾਂ ਵਿਚ ਲਿਆ ਸੀ ਜਦਕਿ ਭਗਵੰਤ ਮਾਨ ਦੀ ਸਰਕਾਰ ਨੇ ਸੂਬੇ ਸਿਰ ਸਿਰਫ ਦੋ ਸਾਲਾਂ ਵਿੱਚ 74 ਹਜ਼ਾਰ ਕਰੋੜ ਦਾ ਕਰਜ਼ਾ ਚਾੜ੍ਹ ਦਿੱਤਾ ਹੈ।

## ਕੇਂਦਰ ਪਹਿਲ ਦੇ ਆਧਾਰ 'ਤੇ ਕਿਸਾਨਾਂ ਦੇ ਮਸਲੇ ਹੱਲ ਕਰੇ: ਸੁਖਦੇਵ ਸਿੰਘ ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਪਹਿਲ ਦੇ ਆਧਾਰ 'ਤੇ ਮੰਨਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਮਸਲਾ ਹੁਣ ਇਕੱਲਾ ਕਿਸਾਨੀ ਮੰਗਾਂ ਤੱਕ ਸੀਮਤ ਨਹੀਂ ਰਿਹਾ ਬਲਕਿ ਇਹ ਮਸਲਾ ਦੇਸ਼ ਦੀ ਏਕਤਾ ਦਾ ਬਣ ਗਿਆ ਹੈ। ਸ੍ਰੀ ਢੀਂਡਸਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਹਰਿਆਣਾ ਪੁਲਿਸ ਖਿਲਾਫ਼ ਕੇਸ ਦਰਜ ਕਰਕੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦੀ ਵੀ ਮੰਗ ਕੀਤੀ ਹੈ।

# ਕੇਂਦਰ ਸਰਕਾਰ ਨੇ ਮੋਹਰੀ ਹੋ ਕੇ ਪੰਜਾਬ ਦਾ ਵਿਕਾਸ ਕਰਵਾਇਆ: ਪੁਰੋਹਿਤ



**ਜਲੰਧਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਵੱਖ-ਵੱਖ ਰੇਲਵੇ ਸਟੇਸ਼ਨਾਂ ਦੇ ਪੁਨਰ ਵਿਕਾਸ ਤੋਂ ਇਲਾਵਾ ਅੰਮ੍ਰਿਤ ਭਾਰਤ ਯੋਜਨਾ ਤਹਿਤ 554 ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਇਸੇ ਲੜੀ ਤਹਿਤ ਜਲੰਧਰ ਵਿਚ ਵੀ ਸੂਬਾ ਪੱਧਰੀ ਪ੍ਰੋਗਰਾਮ ਕਰਵਾਇਆ ਗਿਆ ਜਿੱਥੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਇਸ ਮੌਕੇ ਸ੍ਰੀ ਪੁਰੋਹਿਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਕਿਸਾਨਾਂ ਪ੍ਰਤੀ ਸਮਰਪਿਤ ਹਨ ਤੇ ਉਹ ਕਿਸਾਨਾਂ ਲਈ ਸਭ ਕੁਝ ਕਰਨਗੇ ਕਿਉਂਕਿ ਉਹ ਪੰਜਾਬ ਦੀ ਮਹੱਤਤਾ ਅਤੇ ਪੰਜਾਬ ਦੇ ਕਿਸਾਨਾਂ ਦੀ ਅਹਿਮੀਅਤ ਨੂੰ ਜਾਣਦੇ ਹਨ। ਕਿਸਾਨਾਂ ਨੂੰ ਆਪਣੇ ਮਨ ਵਿਚ ਕਿਸੇ ਕਿਸਮ ਦਾ ਸ਼ੱਕ ਨਹੀਂ ਹੋਣਾ ਚਾਹੀਦਾ। ਸ੍ਰੀ ਪੁਰੋਹਿਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਅੱਜ ਪੂਰੇ ਦੇਸ਼ ਨੂੰ 41 ਹਜ਼ਾਰ ਕਰੋੜ ਰੁਪਏ ਦਾ ਤੋਹਫਾ ਦਿੱਤਾ ਹੈ। ਰਾਜਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮੋਹਰੀ ਹੋ ਕੇ ਪੰਜਾਬ ਦਾ ਵਿਕਾਸ ਕਰਵਾਇਆ ਹੈ। ਜਲੰਧਰ ਰੇਲਵੇ ਸਟੇਸ਼ਨ ਭਾਰਤ ਦੇ ਵਿਕਸਤ ਰੇਲਵੇ ਸਟੇਸ਼ਨਾਂ ਵਿਚੋਂ ਇਕ ਹੋਵੇਗਾ। ਪ੍ਰਧਾਨ ਮੰਤਰੀ ਨੇ ਭਾਰਤੀ ਰੇਲਵੇ ਨੂੰ ਵੰਦੇ ਭਾਰਤ ਵਰਗੀ ਰੇਲ ਗੱਡੀ ਤੋਹਫੇ ਵਜੋਂ ਦਿੱਤੀ ਸੀ ਜੋ ਅੱਜ ਭਾਰਤ ਦੇ ਕੋਨੇ-ਕੋਨੇ ਵਿੱਚ ਚੱਲ ਰਹੀ ਹੈ।

## ਸ਼ੁਭਕਰਨ ਦੇ ਕਾਤਲਾਂ ਨੂੰ ਸੀਖਾਂ ਪਿੱਛੇ ਡੱਕਾਂਗੇ: ਮੁੱਖ ਮੰਤਰੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਖਨੌਰੀ ਬਾਰਡਰ 'ਤੇ ਕਿਸਾਨ ਘੋਲ ਦੌਰਾਨ ਸ਼ਹੀਦ ਹੋਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੇ ਪਰਿਵਾਰ ਨੂੰ ਇਕ ਕਰੋੜ ਦੀ ਮਾਲੀ ਮਦਦ ਤੇ ਸ਼ਹੀਦ ਦੀ ਭੈਣ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਸ਼ੁਭਕਰਨ ਦੇ ਕਾਤਲਾਂ ਨੂੰ ਸਲਾਖਾਂ ਪਿੱਛੇ ਡੱਕਾਂਗੇ ਤੇ ਇਨ੍ਹਾਂ ਖਿਲਾਫ਼ ਮਿਸਾਲੀ ਸਜ਼ਾ ਯਕੀਨੀ ਬਣਾਈ ਜਾਵੇਗੀ। ਸ਼ੁਭਕਰਨ ਖਨੌਰੀ ਬਾਰਡਰ 'ਤੇ 'ਦਿੱਲੀ ਕੂਚ' ਦੇ ਪ੍ਰੋਗਰਾਮ ਦੌਰਾਨ ਹਲਾਕ ਹੋ ਗਿਆ ਸੀ। ਕਿਸਾਨ ਫੋਰਮਾਂ ਦਾ ਕਹਿਣਾ ਹੈ ਕਿ ਨੌਜਵਾਨ ਦੀ ਮੌਤ ਲਈ ਹਰਿਆਣਾ ਸਰਕਾਰ ਅਤੇ ਹਰਿਆਣਾ ਪੁਲਿਸ ਜ਼ਿੰਮੇਵਾਰ ਹੈ ਜਿਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

# ਆਦਮਪੁਰ ਹਵਾਈ ਅੱਡਾ 2 ਮਾਰਚ ਨੂੰ ਮੁੜ ਸ਼ੁਰੂ ਹੋਵੇਗਾ




**ਜਲੰਧਰ:** ਇਥੋਂ ਨੇੜਲੇ ਆਦਮਪੁਰ ਸਿਵਲ ਹਵਾਈ ਅੱਡੇ ਤੋਂ ਚਾਰ ਸਾਲਾਂ ਦੇ ਵਕਫ਼ੇ ਮਗਰੋਂ ਸਟਾਰ ਏਅਰਲਾਈਨਜ਼ 2 ਮਾਰਚ ਤੋਂ ਉਡਾਣਾਂ ਮੁੜ ਸ਼ੁਰੂ ਕਰਨ ਲਈ ਤਿਆਰ ਹੈ। ਇਸ ਹਵਾਈ ਅੱਡੇ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਨਲਾਈਨ ਕੀਤਾ ਜਾਵੇਗਾ।

ਉਸ ਮਗਰੋਂ ਪਹਿਲੀ ਉਡਾਣ ਹਿੰਡਨ ਲਈ ਰਵਾਨਾ ਹੋਵੇਗੀ। ਦੋਆਬਾ ਇਲਾਕੇ ਦੇ ਪਰਵਾਸੀ ਭਾਰਤੀਆਂ ਅਤੇ ਕਾਰੋਬਾਰੀ ਭਾਈਚਾਰੇ ਵੱਲੋਂ ਇੱਥੋਂ ਮੁੜ ਉਡਾਣਾਂ ਸ਼ੁਰੂ ਹੋਣ ਦੀ ਲੰਬੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਪਿਛਲੇ ਸਾਲ ਜੁਲਾਈ ਵਿਚ ਸਟਾਰ ਏਅਰ ਅਤੇ ਸਪਾਈਸਜੈੱਟ ਨੂੰ ਹਿੰਡਨ, ਬੰਗਲੂਰੂ, ਗੋਆ, ਕੋਲਕਾਤਾ ਅਤੇ ਨਾਂਦੇੜ ਸਮੇਤ ਪੰਜ ਥਾਵਾਂ ਦੀ ਉਡਾਣ ਲਈ ਟੈਂਡਰਿੰਗ ਪ੍ਰਣਾਲੀ ਰਾਹੀਂ ਠੇਕੇ ਦਿੱਤੇ ਸਨ। ਕਿਸਾਨਾਂ ਜਾਂ ਹੋਰ ਅੰਦੋਲਨਕਾਰੀਆਂ ਵੱਲੋਂ ਪੰਜਾਬ ਵਿਚ ਜਾਮ ਅਤੇ ਹਾਈਵੇਅ ਜਾਮ ਦੇ ਮੁੱਦੇ ਕਾਰਨ ਆਦਮਪੁਰ ਤੋਂ ਮੁੜ ਉਡਾਣਾਂ ਸ਼ੁਰੂ ਕਰਨ ਦੀ ਮੰਗ ਵਧਦੀ ਜਾ ਰਹੀ ਸੀ, ਕਿਉਂਕਿ ਆਦਮਪੁਰ ਨੂੰ ਸਰਕਾਰ ਦੀ ਇਕ ਖੇਤਰੀ ਕੁਨੈਕਟੀਵਿਟੀ ਸਕੀਮ ਤਹਿਤ ਕਵਰ ਕੀਤਾ ਗਿਆ ਸੀ। ਸਿਵਲ ਹਵਾਈ ਅੱਡੇ ਵਿਚ ਸਾਲ 2018 ਵਿਚ ਸਪਾਈਸਜੈੱਟ ਵੱਲੋਂ ਉਡਾਣ ਸ਼ੁਰੂ ਕੀਤੀ ਗਈ ਸੀ ਅਤੇ 78 ਸੀਟਾਂ ਵਾਲੇ ਜਹਾਜ਼ ਨਾਲ ਦਿੱਲੀ ਨਾਲ ਜੋੜਿਆ ਗਿਆ ਸੀ। ਇਸ ਸਕੀਮ ਨੂੰ ਫਿਰ ਮੁੰਬਈ ਅਤੇ ਜੈਪੁਰ ਤੱਕ ਵਧਾਇਆ ਗਿਆ ਸੀ ਪਰ ਇਹ ਸੇਵਾ 2020 ਵਿਚ ਕਰੋਨਾ ਮਹਾਮਾਰੀ ਦੌਰਾਨ ਬੰਦ ਕਰ ਦਿੱਤੀ ਗਈ ਸੀ। ਆਦਮਪੁਰ ਵਿਚ ਸਾਲ 2019 ਵਿਚ 115 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਟਰਮੀਨਲ ਸ਼ੁਰੂ ਕਰਨ ਦਾ ਕੰਮ ਸ਼ੁਰੂ ਹੋਇਆ। ਇੱਥੇ 300 ਤੋਂ ਵੱਧ ਯਾਤਰੀਆਂ ਦੇ ਬੈਠਣ ਅਤੇ 150 ਕਾਰਾਂ ਲਈ ਪਾਰਕਿੰਗ ਦੀ ਸਹੂਲਤ ਹੈ।

# ਹਿਰਾਸਤ 'ਚ ਜਬਰ ਜਨਾਹ ਦੇ 275 ਕੇਸ ਦਰਜ ਹੋਏ

**ਨਵੀਂ ਦਿੱਲੀ:** ਕੌਮੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੇ ਅੰਕੜਿਆਂ ਮੁਤਾਬਕ 2017 ਤੋਂ 2022 ਤੱਕ ਹਿਰਾਸਤ ਵਿਚ ਜਬਰ ਜਨਾਹ ਦੇ 270 ਤੋਂ ਵੱਧ ਕੇਸ ਦਰਜ ਕੀਤੇ ਗਏ। ਮਹਿਲਾ ਅਧਿਕਾਰ ਕਾਰਕੁਨਾਂ ਨੇ ਇਨ੍ਹਾਂ ਘਟਨਾਵਾਂ ਲਈ ਕਾਨੂੰਨ ਲਾਗੂ ਕਰਨ ਵਾਲੀਆਂ ਪ੍ਰਣਾਲੀਆਂ ਵਿਚ ਸੰਵੇਦਨਸ਼ੀਲਤਾ ਅਤੇ ਜਵਾਬਦੇਹੀ ਦੀ ਘਾਟ ਨੂੰ ਜ਼ਿੰਮੇਵਾਰ ਦੱਸਿਆ ਹੈ।

ਐਨ.ਸੀ.ਆਰ.ਬੀ. ਦੇ ਅੰਕੜਿਆਂ ਮੁਤਾਬਕ ਅਪਰਾਧੀਆਂ ਵਿਚ ਪੁਲਿਸ ਮੁਲਾਜ਼ਮ, ਹੋਰ ਸਰਕਾਰੀ ਨੌਕਰ, ਹਥਿਆਬੰਦ ਬਲਾਂ ਦੇ ਮੈਂਬਰ ਅਤੇ ਜੇਲ੍ਹਾਂ, ਸੁਧਾਰ ਘਰਾਂ, ਹਿਰਾਸਤ ਵਾਲੀਆਂ ਥਾਵਾਂ ਤੇ ਹਸਪਤਾਲਾਂ ਦੇ ਮੁਲਾਜ਼ਮ ਸ਼ਾਮਲ ਹਨ। ਅੰਕੜਿਆਂ ਮੁਤਾਬਕ, 2017 ਵਿਚ 89 ਕੇਸ ਦਰਜ ਕੀਤੇ ਗਏ ਸਨ ਜੋ ਕਿ 2018 ਵਿਚ ਘਟ ਕੇ 60, 2019 ਵਿਚ 47, 2020 ਵਿਚ 29, 2021 ਵਿਚ 26 ਅਤੇ 2022 ਵਿਚ ਘਟ ਕੇ 24 ਮਾਮਲੇ ਰਹਿ ਗਏ ਸਨ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਅਜਿਹੇ ਮਾਮਲਿਆਂ 'ਚ ਹੌਲੀ-ਹੌਲੀ ਕਮੀ ਆਈ ਹੈ। ਹਿਰਾਸਤ ਵਿਚ ਜਬਰ ਜਨਾਹ ਦੇ ਮਾਮਲੇ ਆਈ.ਪੀ.ਸੀ. ਦੀ ਧਾਰਾ 376(2) ਤਹਿਤ ਦਰਜ ਕੀਤੇ ਜਾਂਦੇ ਹਨ। ਸਾਲ 2017 ਦੇ ਬਾਅਦ ਤੋਂ ਹਿਰਾਸਤ 'ਚ ਜਬਰ-ਜਨਾਹ ਦੇ ਦਰਜ ਕੀਤੇ ਗਏ 275 ਮਾਮਲਿਆਂ 'ਚੋਂ ਸਭ ਤੋਂ ਵੱਧ 92 ਮਾਮਲੇ ਉੱਤਰ ਪ੍ਰਦੇਸ਼ ਵਿਚ ਦਰਜ ਕੀਤੇ ਗਏ। ਇਸ ਤੋਂ ਬਾਅਦ 43 ਮਾਮਲਿਆਂ ਦੇ ਨਾਲ ਮੱਧ ਪ੍ਰਦੇਸ਼ ਦੂਜੇ ਸਥਾਨ 'ਤੇ ਰਿਹਾ। ਪਾਪੂਲੇਸ਼ਨ ਫਾਊਂਡੇਸ਼ਨ ਆਫ ਇੰਡੀਆ ਦੀ ਕਾਰਜਕਾਰੀ ਨਿਰਦੇਸ਼ਕ ਪੂਨਮ ਮੁਤਰੇਜਾ ਨੇ ਕਿਹਾ, "ਹਿਰਾਸਤੀ ਵਿਵਸਥਾ ਦੁਰਵਿਹਾਰ ਲਈ ਅਜਿਹੇ ਮੌਕੇ ਮੁਹੱਈਆ ਕਰਦੀ ਹੈ ਜਿੱਥੇ ਸਰਕਾਰੀ ਮੁਲਾਜ਼ਮ ਅਕਸਰ ਆਪਣੀ ਸ਼ਕਤੀ ਦਾ ਇਸਤੇਮਾਲ ਸਰੀਰਕ ਇੱਛਾਵਾਂ ਪੂਰੀਆਂ ਕਰਨ ਲਈ ਕਰਦੇ ਹਨ।"

## ਸ਼ੁਭਕਰਨ ਦੀ ਮੌਤ ਦੀ ਜਾਂਚ ਹੋਵੇ: ਜਾਖੜ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਖਨੌਰੀ ਬਾਰਡਰ 'ਤੇ ਸ਼ਹੀਦ ਹੋਏ ਨੌਜਵਾਨ ਸ਼ੁਭਕਰਨ ਸਿੰਘ ਦੀ ਮੌਤ 'ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਨੌਜਵਾਨ ਕਿਸਾਨ ਦੀ ਮੌਤ ਲਈ ਜ਼ਿੰਮੇਵਾਰ ਲੋਕਾਂ ਨੂੰ ਸਾਹਮਣੇ ਲਿਆਉਣ ਵਾਸਤੇ ਜਾਂਚ ਹੋਣੀ ਚਾਹੀਦੀ ਹੈ ਅਤੇ ਸੱਚ ਸਭ ਦੇ ਸਾਹਮਣੇ ਆਉਣਾ ਚਾਹੀਦਾ ਹੈ। ਸ੍ਰੀ ਜਾਖੜ ਨੇ ਕਿਹਾ, "ਸਰਕਾਰਾਂ ਅਤੇ ਸੁਰੱਖਿਆ ਬਲਾਂ ਨੂੰ ਸ਼ਾਂਤਮਈ ਪ੍ਰਦਰਸ਼ਨਾਂ ਨਾਲ ਨਜਿੱਠਣ ਦੌਰਾਨ ਸੰਜਮ ਅਤੇ ਸੰਵੇਦਨਸ਼ੀਲਤਾ ਦਿਖਾਉਣੀ ਚਾਹੀਦੀ ਹੈ ਅਤੇ ਕਿਸਾਨ ਸੰਗਠਨਾਂ ਨੂੰ ਵੀ ਸਾਡੇ ਨੌਜਵਾਨਾਂ ਦੇ ਜਨੂੰਨ ਅਤੇ ਊਰਜਾ ਨੂੰ ਸਹੀ ਦਿਸ਼ਾ ਦੇਣੀ ਚਾਹੀਦੀ ਹੈ।"

# ਬਿਨਾਂ ਡਰਾਈਵਰ 76 ਕਿਲੋਮੀਟਰ ਦੂਰੀ ਤੈਅ ਕਰ ਕੇ ਪੰਜਾਬ ਆਣ ਪੁੱਜੀ ਰੇਲਗੱਡੀ

**ਮੁਕੇਰੀਆਂ:** ਰੇਲਵੇ ਵਿਭਾਗ ਦੀ ਇਕ ਮਾਲ ਗੱਡੀ ਸਵੇਰੇ ਕਠੂਆ ਰੇਲਵੇ ਸਟੇਸ਼ਨ ਤੋਂ ਅਚਾਨਕ ਬਿਨਾ ਡਰਾਈਵਰ ਤੋਂ ਹੀ ਤੁਰ ਪਈ ਜਿਸ ਨੂੰ ਕਾਫ਼ੀ ਜੱਦੋਜਹਿਦ ਮਗਰੋਂ ਮੁਕੇਰੀਆਂ ਨੇੜਲੇ ਕਸਬਾ ਉੱਚੀ ਬੱਸੀ ਦੇ ਰੇਲਵੇ ਸਟੇਸ਼ਨ 'ਤੇ ਲੱਕੜ ਦੇ ਸਟਾਪਰ ਲਾ ਕੇ ਰੋਕਿਆ ਗਿਆ। ਬਿਨਾ ਡਰਾਈਵਰ ਤੋਂ 76 ਕਿਲੋਮੀਟਰ ਦੀ ਦੂਰੀ ਤੈਅ ਕਰ ਚੁੱਕੀ ਇਸ ਮਾਲ ਗੱਡੀ ਦੀ ਰੇਲਵੇ ਅਧਿਕਾਰੀਆਂ ਵੱਲੋਂ ਜਾਂਚ ਕੀਤੀ ਗਈ ਜਿਸ ਮਗਰੋਂ ਇਸ ਨੂੰ ਅਗਲੇ ਸਟੇਸ਼ਨ ਲਈ ਰਵਾਨਾ ਕੀਤਾ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਗੱਡੀ ਨੂੰ ਕਠੂਆ ਤੋਂ ਅਗਲੇ ਸਟੇਸ਼ਨਾਂ 'ਤੇ ਰੋਕਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਅਸਫਲ ਰਹਿਣ 'ਤੇ ਅਖੀਰ ਮਾਲ ਗੱਡੀ ਨੂੰ ਉੱਚੀ ਬੱਸੀ ਰੋਕਿਆ ਜਾ ਸਕਿਆ। ਕਰੀਬ 80 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਨਾਲ ਚੱਲੀ ਇਸ ਮਾਲ ਗੱਡੀ ਕਾਰਨ 3 ਰੇਲ ਗੱਡੀਆਂ ਪ੍ਰਭਾਵਿਤ ਹੋਈਆਂ ਹਨ। ਘਟਨਾ ਦੀ ਸੂਚਨਾ ਮਿਲਣ ਮਗਰੋਂ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ।

ਦੱਸਣਯੋਗ ਹੈ ਕਿ ਬਿਨਾਂ ਡਰਾਈਵਰ ਦੇ ਕਠੂਆ ਤੋਂ ਰਵਾਨਾ ਹੋਣ ਵਾਲੀ ਇਸ ਮਾਲ ਗੱਡੀ ਨੂੰ ਰੋਕਣ ਲਈ ਜਲੰਧਰ ਤੱਕ ਦੇ ਸਾਰੇ ਸਟੇਸ਼ਨਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਸੀ। ਖਾਲੀ 53 ਡੱਬਿਆਂ ਨਾਲ ਚੱਲ ਰਹੀ ਗੱਡੀ ਦੇ ਉੱਚੀ ਬੱਸੀ ਨੇੜੇ ਰੁਕਣ ਤੋਂ ਬਾਅਦ ਅਧਿਕਾਰੀਆਂ ਨੇ ਸੁੱਖ ਦਾ ਸਾਹ ਲਿਆ ਹੈ। ਮੁਢਲੀ ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਕਠੂਆ ਸਟੇਸ਼ਨ 'ਤੇ ਗੱਡੀ ਦਾ ਡਰਾਈਵਰ ਇੰਜਨ ਚਲਾ ਕੇ ਬਿਨਾਂ ਹੈਂਡਬ੍ਰੇਕ ਲਾਇਆਂ ਹੇਠਾਂ ਉੱਤਰ ਗਿਆ ਸੀ। ਗੱਡੀ ਢਲਾਣ 'ਤੇ ਖੜ੍ਹੀ ਹੋਣ ਕਾਰਨ ਤੁਰ ਪਈ ਜੋ ਹੌਲੀ ਹੌਲੀ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ 'ਤੇ ਪੁੱਜ ਗਈ। ਰੇਲਵੇ ਅਧਿਕਾਰੀਆਂ ਨੇ ਤੁਰੰਤ ਅਗਲੇ ਸਟੇਸ਼ਨਾਂ 'ਤੇ ਅਲਰਟ ਜਾਰੀ ਕਰ ਕੇ ਸਾਰੇ ਲਾਂਘੇ ਬੰਦ ਕਰਵਾ ਦਿੱਤੇ ਤੇ ਪਠਾਨਕੋਟ ਵੱਲ ਜਾਣ ਵਾਲੀਆਂ ਸਾਰੀਆਂ ਰੇਲ ਗੱਡੀਆਂ ਵੀ ਰੋਕ ਦਿੱਤੀਆਂ। ਪਹਿਲਾਂ ਮਾਲ ਗੱਡੀ ਨੂੰ ਸੁਜਾਨਪੁਰ ਵਿਚ ਰੋਕਣ ਦੀ ਕੋਸ਼ਿਸ਼ ਕੀਤੀ ਗਈ ਪਰ ਗੱਡੀ ਨਾ ਰੁਕੀ। ਇਸ ਮਗਰੋਂ ਰਫ਼ਤਾਰ ਤੇਜ਼ ਹੋਣ ਕਾਰਨ ਪਠਾਨਕੋਟ ਕੈਂਟ, ਕੰਦਰੋੜੀ, ਮੀਰਥਲ, ਭੰਗਾਲਾ ਅਤੇ ਮੁਕੇਰੀਆਂ ਦੇ ਸਟੇਸ਼ਨਾਂ 'ਤੇ ਵੀ ਇਸ ਨੂੰ ਰੋਕਿਆ ਨਾ ਜਾ ਸਕਿਆ।



# ਸ਼੍ਰੋਮਣੀ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ



**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਾਨਕਸ਼ਾਹੀ ਸੰਮਤ 556 (ਸਾਲ 2024-25) ਦਾ ਕੈਲੰਡਰ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਾਰੀ ਕੀਤਾ। ਇਸ ਵਾਰ ਦਾ ਨਾਨਕਸ਼ਾਹੀ ਕੈਲੰਡਰ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਕੀਤਾ ਗਿਆ ਹੈ।

ਕੈਲੰਡਰ ਜਾਰੀ ਕਰਨ ਮੌਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ। ਉਨ੍ਹਾਂ ਸਿੱਖ ਸੰਗਤ ਨੂੰ ਨਾਨਕਸ਼ਾਹੀ ਕੈਲੰਡਰ ਹਰ ਗੁਰੂ-ਘਰ ਅਤੇ ਆਪੋ-ਆਪਣੇ ਘਰਾਂ ਵਿਚ ਲਾਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਨਾਨਕਸ਼ਾਹੀ ਸੰਮਤ ਅਨੁਸਾਰ ਸਾਲ ਦੀ ਸ਼ੁਰੂਆਤ ਚੇਤ ਮਹੀਨੇ ਤੋਂ ਹੁੰਦੀ ਹੈ। ਨਾਨਕਸ਼ਾਹੀ ਸੰਮਤ 556 ਦਾ ਕੈਲੰਡਰ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਦੇ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਹੈ ਅਤੇ ਇਹ ਸ਼ਤਾਬਦੀ ਦਿਹਾੜਾ ਸਿੱਖ ਕੌਮ ਵੱਲੋਂ ਸਤੰਬਰ ਮਹੀਨੇ ਵਿਚ ਸ੍ਰੀ ਗੋਇੰਦਵਾਲ ਸਾਹਿਬ ਵਿਚ ਮਨਾਇਆ ਜਾਵੇਗਾ। ਉਨ੍ਹਾਂ ਆਉਣ ਵਾਲੇ ਨਾਨਕਸ਼ਾਹੀ ਸੰਮਤ 556 ਦੀ ਸਿੱਖ ਸੰਗਤ ਨੂੰ ਵਧਾਈ ਦਿੱਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸਤਵਿੰਦਰ ਸਿੰਘ ਟੌਹੜਾ, ਓ.ਐਸ.ਡੀ. ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਤੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਮੌਜੂਦ ਸਨ।

# ਭਾਜਪਾ ਆਗੂ ਵੱਲੋਂ ਸਿੱਖ ਪੁਲਿਸ ਅਫਸਰ ਨੂੰ ਖਾਲਿਸਤਾਨੀ ਆਖਣ ਦਾ ਮੁੱਦਾ ਭਖਿਆ



**ਕੋਲਕਾਤਾ:** ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨੇ ਇਥੇ ਪੱਛਮੀ ਬੰਗਾਲ ਦੇ ਰਾਜਪਾਲ ਸੀਵੀ ਆਨੰਦ ਬੋਸ ਨਾਲ ਮੁਲਾਕਾਤ ਕਰਦੇ ਭਾਜਪਾ ਨੇਤਾ ਸੁਵੇਂਦੂ ਅਧਿਕਾਰੀ ਵੱਲੋਂ ਇਕ ਆਈ.ਪੀ.ਐਸ. ਅਫ਼ਸਰ ਖ਼ਿਲਾਫ਼ 'ਖਾਲਿਸਤਾਨੀ' ਟਿੱਪਣੀ ਕਰਨ ਦਾ ਵਿਰੋਧ ਦਰਜ ਕਰਵਾਇਆ।

ਸਿੱਖ ਆਈ.ਪੀ.ਐਸ. ਅਫ਼ਸਰ ਜਸਪ੍ਰੀਤ ਸਿੰਘ ਨੇ ਦਾਅਵਾ ਕੀਤਾ ਸੀ ਕਿ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਨੇ ਅਸ਼ਾਂਤ ਸੰਦੇਸ਼ਖ਼ਲੀ ਜਾਣ ਸਮੇਂ ਪੁਲਿਸ ਵੱਲੋਂ ਰੋਕੇ ਜਾਣ 'ਤੇ ਉਨ੍ਹਾਂ ਖ਼ਿਲਾਫ਼ 'ਖਾਲਿਸਤਾਨੀ' ਸ਼ਬਦ ਦੀ ਵਰਤੋਂ ਕੀਤੀ ਸੀ। ਦੂਜੇ ਪਾਸੇ ਭਾਜਪਾ ਨੇਤਾ ਨੇ ਅਜਿਹੀ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ।

ਰਾਜ ਭਵਨ ਵਿਚ ਰਾਜਪਾਲ ਨਾਲ ਮੀਟਿੰਗ ਮਗਰੋਂ ਸਿੱਖ ਜਥੇਬੰਦੀ ਦੇ ਬੁਲਾਰੇ ਨੇ ਦੱਸਿਆ, ''ਸੁਵੇਂਦੂ ਅਧਿਕਾਰੀ ਨੇ ਜਿਸ ਤਰੀਕੇ ਨਾਲ ਆਈ.ਪੀ.ਐਸ. ਅਧਿਕਾਰੀ ਵਿਰੁੱਧ ਖਾਲਿਸਤਾਨੀ ਸ਼ਬਦ ਦੀ ਵਰਤੋਂ ਕੀਤੀ ਹੈ, ਉਹ ਅਪਮਾਨਜਨਕ ਹੈ ਅਤੇ ਇਸ ਨੇ ਸਿੱਖ ਕੌਮ ਦੇ ਹਰ ਮੈਂਬਰ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।'' ਕੋਲਕਾਤਾ ਦੇ ਸੱਤ ਗੁਰਦੁਆਰਿਆਂ ਦੇ ਮੈਂਬਰਾਂ ਦੀ ਨੁਮਾਇੰਦਗੀ ਕਰਨ ਵਾਲੇ ਬੁਲਾਰੇ ਨੇ ਕਿਹਾ ਕਿ ਜਸਪ੍ਰੀਤ ਸਿੰਘ ਨੂੰ ਸਿਰਫ਼ ਇਸ ਲਈ 'ਖਾਲਿਸਤਾਨੀ' ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹ ਪੱਗ ਬੰਨ੍ਹਦਾ ਹੈ। ਦਸਤਾਰ ਦੀ ਮਹੱਤਤਾ ਅਤੇ ਪਵਿੱਤਰਤਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਕਿਸੇ ਵੀ ਦਸਤਾਰਧਾਰੀ ਵਿਅਕਤੀ ਦਾ ਅਪਮਾਨ ਕਰਨਾ ਸਿੱਖ ਗੁਰੂਆਂ ਦਾ ਅਪਮਾਨ ਕਰਨ ਦੇ ਬਰਾਬਰ ਹੈ।

# ਅੰਮ੍ਰਿਤਪਾਲ ਨੂੰ ਪੰਜਾਬ ਲਿਆਉਣ ਲਈ ਭੁੱਖ ਹੜਤਾਲ



**ਅੰਮ੍ਰਿਤਸਰ:** ਕੌਮੀ ਸੁਰੱਖਿਆ ਐਕਟ ਹੇਠ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਵਾਰਿਸ ਪੰਜਾਬ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਵਾਉਣ ਦੀ ਮੰਗ ਨੂੰ ਲੈ ਕੇ ਇੱਥੇ ਹੈਰੀਟੇਜ ਸਟਰੀਟ ਵਿਚ ਸਾਰਾਗੜੀ ਗੁਰਦੁਆਰੇ ਨੇੜੇ ਉਸ ਦੀ ਮਾਂ ਬਲਵਿੰਦਰ ਕੌਰ ਵੱਲੋਂ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਰੋਸ ਵਿਖਾਵਾ ਵੀ ਕੀਤਾ ਗਿਆ ਜਿਸ ਵਿਚ ਹੋਰ ਨਜ਼ਰਬੰਦ ਨੌਜਵਾਨਾਂ ਦੇ ਮਾਪੇ ਵੀ ਸ਼ਾਮਲ ਹੋਏ।

ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਦੱਸਿਆ ਕਿ ਨੌਜਵਾਨਾਂ ਦੇ ਮਾਪਿਆਂ ਵੱਲੋਂ ਸਰਕਾਰ ਨੂੰ ਅਲਟੀਮੇਟਮ ਦਿੱਤਾ ਗਿਆ ਸੀ ਕਿ ਜੇਕਰ 24 ਘੰਟਿਆਂ ਵਿਚ ਉਨ੍ਹਾਂ ਨੇ ਅੰਮ੍ਰਿਤਪਾਲ ਅਤੇ ਉਸ ਦੇ ਸਾਥੀਆਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਨਾ ਕੀਤਾ ਤਾਂ ਉਹ ਭੁੱਖ ਹੜਤਾਲ ਸ਼ੁਰੂ ਕਰ ਦੇਣਗੇ। ਇਸ ਮਾਮਲੇ ਵਿਚ ਸਰਕਾਰ ਅਤੇ ਜੇਲ੍ਹ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀ ਮੰਗ ਨੂੰ ਅਣਗੌਲਿਆ ਕੀਤਾ ਗਿਆ ਜਿਸ ਦੇ ਸਿੱਟੇ ਵਜੋਂ ਉਨ੍ਹਾਂ ਭੁੱਖ ਹੜਤਾਲ ਸ਼ੁਰੂ ਕੀਤੀ ਹੈ। ਇਹ ਭੁੱਖ ਹੜਤਾਲ ਉਨ੍ਹਾਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕੀਤੇ ਜਾਣ ਤੱਕ ਜਾਰੀ ਰੱਖੀ ਜਾਵੇਗੀ। ਉਨ੍ਹਾਂ ਦੱਸਿਆ ਕਿ ਡਿਬਰੂਗੜ੍ਹ ਜੇਲ੍ਹ ਵਿਚ ਅੰਮ੍ਰਿਤਪਾਲ ਅਤੇ ਉਸ ਦੇ ਸਾਥੀਆਂ ਵੱਲੋਂ 16 ਫਰਵਰੀ ਤੋਂ ਭੁੱਖ ਹੜਤਾਲ ਕੀਤੀ ਜਾ ਰਹੀ ਹੈ। ਇਸੇ ਸੰਦਰਭ ਵਿਚ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਕੁਝ ਨੌਜਵਾਨਾਂ ਵੱਲੋਂ ਵੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਗਈ ਹੈ।

ਇਸ ਤੋਂ ਪਹਿਲਾਂ ਇਨ੍ਹਾਂ ਨੌਜਵਾਨਾਂ ਦੇ ਮਾਪੇ ਇੱਥੇ ਅਕਾਲ ਤਖ਼ਤ ਸਾਹਮਣੇ ਇਕੱਠੇ ਹੋਏ, ਜਿੱਥੇ ਮੀਟਿੰਗ ਤੋਂ ਬਾਅਦ ਦਰਬਾਰ ਸਾਹਿਬ ਦੇ ਬਾਹਰ ਪਲਾਜ਼ਾ ਵਿਚ ਭੁੱਖ ਹੜਤਾਲ ਸ਼ੁਰੂ ਕੀਤੀ ਗਈ। ਇਸ ਦੇ ਨਾਲ ਹੀ ਸਾਰਾਗੜੀ ਗੁਰਦੁਆਰੇ ਨੇੜੇ ਦਿਨ ਤੇ ਰਾਤ ਦਾ ਧਰਨਾ ਵੀ ਸ਼ੁਰੂ ਕੀਤਾ ਗਿਆ ਹੈ। ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਵੱਲੋਂ ਸਰਕਾਰ ਨੂੰ ਪੰਜ ਦਿਨ ਦਾ ਅਲਟੀਮੇਟਮ ਦਿੰਦਿਆਂ ਮੰਗ ਨਾ ਮੰਨਣ 'ਤੇ ਵੱਡਾ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ। ਉਨ੍ਹਾਂ ਡੀ.ਸੀ. ਨੂੰ ਮੰਗ ਪੱਤਰ ਵੀ ਦਿੱਤਾ। ਇਸ ਮੌਕੇ ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਵੀ ਮੌਜੂਦ ਸਨ।

# ਐਨ.ਓ.ਸੀ. ਦੀ ਸ਼ਰਤ ਖਤਮ ਕਰਨ ਦੇ ਫੈਸਲੇ ਨੂੰ ਲਾਗੂ ਕਰਨ ਦੀ ਮੰਗ

**ਮੁਹਾਲੀ:** 'ਆਮ ਆਦਮੀ-ਘਰ ਬਚਾਓ ਮੋਰਚਾ' ਦੀ ਅਹਿਮ ਮੀਟਿੰਗ ਸੂਬਾ ਕਨਵੀਨਰ ਹਰਮਿੰਦਰ ਸਿੰਘ ਮਾਵੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਥਿਤ ਗ਼ੈਰਕਾਨੂੰਨੀ ਕਲੋਨੀਆਂ, ਛੋਟੇ ਪਲਾਟਾਂ ਅਤੇ ਜ਼ਮੀਨਾਂ ਦੀਆਂ ਇਕ ਕਨਾਲ ਦੀਆਂ ਰਜਿਸਟਰੀਆਂ ਬੰਦ ਕਰਨ ਦੇ ਹੁਕਮ ਤੁਰਤ ਵਾਪਸ ਲੈਣ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਮੰਗ ਕੀਤੀ ਕਿ ਇਸ ਸਬੰਧੀ ਨੋਟੀਫ਼ਿਕੇਸ਼ਨ ਛੇਤੀ ਜਾਰੀ ਕਰਕੇ ਉਪਰੋਕਤ ਹੁਕਮ ਫੌਰੀ ਲਾਗੂ ਕਰਵਾਏ ਜਾਣ।

ਮਾਵੀ ਨੇ ਕਿਹਾ ਕਿ ਅਜਿਹੀਆਂ ਕਲੋਨੀਆਂ ਵਿਚ ਬਿਜਲੀ ਕੁਨੈਕਸ਼ਨ ਲੈਣ ਲਈ ਐਨ.ਓ.ਸੀ. ਦੀ ਸ਼ਰਤ ਲਗਾਏ ਜਾਣ ਕਾਰਨ ਲੋਕਾਂ ਨੂੰ ਬਿਜਲੀ ਕੁਨੈਕਸ਼ਨ ਲੈਣ ਲਈ ਖੱਜਲ-ਖੁਆਰ ਹੋਣਾ ਪੈ ਰਿਹਾ ਹੈ। ਪ੍ਰੀਖਿਆਵਾਂ ਸ਼ੁਰੂ ਹੋਣ ਦੌਰਾਨ ਗ਼ਰੀਬ ਪਰਿਵਾਰਾਂ ਦੇ ਘਰਾਂ ਵਿਚ ਬਿਜਲੀ ਨਾ ਹੋਣ ਕਰਕੇ ਲੱਖਾਂ ਵਿਦਿਆਰਥੀਆਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਨੂੰਨੀ ਸਲਾਹਕਾਰ ਦਰਸ਼ਨ ਸਿੰਘ ਧਾਲੀਵਾਲ ਨੇ ਕਿਹਾ ਕਿ ਇਸ ਫ਼ੈਸਲੇ ਨੂੰ ਲਾਗੂ ਕਰਕੇ ਗ਼ਰੀਬ ਤੇ ਮੱਧ ਵਰਗੀ ਲੋਕਾਂ ਨੂੰ ਵੱਡੀ ਰਾਹਤ ਦੇਣੀ ਚਾਹੀਦੀ ਹੈ। ਇੰਡੀਅਨ ਐਸੋਸੀਏਸ਼ਨ ਆਫ਼ ਲਾਇਰਜ਼ ਦੇ ਸੂਬਾ ਪ੍ਰਧਾਨ ਜਸਪਾਲ ਸਿੰਘ ਦੱਪਰ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਜਲਦੀ ਪਾਬੰਦੀਆਂ ਨਾ ਹਟਾਈਆਂ ਗਈਆਂ ਤਾਂ ਵਕੀਲ ਭਾਈਚਾਰੇ ਵੱਲੋਂ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

# ਵਿਧਾਇਕ ਪਰਗਟ ਸਿੰਘ ਸਣੇ ਦਰਜਨਾਂ ਕਾਂਗਰਸੀ ਆਗੂਆਂ 'ਤੇ ਕੇਸ ਦਰਜ

**ਚੰਡੀਗੜ੍ਹ:** ਚੰਡੀਗੜ੍ਹ ਪੁਲਿਸ ਨੇ ਕਾਂਗਰਸ ਦੇ ਵਿਧਾਇਕ ਪਰਗਟ ਸਿੰਘ, ਸੁਖਵਿੰਦਰ ਸਿੰਘ ਸਣੇ ਦਰਜਨਾਂ ਕਾਂਗਰਸੀ ਆਗੂਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਕਾਂਗਰਸ ਵੱਲੋਂ ਚੰਡੀਗੜ੍ਹ ਵਿਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦੀ ਰਿਹਾਇਸ਼ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਇਸ ਦੌਰਾਨ ਪੁਲਿਸ ਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਝੜਪ ਹੋ ਗਈ ਸੀ, ਜਿਸ ਕਾਰਨ ਚੰਡੀਗੜ੍ਹ ਪੁਲਿਸ ਨੇ ਇਹ ਕਾਰਵਾਈ ਕੀਤੀ ਹੈ। ਇਹ ਕੇਸ ਚੰਡੀਗੜ੍ਹ ਦੇ ਥਾਣਾ ਸੈਕਟਰ-3 ਦੀ ਪੁਲਿਸ ਨੇ ਏ.ਐਸ.ਆਈ. ਕਰਨ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਹੈ। ਸ਼ਿਕਾਇਤਕਰਤਾ ਦਾ ਕਹਿਣਾ ਕਿ ਕਾਂਗਰਸੀ ਆਗੂਆਂ ਨੇ ਸ਼ਹਿਰ ਵਿਚ ਧਾਰਾ-144 ਲੱਗੇ ਹੋਣ ਦੇ ਬਾਵਜੂਦ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਰਿਹਾਇਸ਼ ਮੂਹਰੇ ਪ੍ਰਦਰਸ਼ਨ ਕੀਤਾ।

# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ 25 ਮਈ ਤੋਂ

**ਅੰਮ੍ਰਿਤਸਰ:** ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਵੱਲੋਂ ਉੱਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਇਸ ਸਾਲ 25 ਮਈ ਤੋਂ ਆਰੰਭ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜਦੋਂ ਕਿ ਯਾਤਰਾ ਦੀ ਸਮਾਪਤੀ 10 ਅਕਤੂਬਰ ਨੂੰ ਹੋਵੇਗੀ। ਇਹ ਗੁਰਦੁਆਰਾ ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਹੈ। ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਇਸ ਸਬੰਧੀ ਉੱਤਰਾਖੰਡ ਸਰਕਾਰ ਦੀ ਮੁੱਖ ਸਕੱਤਰ ਰਾਧਾ ਰਤੂੜੀ ਨਾਲ ਮੁਲਾਕਾਤ ਕੀਤੀ। ਇਹ ਸਾਲਾਨਾ ਯਾਤਰਾ 25 ਮਈ ਤੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਮੁੱਖ ਸਕੱਤਰ ਨੇ ਯਾਤਰਾ ਦੀ ਤਿਆਰੀ ਅਤੇ ਯਾਤਰੀਆਂ ਦੀ ਸਹੂਲਤ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ।

# ਭਾਰਤੀ ਮੂਲ ਦੀ ਸਿੱਖ ਔਰਤ ਨੇ ਪਾਕਿਸਤਾਨੀ ਨਾਲ ਕੀਤਾ ਨਿਕਾਹ

**ਇਸਲਾਮਾਬਾਦ:** ਜਰਮਨੀ ਦੀ ਰਹਿਣ ਵਾਲੀ ਭਾਰਤੀ ਮੂਲ ਦੀ ਸਿੱਖ ਔਰਤ ਨੇ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਵਿਅਕਤੀ ਨਾਲ ਨਿਕਾਹ ਕਰਵਾ ਲਿਆ। ਖ਼ਬਰਾਂ ਮੁਤਾਬਕ ਜਸਪ੍ਰੀਤ ਕੌਰ, ਜਿਸ ਦਾ ਨਾਂ ਹੁਣ ਜ਼ੈਨਬ ਹੋ ਗਿਆ ਹੈ, ਨੇ ਅਲੀ ਅਰਸਲਾਨ ਨਾਲ ਵਿਆਹ ਕੀਤਾ ਹੈ। ਇਸ ਗੱਲ ਦੀ ਪੁਸ਼ਟੀ ਜਾਮੀਆ ਹਨਫੀਆ ਸਿਆਲਕੋਟ ਵੱਲੋਂ ਜਾਰੀ ਇਸਲਾਮ ਕਬੂਲਣ ਦੇ ਸਰਟੀਫਿਕੇਟ ਤੋਂ ਹੁੰਦੀ ਹੈ। ਜਸਪ੍ਰੀਤ ਕੌਰ ਲੁਧਿਆਣਾ ਦੀ ਰਹਿਣ ਵਾਲੀ ਹੈ। ਉਸ ਨੇ ਵਿਆਹ ਤੋਂ ਪਹਿਲਾਂ ਜਾਮੀਆ ਹਨਫੀਆ ਸਿਆਲਕੋਟ ਵਿਖੇ ਇਸਲਾਮ ਕਬੂਲ ਕਰ ਲਿਆ ਅਤੇ ਇੱਥੇ ਉਸ ਦਾ ਨਵਾਂ ਨਾਮ ਰੱਖਿਆ ਗਿਆ। ਖ਼ਬਰਾਂ ਮੁਤਾਬਕ ਵਿਦੇਸ਼ 'ਚ ਰਹਿੰਦੇ ਹੋਏ ਦੋਹਾਂ ਦੀ ਜਾਣ-ਪਛਾਣ ਹੋਈ ਤਾਂ ਅਰਸਲਾਨ ਨੇ ਉਸ ਨੂੰ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ ਅਤੇ ਉੱਥੇ ਹੀ ਉਨ੍ਹਾਂ ਨੇ ਵਿਆਹ ਕਰਵਾ ਲਿਆ। ਜਸਪ੍ਰੀਤ ਕੌਰ 16 ਜਨਵਰੀ ਨੂੰ ਧਾਰਮਿਕ ਯਾਤਰਾ ਉੱਤੇ ਪਾਕਿਸਤਾਨ ਗਈ ਸੀ ਅਤੇ ਇਸੇ ਦੌਰਾਨ ਦੋਹਾਂ ਦਾ ਵਿਆਹ ਹੋ ਗਿਆ। ਉਸ ਕੋਲ ਭਾਰਤੀ ਪਾਸਪੋਰਟ ਵੀ ਹੈ ਤੇ ਉਸ ਨੂੰ 15 ਅਪਰੈਲ ਤੱਕ ਸਿੰਗਲ ਐਂਟਰੀ ਵੀਜ਼ਾ ਦਿੱਤਾ ਗਿਆ ਸੀ।

# ਪੰਜਾਬੀ ਸਾਹਿਤ ਅਕਾਦਮੀ ਚੋਣਾਂ: ਨਾਮਜ਼ਦਗੀਆਂ ਵਾਪਸ ਲੈਣ ਮਗਰੋਂ ਅੰਤਿਮ ਸੂਚੀ ਐਲਾਨੀ

**ਲੁਧਿਆਣਾ:** ਪੰਜਾਬੀ ਸਾਹਿਤ ਅਕਾਦਮੀ ਦੀਆਂ ਹਰੇਕ ਦੋ ਸਾਲਾਂ ਬਾਅਦ ਹੁੰਦੀਆਂ ਚੋਣਾਂ ਸਬੰਧੀ ਨਾਮਜ਼ਦਗੀ ਪੱਤਰ ਵਾਪਸ ਲੈਣ ਦੇ ਆਖਰੀ ਦਿਨ ਮਗਰੋਂ ਚੋਣ ਮੈਦਾਨ ਵਿਚ ਡਟੇ ਉਮੀਦਵਾਰਾਂ ਦੀ ਸੂਚੀ ਐਲਾਨ ਦਿੱਤੀ ਗਈ ਹੈ। ਇਸ ਵਾਰ ਲੇਖਕਾਂ ਨੇ ਸਾਹਿਤ ਅਕਾਦਮੀ ਦੀਆਂ ਚੋਣਾਂ ਲਈ ਮੁਹਿੰਮ ਕਈ ਮਹੀਨਿਆਂ ਤੋਂ ਆਰੰਭੀ ਹੋਈ ਹੈ।

ਚੋਣ ਅਧਿਕਾਰੀ ਕੁਲਦੀਪ ਸਿੰਘ ਬੇਦੀ ਨੇ ਦੱਸਿਆ ਕਿ ਇਹ ਚੋਣਾਂ 3 ਮਾਰਚ ਨੂੰ ਪੰਜਾਬੀ ਭਵਨ ਵਿਚ ਹੋਣਗੀਆਂ। ਉਨ੍ਹਾਂ ਦੱਸਿਆ ਕਿ ਜਾਰੀ ਕੀਤੀ ਗਈ ਸੂਚੀ ਅਨੁਸਾਰ ਪ੍ਰਧਾਨਗੀ ਦੇ ਅਹੁਦੇ ਲਈ ਹੁਣ ਤਿੰਨ ਉਮੀਦਵਾਰ ਮੈਦਾਨ ਵਿਚ ਰਹਿ ਗਏ ਹਨ ਜਿਨ੍ਹਾਂ ਵਿਚ ਡਾ. ਸਰਬਜੀਤ ਸਿੰਘ, ਡਾ. ਲਖਵਿੰਦਰ ਸਿੰਘ ਜੌਹਲ ਅਤੇ ਬੇਅੰਤ ਕੌਰ ਗਿੱਲ ਦੇ ਨਾਮ ਸ਼ਾਮਲ ਹਨ। ਸੀਨੀਅਰ ਮੀਤ ਪ੍ਰਧਾਨ ਲਈ ਡਾ. ਸ਼ਿੰਦਰ ਪਾਲ ਸਿੰਘ ਤੇ ਡਾ. ਪਾਲ ਕੌਰ, ਜਨਰਲ ਸਕੱਤਰ ਦੇ ਅਹੁਦੇ ਲਈ ਡਾ. ਗੁਰਇਕਬਾਲ ਸਿੰਘ ਤੇ ਡਾ. ਗੁਲਜ਼ਾਰ ਸਿੰਘ ਪੰਧੇਰ, ਮੀਤ ਪ੍ਰਧਾਨ ਦੇ ਅਹੁਦੇ ਲਈ ਮਦਨ ਵੀਰਾ, ਤ੍ਰੈਲੋਚਨ ਲੋਚੀ, ਡਾ. ਭਗਵੰਤ ਸਿੰਘ, ਇਕਬਾਲ ਸਿੰਘ ਗੋਦਾਰਾ (ਪੰਜਾਬੋਂ ਬਾਹਰ), ਡਾ. ਗੁਰਚਰਨ ਕੌਰ ਕੋਚਰ, ਤੇਜਿੰਦਰ ਚੰਡਿਹੋਕ, ਡਾ. ਅਰਵਿੰਦਰ ਕੌਰ ਕਾਕੜਾ, ਹਰਜਿੰਦਰ ਸਿੰਘ ਸੂਰੇਵਾਲੀਆ, ਜਸਪਾਲ ਮਾਨਖੇੜਾ, ਭੁਪਿੰਦਰ ਸੰਧੂ ਤੇ ਡਾ. ਹਰਵਿੰਦਰ ਸਿੰਘ (ਪੰਜਾਬੋਂ ਬਾਹਰ) ਦੇ ਨਾਂ ਸ਼ਾਮਲ ਹਨ।



ਪ੍ਰਬੰਧਕੀ ਬੋਰਡ ਦੇ ਮੈਂਬਰਾਂ ਦੀ ਚੋਣ ਲਈ ਕਰਮਜੀਤ ਸਿੰਘ ਗਰੇਵਾਲ, ਪ੍ਰੋ. ਸਰਘੀ, ਬਲਬੀਰ ਜਲਾਲਾਬਾਦੀ, ਪਰਮਜੀਤ ਕੌਰ ਮਹਿਕ, ਡਾ. ਨਾਇਬ ਸਿੰਘ ਮੰਡੇਰ (ਪੰਜਾਬੋਂ ਬਾਹਰ), ਡਾ. ਗੁਰਵਿੰਦਰ ਸਿੰਘ ਅਮਨ, ਹਰਦੀਪ ਢਿੱਲੋਂ, ਬਲਜੀਤ ਪਰਮਾਰ (ਬਾਕੀ ਭਾਰਤ), ਸਹਿਜਪ੍ਰੀਤ ਸਿੰਘ ਮਾਂਗਟ, ਦੀਪ ਜਗਦੀਪ ਸਿੰਘ, ਕਰਮ ਸਿੰਘ ਜ਼ਖ਼ਮੀ, ਸੁਖਵਿੰਦਰ ਸਿੰਘ ਲੋਟੇ, ਅਮਰਜੀਤ ਕੌਰ ਅਮਰ, ਬਲਰਾਜ ਓਬਰਾਏ ਬਾਜ਼ੀ, ਕੰਵਰਜੀਤ ਭੱਠਲ, ਹਰਵਿੰਦਰ ਸਿੰਘ, ਜਗਦੀਸ਼ ਰਾਏ ਕੁਲਰੀਆਂ, ਪ੍ਰੋ. ਹਰਜਿੰਦਰ ਸਿੰਘ (ਪੰਜਾਬੋਂ ਬਾਹਰ), ਡਾ. ਬਲਵਿੰਦਰ ਸਿੰਘ ਚਹਿਲ, ਰਣਜੀਤ ਗੌਰਵ, ਪ੍ਰੇਮ ਸਾਹਿਲ (ਬਾਕੀ ਭਾਰਤ), ਨਵਤੇਜ ਗੜ੍ਹਦੀਵਾਲਾ, ਡਾ. ਹਰੀ ਸਿੰਘ ਜਾਚਕ, ਸ਼ਬਦੀਸ਼, ਸੰਤੋਖ ਸਿੰਘ ਸੁੱਖੀ, ਨਰਿੰਦਰ ਪਾਲ ਕੌਰ, ਵਾਹਿਦ ਉਰਫ ਸਤਨਾਮ ਸਿੰਘ, ਵਰਗਿਸ ਸਲਾਮਤ, ਸੰਜੀਵਨ ਸਿੰਘ, ਗੁਰਸੇਵਕ ਸਿੰਘ ਢਿੱਲੋਂ ਕਵੀਸ਼ਰ, ਡਾ. ਰੋਜ਼ੀ ਸਿੰਘ, ਡਾ. ਜੀਵਨ ਜੋਤੀ ਸ਼ਰਮਾ, ਕੰਵਲਜੀਤ ਸਿੰਘ ਕੁਟੀ ਅਤੇ ਡਾ. ਨਰੇਸ਼ ਕੁਮਾਰ ਸ਼ਾਮਲ ਹਨ। ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਚੋਣ ਗੁਪਤ ਵੋਟਾਂ ਰਾਹੀਂ ਤੈਅ ਦਿਨ 'ਤੇ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਹੋਵੇਗੀ ਅਤੇ ਉਸੇ ਦਿਨ ਵੋਟਾਂ ਦੀ ਗਿਣਤੀ ਕਰਕੇ ਨਤੀਜੇ ਐਲਾਨੇ ਜਾਣਗੇ।

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਰੀਅਮ ਨਵਾਜ਼ ਲਹਿੰਦੇ ਪੰਜਾਬ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਬਣੀ

**ਲਾਹੌਰ:** ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐਮ.ਐਲ-ਐਨ) ਦੀ ਸੀਨੀਅਰ ਆਗੂ ਅਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਧੀ ਮਰੀਅਮ ਨਵਾਜ਼ ਪੰਜਾਬ ਪ੍ਰਾਂਤ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਬਣ ਗਈ।

ਪੀ.ਐਮ.ਐਲ-ਐਨ ਦੀ 50 ਸਾਲਾ ਸੀਨੀਅਰ ਮੀਤ ਪ੍ਰਧਾਨ ਮਰੀਅਮ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਦਾ ਸਮਰਥਨ ਪ੍ਰਾਪਤ ਸੁੰਨੀ ਇਤਹਾਦ ਕੌਂਸਲ (ਐਸ.ਆਈ.ਸੀ.) ਦੇ ਚੁਣੇ ਗਏ ਨੁਮਾਇੰਦਿਆਂ ਦੇ ਵਾਕਆਊਟ ਦੌਰਾਨ ਮੁੱਖ ਮੰਤਰੀ ਅਹੁਦੇ ਦੀ ਚੋਣ ਜਿੱਤੀ। ਮਰੀਅਮ ਪੀ.ਟੀ.ਆਈ. ਦਾ ਸਮਰਥਨ ਪ੍ਰਾਪਤ ਸੁੰਨੀ



ਇਤਹਾਦ ਕੌਂਸਲ (ਐਸ.ਆਈ.ਸੀ.) ਦੇ ਰਾਣਾ ਆਫ਼ਤਾਬ ਨੂੰ ਹਰਾ ਕੇ ਸਿਆਸੀ ਤੌਰ 'ਤੇ ਅਹਿਮ ਮੰਨੇ ਜਾਂਦੇ ਪੰਜਾਬ ਪ੍ਰਾਂਤ ਦੀ ਮੁੱਖ ਮੰਤਰੀ ਬਣੀ। ਮਰੀਅਮ ਨੂੰ 220 ਵੋਟਾਂ ਮਿਲੀਆਂ ਜਦਕਿ ਰਾਣਾ ਆਫ਼ਤਾਬ ਨੂੰ ਕੋਈ ਵੋਟ ਨਹੀਂ ਮਿਲੀ ਕਿਉਂਕਿ ਉਨ੍ਹਾਂ ਦੀ ਪਾਰਟੀ ਨੇ ਇਸ ਚੋਣ ਦਾ ਬਾਈਕਾਟ ਕਰ ਦਿੱਤਾ ਸੀ। ਪਾਕਿਸਤਾਨ ਦੇ ਪੰਜਾਬ ਪ੍ਰਾਂਤ ਦੀ ਆਬਾਦੀ 12 ਕਰੋੜ ਹੈ। ਨਵੇਂ ਚੁਣੇ ਗਏ ਸਪੀਕਰ ਮਲਿਕ ਅਹਿਮਦ ਖਾਨ ਨੇ ਇਜਲਾਸ ਦੀ ਪ੍ਰਧਾਨਗੀ ਕਰਦਿਆਂ ਕਿਹਾ, "ਵੋਟਾਂ ਦੀ ਗਿਣਤੀ ਕੀਤੀ ਗਈ ਜਿਸ ਮੁਤਾਬਕ ਮਰੀਅਮ ਨੂੰ 220 ਵੋਟਾਂ ਮਿਲੀਆਂ ਅਤੇ ਐਸ.ਆਈ.ਸੀ. ਉਮੀਦਵਾਰ ਰਾਣਾ ਆਫਤਾਬ ਨੂੰ ਕੋਈ ਵੋਟ ਨਹੀਂ ਮਿਲੀ।" ਜੀਓ ਨਿਊਜ਼ ਮੁਤਾਬਕ ਮੁੱਖ ਮੰਤਰੀ ਦੀ ਚੋਣ ਜਿੱਤਣ ਲਈ ਉਮੀਦਵਾਰ ਨੂੰ ਬਹੁਮੱਤ ਸਾਬਿਤ ਕਰਨ ਦੀ ਲੋੜ ਹੁੰਦੀ ਹੈ। 327 ਸੀਟਾਂ ਵਾਲੇ ਇਸ ਸਦਨ ਵਿਚ ਬਹੁਮੱਤ ਹਾਸਲ ਕਰਨ ਲਈ 187 ਵੋਟਾਂ ਦੀ ਲੋੜ ਸੀ। ਮਰੀਅਮ ਨੇ ਸਦਨ ਵਿਚ 220 ਵੋਟਾਂ ਹਾਸਲ ਕਰ ਕੇ ਬਹੁਮਤ ਸਾਬਤ ਕਰ ਦਿੱਤਾ।

## ਭਾਰਤ ਨਾਲ ਸਬੰਧ ਖਰਾਬ ਨਹੀਂ ਕਰ ਸਕਦੇ: ਸ਼ਾਹਿਦ

**ਮਾਲੇ:** ਮੁੱਖ ਵਿਰੋਧੀ ਪਾਰਟੀ ਮਾਲਦੀਵੀਅਨ ਡੈਮੋਕਰੈਟਿਕ ਪਾਰਟੀ (ਐਮ.ਡੀ.ਪੀ.) ਦੇ ਨਵੇਂ ਨੇਤਾ ਤੇ ਮਾਲਦੀਵ ਦੇ ਸੀਨੀਅਰ ਕੂਟਨੀਤਕ ਅਬਦੁੱਲ੍ਹਾ ਸ਼ਾਹਿਦ ਨੇ ਨਵੀਂ ਦਿੱਲੀ ਨਾਲ ਮਾਲੇ ਦੇ ਡੂੰਘੇ ਰਿਸ਼ਤਿਆਂ ਦਾ ਬਚਾਅ ਕੀਤਾ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇੱਥੇ ਨਵੀਂ ਸਰਕਾਰ ਵੱਲੋਂ ਵਿਦੇਸ਼ ਨੀਤੀ 'ਚ ਕੀਤੀ ਗਈ ਤਬਦੀਲੀ ਦੇ ਬਾਵਜੂਦ ਭਾਰਤ ਨਾਲ ਸਬੰਧਾਂ ਨੂੰ ਖਰਾਬ ਨਹੀਂ ਕੀਤਾ ਜਾ ਸਕਦਾ। ਸੰਯੁਕਤ ਰਾਸ਼ਟਰ ਆਮ ਸਭਾ ਦੇ ਸਾਬਕਾ ਮੁਖੀ 61 ਸਾਲਾ ਸ਼ਾਹਿਦ ਨੇ ਇਕ ਇੰਟਰਵਿਊ ਦੌਰਾਨ ਕਿਹਾ ਕਿ ਭਾਰਤ ਉਨ੍ਹਾਂ ਨਾਲ ਇਤਿਹਾਸਕ ਤੇ ਸੱਭਿਆਚਾਰ ਤੌਰ ਦੇ ਨਾਲ ਨਾਲ ਕਈ ਹੋਰ ਢੰਗਾਂ ਰਾਹੀਂ ਵੀ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਮਾਲਦੀਵ ਇਕ ਸਹਿਯੋਗੀ ਵਜੋਂ ਭਾਰਤ ਦੇ ਭੂਗੋਲਿਕ ਤੇ ਇਤਿਹਾਸਕ ਮਹੱਤਵ ਤੋਂ ਖੁਦ ਨੂੰ ਦੂਰ ਨਹੀਂ ਰੱਖ ਸਕਦਾ।

## ਮਨੁੱਖੀ ਤਸਕਰੀ ਦੇ ਮਾਮਲੇ ਵਿਚ ਭਾਰਤੀ ਮੂਲ ਦਾ ਸ਼ਖਸ ਕਾਬੂ

**ਨਿਊ ਯਾਰਕ:** ਅਮਰੀਕਾ ਦੇ ਸ਼ਿਕਾਗੋ 'ਚ ਮਨੁੱਖੀ ਤਸਕਰੀ ਦੀ ਘਟਨਾ ਦੀ ਜਾਂਚ ਦੇ ਸਿਲਸਿਲੇ 'ਚ ਭਾਰਤੀ ਮੂਲ ਦੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸ ਘਟਨਾ ਵਿਚ ਗੁਜਰਾਤ ਦੇ ਚਾਰ ਜਣਿਆਂ ਦਾ ਇਕ ਪਰਿਵਾਰ ਕੈਨੇਡਾ ਤੋਂ ਅਮਰੀਕਾ 'ਚ ਗ਼ੈਰਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ ਜਾਨ ਗੁਆ ਬੈਠਾ ਸੀ। ਮ੍ਰਿਤਕਾਂ 'ਚ ਦੋ ਬੱਚੇ ਵੀ ਸ਼ਾਮਲ ਸਨ। ਪਿਛਲੇ ਹਫ਼ਤੇ 'ਦਿ ਸ਼ਿਕਾਗੋ ਟ੍ਰਿਬਿਊਨ' ਵਿਚ ਪ੍ਰਕਾਸ਼ਤ ਰਿਪੋਰਟ ਅਨੁਸਾਰ ਅਧਿਕਾਰੀਆਂ ਨੇ ਹਰਸ਼ ਕੁਮਾਰ ਰਮਨ ਲਾਲ ਪਟੇਲ ਨੂੰ ਸ਼ਿਕਾਗੋ ਦੇ ਓ'ਹਾਰੇ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਹੈ। 'ਡਰਟੀ ਹੈਰੀ', 'ਪਰਮ ਸਿੰਘ' ਅਤੇ ਹਰੇਸ਼ ਰਮੇਸ਼ਲਾਲ ਪਟੇਲ ਦੇ ਨਾਵਾਂ ਨਾਲ ਮਸ਼ਹੂਰ ਪਟੇਲ 'ਤੇ ਵਿਦੇਸ਼ੀ ਨਾਗਰਿਕਾਂ ਦੀ ਤਸਕਰੀ ਅਤੇ ਗੈਰਕਾਨੂੰਨੀ ਢੰਗ ਨਾਲ ਦਾਖਲੇ ਦੀ ਸਾਜ਼ਿਸ਼ ਦੇ ਅਪਰਾਧ ਦਾ ਦੋਸ਼ ਲਾਇਆ ਗਿਆ ਹੈ। ਜ਼ਿਲ੍ਹਾ ਅਦਾਲਤ ਨੇ ਪਟੇਲ ਖ਼ਿਲਾਫ਼ ਮਨੁੱਖੀ ਤਸਕਰੀ ਦੀ ਸਾਜ਼ਿਸ਼ 'ਚ ਪਟੇਲ ਦੀ ਸ਼ਮੂਲੀਅਤ ਦੇ ਵੇਰਵੇ ਮੁਹੱਈਆ ਕਰਵਾਏ ਹਨ। ਇਹ ਹਲਫਨਾਮਾ 19 ਜਨਵਰੀ 2022 ਨੂੰ ਮਨੁੱਖੀ ਤਸਕਰੀ ਦੀ ਘਟਨਾ 'ਚ ਕੀਤੀ ਗਈ ਜਾਂਚ ਨਾਲ ਸਬੰਧਤ ਹੈ। ਇਸ ਘਟਨਾ ਵਿਚ ਜਗਦੀਸ਼ ਪਟੇਲ (39), ਵੈਸ਼ਾਲੀਬੇਨ ਪਟੇਲ (37), ਵਿਹਾਂਗੀ ਪਟੇਲ (11) ਅਤੇ ਧਾਰਮਿਕ ਪਟੇਲ (3) ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਸਮੇਂ ਐਮਰਸਨ 'ਚ ਮ੍ਰਿਤਕ ਮਿਲੇ ਸਨ।

## ਸੱਤਾ 'ਚ ਆਉਣ 'ਤੇ ਅਗਨੀਪਥ ਯੋਜਨਾ ਖਤਮ ਕਰਾਂਗੇ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ 'ਅਗਨੀਪਥ' ਫ਼ੌਜੀ ਭਰਤੀ ਯੋਜਨਾ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਨੌਜਵਾਨਾਂ ਨਾਲ ਬੇਇਨਸਾਫ਼ੀ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਵਾਅਦਾ ਕੀਤਾ ਕਿ ਜੇਕਰ ਪਾਰਟੀ ਕੇਂਦਰ 'ਚ ਸਰਕਾਰ ਬਣਾਉਂਦੀ ਹੈ ਤਾਂ ਪੁਰਾਣੀ ਭਰਤੀ ਪ੍ਰਣਾਲੀ ਵਾਪਸ ਲਿਆਂਦੀ ਜਾਵੇਗੀ।

ਵਿਰੋਧੀ ਧਿਰ ਨੇ ਮੰਗ ਕੀਤੀ ਕਿ ਲਗਭਗ ਦੋ ਲੱਖ ਨੌਜਵਾਨਾਂ ਨੂੰ ਨਿਯੁਕਤ ਕੀਤਾ ਜਾਵੇ, ਜਿਨ੍ਹਾਂ ਨੇ ਭਰਤੀ ਪ੍ਰਕਿਰਿਆ ਪਾਸ ਕਰ ਲਈ ਸੀ ਪਰ ਉਨ੍ਹਾਂ ਨੂੰ ਜੁਆਇਨਿੰਗ ਲੈਟਰ ਨਹੀਂ ਦਿੱਤੇ ਗਏ ਕਿਉਂਕਿ 'ਅਗਨੀਪਥ' ਯੋਜਨਾ 2022 ਵਿਚ ਸ਼ੁਰੂ ਕੀਤੀ ਗਈ ਸੀ। ਖੜਗੇ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਪੱਤਰ ਲਿਖ ਕੇ ਨੌਜਵਾਨਾਂ ਲਈ ਨਿਆਂ ਯਕੀਨੀ ਬਣਾਉਣ ਦੀ ਮੰਗ ਕੀਤੀ। ਉਨ੍ਹਾਂ ਆਪਣੇ ਪੱਤਰ ਵਿੱਚ ਲਿਖਿਆ, "ਅਗਨੀਪਥ ਯੋਜਨਾ ਨਾਲ ਕਈ ਜਾਣੇ-ਪਛਾਣੇ ਮੁੱਦੇ ਜੁੜੇ ਹੋਏ ਹਨ। ਸਾਬਕਾ ਥਲ ਸੈਨਾ ਮੁਖੀ ਜਨਰਲ ਐਮ.ਐਮ. ਨਰਵਾਣੇ ਨੇ ਲਿਖਿਆ ਹੈ ਕਿ 'ਅਗਨੀਪਥ' ਨੇ ਥਲ ਸੈਨਾ ਨੂੰ ਹੈਰਾਨ ਕਰ ਦਿੱਤਾ ਸੀ ਅਤੇ ਇਹੀ ਝਟਕਾ ਜਲ ਅਤੇ ਹਵਾਈ ਸੈਨਾ ਨੂੰ ਲੱਗਿਆ ਸੀ।

ਇਸ ਤੋਂ ਇਲਾਵਾ ਇਹ ਸਕੀਮ ਸਿਪਾਹੀਆਂ ਦੇ ਸਮਾਨਾਂਤਰ ਕਾਡਰ ਬਣਾ ਕੇ ਸਾਡੇ ਜਵਾਨਾਂ ਵਿਚਕਾਰ ਵਿਤਕਰੇ ਵਾਲੀ ਭਾਵਨਾ ਪੈਦਾ ਕਰਦੀ ਹੈ ਜਿਨ੍ਹਾਂ ਤੋਂ ਵੱਖਰੀਆਂ ਤਨਖ਼ਾਹਾਂ, ਲਾਭਾਂ ਅਤੇ ਸੰਭਾਵਨਾਵਾਂ ਨਾਲ ਸਮਾਨ ਕਾਰਜਾਂ 'ਤੇ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਚਾਰ ਸਾਲਾਂ ਦੀ ਸੇਵਾ ਮਗਰੋਂ ਜ਼ਿਆਦਾਤਰ ਅਗਨੀਵੀਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਵੇਗਾ। ਕੁਝ ਦਾ ਮੰਨਣਾ ਹੈ ਕਿ ਅਗਨੀਪਥ ਯੋਜਨਾ ਸਮਾਜਿਕ ਅਸਥਿਰਤਾ ਪੈਦਾ ਕਰ ਸਕਦੀ ਹੈ।"

## ਕਿਸਾਨ ਘੋਲ: ਜਥੇਬੰਦੀਆਂ ਦੀ ਖਹਿਬਾਜ਼ੀ ਨੇ ਖੇਡ ਵਿਗਾੜੀ

*(ਪਹਿਲੇ ਸਫੇ ਦੀ ਬਾਕੀ)*

ਗੇੜ ਦੀ ਮੀਟਿੰਗ ਬੇਸਿੱਟਾ ਰਹਿਣ ਮਗਰੋਂ 21 ਫਰਵਰੀ ਨੂੰ ਦਿੱਲੀ ਕੂਚ ਦਾ ਫੈਸਲਾ ਕੀਤਾ ਸੀ ਪਰ ਇਸ ਦਰਮਿਆਨ ਕੇਂਦਰੀ ਖੇਤੀ ਮੰਤਰੀ ਅਰਜੁਨ ਮੁੰਡਾ ਵੱਲੋਂ ਟਵੀਟ ਰਾਹੀਂ ਦਿੱਤੇ ਗੱਲਬਾਤ ਦੇ ਸੱਦੇ 'ਤੇ ਕਿਸਾਨ ਆਗੂ ਵਿਚਾਰ ਚਰਚਾ ਕਰ ਹੀ ਰਹੇ ਸਨ ਕਿ ਖਨੌਰੀ ਬਾਰਡਰ 'ਤੇ ਹਰਿਆਣਾ ਪੁਲਿਸ ਵੱਲੋਂ ਚਲਾਈ ਗੋਲੀ ਕਰ ਕੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਬੱਲੋ ਦੇ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ ਅਤੇ ਸੈਂਕੜੇ ਕਿਸਾਨ ਜ਼ਖਮੀ ਹੋ ਗਏ। ਪੁਲਿਸ ਹੱਦ ਟੱਪ ਕੇ ਪੰਜਾਬ ਆਣ ਵੜੀ ਅਤੇ ਕਿਸਾਨਾਂ ਦੇ ਟਰੈਕਟਰ, ਕਾਰਾਂ, ਜੀਪਾਂ ਤੇ ਹੋਰ ਸਾਮਾਨ ਦੀ ਭੰਨਤੋੜ ਕੀਤੀ। ਇਸ ਪਿੱਛੋਂ ਦੋਵਾਂ ਧਿਰਾਂ ਵਿਚਾਲੇ ਗੱਲਬਾਤ ਰੁਕੀ ਹੋਈ ਹੈ।

ਕਿਸਾਨਾਂ ਦੀ ਮੁੱਖ ਮੰਗਾਂ ਵਿਚ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਾਰੰਟੀ ਅਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ, ਲਖੀਮਪੁਰ ਖੀਰੀ ਦੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ, ਬਿਜਲੀ ਸੋਧ ਬਿੱਲ, ਕਿਸਾਨਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਦੀ ਮੁਆਫੀ, ਕਿਸਾਨ ਅੰਦੋਲਨ ਦੌਰਾਨ ਦਰਜ ਕੇਸਾਂ ਦੀ ਵਾਪਸੀ ਆਦਿ ਸ਼ਾਮਲ ਹਨ। ਇਹ ਉਹ ਮੰਗਾਂ ਹਨ ਜਿਨ੍ਹਾਂ ਨੂੰ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਵਿਚ ਲੱਗੇ ਮੋਰਚੇ ਸਮੇਂ ਮੰਨ ਚੁੱਕੀ ਹੈ ਪਰ ਅਜੇ ਤੱਕ ਲਾਗੂ ਨਹੀਂ ਕੀਤਾ। ਕਿਸਾਨ ਜਥੇਬੰਦੀਆਂ ਵੱਲੋਂ ਪਿਛਲੇ ਤਕਰੀਬਨ 2 ਸਾਲਾਂ ਤੋਂ ਕੇਂਦਰ ਸਰਕਾਰ ਨੂੰ ਮੰਗ ਪੱਤਰ ਭੇਜ ਕੇ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਪਰ ਸਰਕਾਰ ਨੇ ਕੋਈ ਹੁੰਗਾਰਾ ਨਹੀਂ ਭਰਿਆ। ਹੁਣ ਭਾਵੇਂ ਦਿੱਲੀ ਵੱਲ ਕੂਚ ਦੇ ਐਲਾਨ ਪਿੱਛੋਂ 4 ਮੀਟਿੰਗਾਂ ਹੋਈਆਂ ਪਰ ਕਿਸਾਨ ਜਥੇਬੰਦੀਆਂ ਦੀ ਆਪਸੀ ਫੁੱਟ ਸਾਹਮਣੇ ਆਉਣ ਪਿੱਛੋਂ ਕੇਂਦਰ ਸਰਕਾਰ ਹੁਣ ਗੱਲ ਅੱਗੇ ਵਧਾਉਣ ਦੇ ਮੂਡ ਵਿਚ ਨਹੀਂ ਹੈ। ਮੌਜੂਦਾ ਹਾਲਾਤ ਇਹ ਹਨ ਕਿ ਜਿਥੇ ਕਿਸਾਨ ਜਥੇਬੰਦੀਆਂ ਇਕ-ਦੂਜੇ ਉਤੇ ਚਿੱਕੜ ਸੁੱਟ ਕੇ ਆਪਣਾ ਬਚਾਅ ਕਰ ਰਹੀਆਂ ਹਨ, ਉਥੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਹ ਆਪਸੀ ਕਲੇਸ਼ ਭਾਜਪਾ ਨੂੰ ਰਾਸ ਆਉਂਦਾ ਜਾਪ ਰਿਹਾ ਹੈ।

ਹਰਿਆਣਾ ਦੀ ਵਧੀਕੀ ਦਾ ਜਵਾਬ ਦੇਵੇ ਪੰਜਾਬ: ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਸਾਨ ਅੰਦੋਲਨ ਦੇ ਪ੍ਰਸੰਗ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਤੇ ਕੇਂਦਰ ਅਤੇ ਹਰਿਆਣਾ ਸਰਕਾਰ ਅੱਗੇ ਗੋਡੇ ਟੇਕਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਪੁਲੀਸ, ਪੰਜਾਬ ਅੰਦਰ ਦਾਖ਼ਲ ਹੋ ਕੇ ਵਧੀਕੀ ਕਰ ਗਈ ਪਰ ਪੰਜਾਬ ਦਾ ਮੁੱਖ ਮੰਤਰੀ ਚੁੱਪ ਹੈ। ਅਜਿਹੇ ਹਾਲਾਤ ਵਿਚ ਪੰਜਾਬ-ਹਰਿਆਣਾ ਹੱਦ 'ਤੇ ਪੰਜਾਬ ਪੁਲਿਸ ਤਾਇਨਾਤ ਕੀਤੀ ਜਾਵੇ ਅਤੇ ਹਰਿਆਣਾ ਨੂੰ ਸਖਤ ਜਵਾਬ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਹਿੰਸਾ ਨਹੀਂ ਚਾਹੁੰਦੇ ਪਰ ਦੁਨੀਆ ਕਿਸਾਨਾਂ ਦੇ ਸਿਰ 'ਤੇ ਚੱਲਦੀ ਹੈ।

## ਨਿਊ ਯਾਰਕ 'ਚ ਭਾਰਤੀ ਪੱਤਰਕਾਰ ਦੀ ਮੌਤ

**ਨਿਊਯਾਰਕ:** ਇਥੋਂ ਦੀ ਰਿਹਾਇਸ਼ੀ ਇਮਾਰਤ ਵਿਚ ਅੱਗ ਲੱਗਣ ਕਾਰਨ ਇਕ ਭਾਰਤੀ ਪੱਤਰਕਾਰ ਦੀ ਮੌਤ ਹੋ ਗਈ। ਇਹ ਜਾਣਕਾਰੀ ਭਾਰਤੀ ਦੂਤਾਵਾਸ ਨੇ ਸਾਂਝੀ ਕੀਤੀ ਹੈ। ਦੂਤਾਵਾਸ ਦੇ ਅਧਿਕਾਰੀ ਨੇ ਦੱਸਿਆ ਕਿ ਇੱਥੇ ਇਕ ਅਪਾਰਟਮੈਂਟ ਵਿਚ ਅੱਗ ਲੱਗ ਗਈ ਸੀ। ਇਸ ਹਾਦਸੇ ਵਿਚ 27 ਸਾਲਾ ਫਾਜ਼ਿਲ ਖਾਨ ਦੀ ਮੌਤ ਹੋ ਗਈ। ਉਹ ਫਾਜ਼ਿਲ ਦੀ ਮ੍ਰਿਤਕ ਦੇਹ ਦੇਸ਼ ਲਿਆਉਣ ਲਈ ਯਤਨ ਕਰ ਰਹੇ ਹਨ ਤੇ ਪਰਿਵਾਰ ਨਾਲ ਸੰਪਰਕ ਵਿਚ ਹਨ। ਨਿਊ ਯਾਰਕ ਦੇ ਫਾਇਰ ਵਿਭਾਗ ਅਨੁਸਾਰ ਈ ਬਾਈਕ ਦੀ ਬੈਟਰੀ ਫਟਣ ਕਾਰਨ ਅੱਗ ਲੱਗੀ ਜਿਸ ਨਾਲ ਪੂਰੀ ਇਮਾਰਤ ਨੁਕਸਾਨਗ੍ਰਸਤ ਹੋਈ। ਇਸ ਹਾਦਸੇ ਵਿਚ 17 ਜਣੇ ਜ਼ਖ਼ਮੀ ਹੋਏ ਤੇ ਕਈ ਜਣੇ ਝੁਲਸ ਵੀ ਗਏ। ਅੱਗ ਫੈਲਣ ਤੋਂ ਬਾਅਦ ਲੋਕਾਂ ਨੇ ਪੰਜਵੀਂ ਤੇ ਛੇਵੀਂ ਮੰਜ਼ਿਲ ਤੋਂ ਛਾਲਾਂ ਮਾਰ ਦਿੱਤੀਆਂ ਸਨ। ਜਾਣਕਾਰੀ ਅਨੁਸਾਰ ਫਾਜ਼ਿਲ ਨੇ ਸਾਲ 2020 ਵਿਚ ਕੋਲੰਬੀਆ ਯੂਨੀਵਰਸਿਟੀ ਤੋਂ ਜਰਨਿਲਜ਼ਮ ਕੀਤੀ ਸੀ। ਨਿਊ ਯਾਰਕ ਵਿਚ ਪੱਤਰਕਾਰੀ ਕਰਨ ਤੋਂ ਪਹਿਲਾਂ ਫਾਜ਼ਿਲ ਨਵੀਂ ਦਿੱਲੀ ਵਿਚ ਸੀ.ਐਨ.ਐਨ. ਨਿਊਜ਼ 18 ਵਿਚ ਪੱਤਰਕਾਰ ਵਜੋਂ ਕੰਮ ਕਰਦੇ ਸਨ।

## ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਪਾਲ ਤੇ ਸਾਥੀਆਂ ਬਾਰੇ ਮੁੱਖ ਮੰਤਰੀ ਨੂੰ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਭੇਜ ਕੇ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਅੰਮ੍ਰਿਤਪਾਲ ਸਿੰਘ ਅਤੇ ਹੋਰ ਨੌਜਵਾਨਾਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਦੀ ਅਪੀਲ ਕੀਤੀ ਹੈ। ਇਸ ਸਬੰਧੀ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਅੰਮ੍ਰਿਤਸਰ ਵਿਚ ਭੁੱਖ ਹੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਡਿਬਰੂਗੜ੍ਹ 'ਚ ਨਜ਼ਰਬੰਦ ਨੌਜਵਾਨਾਂ ਦੇ ਮਨੁੱਖੀ ਅਧਿਕਾਰ ਅਤੇ ਉਨ੍ਹਾਂ ਦੇ ਨਿੱਜਤਾ ਦੇ ਹੱਕ ਯਕੀਨੀ ਬਣਾਏ ਜਾਣ।

## ਐਨ.ਆਈ.ਏ. ਵੱਲੋਂ ਪੰਜਾਬ ਤੇ ਰਾਜਸਥਾਨ ਵਿਚ ਛਾਪੇ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਖਾਲਿਸਤਾਨ ਤੇ ਸੰਗਠਿਤ ਅਪਰਾਧੀਆਂ ਦੇ ਗਠਜੋੜ ਖ਼ਿਲਾਫ਼ ਚੱਲ ਰਹੀ ਆਪਣੀ ਜਾਂਚ ਤਹਿਤ ਪੰਜਾਬ ਅਤੇ ਰਾਜਸਥਾਨ ਦੇ 16 ਟਿਕਾਣਿਆਂ ਉਤੇ ਛਾਪੇਮਾਰੀ ਕੀਤੀ, ਛੇ ਵਿਅਕਤੀਆਂ ਨੂੰ ਪੁੱਛ ਪੜਤਾਲ ਲਈ ਹਿਰਾਸਤ ਵਿਚ ਲਿਆ। ਸੂਤਰਾਂ ਮੁਤਾਬਕ ਜਿਨ੍ਹਾਂ 16 ਟਿਕਾਣਿਆਂ ਉਤੇ ਛਾਪੇਮਾਰੀ ਕੀਤੀ ਜਾ ਰਹੀ ਹੈ, ਉਨ੍ਹਾਂ 'ਚ 14 ਪੰਜਾਬ ਅਤੇ ਦੋ ਰਾਜਸਥਾਨ ਵਿਚ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਭਾਰਤ ਸਰਕਾਰ 'ਤੇ ਵਿਸ਼ਵ ਵਪਾਰ ਸੰਗਠਨ ਨੂੰ ਛੱਡਣ ਵਾਸਤੇ ਦਬਾਅ ਵਧਿਆ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨ ਜਥੇਬੰਦੀਆਂ ਵੱਲੋਂ ਕੌਮੀ ਮਾਰਗਾਂ ਉਤੇ ਵੱਡੀ ਗਿਣਤੀ ਵਿਚ ਟਰੈਕਟਰ ਖੜ੍ਹੇ ਕਰਕੇ 'ਵਿਸ਼ਵ ਵਪਾਰ ਸੰਗਠਨ' ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਭਾਰਤ ਸਰਕਾਰ ਉਤੇ ਵਿਸ਼ਵ ਵਪਾਰ ਸੰਗਠਨ ਨੂੰ ਛੱਡਣ ਵਾਸਤੇ ਦਬਾਅ ਬਣਾਉਣ ਲਈ ਟਰੈਕਟਰ ਖੜ੍ਹੇ ਕਰਕੇ ਪ੍ਰਦਰਸ਼ਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਿਸ਼ਵ ਵਪਾਰ ਸੰਸਥਾ ਭਾਰਤ ਦੇ ਕਾਰਪੋਰੇਟ ਘਰਾਣਿਆਂ ਨਾਲ ਮਿਲ ਕੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ ਅਤੇ ਛੋਟੇ ਕਾਰੋਬਾਰ ਕਰਨ ਵਾਲਿਆਂ ਨੂੰ ਬਰਬਾਦ ਕਰਨ ਲਈ ਨਵੇਂ ਤੋਂ ਨਵੇਂ ਢੰਗ ਵਰਤ ਰਹੇ ਹਨ। ਉਨ੍ਹਾਂ ਕੇਂਦਰ ਸਰਕਾਰ ਦੀ ਸ਼ਹਿ ਤੇ ਹਰਿਆਣਾ ਸਰਕਾਰ ਵੱਲੋਂ ਹੱਕ ਮੰਗਦੇ ਕਿਸਾਨਾਂ ਉੱਤੇ ਢਾਹੇ ਗਏ ਜਬਰ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ।



ਉਨ੍ਹਾਂ ਕਿਹਾ ਕਿ ਕਿਸਾਨੀ ਸੰਘਰਸ਼ ਦਾ ਮਨੋਰਥ ਸਾਰੀਆਂ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਅਤੇ ਕਿਸਾਨਾਂ ਮਜ਼ਦੂਰਾਂ ਦੇ ਕਰਜ਼ੇ ਦੀ ਮੁਆਫੀ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣਾ ਹੈ।

ਖਨੌਰੀ ਬਾਰਡਰ 'ਤੇ ਵਿਸ਼ਵ ਵਪਾਰ ਸੰਗਠਨ ਦੀਆਂ ਕਿਸਾਨ ਮਾਰੂ ਨੀਤੀਆਂ ਖ਼ਿਲਾਫ਼ ਇਕ ਵਿਸ਼ਾਲ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਵਿਸ਼ਵ ਵਪਾਰ ਸੰਗਠਨ ਦੀਆਂ ਮਾਰੂ ਨੀਤੀਆਂ ਤੋਂ ਜਾਗਰੂਕ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਚਾਹੁੰਦੇ ਹਨ ਕਿ ਭਾਰਤ ਵਿਸ਼ਵ ਵਪਾਰ ਸੰਗਠਨ ਦੀ ਮੀਟਿੰਗ ਵਿਚ ਕਿਸਾਨਾਂ ਦਾ ਪੱਖ ਮਜ਼ਬੂਤੀ ਨਾਲ ਰੱਖਿਆ ਜਾਵੇ। ਡੱਲੇਵਾਲ ਨੇ ਕਿਹਾ ਕਿ ਖੇਤੀ ਸੈਕਟਰ ਨੂੰ ਵਿਸ਼ਵ ਵਪਾਰ ਸੰਗਠਨ ਤੋਂ ਬਾਹਰ ਕੱਢਣਾ ਜ਼ਰੂਰੀ ਹੈ ਤੇ ਜਦੋਂ ਤੱਕ ਖੇਤੀ ਸੈਕਟਰ ਨੂੰ ਬਾਹਰ ਨਹੀਂ ਕੱਢਿਆ ਜਾਂਦਾ, ਉਦੋਂ ਤੱਕ ਖੇਤੀ ਨੂੰ ਬਚਾਇਆ ਨਹੀਂ ਜਾ ਸਕਦਾ ਬਚਾਈ ਨਹੀਂ ਜਾ ਸਕਦੀ। ਉਨ੍ਹਾਂ ਕਿਹਾ ਕਿ ਵਿਸ਼ਵ ਵਪਾਰ ਸੰਗਠਨ ਤਹਿਤ ਖੇਤੀ ਨੂੰ ਲੁੱਟਣ ਦੀਆਂ ਨੀਤੀਆਂ ਫਿੱਟ ਕੀਤੀਆਂ ਹੋਈਆਂ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ ਉਨ੍ਹਾਂ ਕੋਲ ਉਦਾਹਰਨਾਂ ਮੌਜੂਦ ਹਨ ਕਿ ਜਿਨ੍ਹਾਂ ਫ਼ਸਲਾਂ 'ਤੇ ਐਮ.ਐਸ.ਪੀ. ਦਿੱਤੀ ਜਾਂਦੀ ਹੈ, ਉਨ੍ਹਾਂ ਦੀਆਂ ਕੀਮਤਾਂ 'ਚ ਕਦੇ ਵੀ ਬੇਹਿਸਾਬ ਵਾਧਾ ਨਹੀਂ ਹੁੰਦਾ, ਜਦਕਿ ਉਹ ਫਸਲਾਂ ਜੋ ਐਮ.ਐਸ.ਪੀ. ਦੇ ਘੇਰੇ 'ਚ ਨਹੀਂ ਆਉਂਦੀਆਂ, ਉਨ੍ਹਾਂ ਦੀਆਂ ਕੀਮਤਾਂ ਵਿਚ ਉਤਰਾਅ-ਚੜ੍ਹਾਅ ਆਉਂਦਾ ਰਹਿੰਦਾ ਹੈ। ਆਲੂ, ਟਮਾਟਰ ਤੇ ਪਿਆਜ ਅਜਿਹੀਆਂ ਫ਼ਸਲਾਂ ਹਨ, ਜੋ ਐਮ.ਐਸ.ਪੀ. ਦੇ ਘੇਰੇ 'ਚ ਨਹੀਂ ਆਉਂਦੀਆਂ ਤੇ ਇਨ੍ਹਾਂ ਦੀਆਂ ਕੀਮਤਾਂ 'ਚ ਵੀ ਅਕਸਰ ਉਤਰਾਅ-ਚੜ੍ਹਾਅ ਆਉਂਦਾ ਵੇਖਿਆ ਗਿਆ ਹੈ, ਜਦਕਿ ਐਮ.ਐਸ.ਪੀ. ਵਾਲੀਆਂ ਫ਼ਸਲਾਂ 'ਚ ਇਸ ਕਦਰ ਉਤਰਾਅ-ਚੜ੍ਹਾਅ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਕਹਿਣਾ ਵਾਜਬ ਨਹੀਂ ਹੈ ਕਿ ਐਮ.ਐਸ.ਪੀ. ਨਾਲ ਮਹਿੰਗਾਈ ਵਧੇਗੀ ਤੇ ਖੇਤੀ ਸਮਝੌਤੇ 'ਚ ਕਿਸਾਨਾਂ ਨੂੰ ਨੁਕਸਾਨ ਹੋਵੇਗਾ।

## ਭਾਜਪਾ ਨੂੰ ਛੱਡ ਕੇ ਕਿਸੇ ਨੂੰ ਵੀ ਵੋਟ ਪਾ ਦੇਣ ਲੋਕ: ਵੜਿੰਗ

**ਸੰਗਰੂਰ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਮੂਹ ਪੰਜਾਬੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਕਿਸੇ ਵੀ ਪਾਰਟੀ ਜਾਂ ਉਮੀਦਵਾਰ ਨੂੰ ਵੋਟ ਪਾ ਦੇਣ, ਭਾਵੇਂ 'ਨੋਟਾ' ਦਾ ਬਟਨ ਦੱਬ ਦੇਣ ਪਰ ਭਾਜਪਾ ਨੂੰ ਵੋਟ ਨਾ ਪਾਉਣ। ਰਾਜਾ ਵੜਿੰਗ ਨੇ ਸਾਰੀਆਂ ਕਿਸਾਨ ਜਥੇਬੰਦੀਆਂ ਤੇ ਸਿਆਸੀ ਪਾਰਟੀਆਂ ਨੂੰ ਮਤਭੇਦ ਭੁੱਲ ਕੇ ਇਕਜੁੱਟ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਪੰਜਾਬੀਆਂ ਦੀ ਲੜਾਈ ਹੈ। ਉਹ ਖਨੌਰੀ ਬਾਰਡਰ 'ਤੇ ਗੋਲੀ ਲੱਗਣ ਕਾਰਨ ਫ਼ੌਤ ਹੋਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਨੂੰ ਲੈ ਕੇ ਪਾਰਟੀ ਵੱਲੋਂ ਇਥੋਂ ਦੇ ਐਸ.ਐਸ.ਪੀ. ਦਫਤਰ ਅੱਗੇ ਦਿੱਤੇ ਰੋਸ ਧਰਨੇ ਨੂੰ ਸੰਬੋਧਨ ਕਰ ਰਹੇ ਸਨ।

# ਮੋਰਚੇ ਉਤੇ ਡਟੇ ਕਿਸਾਨਾਂ-ਮਜ਼ਦੂਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ

**ਘਨੌਰ:** ਸ਼ੰਭੂ ਬਾਰਡਰ 'ਤੇ ਜਾਰੀ ਕਿਸਾਨ ਧਰਨੇ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਲੰਗਰ ਦੀ ਸੇਵਾ ਵਿਚ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਸ਼ਾਮਲ ਹੋਏ। ਇਸ ਦੌਰਾਨ ਉਨ੍ਹਾਂ ਕਿਸਾਨਾਂ-ਮਜ਼ਦੂਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਅਤੇ ਖਨੌਰੀ ਬਾਰਡਰ 'ਤੇ ਸ਼ਹੀਦ ਹੋਏ ਨੌਜਵਾਨ ਸ਼ੁਭਕਰਨ ਸਣੇ ਸਮੂਹ ਮੋਰਚਿਆਂ 'ਤੇ ਸ਼ਹੀਦ ਹੋਣ ਵਾਲੇ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਸ੍ਰੀ ਧਾਮੀ ਨੇ ਕਿਸਾਨਾਂ ਨੂੰ ਲੰਗਰ ਵਰਤਾਉਣ ਦੀ ਸੇਵਾ ਵੀ ਕੀਤੀ। ਇਸ ਮਗਰੋਂ ਉਨ੍ਹਾਂ ਬਾਰਡਰ 'ਤੇ ਚੱਲ ਰਹੇ ਮੈਡੀਕਲ ਕੈਂਪ ਦਾ ਦੌਰਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਤੇ ਦਵਾਈਆਂ ਦੀ ਸੇਵਾ ਲਗਾਤਾਰ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਵਾਅਦਾਖ਼ਿਲਾਫ਼ੀ ਕਰ ਕੇ ਅੱਜ ਕਿਸਾਨ ਮੁੜ ਦਿੱਲੀ ਜਾਣ ਲਈ ਮਜਬੂਰ ਹੋਏ ਹਨ ਅਤੇ ਹਕੂਮਤਾਂ ਤਾਨਾਸ਼ਾਹੀ ਤਰੀਕੇ ਨਾਲ ਬਾਰਡਰਾਂ 'ਤੇ ਰੋਕ ਕੇ ਉਨ੍ਹਾਂ ਉਤੇ ਤਸ਼ੱਦਦ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨੀ ਪਰਿਵਾਰ ਨਾਲ ਸਬੰਧ ਹੋਣ ਕਰ ਕੇ ਉਹ ਜਾਣਦੇ ਹਨ ਕਿ ਸਰਕਾਰਾਂ ਨੇ ਖੇਤੀ ਨੂੰ ਮੁਨਾਫੇ ਵਾਲਾ ਧੰਦਾ ਨਹੀਂ ਰਹਿਣ ਦਿੱਤਾ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੀਆਂ ਹਨ ਜਦਕਿ ਪੁਲਿਸ ਵੱਲੋਂ ਉਨ੍ਹਾਂ 'ਤੇ ਜਬਰ ਢਾਹਿਆ ਜਾ ਰਿਹਾ ਹੈ। ਸ੍ਰੀ ਧਾਮੀ ਨੇ ਕਿਹਾ ਕਿ ਸਰਕਾਰਾਂ ਦੇ ਇਸ ਰਵੱਈਏ ਨਾਲ ਉਨ੍ਹਾਂ ਦਾ ਅਸਲ ਚਿਹਰਾ ਸਾਹਮਣੇ ਆ ਗਿਆ ਹੈ।

# ਹਰਿਆਣਾ ਨੂੰ ਵੀ ਚੜ੍ਹਿਆ ਕਿਸਾਨੀ ਅੰਦੋਲਨ ਦਾ ਰੰਗ

**ਚੰਡੀਗੜ੍ਹ:** ਐਮ.ਐਸ.ਪੀ. ਉਤੇ ਕਾਨੂੰਨੀ ਗਾਰੰਟੀ ਤੇ ਹੋਰਨਾਂ ਕਿਸਾਨੀ ਮੰਗਾਂ ਲਈ ਪੰਜਾਬ-ਹਰਿਆਣਾ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨੀ ਅੰਦੋਲਨ ਦਾ ਰੰਗ ਹਰਿਆਣਾ ਨੂੰ ਵੀ ਚੜ੍ਹ ਗਿਆ। ਹਿਸਾਰ ਦੇ ਪਿੰਡ ਖੇੜੀ ਚੌਪਟਾਂ ਵਿਚ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੇ ਖਨੌਰੀ ਦੀ ਹੱਦ 'ਤੇ ਚੱਲ ਰਹੇ ਕਿਸਾਨੀ ਘੋਲ ਵਿਚ ਪਹੁੰਚਣ ਦੀ ਕੋਸ਼ਿਸ਼ ਕੀਤੀ। ਕਿਸਾਨਾਂ ਨੇ ਪੁਲਿਸ ਦੇ ਬੈਰੀਕੇਡ ਉਖਾੜ ਸੁੱਟੇ ਜਿਸ ਤੋਂ ਬਾਅਦ ਹਰਿਆਣਾ ਪੁਲਿਸ ਨੇ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕੀਤੀ ਅਤੇ ਲਾਠੀਚਾਰਜ ਕੀਤਾ। ਇੰਨਾ ਹੀ ਨਹੀਂ ਪੁਲਿਸ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਦੇ ਟਰੈਕਟਰਾਂ ਦੀ ਹਵਾ ਤੱਕ ਕੱਢ ਦਿੱਤੀ। ਦੂਜੇ ਪਾਸੇ ਪੁਲਿਸ ਦੀ ਕਾਰਵਾਈ ਤੋਂ ਨਾਰਾਜ਼ ਕਿਸਾਨਾਂ ਨੇ ਵੀ ਪੁਲਿਸ ਉਤੇ ਪਥਰਾਅ ਕੀਤਾ। ਇਸ ਦੌਰਾਨ ਪੁਲਿਸ ਦੀਆਂ ਗੱਡੀਆਂ ਦਾ ਵੀ ਕਾਫੀ ਨੁਕਸਾਨ ਹੋਇਆ ਅਤੇ ਦੋ ਦਰਜਨ ਦੇ ਕਰੀਬ ਪੁਲਿਸ ਮੁਲਾਜ਼ਮਾਂ ਦੇ ਸੱਟਾਂ ਵੱਜੀਆਂ।



ਪ੍ਰਾਪਤ ਜਾਣਕਾਰੀ ਅਨੁਸਾਰ ਹਿਸਾਰ ਵਿਚ ਕਿਸਾਨਾਂ ਵੱਲੋਂ 18 ਫਰਵਰੀ ਤੋਂ ਲਗਾਤਾਰ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਸਨ। ਉੱਥੇ ਕਿਸਾਨਾਂ ਨੇ ਐਲਾਨ ਕੀਤਾ ਕਿ ਜੇਕਰ ਕਿਸਾਨਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਖਨੌਰੀ ਦੀ ਹੱਦ ਤੱਕ ਚੱਲ ਰਹੇ ਸੰਘਰਸ਼ ਵਿਚ ਸ਼ਾਮਲ ਹੋਣਗੇ। ਇਸੇ ਸੱਦੇ ਤਹਿਤ ਕਿਸਾਨ ਦੁਪਹਿਰੇ ਖਨੌਰੀ ਧਰਨੇ ਵਿਚ ਸ਼ਾਮਲ ਹੋਣ ਲਈ ਅੱਗੇ ਵਧੇ ਤਾਂ ਪੁਲਿਸ ਨੇ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪੁਲਿਸ ਨੇ ਕਿਸਾਨਾਂ 'ਤੇ ਲਾਠੀਚਾਰਜ ਕਰਕੇ ਅੱਥਰੂ ਗੈਸ ਦੇ ਗੋਲੇ ਸੁੱਟੇ। ਪੁਲਿਸ ਨੇ ਡੇਢ ਦਰਜਨ ਦੇ ਕਰੀਬ ਕਿਸਾਨ ਆਗੂਆਂ ਨੂੰ ਹਿਰਾਸਤ ਵਿਚ ਲੈ ਲਿਆ। ਇਸ ਬਾਰੇ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਸੁਰੇਸ਼ ਕੌਥ ਨੇ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣੀਆਂ ਚਾਹੀਦੀਆਂ ਹਨ, ਜਦੋਂ ਤੱਕ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਉਦੋਂ ਤੱਕ ਕਿਸਾਨੀ ਸੰਘਰਸ਼ ਜਾਰੀ ਰਹੇਗਾ।

ਹਰਿਆਣਾ ਦੇ ਕਿਸਾਨ ਆਗੂ ਹੁਸ਼ਿਆਰ ਸਿੰਘ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਇਸ ਕਿਸਾਨ ਅੰਦੋਲਨ ਵਿਚ ਪੂਰਾ ਹਰਿਆਣਾ ਨਾਲ ਖੜ੍ਹਾ ਹੈ ਤੇ ਆਗੂਆਂ ਵੱਲੋਂ ਜੋ ਵੀ ਕਾਲ ਦਿੱਤੀ ਜਾਵੇਗੀ, ਉਸ 'ਤੇ ਮਜ਼ਬੂਤੀ ਨਾਲ ਅਮਲ ਕੀਤਾ ਜਾਵੇਗਾ। ਇਸ ਮੌਕੇ ਕੇਂਦਰੀ ਟਰੇਡ ਦਿੱਲੀ ਤੋਂ ਆਗੂ ਸੰਜੈ ਸਿੰਘ ਨੇ ਕਿਹਾ ਕਿ ਵਿਸ਼ਵ ਵਪਾਰ ਸੰਗਠਨ ਦੀਆਂ ਨੀਤੀਆਂ ਨਾਲ ਸਭ ਤੋਂ ਜ਼ਿਆਦਾ ਫਾਇਦਾ ਕਾਰਪੋਰੇਟ ਘਰਾਣਿਆਂ ਨੂੰ ਤੇ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਨੂੰ ਹੋਇਆ ਹੈ ਤੇ ਕਾਰਪੋਰੇਟ ਕਿਸਾਨਾਂ ਹੱਥੋਂ ਸਭ ਕੁਝ ਹਥਿਆ ਲੈਣਾ ਚਾਹੁੰਦੇ ਹਨ। ਉਨ੍ਹਾਂ ਵਿਸ਼ਵ ਵਪਾਰ ਸੰਗਠਨ ਦਾ ਡਟ ਕੇ ਵਿਰੋਧ ਕਰਨ ਦਾ ਸੱਦਾ ਦਿੱਤਾ।

# ਅਕਾਲੀ ਦਲ ਅੰਮ੍ਰਿਤਸਰ ਵੱਲੋਂ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ, ਹਰਿਆਣਾ, ਰਾਜਸਥਾਨ ਤੇ ਚੰਡੀਗੜ੍ਹ ਵਿਚ ਰਾਸ਼ਟਰਪਤੀ ਦੇ ਨਾਮ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪੇ। ਮੰਗ ਪੱਤਰਾਂ ਵਿਚ ਦਲ ਨੇ ਕਿਸਾਨੀ, ਸ਼੍ਰੋਮਣੀ ਕਮੇਟੀ ਚੋਣ ਅਤੇ ਅੰਮ੍ਰਿਤਪਾਲ ਸਿੰਘ ਨਾਲ ਸਬੰਧਿਤ ਮੁੱਦੇ ਉਠਾਏ ਹਨ। ਦਲ ਚੰਡੀਗੜ੍ਹ ਦੇ ਪ੍ਰਧਾਨ ਤੇ ਪਾਰਟੀ ਦੇ ਮੁੱਖ ਬੁਲਾਰੇ ਗੋਪਾਲ ਸਿੰਘ ਸਿੱਧੂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਲਗਾਤਾਰ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਇਸ ਮਸਲੇ ਵਿਚ ਰਾਸ਼ਟਰਪਤੀ ਨੂੰ ਦਖ਼ਲ ਦੇ ਕੇ ਕਿਸਾਨਾਂ ਦੀਆਂ ਮੰਗਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੋਂ ਪਹਿਲਾਂ ਵੋਟਾਂ ਬਣਾਉਣ ਦਾ ਸਮਾਂ ਵਧਾਉਣ ਦੀ ਮੰਗ ਕੀਤੀ।

ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਥਾਂ ਉਨ੍ਹਾਂ 'ਤੇ ਜਬਰ ਢਾਹ ਰਹੀ ਹੈ ਜਿਸ ਦੀ ਸੰਵਿਧਾਨ ਇਜਾਜ਼ਤ ਨਹੀਂ ਦਿੰਦਾ। ਉਨ੍ਹਾਂ ਜਲਦੀ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਅਪੀਲ ਕੀਤੀ।

# ਕੇਂਦਰ ਦੀ ਘੇਰਾਬੰਦੀ: ਸੰਯੁਕਤ ਕਿਸਾਨ ਮੋਰਚਾ ਵੀ ਮੈਦਾਨ ਵਿਚ ਨਿੱਤਰਿਆ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ) ਨੇ ਇਥੇ ਸਮੁੱਚੀਆਂ ਕਿਸਾਨ ਯੂਨੀਅਨਾਂ ਨੂੰ ਇਕਜੁੱਟ ਕਰਨ ਦਾ ਫੈਸਲਾ ਲੈਂਦਿਆਂ ਕੌਮੀ ਪੱਧਰ 'ਤੇ ਵਿਸ਼ਾਲ ਅੰਦੋਲਨ ਛੇੜਨ ਦਾ ਐਲਾਨ ਕੀਤਾ ਹੈ। ਅਗਾਮੀ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਮੋਰਚੇ ਦਾ ਇਹ ਐਲਾਨ ਭਾਰਤ ਸਰਕਾਰ ਲਈ ਸਿਰਦਰਦੀ ਬਣ ਸਕਦਾ ਹੈ। 'ਦਿੱਲੀ ਅੰਦੋਲਨ' ਲੜ ਕੇ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਵਾਲੇ ਸੰਯੁਕਤ ਕਿਸਾਨ ਮੋਰਚੇ ਨੇ ਫਿਲਹਾਲ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਚੱਲ ਰਹੇ ਅੰਦੋਲਨ ਵਿਚ ਸ਼ਾਮਲ ਨਾ ਹੋਣ ਦਾ ਫੈਸਲਾ ਕੀਤਾ ਹੈ।



ਮੋਰਚੇ ਨੇ ਪੰਜਾਬ ਦੀਆਂ ਹੱਦਾਂ 'ਤੇ ਚੱਲ ਰਹੇ ਅੰਦੋਲਨ ਦੌਰਾਨ ਕਿਸਾਨਾਂ 'ਤੇ ਹੋਏ ਹਮਲੇ ਨੂੰ ਲੈ ਕੇ ਕੇਂਦਰ ਅਤੇ ਹਰਿਆਣਾ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਚੇਤੇ ਰਹੇ ਕਿ ਦਿੱਲੀ ਅੰਦੋਲਨ ਦੀ ਸਮਾਪਤੀ ਮਗਰੋਂ ਕਿਸਾਨ ਯੂਨੀਅਨਾਂ ਵਿਚ ਵੱਡੀ ਦਰਾੜ ਪੈ ਗਈ ਸੀ ਅਤੇ ਕਿਸਾਨ ਜਥੇਬੰਦੀਆਂ ਅਲੱਗ-ਅਲੱਗ ਧਿਰਾਂ ਵਿਚ ਵੰਡੀਆਂ ਗਈਆਂ ਸਨ। ਮੋਰਚੇ ਨੇ ਹੁਣ ਮਹਿਸੂਸ ਕੀਤਾ ਹੈ ਕਿ ਕੇਂਦਰ ਸਰਕਾਰ ਨੇ ਕਿਸਾਨ ਧਿਰਾਂ 'ਚ ਫੁੱਟ ਪਾਉਣ ਲਈ ਸਾਜ਼ਿਸ਼ਾਂ ਘੜੀਆਂ ਤਾਂ ਜੋ ਕਿਸਾਨੀ ਸੰਘਰਸ਼ ਨੂੰ ਵੰਡ ਕੇ ਲੀਹ ਤੋਂ ਲਾਹਿਆ ਜਾ ਸਕੇ।

ਐਸ.ਕੇ.ਐਮ. ਨੇ ਕਿਸਾਨ ਜਥੇਬੰਦੀਆਂ ਨੂੰ ਮੁੜ ਇਕਜੁੱਟ ਕਰਨ ਲਈ ਛੇ ਮੈਂਬਰੀ ਤਾਲਮੇਲ ਕਮੇਟੀ ਬਣਾਈ ਹੈ, ਜੋ ਐਸ.ਕੇ.ਐਮ. (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਵੱਖ ਵੱਖ ਧੜਿਆਂ ਨਾਲ ਗੱਲਬਾਤ ਕਰੇਗੀ। ਛੇ ਮੈਂਬਰੀ ਕਮੇਟੀ ਵਿਚ ਜੋਗਿੰਦਰ ਸਿੰਘ ਉਗਰਾਹਾਂ, ਡਾ. ਦਰਸ਼ਨ ਪਾਲ, ਬਲਬੀਰ ਸਿੰਘ ਰਾਜੇਵਾਲ, ਯੁੱਧਵੀਰ ਸਿੰਘ, ਹਨਨ ਮੌਲਾ ਅਤੇ ਰਮਿੰਦਰ ਪਟਿਆਲਾ ਸ਼ਾਮਲ ਹਨ। ਹਰਿਆਣਾ ਦੇ ਕਿਸਾਨ ਨੇਤਾ ਗੁਰਨਾਮ ਸਿੰਘ ਚੜੂਨੀ ਰਾਹੀਂ ਏਕਤਾ ਦੀ ਗੱਲਬਾਤ ਵੀ ਸ਼ੁਰੂ ਕੀਤੇ ਜਾਣ ਦਾ ਪਤਾ ਲੱਗਾ ਹੈ। ਐਸ.ਕੇ.ਐਮ. ਨੇ ਸਪੱਸ਼ਟ ਕੀਤਾ ਕਿ ਉਹ ਸਾਰੇ ਘੱਟੋ-ਘੱਟ ਸਾਂਝੇ ਪ੍ਰੋਗਰਾਮ ਲਈ ਇਕਜੁੱਟ ਹਨ ਪਰ ਜੇਕਰ ਉਨ੍ਹਾਂ 'ਚੋਂ ਕੋਈ ਧਿਰ ਮੌਜੂਦਾ ਚੱਲ ਰਹੇ ਅੰਦੋਲਨ 'ਚ ਹਿੱਸਾ ਲੈਣ ਦੀ ਇੱਛੁਕ ਹੈ ਤਾਂ ਉਹ ਅਜਿਹਾ ਕਰਨ ਲਈ ਆਜ਼ਾਦ ਹੈ।

ਸੰਯੁਕਤ ਕਿਸਾਨ ਮੋਰਚੇ ਨੇ ਇਥੇ ਕਿਸਾਨ ਭਵਨ 'ਚ ਪੰਜਾਬ, ਹਰਿਆਣਾ, ਦਿੱਲੀ, ਉਤਰਾਖੰਡ, ਝਾਰਖੰਡ, ਹਰਿਆਣਾ, ਕੇਰਲਾ, ਆਂਧਰਾ ਪ੍ਰਦੇਸ਼, ਬਿਹਾਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਪੱਛਮੀ ਬੰਗਾਲ ਦੇ ਸੌ ਤੋਂ ਵੱਧ ਮੈਂਬਰਾਂ ਨਾਲ ਮੀਟਿੰਗ ਕੀਤੀ ਜਿਸ 'ਚ ਨਵੇਂ ਫੈਸਲੇ ਲਏ ਗਏ ਹਨ। ਮੀਟਿੰਗ ਮਗਰੋਂ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ, ਬਲਬੀਰ ਸਿੰਘ ਰਾਜੇਵਾਲ, ਡਾ.ਦਰਸ਼ਨ ਪਾਲ, ਰਾਕੇਸ਼ ਟਿਕੈਤ ਅਤੇ ਰਮਿੰਦਰ ਸਿੰਘ ਪਟਿਆਲਾ ਸਮੇਤ ਹੋਰਨਾਂ ਆਗੂਆਂ ਨੇ ਕੌਮੀ ਪੱਧਰ ਦੇ ਸੰਘਰਸ਼ ਦਾ ਐਲਾਨ ਕੀਤਾ।

14 ਮਾਰਚ ਨੂੰ ਦਿੱਲੀ ਦੇ ਰਾਮ ਲੀਲਾ ਮੈਦਾਨ ਵਿਚ ਇਕ ਵਿਸ਼ਾਲ 'ਕਿਸਾਨ ਮਜ਼ਦੂਰ ਮਹਾਪੰਚਾਇਤ' ਕੀਤੀ ਜਾਵੇਗੀ ਜਿਸ ਵਿਚ ਸ਼ਮੂਲੀਅਤ ਲਈ ਵਿਦਿਆਰਥੀਆਂ, ਨੌਜਵਾਨਾਂ, ਔਰਤਾਂ ਸਮੇਤ ਸਾਰੇ ਵਰਗਾਂ ਨੂੰ ਅਪੀਲ ਕੀਤੀ ਗਈ ਹੈ। ਇਸ ਤੋਂ ਪਹਿਲਾਂ ਰਾਜ ਭਵਨਾਂ ਦੇ ਸਾਹਮਣੇ ਪ੍ਰਦਰਸ਼ਨ ਕਰਨ ਵਾਸਤੇ ਕਿਹਾ ਗਿਆ ਹੈ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਇਸ ਸੰਘਰਸ਼ ਦਾ ਇਕੋ-ਇਕ ਮਨੋਰਥ ਸਾਰੀਆਂ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਅਤੇ ਕਿਸਾਨਾਂ ਮਜ਼ਦੂਰਾਂ ਦੇ ਕਰਜ਼ੇ ਦੀ ਮੁਆਫੀ ਤੋਂ ਇਲਾਵਾ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣਾ ਹੈ।

## ਹਰਿਆਣਾ ਪੁਲਿਸ ਖਿਲਾਫ ਕਾਰਵਾਈ ਕਰਨ ਖੱਟਰ: ਕੈਪਟਨ

**ਨਵੀਂ ਦਿੱਲੀ:** ਭਾਜਪਾ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਖਨੌਰੀ ਸਰਹੱਦ 'ਤੇ ਚੱਲ ਰਹੇ ਪ੍ਰਦਰਸ਼ਨ ਦੌਰਾਨ ਹਰਿਆਣਾ ਪੁਲਿਸ ਵੱਲੋਂ ਕਿਸਾਨਾਂ 'ਤੇ ਕੀਤੇ ਜਾ ਰਹੇ ਜਬਰ ਦੀ ਨਿਖੇਧੀ ਕੀਤੀ ਹੈ। ਹਰਿਆਣਾ ਪੁਲਿਸ ਦੀ ਇਸ ਕਾਰਵਾਈ ਵਿਚ ਕਿਸਾਨ ਪ੍ਰਿਤਪਾਲ ਸਿੰਘ ਜ਼ਖ਼ਮੀ ਹੋ ਗਿਆ ਜੋ ਇਸ ਵੇਲੇ ਪੀ.ਜੀ.ਆਈ. ਚੰਡੀਗੜ੍ਹ ਵਿਚ ਦਾਖਲ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਨੇ ਐਕਸ 'ਤੇ ਕਿਹਾ, """ਮੈਂ ਸਾਡੇ ਨੌਜਵਾਨ ਕਿਸਾਨ ਪ੍ਰਿਤਪਾਲ ਸਿੰਘ 'ਤੇ ਹਰਿਆਣਾ ਪੁਲਿਸ ਵੱਲੋਂ ਕੀਤੀ ਗਈ ਵਹਿਸ਼ੀਆਨਾ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਾ ਹਾਂ। ਮੈਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਅਪੀਲ ਕਰਦਾ ਹਾਂ ਕਿ ਉਹ ਨਿਹੱਥੇ ਨੌਜਵਾਨ ਨੂੰ ਬੁਰੀ ਤਰ੍ਹਾਂ ਨਾਲ ਕੁੱਟਣ ਵਾਲੇ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ।"

# ਮਿਸ਼ਨ 2024: ਭਾਜਪਾ ਦੀ ਘੇਰਾਬੰਦੀ ਲਈ ਮੁੜ ਪੈਰਾਂ ਸਿਰ ਹੋਇਆ 'ਇੰਡੀਆ'

**ਨਵੀਂ ਦਿੱਲੀ:** ਅਗਾਮੀ ਲੋਕ ਸਭਾ ਚੋਣਾਂ ਦੌਰਾਨ ਦੇਸ਼ ਵਿਚ ਭਾਜਪਾ ਨੂੰ ਘੇਰਨ ਲਈ ਦੋ ਦਰਜਨ ਤੋਂ ਵੱਧ ਸਿਆਸੀ ਧਿਰਾਂ ਵੱਲੋਂ ਬਣਾਇਆ 'ਇੰਡੀਆ' ਗੱਠਜੋੜ ਆਪਣੇ ਪੈਰਾਂ ਸਿਰ ਹੋਣ ਲੱਗਾ ਹੈ। 'ਆਪ' ਅਤੇ ਕਾਂਗਰਸ ਦੇ ਸੀਨੀਅਰ ਆਗੂਆਂ ਵੱਲੋਂ ਅਗਾਮੀ ਲੋਕ ਸਭਾ ਚੋਣਾਂ ਲਈ ਸੀਟ ਵੰਡ ਸਮਝੌਤੇ ਦਾ ਐਲਾਨ ਕੀਤਾ ਗਿਆ। ਇਸ ਸਮਝੌਤੇ ਤਹਿਤ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਪੰਜ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਯੂਟੀ) ਵਿਚ ਸੀਟਾਂ ਦੀ ਵੰਡ ਦੇ ਰੌਲੇ ਨੂੰ ਵਿਰਾਮ ਲਗਾ ਦਿੱਤਾ ਹੈ। ਦੋਵਾਂ ਪਾਰਟੀਆਂ ਦੀ ਹੁਣ ਦਿੱਲੀ ਤੋਂ ਇਲਾਵਾ ਚੋਣ ਭਾਈਵਾਲੀ ਹਰਿਆਣਾ, ਚੰਡੀਗੜ੍ਹ, ਗੁਜਰਾਤ ਅਤੇ ਗੋਆ ਤੱਕ ਤੈਅ ਹੋ ਗਈ ਹੈ। ਪੰਜਾਬ 'ਚ ਦੋਵੇਂ ਪਾਰਟੀਆਂ ਆਪਣੇ ਪੱਧਰ 'ਤੇ ਹੀ ਸਾਰੀਆਂ ਸੀਟਾਂ 'ਤੇ ਚੋਣਾਂ ਲੜਨਗੀਆਂ।

ਦਿੱਲੀ ਦੇ ਕਾਂਸਟੀਟਿਊਸ਼ਨ ਕਲੱਬ ਵਿਚ ਇੰਡੀਆ ਬਲਾਕ ਦੇ ਬੈਨਰ ਹੇਠ ਇਕ ਸਾਂਝੀ ਪ੍ਰੈਸ ਕਾਨਫਰੰਸ ਵਿਚ ਇਸ ਸਮਝੌਤੇ ਦਾ ਐਲਾਨ ਕਰਦਿਆਂ ਦੋਵਾਂ ਪਾਰਟੀਆਂ ਨੇ ਇਕੱਠੇ ਆਉਣ ਪਿੱਛੇ ਭਾਜਪਾ ਅਧੀਨ ਦੇਸ਼ ਵਿਚ ਮੌਜੂਦ ਖਤਰਨਾਕ ਮਾਹੌਲ ਦਾ ਟਾਕਰਾ ਕਰਨ ਅਤੇ ਉਸ ਨੂੰ ਹਰਾਉਣ ਲਈ ਜ਼ਰੂਰੀ ਕਰਾਰ ਦਿੱਤਾ। ਆਲ ਇੰਡੀਆ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਦੇ ਜਨਰਲ ਸਕੱਤਰ ਮੁਕੁਲ ਵਾਸਨਿਕ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਕਾਂਗਰਸ ਦੇਸ਼ ਭਰ ਵਿਚ ਵੱਖ-ਵੱਖ ਭਾਈਵਾਲਾਂ ਨਾਲ ਗੱਠਜੋੜ ਬਾਰੇ ਚਰਚਾ ਕਰ ਰਹੀ ਹੈ। ਇਸ ਤੋਂ ਪਹਿਲਾਂ ਹੀ ਕਾਂਗਰਸ ਯੂ.ਪੀ. ਵਿਚ ਸਮਾਜਵਾਦੀ ਪਾਰਟੀ ਨਾਲ ਸੀਟ ਵੰਡ ਸਮਝੌਤੇ ਦਾ ਐਲਾਨ ਕਰ ਚੁੱਕੀ ਹੈ। ਦਿੱਲੀ 'ਚ ਲੋਕ ਸਭਾ ਚੋਣਾਂ ਲਈ ਕਾਂਗਰਸ ਅਤੇ 'ਆਪ' ਵਿਚਾਲੇ ਸੀਟ ਵੰਡ ਦੇ ਸਮਝੌਤੇ ਤਹਿਤ ਦਿੱਲੀ ਦੀਆਂ 7 ਲੋਕ ਸਭਾ ਸੀਟਾਂ ਵਿਚੋਂ 'ਆਪ' ਚਾਰ ਚੋਣ ਹਲਕਿਆਂ ਨਵੀਂ ਦਿੱਲੀ, ਦੱਖਣੀ ਦਿੱਲੀ, ਪੱਛਮੀ ਦਿੱਲੀ ਅਤੇ ਪੂਰਬੀ ਦਿੱਲੀ ਤੋਂ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰੇਗੀ ਜਦੋਂ ਕਿ ਕਾਂਗਰਸ ਚਾਂਦਨੀ ਚੌਕ, ਉੱਤਰੀ ਪੱਛਮੀ ਦਿੱਲੀ ਅਤੇ ਉੱਤਰ ਪੂਰਬੀ ਦਿੱਲੀ ਤੋਂ ਚੋਣ ਲੜੇਗੀ। ਹਰਿਆਣਾ ਦੀਆਂ 10 ਲੋਕ ਸਭਾ ਸੀਟਾਂ ਵਿਚੋਂ ਨੌਂ ਉਪਰ ਕਾਂਗਰਸ ਤੇ ਇਕ ਸੀਟ ਉਤੇ 'ਆਪ' ਕੁਰੂਕਸ਼ੇਤਰ ਤੋਂ ਆਪਣਾ ਉਮੀਦਵਾਰ ਖੜ੍ਹੇ ਕਰੇਗੀ। ਗੁਜਰਾਤ ਦੀਆਂ 26 ਸੀਟਾਂ ਵਿਚੋਂ ਕਾਂਗਰਸ 24 ਉਤੇ ਚੋਣ ਲੜੇਗੀ, ਜਿਸ ਵਿਚ 'ਆਪ' ਲਈ ਦੋ ਸੀਟਾਂ ਭਾਵਨਗਰ ਅਤੇ ਭਰੂਚ ਛੱਡੀਆਂ ਜਾਣਗੀਆਂ। ਵਾਸਨਿਕ ਨੇ ਕਿਹਾ ਕਿ ਕਾਂਗਰਸ ਸਮਝੌਤੇ ਦੇ ਤਹਿਤ ਚੰਡੀਗੜ੍ਹ ਸੀਟ ਤੋਂ ਇਲਾਵਾ ਗੋਆ ਦੇ ਦੋਵਾਂ ਹਲਕਿਆਂ ਤੋਂ ਵੀ ਆਪਣੇ ਚੋਣ ਨਿਸ਼ਾਨ 'ਤੇ ਚੋਣ ਲੜੇਗੀ। ਕਾਂਗਰਸ ਦੇ ਜਨਰਲ ਸਕੱਤਰ (ਜਥੇਬੰਦੀ) ਕੇਸੀ ਵੇਣੂਗੋਪਾਲ ਨੇ ਕਿਹਾ ਕਿ ਇੰਡੀਆ ਗੱਠਜੋੜ ਨੇ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਦਿੱਲੀ, ਗੋਆ, ਗੁਜਰਾਤ, ਹਰਿਆਣਾ ਅਤੇ ਚੰਡੀਗੜ੍ਹ 'ਚ ਸੀਟਾਂ ਦੀ ਵੰਡ ਬਾਰੇ ਅਹਿਮ ਮਸਲਾ ਹੱਲ ਕਰ ਲਿਆ ਹੈ।

ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਨੇ ਕਾਂਗਰਸ ਨਾਲ ਸਮਝੌਤਾ ਸਿਰੇ ਚਾੜ੍ਹ ਲਿਆ ਹੈ। ਸਮਾਜਵਾਦੀ ਪਾਰਟੀ 63 ਅਤੇ ਕਾਂਗਰਸ 17 ਸੀਟਾਂ 'ਤੇ ਚੋਣਾਂ ਲੜੇਗੀ। 'ਇੰਡੀਆ' ਗੱਠਜੋੜ ਦੇ ਭਿਆਲਾਂ ਵਿਚਕਾਰ ਇਹ ਪਹਿਲਾ ਵੱਡਾ ਸਮਝੌਤਾ ਹੈ। ਇਹ ਵੀ ਪਤਾ ਲੱਗਿਆ ਹੈ ਕਿ ਦੋਵਾਂ ਪਾਰਟੀਆਂ ਨੇ ਮੱਧ ਪ੍ਰਦੇਸ਼ ਵਿਚ ਵੀ ਸਮਝੌਤੇ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਪਹਿਲਾਂ ਅਸੈਂਬਲੀ ਚੋਣਾਂ ਵੇਲੇ ਇਨ੍ਹਾਂ ਵਿਚਕਾਰ ਸਮਝੌਤਾ ਨਹੀਂ ਹੋ ਸਕਿਆ ਸੀ। ਵਿਰੋਧੀ ਧਿਰ ਦੀਆਂ ਪਾਰਟੀਆਂ ਨੂੰ ਅਹਿਸਾਸ ਹੋ ਰਿਹਾ ਹੈ ਕਿ ਉਹ ਦੇਸ਼ ਦੇ ਵੱਖ ਵੱਖ ਸੂਬਿਆਂ ਅੰਦਰ ਆਪਣੇ ਦਮ 'ਤੇ ਭਾਜਪਾ ਦਾ ਟਾਕਰਾ ਨਹੀਂ ਕਰ ਸਕਦੀਆਂ ਹਾਲਾਂਕਿ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੇ ਪੱਛਮੀ ਬੰਗਾਲ ਵਿਚ ਇਕੱਲਿਆਂ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਹੈ। ਜਨਤਾ ਦਲ (ਯੂ) ਦੇ ਨਿਤੀਸ਼ ਕੁਮਾਰ ਨੇ ਇਕ ਵਾਰ ਫਿਰ ਪਲਟੀ ਮਾਰ ਕੇ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਨਾਲ ਹੱਥ ਮਿਲਾ ਲਏ ਹਨ ਅਤੇ ਅਸ਼ੋਕ ਚਵਾਨ ਵਰਗੇ ਕੁਝ ਆਗੂਆਂ ਵਲੋਂ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਕਾਂਗਰਸ ਨੇ ਆਪਣੇ ਕੁਲੀਸ਼ਨ ਭਿਆਲਾਂ ਨੂੰ ਨਾਲ ਰੱਖਣ ਲਈ ਨਰਮ ਸੁਰ ਅਪਣਾ ਲਈ ਹੈ। 'ਇੰਡੀਆ' ਗੱਠਜੋੜ ਨੂੰ ਕਈ ਝਟਕੇ ਲੱਗਣ ਤੋਂ ਬਾਅਦ ਹੁਣ ਇਕ ਵਾਰ ਫਿਰ ਇਹ ਆਪਣੇ ਪੈਰਾਂ 'ਤੇ ਖੜ੍ਹਾ ਹੁੰਦਾ ਦਿਖਾਈ ਦੇ ਰਿਹਾ ਹੈ। ਆਉਣ ਵਾਲੇ ਦਿਨਾਂ ਦੌਰਾਨ ਜੇਕਰ ਕਾਂਗਰਸ ਦਾ ਵਿਰੋਧੀ ਧਿਰ ਵਾਲੀਆਂ ਹੋਰ ਪਾਰਟੀਆਂ ਨਾਲ ਚੁਣਾਵੀ ਤਾਲਮੇਲ ਬੈਠ ਜਾਂਦਾ ਹੈ ਤਾਂ 'ਇੰਡੀਆ' ਗੱਠਜੋੜ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਟੱਕਰ ਦੇ ਸਕਦਾ ਹੈ।



## ਪੰਜਾਬ ਵਿਚ ਰਾਹ ਵੱਖੋ-ਵੱਖਰੇ

**ਚੰਡੀਗੜ੍ਹ:** 'ਇੰਡੀਆ' ਦਾ ਅਹਿਮ ਹਿੱਸਾ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ ਵੱਖੋ-ਵੱਖਰੇ ਤੌਰ 'ਤੇ ਲੋਕ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਕਾਂਗਰਸ ਤੇ 'ਆਪ' ਦੀ ਪੰਜਾਬ ਇਕਾਈ ਵੱਲੋਂ ਪਹਿਲੇ ਦਿਨ ਤੋਂ ਪੰਜਾਬ ਵਿਚ ਗੱਠਜੋੜ ਵਿਚ ਚੋਣਾਂ ਲੜਨ ਦਾ ਵਿਰੋਧ ਕੀਤਾ ਜਾ ਰਿਹਾ ਹੈ। ਦੋਵੇਂ ਪਾਰਟੀਆਂ ਦੇ ਸੂਬਾਈ ਆਗੂ ਮੰਗ ਕਰ ਰਹੇ ਸਨ ਕਿ ਲੋਕ ਸਭਾ ਚੋਣਾਂ ਦੌਰਾਨ ਉਹ ਸੂਬੇ ਵਿਚ ਇਕ-ਦੂਜੇ ਨਾਲ ਗੱਠਜੋੜ ਨਹੀਂ ਕਰਨਗੇ। ਕਾਂਗਰਸ ਤੇ 'ਆਪ' ਦੀ ਕੌਮੀ ਲੀਡਰਸ਼ਿਪ ਨੇ ਸੂਬਾਈ ਆਗੂਆਂ ਦੀ ਮੰਗ ਮੰਨਦਿਆਂ ਪੰਜਾਬ ਵਿਚ ਇਕੱਲਿਆਂ ਚੋਣਾਂ ਲੜਨ ਦਾ ਫੈਸਲਾ ਲਿਆ ਹੈ। ਇਸ ਤੋਂ ਪਹਿਲਾਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਵੀ ਖਡੂਰ ਸਾਹਿਬ ਰੈਲੀ ਦੌਰਾਨ ਪੰਜਾਬ ਦੀਆਂ 13 ਸੀਟਾਂ 'ਤੇ ਇਕੱਲਿਆਂ ਚੋਣਾਂ ਲੜਨ ਦਾ ਇਸ਼ਾਰਾ ਕਰ ਗਏ ਸਨ।

## 'ਆਪ' ਤੇ ਕਾਂਗਰਸ ਗੁਮਰਾਹ ਕਰ ਰਹੀਆਂ: ਮਜੀਠੀਆ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਅੱਜ ਤੱਕ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਕਾਂਗਰਸ ਪਾਰਟੀ ਦੇ ਆਗੂਆਂ ਨੂੰ ਚੋਰ ਦੱਸਦੇ ਰਹੇ ਹਨ, ਜਦਕਿ ਕਾਂਗਰਸੀ ਆਗੂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਘੇਰਦੇ ਆ ਰਹੇ ਹਨ ਅਤੇ ਅੱਜ ਇਹੀ ਦੋਵੇਂ ਪਾਰਟੀਆਂ ਇਕ-ਦੂਜੇ ਨਾਲ ਗੱਠਜੋੜ ਕਰੀ ਬੈਠੀਆਂ ਹਨ। ਸ੍ਰੀ ਮਜੀਠੀਆ ਨੇ ਕਿਹਾ ਕਿ 'ਆਪ' ਤੇ ਕਾਂਗਰਸ ਦਿੱਲੀ, ਹਰਿਆਣਾ, ਗੁਜਰਾਤ ਤੇ ਚੰਡੀਗੜ੍ਹ ਵਿਚ ਇਕੱਠਿਆਂ ਚੋਣ ਲੜਨਗੀਆਂ ਪਰ ਪੰਜਾਬ ਵਿਚ ਵੱਖੋ-ਵੱਖ ਚੋਣਾਂ ਲੜਨ ਦਾ ਐਲਾਨ ਲੋਕਾਂ ਨੂੰ ਗੁਮਰਾਹ ਕਰਨ ਲਈ ਦਿੱਤਾ ਗਿਆ ਹੈ।

## 'ਇੰਡੀਆ' ਛੱਡਣ ਲਈ ਦਬਾਅ ਪਾ ਰਹੀ ਭਾਜਪਾ: 'ਆਪ'

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਭਾਜਪਾ 'ਤੇ ਦੋਸ਼ ਲਗਾਇਆ ਹੈ ਕਿ ਉਹ ਪਾਰਟੀ 'ਤੇ 'ਇੰਡੀਆ' ਗੱਠਜੋੜ ਛੱਡਣ ਲਈ ਦਬਾਅ ਪਾ ਰਹੀ ਹੈ। 'ਆਪ' ਆਗੂਆਂ ਨੇ ਕਿਹਾ ਕਿ ਭਾਜਪਾ 'ਆਪ' ਵਰਕਰਾਂ ਨੂੰ ਡਰਾਉਣ ਲਈ ਜਲਦੀ ਹੀ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਝੂਠੇ ਕੇਸ ਵਿਚ ਗ੍ਰਿਫ਼ਤਾਰ ਕਰ ਸਕਦੀ ਹੈ। 'ਆਪ' ਦੇ ਸੀਨੀਅਰ ਆਗੂ ਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਾਲ 2024 ਦੀਆਂ ਆਮ ਚੋਣਾਂ ਨੇੜੇ ਆ ਰਹੀਆਂ ਹਨ ਅਤੇ ਭਾਜਪਾ ਇਨ੍ਹਾਂ ਚੋਣਾਂ ਵਿਚ 'ਇੰਡੀਆ' ਗੱਠਜੋੜ ਹੱਥੋਂ ਆਪਣੀ ਹਾਰ ਦੇਖ ਸਕਦੀ ਹੈ। ਇਸ ਲਈ ਉਹ 'ਇੰਡੀਆ' ਗੱਠਜੋੜ ਨੂੰ ਤੋੜਨ ਲਈ ਤਰ੍ਹਾਂ-ਤਰ੍ਹਾਂ ਦੇ ਹਥਕੰਡੇ ਅਪਣਾ ਰਹੀ ਹੈ।

# ਮੁਲਾਜ਼ਮਾਂ ਵੱਲੋਂ ਬਜਟ ਸੈਸ਼ਨ ਦੌਰਾਨ ਸੰਘਰਸ਼ ਕਰਨ ਦੀ ਚਿਤਾਵਨੀ

**ਚੰਡੀਗੜ੍ਹ:** ਸੂਬੇ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਕੰਮ ਕਰਦੇ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਸਰਕਾਰ ਦਾ ਧਿਆਨ ਦਿਵਾਉਣ ਲਈ ਪੰਜਾਬ ਸਿਵਲ ਸਕੱਤਰੇਤ ਦੀਆਂ ਮੁਲਾਜ਼ਮ ਜਥੇਬੰਦੀਆਂ 'ਤੇ ਆਧਾਰਿਤ ਜੁਆਇੰਟ ਐਕਸ਼ਨ ਕਮੇਟੀ ਵੱਲੋਂ ਸੈਕਟਰ 9 ਸਥਿਤ ਸਿਵਲ ਸਕੱਤਰੇਤ-2 ਵਿਚ ਰੋਸ ਰੈਲੀ ਕੀਤੀ ਗਈ।

ਪੁਰਾਣੀ ਪੈਨਸ਼ਨ ਸੰਘਰਸ਼ ਮੋਰਚਾ ਦੇ ਸਮਰਥਨ ਵਿਚ ਕੀਤੀ ਗਈ ਇਸ ਰੈਲੀ ਵਿਚ ਸ਼ਾਮਲ ਵੱਡੀ ਗਿਣਤੀ ਮੁਲਾਜ਼ਮਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਨਾਅਰੇਬਾਜ਼ੀ ਕੀਤੀ ਅਤੇ ਵਿਧਾਨ ਸਭਾ ਸੈਸ਼ਨ ਦੌਰਾਨ ਸੂਬਾ ਸਰਕਾਰ ਖ਼ਿਲਾਫ਼ ਵੱਡਾ ਸੰਘਰਸ਼ੀ ਐਕਸ਼ਨ ਕਰਨ ਦੀ ਚਿਤਾਵਨੀ ਵੀ ਦਿੱਤੀ। ਮੁਲਾਜ਼ਮ ਆਗੂਆਂ ਸੁਖਚੈਨ ਸਿੰਘ ਖਹਿਰਾ, ਸੁਸ਼ੀਲ ਕੁਮਾਰ ਫੌਜੀ, ਸਾਹਿਲ ਸ਼ਰਮਾ, ਮਨਜੀਤ ਰੰਧਾਵਾ, ਕੁਲਵੰਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਆਪਣੇ ਚੋਣ ਵਾਅਦਿਆਂ ਮੁਤਾਬਕ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦੋ ਸਾਲਾਂ ਵਿਚ ਵੀ ਪੂਰੀਆਂ ਨਹੀਂ ਕਰ ਸਕੀ ਹੈ। ਸਭ ਤੋਂ ਵੱਡੇ ਮਸਲਿਆਂ ਵਿਚ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ ਅਜਿਹਾ ਮਸਲਾ ਹੈ, ਜਿਸ ਨੂੰ ਲੈ ਕੇ ਸਰਕਾਰ ਦੂਸਰੇ ਸੂਬਿਆਂ ਦੀਆਂ ਚੋਣਾਂ ਵਿਚ ਵੀ ਪ੍ਰਚਾਰ ਕਰ ਚੁੱਕੀ ਹੈ, ਪਰ ਪੰਜਾਬ ਵਿਚ ਹਾਲੇ ਤੱਕ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਬਾਰੇ ਕੋਈ ਲਿਖਤੀ ਕਾਰਵਾਈ ਨਹੀਂ ਹੋਈ। ਇਸ ਤੋਂ ਇਲਾਵਾ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਅਤੇ ਬਕਾਏ, ਪਹਿਲੀ ਜਨਵਰੀ 2016 ਤੋਂ ਲੈ ਕੇ 30 ਜੂਨ 2021 ਤੱਕ ਛੇਵੇਂ ਤਨਖਾਹ ਕਮਿਸ਼ਨ ਦੇ ਬਕਾਇਆਂ ਬਾਰੇ ਸਰਕਾਰ ਚੁੱਪ ਧਾਰੀ ਬੈਠੀ ਹੈ। ਸੇਵਾਮੁਕਤ ਮੁਲਾਜ਼ਮਾਂ ਨੂੰ 2.59 ਦਾ ਗੁਣਾਂਕ ਦਿਵਾਉਣ ਲਈ ਕਈ ਵਾਰ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਕੋਈ ਨਤੀਜਾ ਨਹੀਂ ਨਿਕਲਿਆ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਵਿਚ ਸੰਘਰਸ਼ੀ ਐਕਸ਼ਨ ਕੀਤੇ ਜਾਣਗੇ।

# ਰਾਜਪਾਲ ਵੱਲੋਂ ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਸੱਦਣ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ 'ਆਪ' ਸਰਕਾਰ ਦੇ ਤੀਜੇ ਤੇ ਵਿੱਤੀ ਵਰ੍ਹੇ 2024-25 ਦੇ ਬਜਟ ਸੈਸ਼ਨ ਨੂੰ ਸੱਦਣ ਲਈ ਹਰੀ ਝੰਡੀ ਦੇ ਦਿੱਤੀ ਹੈ। ਪੰਜਾਬ ਕੈਬਨਿਟ ਨੇ 1 ਤੋਂ 15 ਮਾਰਚ ਤੱਕ ਬਜਟ ਸੈਸ਼ਨ ਸੱਦਣ ਦੀ ਸਿਫਾਰਸ਼ ਕੀਤੀ ਸੀ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ 5 ਮਾਰਚ ਨੂੰ ਸਾਲਾਨਾ ਬਜਟ ਪੇਸ਼ ਕਰਨਗੇ, ਜਦਕਿ 6 ਮਾਰਚ ਨੂੰ ਬਜਟ 'ਤੇ ਬਹਿਸ ਹੋਵੇਗੀ।

ਪਿਛਲੇ ਸਾਲ ਬਜਟ ਇਜਲਾਸ ਸੱਦਣ ਲਈ ਪੰਜਾਬ ਸਰਕਾਰ ਤੇ ਰਾਜਪਾਲ ਵਿਚਾਲੇ ਕਾਫੀ ਟਕਰਾਅ ਹੋਇਆ ਸੀ। ਸੂਬਾ ਸਰਕਾਰ ਨੇ 3 ਤੋਂ 24 ਮਾਰਚ 2023 ਤੱਕ ਬਜਟ ਇਜਲਾਸ ਸੱਦਣ ਦੀ ਸਿਫਾਰਸ਼ ਕੀਤੀ ਸੀ। ਉਸ ਸਮੇਂ ਰਾਜਪਾਲ ਨੇ ਬਜਟ ਸੈਸ਼ਨ ਬਾਰੇ ਫੌਰੀ ਫੈਸਲਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਮਗਰੋਂ ਸਰਕਾਰ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ। ਉਸ ਤੋਂ ਬਾਅਦ ਬਜਟ ਸੈਸ਼ਨ 'ਚ ਰਾਜਪਾਲ ਦੇ ਭਾਸ਼ਣ ਨੂੰ ਲੈ ਕੇ ਵੀ ਸੂਬਾ ਸਰਕਾਰ ਤੇ ਰਾਜਪਾਲ ਵਿਚਾਲੇ ਟਕਰਾਅ ਹੋਇਆ ਸੀ ਤੇ ਇਹ ਮਸਲਾ ਉਤੇ ਵੀ




ਪੰਜਾਬ ਸਰਕਾਰ ਨੇ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ। ਇਸ ਵਾਰ ਬਜਟ ਸੈਸ਼ਨ ਨੂੰ ਰਾਜਪਾਲ ਵੱਲੋਂ ਤੁਰੰਤ ਪ੍ਰਵਾਨਗੀ ਦਿੱਤੇ ਜਾਣ ਕਾਰਨ ਆਸ ਜਤਾਈ ਜਾ ਰਹੀ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਆਪਣਾ ਬਜਟ ਸ਼ਾਂਤਮਈ ਢੰਗ ਨਾਲ ਪੇਸ਼ ਕੀਤਾ ਜਾਵੇਗਾ।

# ਕਿਰਨ ਖੇਰ ਵੱਲੋਂ ਲੋਕ ਸਭਾ ਚੋਣਾਂ ਨਾ ਲੜਨ ਦੇ ਸੰਕੇਤ

**ਚੰਡੀਗੜ੍ਹ:** ਇੱਥੇ ਗੁਲਾਬ ਮੇਲੇ ਦੌਰਾਨ ਸਥਾਨਕ ਸੰਸਦ ਮੈਂਬਰ ਕਿਰਨ ਖੇਰ ਨੇ ਆਪਣੇ ਭਾਸ਼ਣ ਦੌਰਾਨ ਚੰਡੀਗੜ੍ਹ ਦੀ ਲੋਕ ਸਭਾ ਸੀਟ ਬਾਰੇ ਅਸਿੱਧੇ ਤੌਰ 'ਤੇ ਆਪਣਾ ਦਰਦ ਵੀ ਬਿਆਨ ਕੀਤਾ। ਇਹ ਵੀ ਚਰਚਾ ਹੈ ਕਿ ਇੱਥੇ ਦਿੱਤੇ ਭਾਸ਼ਣ ਤੋਂ ਬਾਅਦ ਕਿਰਨ ਖੇਰ ਨੇ ਚੰਡੀਗੜ੍ਹ ਸੀਟ ਤੋਂ ਲੋਕ ਸਭਾ ਚੋਣ ਲੜਨ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਮੇਲੇ ਦੇ ਪਹਿਲੇ ਦਿਨ ਉਦਘਾਟਨ ਮੌਕੇ ਆਪਣੇ ਭਾਸ਼ਣ ਦੌਰਾਨ ਸੰਸਦ ਮੈਂਬਰ ਕਿਰਨ ਖੇਰ ਨੇ ਕਿਹਾ ਕਿ ਉਹ ਇੱਥੇ ਲਗਾਤਾਰ ਦਸ ਸਾਲਾਂ ਤੋਂ ਬਤੌਰ ਸੰਸਦ ਮੈਂਬਰ ਮੇਲੇ ਵਿਚ ਆਉਂਦੇ ਰਹੇ ਹਨ ਪਰ ਹੋ ਸਕਦਾ ਹੈ ਕਿ ਅਗਲੇ ਸਾਲ ਇਸ ਮੇਲੇ ਵਿਚ ਇਸ ਤਰ੍ਹਾਂ ਆਉਣ ਦਾ ਮੌਕਾ ਨਾ ਮਿਲੇ।

ਉਨ੍ਹਾਂ ਕਿਹਾ ਕਿ ਉਹ ਨਿੱਜੀ ਤੌਰ 'ਤੇ ਇਸ ਗੁਲਾਬ ਮੇਲੇ ਵਿਚ ਆਉਣ ਦੀ ਕੋਸ਼ਿਸ਼ ਕਰਨਗੇ।



ਉਨ੍ਹਾਂ ਨੇ ਨਿਗਮ ਦੇ ਬਾਗ਼ਬਾਨੀ ਵਿਭਾਗ ਸਣੇ ਨਿਗਮ ਦੇ ਇੰਜੀਨੀਅਰ ਵਿਭਾਗ ਅਤੇ ਨਿਗਮ ਕਮਿਸ਼ਨਰ ਦੀ ਸ਼ਲਾਘਾ ਕੀਤੀ। ਸੰਸਦ ਮੈਂਬਰ ਨੇ ਸ਼ਹਿਰ ਦੇ ਨਵਨਿਯੁਕਤ ਮੇਅਰ ਕੁਲਦੀਪ ਕੁਮਾਰ ਟੀਟਾ ਨੂੰ ਨਸੀਹਤ ਦਿੱਤੀ ਕਿ ਉਨ੍ਹਾਂ ਨੇ ਆਪਣੇ ਭਾਸ਼ਣ ਦੌਰਾਨ ਸੰਸਦ ਮੈਂਬਰ ਦਾ ਨਾਮ ਨਹੀਂ ਲਿਆ। ਸ੍ਰੀਮਤੀ ਖੇਰ ਨੇ ਕਿਹਾ ਕਿ ਮੇਅਰ ਜਨਤਕ ਸਮਾਗਮਾਂ ਵਿਚ ਪ੍ਰੋਟੋਕਾਲ ਦਾ ਧਿਆਨ ਰੱਖਣ।

# ਚੋਣ ਕਮਿਸ਼ਨ ਵੱਲੋਂ ਤਿੰਨ ਸਾਲਾਂ 'ਤੋਂ ਤਾਇਨਾਤ ਅਧਿਕਾਰੀਆਂ ਦੇ ਤਬਾਦਲਿਆਂ ਦੇ ਹੁਕਮ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੂਬਾ ਸਰਕਾਰਾਂ ਵੱਲੋਂ ਲੋਕ ਸਭਾ ਹਲਕੇ ਵਿਚ ਹੀ ਪੈਂਦੇ ਕਿਸੇ ਦੂਜੇ ਜ਼ਿਲ੍ਹੇ ਵਿਚ ਅਧਿਕਾਰੀਆਂ ਦੇ ਕੀਤੇ ਜਾ ਰਹੇ ਤਬਾਦਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਸਹੀ ਢੰਗ ਨਾਲ ਇਹ ਤਬਾਦਲੇ ਕਰਨ ਦੇ ਆਦੇਸ਼ ਜਾਰੀ ਕੀਤੇ ਹਨ।

ਇਸ ਤਹਿਤ ਚੋਣ ਕਮਿਸ਼ਨ ਨੇ ਹੁਕਮ ਦਿੱਤੇ ਹਨ ਕਿ ਜਿਹੜੇ ਅਧਿਕਾਰੀ ਇਕ ਜ਼ਿਲ੍ਹੇ ਵਿਚ ਤਿੰਨ ਸਾਲ ਪੂਰੇ ਕਰ ਚੁੱਕੇ ਹਨ, ਉਨ੍ਹਾਂ ਦੇ ਤਬਾਦਲੇ ਕੀਤੇ ਜਾਣ ਤੇ ਉਕਤ ਅਧਿਕਾਰੀਆਂ ਦੇ ਤਬਾਦਲੇ ਉਸੇ ਲੋਕ ਸਭਾ ਹਲਕੇ ਅਧੀਨ ਆਉਂਦੇ ਜ਼ਿਲ੍ਹਿਆਂ ਤੋਂ ਬਾਹਰ ਕੀਤੇ ਜਾਣ। ਇਹ ਨਿਯਮ ਹੁਕਮ ਜਾਰੀ ਹੋਣ ਤੋਂ ਪਹਿਲਾਂ ਹੋਏ ਤਬਾਦਲਿਆਂ 'ਤੇ ਵੀ ਇਸੇ ਤਰ੍ਹਾਂ ਲਾਗੂ ਹੋਣਗੇ। ਕਮਿਸ਼ਨ ਨੇ ਸੂਬਾ ਸਰਕਾਰ ਨੂੰ ਆਦੇਸ਼ ਦਿੱਤੇ ਹਨ ਕਿ ਅਧਿਕਾਰੀਆਂ ਦੇ ਤਬਾਦਲਿਆਂ ਸਬੰਧੀ ਆਦੇਸ਼ਾਂ ਦੀ ਇਨ-ਬਿਨ ਪਾਲਣਾ ਕੀਤੀ ਜਾਵੇ।

# ਨਸ਼ਾ ਤਸਕਰ ਦੀ 9.65 ਲੱਖ ਦੀ ਜਾਇਦਾਦ ਜ਼ਬਤ

**ਲੰਬੀ:** ਪੁਲਿਸ ਨੇ ਪਿੰਡ ਤਪਾ ਖੇੜਾ ਵਿਚ ਨਸ਼ਾ ਤਸਕਰ ਖ਼ਿਲਾਫ਼ ਕਾਰਵਾਈ ਕਰਦਿਆਂ ਜਸ਼ਨਦੀਪ ਸਿੰਘ ਦੀ ਕਰੀਬ 9.65 ਲੱਖ ਰੁਪਏ ਦੀ ਜਾਇਦਾਦ ਜ਼ਬਤ ਕਰ ਲਈ ਹੈ।

ਡੀ.ਐਸ.ਪੀ. ਫਤਹਿ ਸਿੰਘ ਬਰਾੜ ਅਤੇ ਥਾਣਾ ਲੰਬੀ ਦੇ ਮੁਖੀ ਗੁਰਤੇਜ ਸਿੰਘ ਨੇ ਇਸ ਜਾਇਦਾਦ ਦੇ ਬਾਹਰ ਪ੍ਰਾਪਰਟੀ ਸੀਲ ਕਰਨ ਦਾ ਨੋਟਿਸ ਲਗਾ ਦਿੱਤਾ ਹੈ। ਡੀ.ਐਸ.ਪੀ. ਨੇ ਦੱਸਿਆ ਕਿ ਜਸ਼ਨਦੀਪ ਕੋਲੋਂ 2022 ਵਿਚ ਵੱਡੀ ਮਾਤਰਾ ਵਿਚ ਨਸ਼ਾ ਬਰਾਮਦ ਹੋਇਆ ਸੀ। ਉਸ ਖ਼ਿਲਾਫ਼ ਥਾਣਾ ਲੰਬੀ 'ਚ ਐਨ.ਡੀ.ਪੀ.ਐਸ. ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ ਅਤੇ ਦਿੱਲੀ ਸਥਿਤ ਅਥਾਰਿਟੀ ਵੱਲੋਂ ਨਿਰਦੇਸ਼ ਮਿਲਣ 'ਤੇ ਉਕਤ ਨਸ਼ਾ ਤਸਕਰ ਦੀ ਜਾਇਦਾਦ ਜ਼ਬਤ ਕਰਨ ਦੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਹੁਣ ਇਸ ਪ੍ਰਾਪਰਟੀ ਨੂੰ ਵੇਚਿਆ ਨਹੀਂ ਜਾ ਸਕੇਗਾ।

# ਹੁਣ ਕੇਂਦਰੀ ਸਕੀਮਾਂ ਤੋਂ ਵਾਂਝੇ ਹੋਣ ਲੱਗੇ ਪੰਜਾਬ ਦੇ ਕਿਸਾਨ



**ਚੰਡੀਗੜ੍ਹ:** ਪੰਜਾਬ ਦੇ ਤਕਰੀਬਨ ਪੌਣੇ ਅੱਠ ਲੱਖ ਕਿਸਾਨ 'ਪ੍ਰਧਾਨ ਮੰਤਰੀ ਕਿਸਾਨ ਨਿਧੀ ਯੋਜਨਾ' ਵਿਚੋਂ ਬਾਹਰ ਹੋ ਗਏ ਹਨ ਅਤੇ ਇਹ ਕਿਸਾਨ ਹੁਣ ਕੇਂਦਰੀ ਸਕੀਮ ਤਹਿਤ ਸਾਲਾਨਾ ਮਿਲਣ ਵਾਲੀ ਛੇ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਤੋਂ ਵਾਂਝੇ ਹੋ ਜਾਣਗੇ। ਇਸ ਵੇਲੇ ਪੰਜਾਬ ਦੇ ਕਿਸਾਨ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਕੇਂਦਰ ਖ਼ਿਲਾਫ਼ ਸੰਘਰਸ਼ ਕਰ ਰਹੇ ਹਨ।

ਇਸ ਕੇਂਦਰੀ ਸਕੀਮ ਤਹਿਤ ਪੰਜਾਬ ਵਿਚ ਲਾਭਪਾਤਰੀ ਕਿਸਾਨਾਂ ਦੀ ਗਿਣਤੀ ਵਿਚ ਲੰਘੇ ਇਕ ਸਾਲ ਦੌਰਾਨ 45 ਫੀਸਦੀ ਦੀ ਕਮੀ ਆਈ ਹੈ। ਮਿਲੇ ਵੇਰਵਿਆਂ ਅਨੁਸਾਰ ਸਮੁੱਚੇ ਦੇਸ਼ ਵਿਚੋਂ ਇਕਲੌਤਾ ਪੰਜਾਬ ਅਜਿਹਾ ਸੂਬਾ ਹੈ ਜਿੱਥੇ ਇਕ ਵਰ੍ਹੇ ਵਿਚ ਸਭ ਤੋਂ ਵੱਧ ਲਾਭਪਾਤਰੀ ਕਿਸਾਨਾਂ ਨੂੰ ਯੋਜਨਾ ਵਿਚੋਂ ਬਾਹਰ ਕਰ ਦਿੱਤਾ ਗਿਆ ਹੈ ਜਦਕਿ ਦੂਸਰੇ ਸੂਬਿਆਂ ਵਿਚ ਐਨੀ ਕਮੀ ਦਰਜ ਨਹੀਂ ਕੀਤੀ ਗਈ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸੂਬੇ ਵਿਚ ਇਸ ਕੇਂਦਰੀ ਸਕੀਮ ਤਹਿਤ 2022-23 ਵਿਚ ਛੇ ਹਜ਼ਾਰ ਰੁਪਏ ਸਾਲਾਨਾ ਹਾਸਲ ਕਰਨ ਵਾਲੇ 17.07 ਲੱਖ ਕਿਸਾਨ ਸਨ ਜਿਨ੍ਹਾਂ ਦੀ ਗਿਣਤੀ ਹੁਣ ਸਾਲ 2023-24 ਵਿਚ ਘੱਟ ਕੇ 9.33 ਲੱਖ ਰਹਿ ਗਈ ਹੈ ਜੋ ਕਿ 45.3 ਫੀਸਦ ਘੱਟ ਹੈ। ਸੰਸਦ ਦੇ ਲੰਘੇ ਸੈਸ਼ਨ ਵਿਚ ਕੇਂਦਰੀ ਖੇਤੀ ਮੰਤਰੀ ਅਰਜੁਨ ਮੁੰਡਾ ਨੇ ਇਹ ਅੰਕੜੇ ਸਾਂਝੇ ਕੀਤੇ ਹਨ। ਕੇਂਦਰ ਸਰਕਾਰ ਵੱਲੋਂ ਸਾਲ ਵਿਚ ਤਿੰਨ ਕਿਸ਼ਤਾਂ 'ਚ ਕਿਸਾਨਾਂ ਨੂੰ ਛੇ ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ। ਪੰਜਾਬ ਦਾ ਕਿਸਾਨ ਪਹਿਲਾਂ ਹੀ ਸੰਕਟ ਵਿਚੋਂ ਲੰਘ ਰਿਹਾ ਹੈ ਜਿਨ੍ਹਾਂ ਨੂੰ ਅਜਿਹੇ ਅੰਕੜਿਆਂ ਤੋਂ ਜਾਪਦਾ ਹੈ ਕਿ ਉਨ੍ਹਾਂ ਨਾਲ ਕੇਂਦਰ ਵਿਤਕਰਾ ਕਰ ਰਿਹਾ ਹੈ। ਇਹ ਕੇਂਦਰੀ ਰਾਸ਼ੀ ਪੰਜ ਏਕੜ ਤੋਂ ਘੱਟ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਦੀ ਇਕ ਆਮਦਨ ਹੱਦ ਨਿਸ਼ਚਿਤ ਕੀਤੀ ਜਾਂਦੀ ਹੈ। ਇਸ ਯੋਜਨਾ ਦੇ ਲਾਭਪਾਤਰੀਆਂ ਵਿਚ ਪੰਜਾਬ ਵਿਚ 45.3 ਫੀਸਦੀ, ਤਾਮਿਲਨਾਡੂ ਵਿੱਚ 30.8 ਫੀਸਦੀ, ਝਾਰਖੰਡ ਵਿਚ 30.4 ਫੀਸਦੀ, ਗੁਜਰਾਤ ਵਿਚ 18.7 ਫੀਸਦੀ, ਉੱਤਰ ਪ੍ਰਦੇਸ਼ ਵਿਚ 16.5 ਫੀਸਦੀ, ਰਾਜਸਥਾਨ ਵਿਚ 15.5 ਫੀਸਦੀ ਤੇ ਮਹਾਰਾਸ਼ਟਰ ਵਿਚ 11.5 ਫੀਸਦ ਦੀ ਕਮੀ ਆਈ ਹੈ।

ਉਧਰ, ਬੀ.ਕੇ.ਯੂ. (ਉਗਰਾਹਾਂ) ਦੇ ਸਕੱਤਰ ਸ਼ਿੰਗਾਰਾ ਸਿੰਘ ਮਾਨ ਆਖਦੇ ਹਨ ਕਿ ਕੇਂਦਰੀ ਸਕੀਮ ਦੇ ਮਾਪਦੰਡ ਹੀ ਗਲਤ ਹਨ ਕਿਉਂਕਿ ਇਸ ਸਕੀਮ ਤਹਿਤ ਯੋਗਤਾ ਦਾ ਆਧਾਰ 'ਜੇ' ਫਾਰਮਾਂ ਨੂੰ ਬਣਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ 'ਜੇ' ਫਾਰਮਾਂ ਤੋਂ ਕਿਸਾਨ ਦੀ ਕੁੱਲ ਆਮਦਨ ਤਾਂ ਦੇਖ ਲਈ ਜਾਂਦੀ ਹੈ ਪਰ ਇਸ ਆਮਦਨੀ ਵਿਚੋਂ ਕਿਸਾਨਾਂ ਦੇ ਲਾਗਤ ਖਰਚੇ ਨਹੀਂ ਘਟਾਈ ਜਾਂਦੀ ਹੈ, ਜਿਸ ਕਰਕੇ ਵੱਡੀ ਗਿਣਤੀ ਕਿਸਾਨ ਅਯੋਗ ਐਲਾਨ ਦਿੱਤੇ ਜਾਂਦੇ ਹਨ। ਪੰਜਾਬ ਮੰਡੀ ਬੋਰਡ ਵੱਲੋਂ ਜੋ 'ਜੇ' ਫਾਰਮ ਦਿੱਤੇ ਜਾਂਦੇ ਹਨ, ਉਸ 'ਤੇ ਵੇਚੀ ਫਸਲ ਦੀ ਕੁੱਲ ਰਕਮ ਦਰਜ ਹੁੰਦੀ ਹੈ ਜਦਕਿ ਉਸ ਫਸਲ ਨੂੰ ਪੈਦਾ ਕਰਨ ਵਾਸਤੇ ਜੋ ਖਰਚੇ ਹੁੰਦੇ ਹਨ, ਉਨ੍ਹਾਂ ਨੂੰ ਆਮਦਨ ਵਿਚੋਂ ਘਟਾਇਆ ਨਹੀਂ ਜਾਂਦਾ ਹੈ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਕਿੜ ਕੱਢ ਰਹੀ ਹੈ ਕਿਉਂਕਿ ਪੰਜਾਬ ਦੇ ਕਿਸਾਨਾਂ ਨੇ ਹੀ ਅਗਵਾਈ ਕਰ ਕੇ ਤਿੰਨ ਕਾਲੇ ਕਾਨੂੰਨ ਸੰਘਰਸ਼ ਲੜ ਕੇ ਵਾਪਸ ਕਰਵਾਏ ਸਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਫੰਡ ਵੀ ਕੇਂਦਰ ਨੇ ਰੋਕੇ ਹੋਏ ਹਨ।

# ਗਲਤ ਢੰਗ ਨਾਲ ਹਾਊਸਿੰਗ ਪ੍ਰੋਜੈਕਟ ਪਾਸ ਕਰਨ ਦੇ ਦੋਸ਼ ਹੇਠ ਪੁੱਡਾ ਅਧਿਕਾਰੀ ਗ੍ਰਿਫਤਾਰ



**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਪੁੱਡਾ ਦੇ ਚੀਫ਼ ਟਾਊਨ ਪਲਾਨਰ ਪੰਕਜ ਬਾਵਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁੱਡਾ ਅਧਿਕਾਰੀ 'ਤੇ ਗਲਤ ਤਰੀਕੇ ਨਾਲ ਹਾਊਸਿੰਗ ਪ੍ਰੋਜੈਕਟ ਪਾਸ ਕਰਨ ਦਾ ਦੋਸ਼ ਹੈ। ਇਸ ਮਾਮਲੇ ਵਿਚ ਸੰਨੀ ਐਨਕਲੇਵ ਦੇ ਮਾਲਕ ਜਰਨੈਲ ਸਿੰਘ ਬਾਜਵਾ ਵਾਸੀ ਸੈਕਟਰ-71 ਅਤੇ ਮਾਲ ਪਟਵਾਰੀ (ਸੇਵਾਮੁਕਤ) ਲੇਖਰਾਜ ਵਾਸੀ ਸੈਕਟਰ-118 (ਟੀ.ਡੀ.ਆਈ.) ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਚੀਫ਼ ਟਾਊਨ ਪਲਾਨਰ (ਸੀ.ਟੀ.ਪੀ.) ਪੰਕਜ ਬਾਵਾ ਨੂੰ ਤੁਰਤ ਪ੍ਰਭਾਵ ਨਾਲ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ।

ਮੁਲਜ਼ਮਾਂ 'ਤੇ ਹਾਊਸਿੰਗ ਪ੍ਰੋਜੈਕਟ ਪਾਸ ਕਰਨ ਲਈ ਲੋੜੀਂਦੀ ਫੀਸ ਜਮ੍ਹਾਂ ਨਾ ਕਰਵਾਉਣ ਦਾ ਦੋਸ਼ ਹੈ। ਜਰਨੈਲ ਸਿੰਘ ਬਾਜਵਾ ਖ਼ਿਲਾਫ਼ ਪਹਿਲਾਂ ਵੀ ਲੋਕਾਂ ਨਾਲ ਧੋਖਾਧੜੀ ਦੇ ਕਈ ਕੇਸ ਦਰਜ ਹਨ ਅਤੇ ਉਹ ਜੇਲ੍ਹ ਵੀ ਜਾ ਚੁੱਕਿਆ ਹੈ। ਇਸ ਤੋਂ ਇਲਾਵਾ ਪੁੱਡਾ ਤੇ ਗਮਾਡਾ ਦੇ ਕਈ ਅਧਿਕਾਰੀਆਂ ਸਣੇ ਨਗਰ ਕੌਂਸਲ ਖਰੜ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਹੋਰ ਪ੍ਰਾਈਵੇਟ ਵਿਅਕਤੀਆਂ (ਦਲਾਲਾਂ) ਦੀ ਸ਼ੱਕੀ ਭੂਮਿਕਾ ਦੀ ਜਾਂਚ ਵੀ ਸ਼ੁਰੂ ਕਰ ਦਿੱਤੀ ਗਈ ਹੈ। ਬਾਜਵਾ ਡਿਵੈਲਪਰਜ਼ ਲਿਮਿਟਡ ਨੇ ਮੁਹਾਲੀ ਦੇ ਪਿੰਡ ਸਿੰਹਪੁਰ, ਹਸਨਪੁਰ ਅਤੇ ਜੰਡਪੁਰ ਦੀ 179 ਏਕੜ ਜ਼ਮੀਨ 'ਤੇ ਸਰਕਾਰ ਤੋਂ ਰਿਹਾਇਸ਼ੀ ਤੇ ਵਪਾਰਕ ਪ੍ਰੋਜੈਕਟ ਪਾਸ ਕਰਵਾਇਆ ਸੀ। ਅਧਿਕਾਰਤ ਕਮੇਟੀ ਵੱਲੋਂ 22 ਮਾਰਚ 2013 ਨੂੰ ਲਏ ਗਏ ਫ਼ੈਸਲੇ ਅਨੁਸਾਰ ਉਕਤ ਪ੍ਰਮੋਟਰ ਨੇ ਕੈਂਸਰ ਰਾਹਤ ਫੰਡ ਵਜੋਂ ਪ੍ਰੋਜੈਕਟ ਦੀ ਲਾਗਤ ਦਾ ਇੱਕ ਫੀਸਦੀ ਜਾਂ ਵੱਧ ਤੋਂ ਵੱਧ ਇਕ ਕਰੋੜ ਰੁਪਏ ਸਰਕਾਰ ਕੋਲ ਜਮ੍ਹਾਂ ਨਹੀਂ ਕਰਵਾਏ। ਇਸ ਸਬੰਧੀ ਪੁੱਡਾ ਨੇ ਨਿਯਮਾਂ ਅਨੁਸਾਰ ਉਕਤ ਡਿਵੈਲਪਰ ਵਿਰੁੱਧ ਕੋਈ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ।

ਇਸ ਤੋਂ ਇਲਾਵਾ ਬਾਜਵਾ ਡਿਵੈਲਪਰਜ਼ ਲਿਮਿਟਡ ਨੇ ਸੈਕਟਰ-120, 123, 124 ਅਤੇ 125 ਵਿਚ ਸੰਨੀ ਐਨਕਲੇਵ, ਪਿੰਡ ਜੰਡਪੁਰ, ਸਿੰਹਪੁਰ, ਹਸਨਪੁਰ ਵਿਚ ਰਿਹਾਇਸ਼ੀ ਮੈਗਾ ਪ੍ਰੋਜੈਕਟ ਦਾ ਲੇਅਆਊਟ ਪਲਾਨ ਵੀ ਮਨਜ਼ੂਰ ਕਰਵਾ ਲਿਆ ਪਰ 1.32 ਏਕੜ ਰਕਬੇ ਦੀ ਰਜਿਸਟਰੀ ਹਾਲੇ ਵੀ ਗਮਾਡਾ ਦੇ ਨਾਮ 'ਤੇ ਨਹੀਂ ਕਰਵਾਈ ਗਈ। ਇਹ ਰਕਬਾ ਹਾਲੇ ਵੀ ਬਾਜਵਾ ਡਿਵੈਲਪਰਜ਼ ਤੇ ਡਿਵੈਲਪਰ ਨੂੰ ਸਹਿਮਤੀ ਦੇਣ ਵਾਲੇ ਜ਼ਮੀਨ ਮਾਲਕਾਂ ਦੀ ਮਲਕੀਅਤ ਅਧੀਨ ਹੈ ਜੋ ਕਿ ਬਾਜਵਾ ਡਿਵੈਲਪਰਜ਼ ਦੀ ਗਮਾਡਾ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਮਿਲੀਭੁਗਤ ਨੂੰ ਸਪਸ਼ਟ ਤੌਰ 'ਤੇ ਸਾਬਿਤ ਕਰਦਾ ਹੈ। ਬਾਜਵਾ ਨੇ ਗਮਾਡਾ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਸਾਲ 2014-15 ਦੌਰਾਨ ਸੈਕਟਰ-123 ਦੇ ਮੈਗਾ ਪ੍ਰੋਜੈਕਟ ਵਿੱਚ ਨਕਸ਼ੇ ਪਾਸ ਕਰਵਾਏ ਬਿਨਾਂ ਹੀ 78 ਕਮਰਸ਼ੀਅਲ ਬੂਥਾਂ ਦੀ ਉਸਾਰੀ ਕਰਵਾ ਦਿੱਤੀ ਜਿਸ ਨਾਲ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗਿਆ ਹੈ।

# ਸਕੂਲ ਆਫ ਐਮੀਨੈਂਸ ਲਈ ਦਾਖਲੇ ਸ਼ੁਰੂ




**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਵਿਚ 9ਵੀਂ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਵਾਲੇ 'ਸਕੂਲ ਆਫ਼ ਐਮੀਨੈਂਸ' ਵਿਚ ਦਾਖਲੇ ਸ਼ੁਰੂ ਕਰ ਦਿੱਤੇ ਗਏ ਹਨ। ਇਸ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸੂਬੇ ਦੀ ਸਿੱਖਿਆ ਕ੍ਰਾਂਤੀ ਦਾ ਹਿੱਸਾ ਬਣਨ ਦੀ ਅਪੀਲ ਕੀਤੀ ਹੈ। ਮਾਪੇ 15 ਮਾਰਚ ਤੱਕ 'ਸਕੂਲ ਆਫ਼ ਐਮੀਨੈਂਸ' ਦੀ ਵੈੱਬਸਾਈਟ 'ਤੇ ਬੱਚਿਆਂ ਦੀ ਰਜਿਸਟਰੇਸ਼ਨ ਕਰਵਾ ਸਕਦੇ ਹਨ। ਮੁੱਖ ਮੰਤਰੀ ਨੇ ਕਿਹਾ ਸੂਬੇ ਦੇ 23 ਜ਼ਿਲ੍ਹਿਆਂ ਵਿਚ 117 'ਸਕੂਲ ਆਫ਼ ਐਮੀਨੈਂਸ' ਸਥਾਪਤ ਕੀਤੇ ਗਏ ਹਨ। ਇਸ ਨਾਲ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਲਈ ਤਿਆਰ ਕੀਤਾ ਜਾ ਸਕੇਗਾ। ਇਹ ਸਕੂਲ ਸਹਾਇਤਾ ਅਤੇ ਸਮਰੱਥਾ ਦੇ ਪੰਜ ਥੰਮ੍ਹ ਬੁਨਿਆਦੀ ਢਾਂਚਾ, ਅਕਾਦਮਿਕ, ਮਨੁੱਖੀ ਸਰੋਤ ਪ੍ਰਬੰਧਨ, ਖੇਡਾਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਤੇ ਭਾਈਚਾਰਕ ਸ਼ਮੂਲੀਅਤ ਦੇ ਆਧਾਰ 'ਤੇ ਸਥਾਪਤ ਕੀਤੇ ਗਏ ਹਨ।

# ਭਾਰਤੀਆਂ ਲਈ ਵਿਜ਼ਿਟਰ ਵੀਜ਼ਾ ਦਾ ਉਡੀਕ ਸਮਾਂ ਘਟਾਉਣ ਲਈ ਕੰਮ ਜਾਰੀ: ਅਮਰੀਕਾ



**ਨਵੀਂ ਦਿੱਲੀ:** ਕੌਂਸੁਲਰ ਮਾਮਲਿਆਂ ਬਾਰੇ ਅਮਰੀਕੀ ਬਿਊਰੋ ਦੀ ਸਹਾਇਕ ਸਕੱਤਰ ਰੇਨਾ ਬਿੱਟਰ ਨੇ ਕਿਹਾ ਕਿ ਅਮਰੀਕਾ ਭਾਰਤੀਆਂ ਲਈ ਵਿਜ਼ਿਟਰ ਵੀਜ਼ਾ ਦਾ ਉਡੀਕ ਸਮਾਂ ਹੋਰ ਘਟਾਉਣ ਦੀ ਦਿਸ਼ਾ ਵਿਚ ਕੰਮ ਕਰ ਰਿਹਾ ਹੈ। ਪਿਛਲੇ ਸਾਲ ਉਡੀਕ ਸਮੇਂ 'ਚ 75 ਫੀਸਦ ਨਿਘਾਰ ਦੇਖਣ ਨੂੰ ਮਿਲਿਆ ਸੀ। ਇਕ ਇੰਟਰਵਿਊ ਦੌਰਾਨ ਬਿੱਟਰ ਨੇ ਕਿਹਾ ਕਿ ਇਤਿਹਾਸ ਵਿਚ ਪਹਿਲੀ ਵਾਰ ਹੈ ਜਦੋਂ (ਅਤੀਤ ਦੇ ਮੁਕਾਬਲੇ) ਵਧੇਰੇ ਭਾਰਤੀ ਅਮਰੀਕਾ ਦੀ ਯਾਤਰਾ ਕਰ ਸਕਦੇ ਹਨ। ਐੱਚ-1ਬੀ ਵੀਜ਼ਿਆਂ ਲਈ ਯੋਜਨਾ ਬਾਰੇ ਪੁੱਛਣ 'ਤੇ ਬਿੱਟਰ ਨੇ ਕਿਹਾ ਕਿ ਅਮਰੀਕਾ ਵਿਚ ਰਹਿ ਰਹੇ ਭਾਰਤੀਆਂ ਦੇ ਐੱਚ-1ਬੀ ਵੀਜ਼ੇ ਨਵਿਆਉਣ ਲਈ ਪਾਇਲਟ ਪ੍ਰੋਜੈਕਟ ਜਾਰੀ ਹੈ, ਜੋ ਫਰਵਰੀ ਵਿਚ ਪੂਰਾ ਹੋ ਜਾਵੇਗਾ। ਅਮਰੀਕੀ ਅਧਿਕਾਰੀ ਨੇ ਕਿਹਾ, "ਪਿਛਲੇ ਸਾਲ ਭਾਰਤ ਵਿਚ ਅਮਰੀਕੀ ਅੰਬੈਸੀ ਨੇ 14 ਲੱਖ ਵੀਜ਼ਾ ਅਰਜ਼ੀਆਂ 'ਤੇ ਕਾਰਵਾਈ ਕੀਤੀ ਸੀ, ਇਹ ਬਹੁਤ ਵੱਡਾ ਅੰਕੜਾ ਸੀ। ਯਾਤਰਾ ਨਾਲ ਸਬੰਧਤ ਇਕ ਦੋ ਖੇਤਰਾਂ, ਜਿਵੇਂ ਲੋਕ ਪਹਿਲੀ ਵਾਰ ਸੈਰ-ਸਪਾਟੇ ਲਈ ਅਮਰੀਕਾ ਦੀ ਯਾਤਰਾ ਕਰ ਰਹੇ ਹਨ, ਨੂੰ ਛੱਡ ਕੇ ਕਿਸੇ ਵੀ ਵਰਗ ਵਿਚ ਵੀਜ਼ੇ ਲਈ ਕੋਈ ਉਡੀਕ ਸਮਾਂ ਨਹੀਂ ਹੈ।" ਬਿੱਟਰ ਨੇ ਕਿਹਾ, "ਪਿਛਲੇ ਸਾਲ ਅਸੀਂ ਵੀਜ਼ਾ ਅਰਜ਼ੀਆਂ ਦੀ ਪ੍ਰੋਸੈਸਿੰਗ ਵਿਚ ਲੱਗਦੇ ਸਮੇਂ ਨੂੰ 75 ਫੀਸਦ ਤੱਕ ਘਟਾਇਆ ਸੀ ਤੇ ਅਸੀਂ ਇਸ ਪਾਸੇ ਬਹੁਤ ਮਿਹਨਤ ਕਰ ਰਹੇ ਹਾਂ। ਅਸੀਂ ਇਸ ਨੂੰ ਬਹੁਤ ਅਹਿਮ ਦੁਵੱਲੇ ਰਿਸ਼ਤਿਆਂ ਵਜੋਂ ਮਾਨਤਾ ਦਿੰਦੇ ਹਾਂ ਅਤੇ ਲੋਕਾਂ ਦੀ ਇਕ ਦੂਜੇ ਨਾਲ ਨੇੜਤਾ, ਕਾਰੋਬਾਰੀ ਯਾਤਰਾ ਤੇ ਪਰਿਵਾਰਕ ਸਬੰਧ ਇਸ ਰਿਸ਼ਤੇ ਦੀ ਬੁਨਿਆਦ ਹਨ। ਸਾਡੇ ਲਈ ਇਹ ਸਾਰੀਆਂ ਚੀਜ਼ਾਂ ਅਹਿਮ ਹਨ ਅਤੇ ਵਾਸ਼ਿੰਗਟਨ ਵਿਚ ਅਸੀਂ ਬਹੁਤ ਕੰਮ ਕਰ ਰਹੇ ਹਾਂ ਤਾਂ ਕਿ ਭਾਰਤੀਆਂ ਦੀ ਵੀਜ਼ੇ ਦੀ ਮੰਗ ਨੂੰ ਪੂਰਾ ਕਰ ਸਕੀਏ।" ਵਿਦਿਆਰਥੀ ਵੀਜ਼ਿਆਂ ਦੀ ਗੱਲ ਕਰਦਿਆਂ ਬਿੱਟਰ ਨੇ ਕਿਹਾ, "ਅਮਰੀਕਾ ਵਿਚ ਪੜ੍ਹ ਰਹੇ ਕੌਮਾਂਤਰੀ ਵਿਦਿਆਰਥੀਆਂ ਵਿਚੋਂ ਹਰ ਚੌਥਾ ਭਾਰਤ 'ਚੋਂ ਹੈ।"

# ਕਿਸਾਨ ਹਮਾਇਤੀ ਸੱਤਿਆ ਪਾਲ ਮਲਿਕ ਦੇ ਟਿਕਾਣਿਆਂ 'ਤੇ ਸੀ.ਬੀ.ਆਈ ਛਾਪੇ



**ਨਵੀਂ ਦਿੱਲੀ:** ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆ ਪਾਲ ਮਲਿਕ ਦੇ ਟਿਕਾਣਿਆਂ ਤੇ 29 ਹੋਰ ਥਾਵਾਂ 'ਤੇ ਸੀ.ਬੀ.ਆਈ. ਨੇ ਛਾਪੇ ਮਾਰ ਕੇ ਤਲਾਸ਼ੀ ਮੁਹਿੰਮ ਚਲਾਈ। ਅਧਿਕਾਰੀਆਂ ਨੇ ਕਿਹਾ ਕਿ ਇਹ ਛਾਪੇ 2200 ਕਰੋੜ ਰੁਪਏ ਦੇ ਕੀਰੂ ਪਣਬਿਜਲੀ ਪ੍ਰੋਜੈਕਟ 'ਚ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਮਾਰੇ ਗਏ ਹਨ। ਸੀ.ਬੀ.ਆਈ. ਨੇ 100 ਅਧਿਕਾਰੀਆਂ ਦੇ ਨਾਲ ਜੰਮੂ ਕਸ਼ਮੀਰ, ਪੰਜਾਬ, ਹਰਿਆਣਾ, ਯੂਪੀ, ਬਿਹਾਰ, ਰਾਜਸਥਾਨ, ਦਿੱਲੀ ਤੇ ਮੁੰਬਈ 'ਚ 30 ਥਾਵਾਂ 'ਤੇ ਛਾਪੇ ਮਾਰੇ। ਅਧਿਕਾਰੀਆਂ ਮੁਤਾਬਕ ਮਲਿਕ ਦੇ ਦਿੱਲੀ 'ਚ ਆਰ ਕੇ ਪੁਰਮ, ਦਵਾਰਕਾ ਅਤੇ ਏਸ਼ੀਅਨ ਗੇਮਜ਼ ਵਿਲੇਜ ਨਾਲ ਸਬੰਧਤ ਟਿਕਾਣਿਆਂ ਦੀ ਤਲਾਸ਼ੀ ਲਈ ਗਈ।

ਇਸ ਤੋਂ ਇਲਾਵਾ ਗੁਰੂਗ੍ਰਾਮ ਅਤੇ ਬਾਗਪਤ 'ਚ ਵੀ ਛਾਪੇ ਮਾਰੇ ਗਏ ਹਨ। ਮਲਿਕ ਨਾਲ ਜੁੜੇ ਵਿਅਕਤੀਆਂ ਦੇ ਟਿਕਾਣਿਆਂ ਦੀ ਵੀ ਤਲਾਸ਼ੀ ਲਈ ਗਈ ਹੈ ਜਿਨ੍ਹਾਂ 'ਚ ਚਿਨਾਬ ਵੈਲੀ ਪਾਵਰ ਪ੍ਰੋਜੈਕਟਸ ਪ੍ਰਾਈਵੇਟ ਲਿਮਟਿਡ ਦੇ ਸਾਬਕਾ ਚੇਅਰਮੈਨ ਨਵੀਨ ਕੁਮਾਰ ਚੌਧਰੀ ਅਤੇ ਪਟੇਲ ਇੰਜਨੀਅਰਿੰਗ ਲਿਮਟਿਡ ਦੇ ਅਧਿਕਾਰੀ ਵੀ ਸ਼ਾਮਲ ਹਨ। ਅਧਿਕਾਰੀਆਂ ਮੁਤਾਬਕ ਮਾਮਲਾ 2200 ਕਰੋੜ ਰੁਪਏ ਦੇ ਕੀਰੂ ਹਾਈਡਰੋ ਇਲੈਕਟ੍ਰਿਕ ਪਾਵਰ ਪ੍ਰੋਜੈਕਟ ਦੇ ਸਿਵਲ ਕੰਮ ਦਾ ਠੇਕਾ ਦੇਣ 'ਚ ਕਥਿਤ ਭ੍ਰਿਸ਼ਟਾਚਾਰ ਨਾਲ ਜੁੜਿਆ ਹੋਇਆ ਹੈ। ਜੰਮੂ ਕਸ਼ਮੀਰ ਦੇ 23 ਅਗਸਤ, 2018 ਤੋਂ 30 ਅਕਤੂਬਰ, 2019 ਤੱਕ ਰਾਜਪਾਲ ਰਹੇ ਮਲਿਕ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਪ੍ਰੋਜੈਕਟ ਸਮੇਤ ਦੋ ਫਾਈਲਾਂ ਨੂੰ ਪ੍ਰਵਾਨਗੀ ਦੇਣ ਲਈ 300 ਕਰੋੜ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਕੀਤੀ ਗਈ ਸੀ। ਸੀ.ਬੀ.ਆਈ. ਨੇ ਪਹਿਲਾਂ ਕਿਹਾ ਸੀ ਕਿ ਠੇਕਾ ਦੇਣ 'ਚ ਹੋਈਆਂ ਬੇਨਿਯਮੀਆ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਜਾਂਚ ਏਜੰਸੀ ਨੇ ਚੌਧਰੀ ਅਤੇ ਚਿਨਾਬ ਵੈਲੀ ਪਾਵਰ ਪ੍ਰੋਜੈਕਟਸ ਪ੍ਰਾਈਵੇਟ ਲਿਮਟਿਡ ਦੇ ਸਾਬਕਾ ਅਧਿਕਾਰੀਆਂ ਐਮ.ਐਸ. ਬਾਬੂ, ਐਮ.ਕੇ. ਮਿੱਤਲ ਅਤੇ ਅਰੁਣ ਕੁਮਾਰ ਮਿਸ਼ਰਾ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਐਫ.ਆਈ.ਆਰ. 'ਚ ਕਿਹਾ ਗਿਆ ਹੈ ਕਿ ਚਿਨਾਬ ਵੈਲੀ ਪਾਵਰ ਪ੍ਰੋਜੈਕਟਸ ਦੀ 47ਵੀਂ ਬੋਰਡ ਮੀਟਿੰਗ ਦੌਰਾਨ ਮੁੜ ਤੋਂ ਬੋਲੀਆਂ ਮੰਗਵਾਉਣ ਦਾ ਫ਼ੈਸਲਾ ਲਿਆ ਗਿਆ ਸੀ ਪਰ ਇਸ ਨੂੰ ਲਾਗੂ ਨਹੀਂ ਕੀਤਾ ਗਿਆ ਅਤੇ ਅਖੀਰ 'ਚ ਇਹ ਟੈਂਡਰ ਪਟੇਲ ਇੰਜਨੀਅਰਿੰਗ ਲਿਮਟਿਡ ਨੂੰ ਸੌਂਪ ਦਿੱਤਾ ਗਿਆ ਸੀ। ਏਜੰਸੀ ਨੇ ਕੇਸ ਸਬੰਧੀ ਜਨਵਰੀ 'ਚ ਪੰਜ ਵਿਅਕਤੀਆਂ ਦੇ ਟਿਕਾਣਿਆਂ ਦੀ ਤਲਾਸ਼ੀ ਲਈ ਸੀ।

## ਕਿਸਾਨ ਦਾ ਪੁੱਤ ਹਾਂ, ਛਾਪਿਆਂ ਤੋਂ ਡਰਨ ਵਾਲਾ ਨਹੀਂ: ਮਲਿਕ

**ਨਵੀਂ ਦਿੱਲੀ:** ਸਾਬਕਾ ਰਾਜਪਾਲ ਸਤਪਾਲ ਮਲਿਕ ਨੇ 'ਐਕਸ' 'ਤੇ ਪੋਸਟ ਪਾ ਕੇ ਕਿਹਾ ਕਿ ਉਹ ਪਿਛਲੇ 3-4 ਦਿਨਾਂ ਤੋਂ ਬਿਮਾਰ ਹਨ ਅਤੇ ਹਸਪਤਾਲ 'ਚ ਦਾਖ਼ਲ ਹਨ। ਇਸ ਦੇ ਬਾਵਜੂਦ ਤਾਨਾਸ਼ਾਹ ਨੇ ਸਰਕਾਰੀ ਏਜੰਸੀਆਂ ਰਾਹੀਂ ਮੇਰੇ ਘਰ 'ਤੇ ਛਾਪਾ ਮਰਵਾਇਆ ਹੈ। ਮੇਰੇ ਡਰਾਈਵਰ ਅਤੇ ਸਹਾਇਕ 'ਤੇ ਵੀ ਛਾਪਾ ਮਾਰਿਆ ਗਿਆ ਹੈ ਅਤੇ ਉਨ੍ਹਾਂ ਨੂੰ ਬੇਵਜ੍ਹਾ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਮੈਂ ਕਿਸਾਨ ਦਾ ਪੁੱਤ ਹਾਂ ਅਤੇ ਇਨ੍ਹਾਂ ਛਾਪਿਆਂ ਤੋਂ ਡਰਨ ਵਾਲਾ ਨਹੀਂ ਹਾਂ। ਉਨ੍ਹਾਂ ਕਿਹਾ ਕਿ ਉਹ ਕਿਸਾਨਾਂ ਨਾਲ ਅੱਜ ਵੀ ਡਟ ਕੇ ਖੜ੍ਹੇ ਹਨ।"

# ਨਾਜਾਇਜ਼ ਖਣਨ ਦੇ ਮੁੱਦੇ ਉਤੇ ਘਿਰ ਗਈ ਭਗਵੰਤ ਮਾਨ ਸਰਕਾਰ

**ਰੂਪਨਗਰ:** ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਫੇਸਬੁੱਕ ਅਕਾਊਂਟ ਰਾਹੀਂ ਲਾਈਵ ਹੋ ਕੇ ਸਤਲੁਜ ਦਰਿਆ ਵਿਚ ਨਾਜਾਇਜ਼ ਖਣਨ ਹੋਣ ਸਬੰਧੀ ਵੀਡੀਓ ਸਾਂਝੀ ਕੀਤੀ ਤੇ ਪੰਜਾਬ ਸਰਕਾਰ ਦੇ ਨਾਜਾਇਜ਼ ਖਣਨ ਖਤਮ ਹੋਣ ਦੇ ਦਾਅਵਿਆਂ 'ਤੇ ਸਵਾਲ ਖੜ੍ਹੇ ਕੀਤੇ।



ਪ੍ਰਾਪਤ ਜਾਣਕਾਰੀ ਅਨੁਸਾਰ ਖਰੜ ਤੋਂ ਜਲੰਧਰ ਜਾਂਦੇ ਹੋਏ ਸ੍ਰੀ ਚੰਨੀ ਨੇ ਜਦੋਂ ਸਤਲੁਜ ਦਰਿਆ ਕੰਢੇ ਪੋਕਲੇਨ ਤੇ ਜੇ.ਸੀ.ਬੀ. ਮਸ਼ੀਨਾਂ ਨਾਲ ਖਣਨ ਹੁੰਦਾ ਵੇਖਿਆ ਤਾਂ ਉਨ੍ਹਾਂ ਆਪਣੇ ਫੇਸਬੁੱਕ ਪੇਜ਼ 'ਤੇ ਲਾਈਵ ਹੋ ਕੇ ਇਸ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਸਤਲੁਜ ਦਰਿਆ ਵਿਚੋਂ ਸ਼ਰੇਆਮ ਗ਼ੈਰ ਕਾਨੂੰਨੀ ਖਣਨ ਕੀਤਾ ਜਾ ਰਿਹਾ ਹੈ ਅਤੇ ਜੇ.ਸੀ.ਬੀ. ਤੇ ਪੋਕਲਾਈਨ ਮਸ਼ੀਨਾਂ ਦੀ ਵਰਤੋਂ ਕਰਕੇ ਵੱਡੀ ਗਿਣਤੀ ਟਿੱਪਰ ਰੇਤਾ ਨਾਲ ਭਰੇ ਜਾ ਰਹੇ ਹਨ, ਜਦਕਿ ਮੁੱਖ ਮੰਤਰੀ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਦੇ ਰਾਜ ਵਿਚ ਰੇਤਾ ਸਾਢੇ ਪੰਜ ਰੁਪਏ ਪ੍ਰਤੀ ਫੁਟ ਦੇ ਹਿਸਾਬ ਨਾਲ ਮਿਲੇਗਾ ਤੇ ਲੇਬਰ ਦੀ ਮਦਦ ਨਾਲ ਟਰਾਲੀਆਂ ਵਿਚ ਭਰਵਾਇਆ ਜਾਵੇਗਾ। ਜਦੋਂ ਸਾਬਕਾ ਮੁੱਖ ਮੰਤਰੀ ਦੇ ਫੇਸਬੁੱਕ 'ਤੇ ਲਾਈਵ ਹੋਣ ਦੀ ਸੂਚਨਾ ਜ਼ਿਲ੍ਹਾ ਰੂਪਨਗਰ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਲੱਗੀ ਤਾਂ ਉਨ੍ਹਾਂ ਤੁਰਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰਕੇ ਦਰਿਆ ਵਿਚੋਂ ਖਣਨ ਦਾ ਕੰਮ ਰੁਕਵਾ ਦਿੱਤਾ। ਇਸ ਸਬੰਧੀ ਡੀਸੀ ਸ਼ਹੀਦ ਭਗਤ ਸਿੰਘ ਨਗਰ ਨਵਜੋਤਪਾਲ ਸਿੰਘ ਰੰਧਾਵਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਜਿਸ ਥਾਂ 'ਤੇ ਖਣਨ ਕੀਤਾ ਜਾ ਰਿਹਾ ਹੈ, ਉਹ ਥਾਂ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਰੈਲ ਬਰਾਮਦ ਸਾਈਟ ਹੈ ਤੇ ਇਹ ਸਾਈਟ ਕਮਰਸ਼ੀਅਲ ਹੋਣ ਕਾਰਨ ਇੱਥੇ ਮਸ਼ੀਨਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਜਨਤਕ ਸਾਈਟਸ 'ਤੇ ਰੇਤਾ 5.50 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਨਾਲ ਹੀ ਵੇਚਿਆ ਜਾ ਰਿਹਾ ਹੈ। ਖਣਨ ਵਿਭਾਗ ਦੀ ਇਕ ਟੀਮ ਨੂੰ ਮੌਕੇ ਦੀ ਜਾਂਚ ਕਰਨ ਲਈ ਭੇਜਿਆ ਗਿਆ ਹੈ ਜੇਕਰ ਕਿਧਰੇ ਕੋਈ ਖਾਮੀ ਪਾਈ ਗਈ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਮਾੜਾ ਵਿਹਾਰ ਕਰਦੇ ਹੋਏ ਉਨ੍ਹਾਂ 'ਤੇ ਗ਼ੈਰ ਮਨੁੱਖੀ ਤਸ਼ੱਦਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਭਲਾਈ ਵਾਲੀ ਸਰਕਾਰ ਹੋਣ ਦਾ ਦਾਅਵਾ ਕਰਨ ਵਾਲੀ ਕੇਂਦਰ ਸਰਕਾਰ ਹੁਣ ਉਨ੍ਹਾਂ 'ਤੇ ਤਰਸ ਕਿਉਂ ਨਹੀਂ ਖਾ ਰਹੀ। ਉਨ੍ਹਾਂ ਕਿਹਾ ਕਿ ਇਹ ਸਰਕਾਰ ਬੁਰੀ ਤਰ੍ਹਾਂ ਹੰਕਾਰ ਚੁੱਕੀ ਹੈ ਤੇ ਆਉਂਦੀਆਂ ਲੋਕ ਸਭਾ ਚੋਣਾਂ 'ਚ ਸਰਕਾਰ ਨੂੰ ਇਸ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ।

## ਪੰਜਾਬ ਵਿਚ ਕਾਂਗਰਸ ਦੀ ਸਥਿਤੀ ਬਹੁਤ ਵਧੀਆ: ਮਨੀਸ਼ ਤਿਵਾੜੀ

**ਨਵੀਂ ਦਿੱਲੀ:** ਕਾਂਗਰਸੀ ਆਗੂ ਮਨੀਸ਼ ਤਿਵਾੜੀ ਨੇ ਕਿਹਾ ਕਿ ਆਮ ਚੋਣਾਂ ਦੇ ਹਿਸਾਬ ਨਾਲ ਪੰਜਾਬ ਵਿਚ ਕਾਂਗਰਸ ਦੀ ਸਥਿਤੀ ਬਹੁਤ ਵਧੀਆ ਹੈ।



ਸ੍ਰੀ ਤਿਵਾੜੀ ਨੇ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਇਸ ਵਾਰ ਵੀ ਲੋਕ ਸਭਾ ਚੋਣ ਲੜਨ ਬਾਰੇ ਪੁੱਛੇ ਗਏ ਸਵਾਲ ਦਾ ਸਿਰਫ ਐਨਾ ਹੀ ਜਵਾਬ ਦਿੱਤਾ ਕਿ ਉਹ ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਹਨ। ਉਨ੍ਹਾਂ ਦੇ ਭਾਜਪਾ ਵਿਚ ਜਾਣ ਦੀਆਂ ਸੰਭਾਵਨਾਵਾਂ ਤੇ ਅਫ਼ਵਾਹਾਂ ਸਬੰਧੀ ਸਵਾਲ ਦੇ ਜਵਾਬ ਵਿਚ ਕਾਂਗਰਸੀ ਆਗੂ ਨੇ ਕਿਹਾ, "ਮੈਂ ਅਫ਼ਵਾਹਾਂ ਨੂੰ ਤਵੱਜੋ ਨਹੀਂ ਦਿੰਦਾ ਹਾਂ।"

ਉਨ੍ਹਾਂ ਕਿਹਾ ਕਿ ਇਨ੍ਹਾਂ ਅਫ਼ਵਾਹਾਂ ਵਿਚਾਲੇ ਸੰਸਦ ਵਿਚਲੇ ਉਨ੍ਹਾਂ ਦੇ ਭਾਸ਼ਣ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਜਾਣਾ ਆਪਣੇ-ਆਪ ਵਿਚ ਸਭ ਕੁਝ ਕਹਿ ਦਿੰਦਾ ਹੈ। ਤਿਵਾੜੀ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਸੰਸਦ ਦੇ ਬਜਟ ਸੈਸ਼ਨ ਦੌਰਾਨ ਮੋਦੀ ਸਰਕਾਰ ਦੇ ਆਰਥਿਕ ਪ੍ਰਦਰਸ਼ਨ 'ਤੇ ਤਿੱਖਾ ਹਮਲਾ ਕੀਤਾ ਸੀ। ਪੰਜਾਬ ਵਿਚ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਗੱਠਜੋੜ ਦੀਆਂ ਸੰਭਾਵਨਾਵਾਂ ਬਾਰੇ ਪੁੱਛੇ ਜਾਣ 'ਤੇ ਸ੍ਰੀ ਤਿਵਾੜੀ ਨੇ ਕਿਹਾ ਕਿ ਸਿਆਸਤ ਵਿਚ ਸੰਭਾਵਨਾਵਾਂ ਦੀ ਪ੍ਰਬਲਤਾ ਹੁੰਦੀ ਹੈ।

ਉਨ੍ਹਾਂ ਕਿਹਾ, "ਜ਼ਾਹਿਰ ਤੌਰ 'ਤੇ ਤੁਸੀਂ ਕਿਸੇ ਸੂਬੇ (ਪੰਜਾਬ) ਵਿਚ ਸੱਤਾਧਾਰੀ ਪਾਰਟੀ ਅਤੇ ਮੁੱਖ ਵਿਰੋਧੀ ਪਾਰਟੀ ਦੇ ਇਕੱਠੇ ਹੋਣ ਦੀ ਆਸ ਨਹੀਂ ਕਰਦੇ ਹੋ। ਹਰੇਕ ਸੂਬੇ ਲਈ ਵੱਖ-ਵੱਖ ਮਾਡਲ ਹਨ।" ਸੰਸਦ ਮੈਂਬਰ ਨੇ ਲੋਕ ਸਭਾ ਚੋਣਾਂ ਵਿਚ 370 ਸੀਟਾਂ ਜਿੱਤਣ ਦੇ ਭਾਜਪਾ ਦੇ ਦਾਅਵਿਆਂ ਨੂੰ ਸ਼ੇਖੀ ਤੇ ਹੰਕਾਰ ਦੱਸ ਕੇ ਖਾਰਜ ਕਰ ਦਿੱਤਾ ਅਤੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦੇ 10 ਸਾਲਾਂ ਦੇ ਕਾਰਜਕਾਲ ਤੋਂ ਬਾਅਦ ਅਸਲ ਵਿਚ 'ਦਰਦ ਤੇ ਬਦਹਾਲੀ' ਵਾਲੀ ਸਥਿਤੀ ਹੈ।

## ਗੈਂਗਸਟਰ ਲਖਬੀਰ ਲੰਡਾ ਦੇ ਤਿੰਨ ਸਾਥੀ ਕਾਬੂ

**ਜਲੰਧਰ:** ਜਲੰਧਰ ਕਮਿਸ਼ਨਰੇਟ ਪੁਲਿਸ ਨੇ ਇਕ ਮੁਹਿੰਮ ਦੌਰਾਨ ਗੈਂਗਸਟਰ ਲਖਬੀਰ ਸਿੰਘ ਲੰਡਾ ਦੇ ਤਿੰਨ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਮੁਲਜ਼ਮਾਂ ਦੇ ਕਬਜ਼ੇ ਵਿਚੋਂ 17 ਹਥਿਆਰ ਅਤੇ 33 ਮੈਗਜ਼ੀਨ ਵੀ ਬਰਾਮਦ ਕੀਤੇ ਹਨ। ਇਨ੍ਹਾਂ ਹਥਿਆਰਾਂ ਵਿਚ .32 ਬੋਰ ਦੇ 12 ਪਿਸਤੌਲ, 5.34 ਬੋਰ ਦੇ ਪੰਜ ਪਿਸਤੌਲ, 33 ਮੈਗਜ਼ੀਨ ਤੇ 20 ਕਾਰਤੂਸ ਸ਼ਾਮਲ ਹਨ।



ਜ਼ਿਕਰਯੋਗ ਹੈ ਕਿ ਗੈਂਗਸਟਰ ਲਖਬੀਰ ਲੰਡਾ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਕਰਦਾ ਹੈ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਨੇ ਪਿਛਲੇ ਸੱਤ ਦਿਨਾਂ ਤੋਂ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਜਾਲ ਵਿਛਾਇਆ ਹੋਇਆ ਸੀ ਜਿਸ ਤਹਿਤ ਉਕਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮਾਂ ਦੀ ਪਛਾਣ ਕੁਨਾਲ, ਗੁਰਲਾਲ ਤੇ ਪਰਵੇਜ਼ ਵਜੋਂ ਹੋਈ ਹੈ। ਇਨ੍ਹਾਂ ਵਿਚੋਂ ਕੁਨਾਲ ਫਿਰੋਜ਼ਪੁਰ ਦਾ ਵਸਨੀਕ ਹੈ ਤੇ ਉਸ ਖ਼ਿਲਾਫ਼ ਅਸਲਾ ਐਕਟ, ਕਤਲ ਦੀ ਕੋਸ਼ਿਸ਼ ਅਤੇ ਨਸ਼ਾ ਤਸਕਰੀ ਦੇ ਸੱਤ ਕੇਸ ਪਹਿਲਾਂ ਹੀ ਦਰਜ ਹਨ। ਇਸ ਤੋਂ ਬਿਨਾਂ ਗੁਰਲਾਲ ਤੇ ਪਰਵੇਜ਼ ਪੱਟੀ ਦੇ ਵਸਨੀਕ ਤੇ ਚਚੇਰੇ ਭਰਾ ਹਨ। ਮੁਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਕੁਨਾਲ ਮੱਧ ਪ੍ਰਦੇਸ਼ ਦੇ ਇੰਦੌਰ ਤੋਂ ਹਥਿਆਰਾਂ ਦੀ ਸਪਲਾਈ ਕਰਵਾਉਂਦਾ ਸੀ।

ਉਨ੍ਹਾਂ ਦੱਸਿਆ ਕਿ ਗੁਰਲਾਲ ਦਾ ਭਰਾ ਸ਼ਰਨਜੀਤ ਇਸ ਵੇਲੇ ਜੇਲ੍ਹ 'ਚ ਬੰਦ ਹੈ, ਜਿਸ ਦੀ ਅਮਰੀਕਾ ਰਹਿੰਦੇ ਗੈਂਗਸਟਰਾਂ ਗੁਰਦੇਵ ਗਿੱਲ ਅਤੇ ਲਖਬੀਰ ਸਿੰਘ ਲੰਡਾ ਨਾਲ ਨੇੜਤਾ ਹੈ। ਸਵਪਨ ਸ਼ਰਮਾ ਨੇ ਦੱਸਿਆ ਕਿ ਲੰਡਾ ਅਤੇ ਗਿੱਲ ਵੱਲੋਂ ਇੰਦੌਰ ਤੋਂ ਹਵਾਲਾ ਰਾਹੀਂ ਕੁਨਾਲ ਨੂੰ ਹਥਿਆਰ ਤੇ ਅਸਲਾ ਭੇਜੇ ਗਏ ਸਨ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਪੁਲਿਸ ਨੇ ਤਰਨ ਤਾਰਨ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿਚ ਵੱਖ-ਵੱਖ ਥਾਵਾਂ ਤੋਂ ਹਥਿਆਰ ਬਰਾਮਦ ਕੀਤੇ ਹਨ, ਜੋ ਮੋਗਾ, ਫਿਰੋਜ਼ਪੁਰ ਤੇ ਤਰਨ ਤਾਰਨ ਜ਼ਿਲ੍ਹਿਆਂ ਵਿਚ ਲੰਡਾ ਦੇ ਸਾਥੀਆਂ ਨੂੰ ਸਪਲਾਈ ਕੀਤੇ ਜਾਣੇ ਸਨ।

## ਪ੍ਰਧਾਨ ਮੰਤਰੀ ਵੱਲੋਂ ਬਠਿੰਡਾ ਏਮਸ ਦਾ ਵਰਚੁਅਲੀ ਉਦਘਾਟਨ

**ਬਠਿੰਡਾ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰਾਜਕੋਟ ਗੁਜਰਾਤ ਵਿਖੇ ਰੱਖੇ ਗਏ ਸਮਾਗਮ ਵਿਚ ਵਰਚੁਅਲ ਮੋਡ ਰਾਹੀਂ ਬਠਿੰਡਾ ਏਮਸ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਬਠਿੰਡਾ ਏਮਸ ਵਿਚ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਪੁੱਜੇ। ਸਮਾਗਮ ਵਿਚ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਤੇ ਹਰਦੀਪ ਪੁਰੀ, ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਤੇ ਸਾਬਕਾ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਅਤੇ ਹੋਰ ਭਾਜਪਾ ਆਗੂਆਂ ਸਮੇਤ ਏਮਸ ਬਠਿੰਡਾ ਦੇ ਡਾਇਰੈਕਟਰ ਡਾ. ਡੀਕੇ ਸਿੰਘ ਵੀ ਮੌਜੂਦ ਰਹੇ।

ਇਸ ਮੌਕੇ ਭਾਜਪਾ ਨਾਲ ਸਬੰਧਤ ਬੁਲਾਰਿਆਂ ਨੇ ਏਮਸ ਬਠਿੰਡਾ ਨੂੰ ਮੈਡੀਕਲ ਕ੍ਰਾਂਤੀ ਦਾ ਹੱਬ ਦੱਸਦਿਆਂ ਕਿਹਾ ਕਿ ਬਠਿੰਡਾ ਏਮਸ ਵਿਚ ਸਹੂਲਤਾਂ ਦੇ ਨਾਲ ਨਾਲ ਮੈਡੀਕਲ ਖੇਤਰ 'ਚ ਵਿਦਿਆਰਥੀ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੇ ਮੌਕੇ ਮਿਲਣਗੇ। ਬੀਬੀ ਹਰਸਿਮਰਤ ਕੌਰ ਬਾਦਲ ਨੇ ਬਠਿੰਡਾ ਏਮਸ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਦੇਣ ਕਰਾਰ ਦਿੰਦਿਆਂ ਕਿਹਾ ਕਿ ਇਸ ਦਾ ਪੰਜਾਬ ਨੂੰ ਨਹੀਂ, ਸਗੋਂ ਗੁਆਂਢੀ ਰਾਜਾਂ ਨੂੰ ਵੀ ਫਾਇਦਾ ਹੋ ਰਿਹਾ ਹੈ। ਉਨ੍ਹਾਂ ਬਠਿੰਡਾ ਏਮਸ ਲਈ ਰਹਿੰਦੀਆਂ ਸਿਹਤ ਸਹੂਲਤਾਂ ਦਾ ਜ਼ਿਕਰ ਕਰਦਿਆਂ ਵੱਡੇ ਆਈ.ਸੀ.ਯੂ. ਸਮੇਤ ਟਰੋਮਾ ਸੈਂਟਰ ਦੀ ਵੀ ਮੰਗ ਕੀਤੀ। ਉਨ੍ਹਾਂ ਕੇਂਦਰੀ ਵਜ਼ੀਰਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਦਾ ਮਸਲਾ ਹੱਲ ਕੀਤਾ ਜਾਵੇ। ਇਸ 'ਤੇ ਭਾਜਪਾ ਦੇ ਵਰਕਰਾਂ ਵੱਲੋਂ ਕੁਰਸੀਆਂ ਤੋਂ ਉੱਠ ਕੇ ਬੀਬੀ ਬਾਦਲ ਦਾ ਵਿਰੋਧ ਕੀਤਾ ਗਿਆ। ਕੇਂਦਰੀ ਮੰਤਰੀਆਂ ਸੋਮ ਪ੍ਰਕਾਸ਼ ਅਤੇ ਹਰਦੀਪ ਪੁਰੀ ਵੱਲੋਂ ਵੀ ਬੀਬੀ ਬਾਦਲ ਦੇ ਬਿਆਨ 'ਤੇ ਇਤਰਾਜ਼ ਪ੍ਰਗਟ ਕੀਤਾ ਗਿਆ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਹੱਥ ਬੰਨ੍ਹ ਕੇ ਕਿਸਾਨਾਂ ਦਾ ਮਸਲਾ ਹੱਲ ਕਰਨ ਦੀ ਅਪੀਲ ਕੀਤੀ ਗਈ।

### ਪੰਜਾਬ ਦੇ ਤਿੰਨ ਰੇਲਵੇ ਸਟੇਸ਼ਨਾਂ ਦਾ ਨਵੀਨੀਕਰਨ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 41,000 ਕਰੋੜ ਰੁਪਏ ਤੋਂ ਵੱਧ ਦੇ ਕਰੀਬ 2,000 ਰੇਲਵੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਇਸ ਦੌਰਾਨ ਉਨ੍ਹਾਂ ਨੇ ਕੁਝ ਪ੍ਰੋਜੈਕਟ ਰਾਸ਼ਟਰ ਨੂੰ ਸਮਰਪਿਤ ਵੀ ਕੀਤੇ। ਸ੍ਰੀ ਮੋਦੀ ਨੇ ਵੀਡੀਓ ਕਾਨਫਰੰਸ ਰਾਹੀਂ ਪ੍ਰਧਾਨ ਮੰਤਰੀ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਤਹਿਤ 553 ਰੇਲਵੇ ਸਟੇਸ਼ਨਾਂ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਿਆ। ਇਨ੍ਹਾਂ 'ਚ ਪੰਜਾਬ ਦੇ ਤਿੰਨ ਜਲੰਧਰ, ਬਿਆਸ ਅਤੇ ਮੋਗਾ ਰੇਲਵੇ ਸਟੇਸ਼ਨ ਸ਼ਾਮਲ ਹਨ। 27 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਸਥਿਤ ਇਨ੍ਹਾਂ ਸਟੇਸ਼ਨਾਂ ਨੂੰ 19,000 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਮੁੜ ਵਿਕਸਤ ਕੀਤਾ ਜਾਵੇਗਾ।

## ਵਪਾਰੀਆਂ ਨੂੰ ਸਹੂਲਤਾਂ ਦੇਣ 'ਚ ਕੋਈ ਕਸਰ ਨਹੀਂ ਛੱਡਾਂਗੇ: ਮਾਨ

**ਪਠਾਨਕੋਟ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੱਥੇ ਕੀਤੀ ਗਈ ਦੂਜੀ ਸਰਕਾਰ-ਵਪਾਰ ਮਿਲਣੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸਰਹੱਦੀ ਕਸਬੇ ਨੂੰ ਵਿਸ਼ੇਸ਼ ਉਦਯੋਗਿਕ ਅਤੇ ਵਪਾਰਕ ਪੈਕੇਜ ਦੇਣ ਦੀ ਸੰਭਾਵਨਾ ਤਲਾਸ਼ੇਗੀ। ਉਨ੍ਹਾਂ ਕਿਹਾ ਕਿ ਉਹ ਪਠਾਨਕੋਟ ਹਵਾਈ ਅੱਡੇ ਤੋਂ ਦਿੱਲੀ ਲਈ ਉਡਾਣਾਂ ਸ਼ੁਰੂ ਕਰਨ ਦਾ ਮੁੱਦਾ ਨਿੱਜੀ ਤੌਰ 'ਤੇ ਭਾਰਤ ਸਰਕਾਰ ਕੋਲ ਉਠਾਉਣਗੇ। ਜਦ ਕਿ ਇਸ ਖੇਤਰ ਵਿਚ ਸੈਰ-ਸਪਾਟਾ ਸਨਅਤ ਨੂੰ ਹੁਲਾਰਾ ਦੇਣ ਲਈ ਪਹਿਲਾਂ ਹੀ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ।



ਮੁੱਖ ਮੰਤਰੀ ਨੇ ਭਾਜਪਾ ਆਗੂ ਅਤੇ ਸਥਾਨਕ ਸੰਸਦ ਮੈਂਬਰ ਸਨੀ ਦਿਓਲ ਉਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਇੱਥੋਂ ਚੁਣੇ ਜਾਣ ਦੇ ਬਾਵਜੂਦ ਉਹ ਪਠਾਨਕੋਟ ਦੀ ਭੂਗੋਲਿਕਤਾ ਤੋਂ ਅਣਜਾਣ ਹਨ ਅਤੇ ਉਹ ਸ਼ਰਤ ਲਾ ਸਕਦੇ ਹਨ ਕਿ ਸਨੀ ਦਿਓਲ ਨੂੰ ਇਹ ਪਤਾ ਨਹੀਂ ਹੋਣਾ ਕਿ ਪਠਾਨਕੋਟ ਜ਼ਿਲ੍ਹੇ ਵਿਚ ਧਾਰ ਕਲਾਂ ਜਾਂ ਚਮਰੌੜ ਕਿੱਥੇ ਹੈ। ਉਨ੍ਹਾਂ ਕਿਹਾ ਕਿ ਪਠਾਨਕੋਟ ਦੇ ਲੋਕਾਂ ਨੇ ਇਸ ਬੌਲੀਵੁੱਡ ਸਟਾਰ ਨੂੰ ਚੁਣ ਕੇ ਗਲਤੀ ਕੀਤੀ ਹੈ ਜਿਸ ਦਾ ਲੋਕਾਂ ਅਤੇ ਇਲਾਕੇ ਨਾਲ ਕੋਈ ਸਬੰਧ ਨਹੀਂ ਹੈ।

ਉਨ੍ਹਾਂ ਕਿਹਾ ਕਿ ਸਰਕਾਰ-ਵਪਾਰ ਮਿਲਣੀਆਂ ਦਾ ਉਦੇਸ਼ ਸੂਬੇ ਵਿਚ ਵਪਾਰੀ ਭਾਈਚਾਰੇ ਨੂੰ ਦਰਪੇਸ਼ ਸਾਰੇ ਮੁੱਦਿਆਂ ਨੂੰ ਹੱਲ ਕਰਨਾ ਹੈ। ਉਨ੍ਹਾਂ ਕਿਹਾ ਕਿ ਵਪਾਰੀ ਸੂਬੇ ਦੀ ਤਰੱਕੀ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ, ਜਿਸ ਕਾਰਨ ਸੂਬਾ ਸਰਕਾਰ ਨੇ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਇਹ ਇਤਿਹਾਸਕ ਪਹਿਲਕਦਮੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਵਪਾਰੀਆਂ ਦੀ ਸਹੂਲਤ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਸਾਫ ਕਿਹਾ ਕਿ ਵਪਾਰੀਆਂ ਵੱਲੋਂ ਸੂਬੇ ਨੂੰ ਟੈਕਸ ਵਜੋਂ ਦਿੱਤੇ ਪੈਸੇ ਦੀ ਲੋਕਾਂ ਦੀ ਭਲਾਈ ਲਈ ਯੋਗ ਵਰਤੋਂ ਕੀਤੀ ਜਾਵੇਗੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' ਨੂੰ ਡਰਾਮੇਬਾਜ਼ੀ ਕਰਾਰ ਦਿੰਦਿਆਂ ਅਕਾਲੀ ਆਗੂਆਂ ਨੂੰ ਸੁਆਲ ਕੀਤਾ ਕਿ 15 ਸਾਲ ਸੂਬੇ ਦੀ ਅੰਨ੍ਹੀ ਲੁੱਟ ਕਰਨ ਤੋਂ ਬਾਅਦ ਉਹ ਹੁਣ ਕਿਸ ਤੋਂ ਸੂਬੇ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਸੂਬੇ ਨੂੰ ਬਰਬਾਦ ਕਰਨ ਲਈ ਵਿਰੋਧੀ ਧਿਰ ਦੇ ਆਗੂਆਂ ਸੁਖਬੀਰ ਸਿੰਘ ਬਾਦਲ, ਪ੍ਰਤਾਪ ਬਾਜਵਾ, ਬਿਕਰਮ ਮਜੀਠੀਆ ਅਤੇ ਨਵਜੋਤ ਸਿੰਘ ਸਿੱਧੂ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਕਾਨਵੈਂਟ ਸਕੂਲਾਂ ਦੇ ਪੜ੍ਹੇ-ਲਿਖੇ ਇਹ ਆਗੂ ਪੰਜਾਬੀ ਮਾਂ-ਬੋਲੀ ਦਾ ਉਚਾਰਨ ਤੱਕ ਸਹੀ ਤਰੀਕੇ ਨਾਲ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਅੰਦਰ ਹੁਣ 90 ਫ਼ੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ 40 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਲੋਕਾਂ ਨੂੰ ਸਿਹਤ ਅਤੇ ਸਿੱਖਿਆ ਦੀਆਂ ਮਿਆਰੀ ਸਹੂਲਤਾਂ ਵੀ ਦਿੱਤੀਆਂ ਜਾ ਰਹੀਆਂ ਹਨ।

### ਸਾਡੀ ਸਰਕਾਰ ਸਮੇਂ ਸਨਅਤਾਂ ਨੂੰ ਹੁਲਾਰਾ ਮਿਲਿਆ: ਹਰਸਿਮਰਤ

**ਬਠਿੰਡਾ:** ਬਠਿੰਡਾ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਦੋਸ਼ ਲਾਇਆ ਕਿ ਪਿਛਲੇ ਡੇਢ ਸਾਲ 'ਚ ਪੰਜ ਲੱਖ ਕਰੋੜ ਰੁਪਏ ਦੀ ਸਨਅਤ ਪੰਜਾਬ ਤੋਂ ਦੂਜੇ ਸੂਬਿਆਂ 'ਚ ਪਲਾਇਨ ਕਰ ਗਈ ਹੈ, ਜਿਸ ਤੋਂ ਸੂਬਾ ਸਰਕਾਰ ਦੀ ਨਾਕਾਮੀ ਜ਼ਾਹਰ ਹੁੰਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਸਰਕਾਰ ਸਮੇਂ ਸੂਬੇ 'ਚ ਸਨਅਤਾਂ ਨੂੰ ਹੁਲਾਰਾ ਮਿਲਿਆ ਸੀ। ਉਨ੍ਹਾਂ ਆਖਿਆ ਕਿ ਅੱਜ ਸੋਸ਼ਲ ਮੀਡੀਆ ਦਾ ਜ਼ਮਾਨਾ ਭਾਰੂ ਹੋ ਗਿਆ ਹੈ। ਪੇਡ ਟੀਮਾਂ ਜ਼ਰੀਏ ਮਨਮਰਜ਼ੀ ਨਾਲ ਭੰਡੀ-ਪ੍ਰਚਾਰ ਕਰਕੇ ਝੂਠ ਨੂੰ ਸੱਚ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਦੇ ਭੁਲੇਖੇ ਅਸੀਂ ਸੌ ਵਾਰ ਬੋਲੇ ਗਏ ਝੂਠ ਨੂੰ ਵੀ ਸੱਚ ਸਮਝਣ ਲੱਗਦੇ ਹਾਂ।

# ਤਿੰਨ ਨਵੇਂ ਫੌਜਦਾਰੀ ਕਾਨੂੰਨ ਪਹਿਲੀ ਜੁਲਾਈ ਤੋਂ ਹੋਣਗੇ ਲਾਗੂ

**ਨਵੀਂ ਦਿੱਲੀ:** ਦੇਸ਼ ਵਿਚ ਫੌਜਦਾਰੀ ਨਿਆਂ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਬਦਲਣ ਲਈ ਨੋਟੀਫਾਈ ਕੀਤੇ ਗਏ ਤਿੰਨ ਨਵੇਂ ਕਾਨੂੰਨ ਭਾਰਤੀ ਨਿਆਏ ਸੰਹਿਤਾ, ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਭਾਰਤੀ ਸਾਕਸ਼ਯ ਐਕਟ ਪਹਿਲੀ ਜੁਲਾਈ ਤੋਂ ਲਾਗੂ ਹੋਣਗੇ। ਤਿੰਨੇ ਕਾਨੂੰਨਾਂ ਨੂੰ ਪਿਛਲੇ ਸਾਲ 21 ਦਸੰਬਰ ਨੂੰ ਸੰਸਦ ਤੋਂ ਪ੍ਰਵਾਨਗੀ ਮਿਲ ਗਈ ਸੀ ਅਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ 25 ਦਸੰਬਰ ਨੂੰ ਇਨ੍ਹਾਂ ਕਾਨੂੰਨਾਂ ਨੂੰ ਆਪਣੀ ਸਹਿਮਤੀ ਦੇ ਦਿੱਤੀ ਸੀ।



ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨਾਂ ਅਨੁਸਾਰ ਨਵੇਂ ਕਾਨੂੰਨ ਇਕ ਜੁਲਾਈ ਤੋਂ ਲਾਗੂ ਹੋਣਗੇ। ਇਹ ਕਾਨੂੰਨ ਬਸਤੀਵਾਦੀ ਯੁਗ ਦੇ ਇੰਡੀਅਨ ਪੀਨਲ ਕੋਡ, ਕੋਡ ਆਫ ਕਰਿਮੀਨਲ ਪ੍ਰੋਸੀਜ਼ਰ ਅਤੇ ਇੰਡੀਅਨ ਐਵੀਡੈਂਸ ਐਕਟ ਦੀ ਥਾਂ ਲੈਣਗੇ। ਤਿੰਨੇ ਕਾਨੂੰਨਾਂ ਦਾ ਮਕਸਦ ਵੱਖ-ਵੱਖ ਅਪਰਾਧਾਂ ਨੂੰ ਪਰਿਭਾਸ਼ਤ ਕਰਕੇ ਉਨ੍ਹਾਂ ਲਈ ਸਜ਼ਾ ਤੈਅ ਕਰਨਾ ਅਤੇ ਦੇਸ਼ 'ਚ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਬਦਲਣਾ ਹੈ। ਕੇਂਦਰ ਸਰਕਾਰ ਨੇ ਹਾਲਾਂਕਿ ਟਰੱਕ ਡਰਾਈਵਰਾਂ ਨਾਲ ਕੀਤੇ ਵਾਅਦੇ ਮੁਤਾਬਕ ਹਿਟ ਐਂਡ ਰਨ ਦੇ ਕੇਸਾਂ ਨਾਲ ਸਬੰਧਤ ਕਾਨੂੰਨ ਲਾਗੂ ਨਾ ਕਰਨ ਦਾ ਫੈਸਲਾ ਲਿਆ ਹੈ। ਟਰੱਕ ਚਾਲਕਾਂ ਨੇ ਇਸ ਕਾਨੂੰਨ ਖ਼ਿਲਾਫ਼ ਰੋਸ ਮੁਜ਼ਾਹਰੇ ਕੀਤੇ ਸਨ।

ਇਸ ਸਬੰਧੀ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ, 'ਭਾਰਤੀ ਨਿਆਏ ਸੰਹਿਤਾ, 2023 ਦੀ ਧਾਰਾ 1 ਦੀ ਉਪ ਧਾਰਾ (2) ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕੇਂਦਰ ਸਰਕਾਰ ਇਕ ਜੁਲਾਈ, 2024 ਨੂੰ ਉਸ ਤਰੀਕ ਵਜੋਂ ਚੁਣਦੀ ਹੈ ਜਿਸ ਦਿਨ ਧਾਰਾ 106 ਦੀ ਉਪ ਧਾਰਾ (2) ਦੀਆਂ ਮੱਦਾਂ ਨੂੰ ਛੱਡ ਕੇ ਉਪਰੋਕਤ ਸੰਹਿਤਾ ਦੀਆਂ ਮੱਦਾਂ ਲਾਗੂ ਹੋਣਗੀਆਂ।' ਇਸ ਕਾਨੂੰਨ ਦੀਆਂ ਮੱਦਾਂ ਸਾਹਮਣੇ ਆਉਣ ਤੋਂ ਬਾਅਦ ਟਰੱਕ ਚਾਲਕਾਂ ਨੇ ਧਾਰਾ 106 (2) ਦੀ ਮੱਦ ਦਾ ਵਿਰੋਧ ਕੀਤਾ ਸੀ। ਇਸ ਵਿਚ ਉਨ੍ਹਾਂ ਲੋਕਾਂ ਨੂੰ 10 ਸਾਲ ਦੀ ਕੈਦ ਦੀ ਕੈਦ ਤੇ ਜੁਰਮਾਨੇ ਦੀ ਵਿਵਸਥਾ ਹੈ ਜੋ ਤੇਜ਼ ਗਤੀ ਤੇ ਲਾਪਰਵਾਹੀ ਨਾਲ ਵਾਹਨ ਵਾਹਨ ਚਲਾ ਕੇ ਕਿਸੇ ਵਿਅਕਤੀ ਦੀ ਮੌਤ ਦਾ ਕਾਰਨ ਬਣਦੇ ਹਨ ਅਤੇ ਘਟਨਾ ਬਾਰੇ ਪੁਲਿਸ ਨੂੰ ਸੂਚਨਾ ਦਿੱਤੇ ਬਿਨਾਂ ਫਰਾਰ ਹੋ ਜਾਂਦੇ ਹਨ।

## ਭਾਜਪਾ ਜਿੱਤੇਗੀ ਪਰ ਇਹ ਮੋਦੀ ਦਾ ਜਾਦੂ ਨਹੀਂ ਹੋਵੇਗਾ: ਸੁਬਰਾਮਨੀਅਨ

**ਪਟਨਾ:** ਸੀਨੀਅਰ ਭਾਜਪਾ ਨੇਤਾ ਸੁਬਰਾਮਨੀਅਨ ਸਵਾਮੀ ਨੇ ਇਥੇ ਦਾਅਵਾ ਕੀਤਾ ਕਿ ਹਿੰਦੂਆਂ ਦੇ ਮਾਣ-ਸਨਮਾਨ 'ਚ ਵਾਧੇ ਕਾਰਨ ਪਾਰਟੀ ਅਗਾਮੀ ਲੋਕ ਸਭਾ ਚੋਣਾਂ ਵਿਚ ਵੱਡੀ ਜਿੱਤ ਦਰਜ ਕਰਨ ਦੀ ਸੰਭਾਵਨਾ ਹੈ ਪਰ ਉਨ੍ਹਾਂ ਨਾਲ ਹੀ 'ਮੋਦੀ ਜਾਦੂ' ਦੀ ਭੂਮਿਕਾ ਨੂੰ ਵੀ ਨਕਾਰਿਆ। ਇਕ 'ਕਾਨੂੰਨ ਸੰਮੇਲਨ' ਵਿਚ ਹਿੱਸਾ ਲੈਣ ਲਈ ਇੱਥੇ ਆਏ ਭਾਜਪਾ ਨੇਤਾ ਨੇ ਜ਼ੋਰ ਦੇ ਕੇ ਕਿਹਾ ਕਿ ਭਾਜਪਾ ਅਤੇ ਇਸ ਦੇ ਵਿਚਾਰਧਾਰਕ ਮਾਤਾ-ਪਿਤਾ ਆਰ.ਐਸ.ਐਸ. ਵਿਚ, ਵਿਅਕਤੀਆਂ ਨਾਲੋਂ 'ਸੰਗਠਨ' ਅਤੇ 'ਸਿਧਾਂਤ' ਦੀ ਕਿਤੇ ਵੱਧ ਕੀਮਤ ਹੈ। ਇੱਥੇ ਪੱਤਰਕਾਰਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਾਰਟੀ ਤਰਫ਼ੋਂ 370 ਤੋਂ ਵੱਧ ਸੀਟਾਂ ਅਤੇ ਐਨ.ਡੀ.ਏ. ਦੇ 400 ਸੀਟਾਂ ਦਾ ਅੰਕੜਾ ਪਾਰ ਕਰਨ ਦੇ ਦਾਅਵੇ ਬਾਰੇ ਪੁੱਛੇ ਜਾਣ 'ਤੇ ਸਵਾਮੀ ਨੇ ਕਿਹਾ, "ਮੈਨੂੰ ਵੀ ਯਕੀਨ ਹੈ ਕਿ ਭਾਜਪਾ ਪਿਛਲੇ ਚੋਣ ਰਿਕਾਰਡਾਂ ਨੂੰ ਪਿੱਛੇ ਛੱਡ ਦੇਵੇਗੀ ਕਿਉਂਕਿ ਪਹਿਲੀ ਵਾਰ ਹਿੰਦੂ ਆਪਣੀ ਪਛਾਣ 'ਤੇ ਮਾਣ ਮਹਿਸੂਸ ਕਰ ਰਹੇ ਹਨ। ਉਹ ਹੁਣ ਲੱਜਾ ਮਹਿਸੂਸ ਨਹੀਂ ਕਰਦੇ, ਜੋ ਨਹਿਰੂ ਦੇ ਸਮੇਂ ਦੌਰਾਨ ਉਨ੍ਹਾਂ 'ਤੇ ਥੋਪੀ ਗਈ ਸੀ।" ਹਾਲਾਂਕਿ ਸਾਬਕਾ ਕੇਂਦਰੀ ਮੰਤਰੀ ਨੇ ਕਿਹਾ, "ਕੁਝ ਲੋਕ ਇਹ ਸੋਚ ਸਕਦੇ ਹਨ ਕਿ ਇਹ ਤਬਦੀਲੀ ਉਨ੍ਹਾਂ ਕਾਰਨ ਆਈ ਹੈ। ਸਾਨੂੰ ਅਜਿਹੀਆਂ ਚੀਜ਼ਾਂ ਨੂੰ ਮਹੱਤਵ ਦੇਣ ਦੀ ਲੋੜ ਨਹੀਂ ਹੈ। ਮੈਨੂੰ ਨਹੀਂ ਲੱਗਦਾ ਕਿ ਮੋਦੀ ਜਾਦੂ ਵਰਗਾ ਕੁਝ ਵੀ ਹੈ। ਭਾਜਪਾ-ਆਰ.ਐਸ.ਐਸ. ਵਿਚ ਵਿਅਕਤੀਆਂ ਨੂੰ ਇਕ ਪੈਡਲ 'ਤੇ ਨਹੀਂ ਰੱਖਿਆ ਜਾਂਦਾ ਹੈ। ਇਹ ਕਾਂਗਰਸ ਦਾ ਸੱਭਿਆਚਾਰ ਰਿਹਾ ਹੈ।"

# ਸ੍ਰੀਲੰਕਾ ਵੱਲੋਂ ਰੂਸੀ ਤੇ ਯੂਕਰੇਨੀ ਸੈਲਾਨੀਆਂ ਨੂੰ ਦੇਸ਼ ਛੱਡਣ ਦੇ ਹੁਕਮ

**ਕੋਲੰਬੋ:** ਸ੍ਰੀਲੰਕਾ ਨੇ ਜੰਗ ਕਾਰਨ ਐਕਸਟੈਨਸ਼ਨ ਵੀਜ਼ੇ (ਵੀਜ਼ੇ ਦੀ ਮਿਆਦ ਵਧਾ ਕੇ) 'ਤੇ ਦੇਸ਼ 'ਚ ਰਹਿ ਰਹੇ ਹਜ਼ਾਰਾਂ ਰੂਸੀ ਅਤੇ ਯੂਕਰੇਨੀ ਸੈਲਾਨੀਆਂ ਨੂੰ ਦੋ ਹਫ਼ਤਿਆਂ ਅੰਦਰ ਦੇਸ਼ ਛੱਡਣ ਲਈ ਦਾ ਹੁਕਮ ਦਿੱਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਇਮੀਗ੍ਰੇਸ਼ਨ ਕੰਟਰੋਲਰ ਨੇ ਸੈਰ ਸਪਾਟਾ ਮੰਤਰਾਲੇ ਨੂੰ ਇਕ ਨੋਟਿਸ ਜਾਰੀ ਕਰ ਕੇ ਕਿਹਾ ਹੈ ਕਿ ਰੂਸੀ ਅਤੇ ਯੂਕਰੇਨੀ ਸੈਲਾਨੀਆਂ ਨੂੰ 23 ਫਰਵਰੀ ਤੋਂ ਦੋ ਹਫ਼ਤਿਆਂ ਦੇ ਅੰਦਰ ਦੇਸ਼ ਛੱਡਣਾ ਪਵੇਗਾ ਕਿਉਂਕਿ



ਉਨ੍ਹਾਂ ਦਾ ਵੀਜ਼ਾ ਸਮਾਪਤ ਹੋ ਗਿਆ ਹੈ। ਹਾਲਾਂਕਿ ਰਾਸ਼ਟਰਪਤੀ ਰਾਨਿਲ ਵਿਕਰਮਸਿੰਘੇ ਦੇ ਦਫ਼ਤਰ ਨੇ ਇਕ ਨੋਟਿਸ ਜਾਰੀ ਕਰ ਕੇ ਆਖਿਆ ਹੈ ਉਨ੍ਹਾਂ ਨੇ ਇਸ ਗੱਲ ਦੀ ਜਾਂਚ ਦਾ ਹੁਕਮ ਦਿੱਤਾ ਹੈ ਕਿ ਐਕਸਟੈਨਸ਼ਨ ਵੀਜ਼ਾ ਰੱਦ ਕਰਨ ਦਾ ਫ਼ੈਸਲਾ ਕੈਬਨਿਟ ਦੀ ਮਨਜ਼ੂਰੀ ਤੋਂ ਬਿਨਾਂ ਕਿਵੇਂ ਲਿਆ ਗਿਆ।

ਰਾਸ਼ਟਰਪਤੀ ਦੀ ਮੀਡੀਆ ਡਿਵੀਜ਼ਨ ਨੇ ਕਿਹਾ ਕਿ ਸ੍ਰੀਲੰਕਾ ਸਰਕਾਰ ਨੇ ਅਧਿਕਾਰਤ ਤੌਰ 'ਤੇ ਇਨ੍ਹਾਂ ਸੈਲਾਨੀਆਂ ਨੂੰ ਪਹਿਲਾਂ ਦਿੱਤੀ ਵੀਜ਼ਾ ਐਕਸਟੈਨਸ਼ਨ ਨੂੰ ਰੱਦ ਕਰਨ ਦਾ ਫ਼ੈਸਲਾ ਨਹੀਂ ਲਿਆ ਹੈ। ਦੱਸਣਯੋਗ ਹੈ ਕਿ ਯੂਰਪੀ ਮੁਲਕਾਂ ਰੂਸ ਅਤੇ ਯੂਕਰੇਨ ਵਿਚਾਲੇ ਜੰਗ ਸ਼ੁਰੂ ਹੋਣ ਕਾਰਨ ਦੋਵਾਂ ਦੇਸ਼ਾਂ ਦੇ ਸੈਲਾਨੀਆਂ ਨੂੰ ਵੀਜ਼ੇ ਦੀ ਮਿਆਦ ਵਧਾ ਕੇ ਦੇਸ਼ 'ਚ ਰਹਿਣ ਦੀ ਆਗਿਆ ਦਿੱਤੀ ਗਈ ਸੀ। ਸਾਲ 2022 ਵਿਚ ਜੰਗ ਸ਼ੁਰੂ ਹੋਣ ਮਗਰੋਂ ਲਗਭਗ 300,000 ਰੂਸੀ ਅਤੇ 20,000 ਯੂਕਰੇਨੀ ਸ੍ਰੀਲੰਕਾ ਪਹੁੰਚੇ ਸਨ। ਹਾਲਾਂਕਿ ਹਾਲੇ ਇਹ ਗਿਣਤੀ ਪਤਾ ਨਹੀਂ ਹੈ ਕਿ ਇਸ ਸਮੇਂ ਐਕਸਟੈਨਸ਼ਨ ਵੀਜ਼ੇ 'ਤੇ ਕਿੰਨੇ ਸੈਲਾਨੀ ਸ੍ਰੀਲੰਕਾ ਵਿਚ ਹਨ। ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਦੇਸ਼ 'ਚ ਰੁਕਣ ਦੇਣ ਦਾ ਫ਼ੈਸਲਾ ਉਡਾਣਾਂ ਦੀ ਘਾਟ ਕਾਰਨ ਲਿਆ ਗਿਆ ਸੀ।

# ਅਮਰੀਕਾ ਤੇ ਬਰਤਾਨੀਆ ਵੱਲੋਂ ਹੂਤੀ ਬਾਗੀਆਂ ਦੇ ਟਿਕਾਣਿਆਂ 'ਤੇ ਹਮਲੇ

**ਵਾਸ਼ਿੰਗਟਨ:** ਅਮਰੀਕਾ ਤੇ ਬਰਤਾਨੀਆ ਨੇ ਯਮਨ ਵਿਚ ਹੂਤੀ ਬਾਗੀਆਂ ਦੇ 18 ਟਿਕਾਣਿਆਂ ਉਤੇ ਹਮਲੇ ਕੀਤੇ। ਇਰਾਨ ਦਾ ਸਮਰਥਨ ਪ੍ਰਾਪਤ ਲੜਾਕਿਆਂ ਦੇ ਲਾਲ ਸਾਗਰ ਅਤੇ ਅਦਨ ਦੀ ਖਾੜੀ ਵਿਚ ਸਮੁੰਦਰੀ ਜਹਾਜ਼ਾਂ 'ਤੇ ਹਾਲ ਹੀ ਵਿਚ ਵਧਦੇ ਹਮਲਿਆਂ ਦੇ ਜਵਾਬ ਵਿਚ ਇਹ ਕਾਰਵਾਈ ਕੀਤੀ ਗਈ ਹੈ।

ਹੂਤੀ ਬਾਗੀਆਂ ਨੇ ਪਿਛਲੇ ਹਫ਼ਤੇ ਇਕ ਮਿਜ਼ਾਈਲ ਹਮਲਾ ਕੀਤਾ ਸੀ, ਜਿਸ ਕਰ ਕੇ ਇਕ ਮਾਲਵਾਹਕ ਜਹਾਜ਼ ਵਿਚ ਅੱਗ ਲੱਗ ਗਈ ਸੀ। ਅਮਰੀਕੀ ਅਧਿਕਾਰੀਆਂ ਨੇ ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਅਮਰੀਕਾ ਅਤੇ ਬਰਤਾਨੀਆ ਦੇ ਜੰਗੀ ਜਹਾਜ਼ਾਂ ਨੇ ਮਿਜ਼ਾਈਲ, ਲਾਂਚਰ, ਰਾਕੇਟ, ਡਰੋਨ ਅਤੇ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਅੱਠ ਥਾਵਾਂ 'ਤੇ ਹਮਲੇ ਕੀਤੇ। ਇਹ ਚੌਥੀ ਵਾਰ ਹੈ ਜਦੋਂ ਅਮਰੀਕਾ ਅਤੇ ਬਰਤਾਨੀਆ ਦੀਆਂ ਫ਼ੌਜਾਂ ਨੇ 12 ਜਨਵਰੀ ਦੇ ਬਾਅਦ ਤੋਂ ਹੂਤੀ ਬਾਗੀਆਂ ਖ਼ਿਲਾਫ਼ ਇਕ ਸਾਂਝੀ ਮੁਹਿੰਮ ਚਲਾਈ ਹੈ। ਅਮਰੀਕਾ ਇਸ ਤੋਂ ਇਲਾਵਾ ਵੀ ਹੂਤੀ ਬਾਗੀਆਂ 'ਤੇ ਲਗਭਗ ਰੋਜ਼ਾਨਾ ਹਮਲੇ ਕਰ ਰਿਹਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ 'ਯੂ.ਐਸ. ਐਫ/ਏ-18' ਜੰਗੀ ਜਹਾਜ਼ਾਂ ਨੂੰ ਯੂ.ਐਸ.ਐਸ. ਡਵਾਈਟ ਡੀ ਆਈਜ਼ਨਹੋਅਰ ਏਅਰਕਰਾਫਟ ਕੈਰੀਅਰ ਤੋਂ ਲਾਂਚ ਕੀਤਾ ਗਿਆ। ਇਹ ਸਮੁੰਦਰੀ ਜਹਾਜ਼ ਇਸ ਸਮੇਂ ਲਾਲ ਸਾਗਰ ਵਿਚ ਹੈ। ਅਮਰੀਕਾ ਦੇ ਰੱਖਿਆ ਮੰਤਰੀ ਲੋਇਡ ਔਸਟਿਨ



ਨੇ ਕਿਹਾ, "ਅਮਰੀਕਾ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਜਲ ਮਾਰਗਾਂ ਵਿਚ ਸ਼ਾਮਲ ਲਾਲ ਸਾਗਰ ਵਿਚ ਜੀਵਨ ਅਤੇ ਵਣਜ ਦੇ ਮੁਕਤ ਪ੍ਰਵਾਹ ਦੀ ਰੱਖਿਆ ਲਈ ਲੋੜ ਮੁਤਾਬਕ ਕਾਰਵਾਈ ਕਰਨ ਵਿਚ ਸੰਕੋਚ ਨਹੀਂ ਕਰੇਗਾ। ਅਸੀਂ ਹੂਤੀ ਬਾਗੀਆਂ ਨੂੰ ਇਹ ਸਪੱਸ਼ਟ ਕਰਦੇ ਰਹਾਂਗੇ ਕਿ ਜੇਕਰ ਉਨ੍ਹਾਂ ਨੇ ਆਪਣੇ ਅਣਉਚਿਤ ਹਮਲੇ ਬੰਦ ਨਾ ਕੀਤੇ ਤਾਂ ਉਨ੍ਹਾਂ ਨੂੰ ਇਸ ਦੇ ਨਤੀਜੇ ਭੁਗਤਣੇ ਪੈਣਗੇ।"

ਹੂਤੀ ਵਿਦਰੋਹੀਆਂ ਨੇ 'ਅਮਰੀਕਾ ਅਤੇ ਬਰਤਾਨੀਆ ਦੇ ਹਮਲਾਵਰ ਰੁਖ਼' ਦੀ ਨਿਖੇਧੀ ਕੀਤੀ ਅਤੇ ਇਸ ਦੇ ਜਵਾਬ ਵਿਚ ਫੌਜੀ ਮੁਹਿੰਮ ਚਲਾਉਂਦੇ ਰਹਿਣ ਦਾ ਸੰਕਲਪ ਲਿਆ।

# ਅਮਰੀਕਾ ਨੇ ਪੁਲਾੜ ਵਿਚ ਇਤਿਹਾਸ ਰਚਿਆ



**ਵਾਸ਼ਿੰਗਟਨ:** ਅਮਰੀਕਾ ਦੀ ਇਕ ਪ੍ਰਾਈਵੇਟ ਕੰਪਨੀ ਨੇ ਚੰਦ ਉਤੇ ਪਹਿਲਾ ਵਪਾਰਕ ਸਪੇਸਕਰਾਫਟ ਉਤਾਰ ਕੇ ਇਤਿਹਾਸ ਰਚ ਦਿੱਤਾ ਅਤੇ ਉਹ 50 ਤੋਂ ਵੱਧ ਸਾਲ 'ਚ ਚੰਦ 'ਤੇ ਪਹੁੰਚਣ ਵਾਲਾ ਅਮਰੀਕਾ ਦਾ ਪਹਿਲਾ ਸਪੇਸਕਰਾਫਟ ਵੀ ਬਣ ਗਿਆ।

'ਇੰਟੂਏਟਿਵ ਮਸ਼ੀਨਜ਼' ਵੱਲੋਂ ਬਣਾਇਆ ਗਿਆ ਸਪੇਸਕਰਾਫਟ 'ਓਡੀਸਸ' ਚੰਦ ਦੀ ਸਤਹਿ 'ਤੇ ਉਤਰਿਆ ਅਤੇ ਇਸ ਦੇ ਨਾਲ ਹੀ ਉਹ 1972 ਵਿਚ ਅਪੋਲੋ 17 ਮਿਸ਼ਨ ਮਗਰੋਂ ਚੰਦ 'ਤੇ ਪਹੁੰਚਣ ਵਾਲਾ ਪਹਿਲਾ ਅਮਰੀਕੀ ਸਪੇਸਕਰਾਫਟ ਹੈ। ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਪ੍ਰਸ਼ਾਸਕ ਬਿਲ ਨੈਲਸਨ ਨੇ ਕਿਹਾ, "ਅੱਜ ਅੱਧੀ ਸਦੀ ਮਗਰੋਂ ਪਹਿਲੀ ਵਾਰ ਅਮਰੀਕਾ ਚੰਦ 'ਤੇ ਪਹੁੰਚਿਆ ਹੈ।" ਇਸ ਸਪੇਸਕਰਾਫਟ ਜ਼ਰੀਏ ਨਾਸਾ ਦੇ ਕਈ ਵਿਗਿਆਨਕ ਉਪਕਰਨ ਵੀ ਭੇਜੇ ਗਏ ਹਨ। ਉਡਾਣ ਨਿਰਦੇਸ਼ਕ ਅਤੇ ਮੁੱਖ ਤਕਨਾਲੋਜੀ ਅਧਿਕਾਰੀ ਟਿਮ ਕਰੇਨ ਨੇ ਕਿਹਾ, "ਅਸੀਂ ਬਿਨਾਂ ਸ਼ੱਕ ਇਹ ਪੁਸ਼ਟੀ ਕਰ ਸਕਦੇ ਹਾਂ ਕਿ ਸਾਡਾ ਉਪਕਰਨ ਚੰਦ ਦੀ ਸਤਹਿ ਉਤੇ ਅਤੇ ਸਾਡੇ ਸੰਪਰਕ 'ਚ ਹੈ।" ਐਨ.ਸੀ.ਬੀ. ਨੇ ਆਪਣੀ ਇਕ ਰਿਪੋਰਟ ਵਿਚ ਕਿਹਾ ਕਿ ਪੁਲਾੜ ਵਾਹਨ ਦੀ ਲੈਂਡਿੰਗ ਦੌਰਾਨ ਮਿਸ਼ਨ ਕੰਟਰੋਲਰ ਨਾਲ ਉਸ ਦਾ ਸੰਪਰਕ ਟੁੱਟ ਗਿਆ ਅਤੇ ਉਮੀਦ ਹੈ ਕਿ ਇਹ ਸੰਪਰਕ ਮੁੜ ਸਥਾਪਤ ਹੋਵੇਗਾ। ਕੰਪਨੀ 'ਇੰਟੂਏਟਿਵ ਮਸ਼ੀਨਜ਼' ਨੇ ਇਸ ਇਤਿਹਾਸਕ ਉਪਲਬਧੀ ਦੀ ਜਾਣਕਾਰੀ ਦਿੰਦਿਆਂ ਕਿਹਾ, "ਸੰਚਾਰ ਵਿਚ ਦਿੱਕਤ ਨੂੰ ਦੂਰ ਕਰਨ ਮਗਰੋਂ ਫਲਾਈਟ ਕੰਟਰੋਲਰਜ਼ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਓਡੀਸਸ ਠੀਕ ਹੈ ਅਤੇ ਅੰਕੜੇ ਭੇਜਣੇ ਸ਼ੁਰੂ ਕਰ ਰਿਹਾ ਹੈ। ਫਿਲਹਾਲ ਅਸੀਂ ਚੰਦ ਦੀ ਸਤਹਿ ਤੋਂ ਭੇਜੀ ਗਈ ਪਹਿਲੀ ਤਸਵੀਰ ਨੂੰ ਡਾਊਨਲਿੰਕ ਕਰਨ ਦੀ ਦਿਸ਼ਾ 'ਚ ਕੰਮ ਕਰ ਰਹੇ ਹਾਂ।"

## ਮਨੁੱਖੀ ਤਸਕਰੀ ਦੇ ਮਾਮਲੇ 'ਚ ਭਾਰਤੀ ਮੂਲ ਦਾ ਨਾਗਰਿਕ ਗ੍ਰਿਫ਼ਤਾਰ

**ਨਿਊ ਯਾਰਕ:** ਜਨਵਰੀ 2022 ਦੀ ਮਨੁੱਖੀ ਤਸਕਰੀ ਦੀ ਘਟਨਾ ਦੀ ਜਾਂਚ ਸਬੰਧੀ ਸ਼ਿਕਾਗੋ ਵਿਚ ਭਾਰਤੀ ਮੂਲ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਘਟਨਾ 'ਚ ਗੁਜਰਾਤੀ ਪਰਿਵਾਰ ਦੇ ਦੋ ਬੱਚਿਆਂ ਸਮੇਤ ਚਾਰ ਜੀਆਂ ਦੀ ਮੌਤ ਉਦੋਂ ਠੰਢ ਵਿਚ ਹੋ ਗਈ ਸੀ, ਜਦੋਂ ਉਨ੍ਹਾਂ ਨੂੰ ਕੈਨੇਡਾ ਤੋਂ ਅਮਰੀਕਾ ਗੈਰਕਾਨੂੰਨੀ ਢੰਗ ਨਾਲ ਦਾਖਲ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਸ਼ਿਕਾਗੋ ਟ੍ਰਿਬਿਊਨ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਮੁਲਜ਼ਮ ਹਰਸ਼ਕੁਮਾਰ ਰਮਨਲਾਲ ਪਟੇਲ ਨੂੰ ਅਧਿਕਾਰੀਆਂ ਨੇ ਸ਼ਿਕਾਗੋ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਪਟੇਲ, ਜਿਸ ਨੂੰ ਡਰਟੀ ਹੈਰੀ, ਪਰਮ ਸਿੰਘ ਅਤੇ ਹਰੇਸ਼ ਰਮੇਸ਼ਲਾਲ ਪਟੇਲ ਵਜੋਂ ਵੀ ਜਾਣਿਆ ਜਾਂਦਾ ਹੈ, ਉਤੇ ਗੈਰ-ਕਾਨੂੰਨੀ ਢੰਗ ਨਾਲ ਲੋਕਾਂ ਨੂੰ ਅਮਰੀਕਾ ਲਿਆਉਣ ਦਾ ਦੋਸ਼ ਲਗਾਇਆ ਗਿਆ ਹੈ।

# ਸਾਊਥ ਕੈਰੋਲਾਈਨਾ: ਪ੍ਰਾਇਮਰੀ ਚੋਣਾਂ 'ਚ ਟਰੰਪ ਨੇ ਹੇਲੀ ਨੂੰ ਹਰਾਇਆ

**ਚਾਰਲਸਟਨ:** ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਦੀਆਂ ਚੋਣਾਂ ਵਿਚ ਰਿਪਬਲਿਕਨ ਉਮੀਦਵਾਰ ਬਣਨ ਦੇ ਦਾਅਵੇਦਾਰ ਅਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੀ ਵਿਰੋਧੀ ਨਿੱਕੀ ਹੇਲੀ ਨੂੰ ਉਸ ਦੇ ਘਰੇਲੂ ਰਾਜ ਸਾਊਥ ਕੈਰੋਲਾਈਨਾ ਦੀਆਂ ਪ੍ਰਾਇਮਰੀ ਚੋਣਾਂ 'ਚ ਹਰਾ ਦਿੱਤਾ ਹੈ। ਸਾਊਥ ਕੈਰੋਲਾਈਨਾ ਦੀ ਸਾਬਕਾ ਗਵਰਨਰ ਹੇਲੀ (52) ਨੇ ਪ੍ਰਾਇਮਰੀ ਚੋਣਾਂ 'ਚ ਹਾਰ ਮਿਲਣ ਤੋਂ ਬਾਅਦ ਪੰਜ ਮਾਰਚ ਨੂੰ 'ਸੁਪਰ ਟਿਊਜ਼ਡੇਅ' ਨੂੰ ਹੋਣ ਵਾਲੀਆਂ ਚੋਣਾਂ 'ਚ ਟਰੰਪ ਦਾ ਮਜ਼ਬੂਤੀ ਨਾਲ ਮੁਕਾਬਲਾ ਕਰਨ ਦਾ ਅਹਿਦ ਲਿਆ।



ਪੰਜ ਮਾਰਚ ਨੂੰ ਦੇਸ਼ ਭਰ ਦੇ 21 ਰਾਜਾਂ ਵਿਚ ਰਿਪਬਲਿਕਨ ਪ੍ਰਾਇਮਰੀ ਚੋਣਾਂ ਹੋਣਗੀਆਂ। ਸੁਪਰ ਟਿਊਜ਼ਡੇਅ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰਾਂ ਦੀ ਚੋਣ ਲਈ ਪ੍ਰਾਇਮਰੀ ਚੋਣ ਪ੍ਰਕਿਰਿਆ ਦਾ ਉਹ ਦਿਨ ਹੁੰਦਾ ਹੈ ਜਦੋਂ ਸਭ ਤੋਂ ਵੱਧ ਰਾਜਾਂ 'ਚ ਪ੍ਰਾਇਮਰੀ ਤੇ ਕੌਕਸ ਚੋਣਾਂ ਹੁੰਦੀਆਂ ਹਨ। ਤਕਰੀਬਨ 90 ਫੀਸਦ ਵੋਟਾਂ ਦੀ ਗਿਣਤੀ ਤੋਂ ਬਾਅਦ ਹੇਲੀ ਨੂੰ 39.4 ਫੀਸਦ ਜਦਕਿ ਟਰੰਪ ਨੂੰ 59.9 ਫੀਸਦ ਵੋਟਾਂ ਮਿਲੀਆਂ। ਦੋਵਾਂ ਆਗੂਆਂ ਨੂੰ ਮਿਲੀਆਂ ਵੋਟਾਂ ਵਿਚ 20 ਫੀਸਦ ਦਾ ਫਰਕ ਰਿਹਾ। ਇਸ ਜਿੱਤ ਦੇ ਨਾਲ ਹੀ ਟਰੰਪ ਨੇ ਲਗਾਤਾਰ ਤੀਜੀ ਵਾਰ ਰਿਬਲਿਕਨ ਉਮੀਦਵਾਰ ਚੁਣੇ ਜਾਣ ਦੀਆਂ ਆਪਣੀਆਂ ਸੰਭਾਵਨਾਵਾਂ ਨੂੰ ਹੋਰ ਮਜ਼ਬੂਤ ਬਣਾ ਦਿੱਤਾ ਹੈ। ਕਿਸੇ ਵੀ ਦਾਅਵੇਦਾਰ ਨੂੰ ਪਾਰਟੀ ਦਾ ਉਮੀਦਵਾਰ ਬਣਨ ਲਈ 1215 ਡੈਲੀਗੇਟ ਦੀ ਹਮਾਇਤ ਦੀ ਲੋੜ ਹੈ। ਹੇਲੀ ਨੇ ਹੁਣ ਤੱਕ 17 ਅਤੇ ਟਰੰਪ ਨੇ 92 ਡੈਲੀਗੇਟ ਦੀ ਹਮਾਇਤ ਹਾਸਲ ਕਰ ਲਈ ਹੈ। ਹੇਲੀ ਨੇ ਕਿਹਾ, 'ਮੈਂ ਇਸ ਹਫ਼ਤੇ ਦੀ ਸ਼ੁਰੂਆਤ ਵਿਚ ਕਿਹਾ ਸੀ ਕਿ ਸਾਊਥ ਕੈਰੋਲਾਈਨਾ 'ਚ ਭਾਵੇਂ ਕੁਝ ਵੀ ਹੋ ਜਾਵੇ ਮੈਂ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਨ ਲਈ ਲੜਾਈ ਜਾਰੀ ਰੱਖਾਂਗੀ। ਮੈਂ ਆਪਣੀ ਗੱਲ 'ਤੇ ਕਾਇਮ ਰਹਿਣ ਵਾਲੀ ਮਹਿਲਾ ਹਾਂ। ਮੈਂ ਇਹ ਲੜਾਈ ਨਹੀਂ ਛੱਡ ਰਹੀ। ਜ਼ਿਆਦਾਤਰ ਅਮਰੀਕੀ ਡੋਨਲਡ ਟਰੰਪ ਤੇ ਰਾਸ਼ਟਰਪਤੀ ਜੋਅ ਬਾਇਡਨ ਦੋਵਾਂ ਨੂੰ ਹੀ ਪਸੰਦ ਨਹੀਂ ਕਰਦੇ।' ਟਰੰਪ ਨੇ ਸਾਊਥ ਕੈਰੋਲਾਈਨਾ ਦੇ ਕੋਲੰਬੀਆ 'ਚ ਆਪਣੀ ਜਿੱਤ ਦਾ ਜਸ਼ਨ ਮਨਾਇਆ। ਉਨ੍ਹਾਂ ਆਪਣੇ ਭਾਸ਼ਣ ਦੌਰਾਨ ਨਾ ਤਾਂ ਹੇਲੀ ਦਾ ਜ਼ਿਕਰ ਕੀਤਾ ਤੇ ਨਾ ਹੀ ਉਨ੍ਹਾਂ ਨੂੰ ਦੌੜ 'ਚੋਂ ਹਟਣ ਲਈ ਕਿਹਾ।

ਪੰਜਾਬ ਟਾਈਮਜ਼

ਸ਼ਨਿਚਰਵਾਰ, 2 ਮਾਰਚ, 2024

# ਚੋਣ ਪਿੜ ਅਤੇ ਸਿਆਸਤ

ਕਾਂਗਰਸ ਪਾਰਟੀ ਦਾ ਚਾਰ ਸੂਬਿਆਂ- ਹਰਿਆਣਾ, ਗੁਜਰਾਤ, ਦਿੱਲੀ ਤੇ ਗੋਆ ਅਤੇ ਚੰਡੀਗੜ੍ਹ ਵਿਚ ਆਮ ਆਦਮੀ ਪਾਰਟੀ ਨਾਲ ਚੋਣ ਸਮਝੌਤਾ ਸਿਰੇ ਚੜ੍ਹਨ ਨਾਲ ਵਿਰੋਧੀ ਧਿਰ ਦੇ ਪੈਰ ਲੱਗਦੇ ਦਿਖਾਈ ਦੇ ਰਹੇ ਹਨ। ਇਸ ਤੋਂ ਪਹਿਲਾਂ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਵਿਚਕਾਰ ਉਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਵਿਚ ਚੋਣ ਤਾਲਮੇਲ ਬੈਠਣ ਦੀਆਂ ਖਬਰਾਂ ਆਈਆਂ ਸਨ। ਇਸ ਨਾਲ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ 'ਇੰਡੀਆ' ਗੱਠਜੋੜ ਛੱਡਣ ਅਤੇ ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਵੱਲੋਂ ਇਕੱਲਿਆਂ ਚੋਣਾਂ ਲੜਨ ਦੇ ਐਲਾਨ ਕਾਰਨ 'ਇੰਡੀਆ' ਗੱਠਜੋੜ ਨੂੰ ਜਿਹੜਾ ਵੱਡਾ ਝਟਕਾ ਲੱਗਿਆ, ਉਸ ਦੀ ਕੁਝ ਕੁ ਭਰਪਾਈ ਹੋ ਗਈ ਹੈ। ਹੁਣ ਆਉਣ ਵਾਲੇ ਸਮੇਂ ਦੌਰਾਨ ਸੰਭਵ ਹੈ ਕਿ 'ਇੰਡੀਆ' ਗੱਠਜੋੜ ਨਾਲ ਜੁੜੀਆਂ ਧਿਰਾਂ ਵਿਚਕਾਰ ਹੋਰ ਤਾਲੇਮਲ ਬਣ ਜਾਵੇ। ਇਹ ਗੱਠਜੋੜ ਆ ਰਹੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੇ ਟਾਕਰੇ ਲਈ ਬਣਿਆ ਸੀ। ਸ਼ੁਰੂਆਤ ਵਿਚ ਇਸ ਗੱਠਜੋੜ ਨੂੰ ਵਾਹਵਾ ਹੁਲਾਰਾ ਅਤੇ ਹੁੰਗਾਰਾ ਮਿਲਿਆ। ਇਕ ਸਮੇਂ ਤਾਂ ਇਹ ਵੀ ਲੱਗਣ ਲੱਗ ਪਿਆ ਕਿ 'ਇੰਡੀਆ' ਗੱਠਜੋੜ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੇ ਐੱਨ.ਡੀ.ਏ. ਨੂੰ ਤਕੜੀ ਟੱਕਰ ਦੇਵੇਗਾ। ਚਰਚਾ ਇਹ ਵੀ ਸੀ ਕਿ ਐਤਕੀਂ ਲੋਕ ਸਭਾ ਚੋਣਾਂ ਦੌਰਾਨ ਮੁਕਾਬਲਾ ਤਕਰੀਬਨ ਬਰਾਬਰ ਦਾ ਹੋ ਨਿਬੜੇਗਾ ਪਰ ਜਿੰਨੀ ਤੇਜ਼ੀ ਨਾਲ 'ਇੰਡੀਆ' ਗੱਠਜੋੜ ਦਾ ਮੂੰਹ-ਮੱਥਾ ਬਣਿਆ ਸੀ, ਬਾਅਦ ਵਿਚ ਉਹ ਰਫਤਾਰ ਕਾਇਮ ਨਾ ਰਹਿ ਸਕੀ। ਅਸਲ ਵਿਚ,ਇਕ ਤਾਂ 'ਇੰਡੀਆ' ਗੱਠਜੋੜ ਨਾਲ ਜੁੜੀਆਂ ਵੱਖ-ਵੱਖ ਸਿਆਸੀ ਪਾਰਟੀਆਂਆਪੋ-ਆਪਣੀ ਸਿਆਸਤ ਦੇ ਹਿਸਾਬ ਨਾਲ ਚੋਣ ਪਿੜ ਬਾਰੇਸੋਚ ਰਹੀਆਂ ਸਨ; ਦੂਜੇ, ਭਾਰਤੀ ਜਨਤਾ ਪਾਰਟੀ ਮੁੱਢ ਤੋਂ ਹੀ ਇਸ ਗੱਠਜੋੜ ਨੂੰ ਫੇਲ੍ਹ ਕਰਨ ਲਈ ਹਰ ਹਰਬਾ ਵਰਤ ਰਹੀ ਸੀ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਵੱਖ-ਵੱਖ ਏਜੰਸੀਆਂ ਰਾਹੀਂ ਦਬਾਅ ਪਾ ਕੇ ਵਿਰੋਧੀ ਧਿਰ ਦੇ ਆਗੂਆਂ ਨੂੰ ਆਪਣੇ ਵੱਲ ਵੀ ਖਿੱਚ ਰਹੀ ਸੀ ਅਤੇ ਇਸ ਦੇ ਨਾਲ ਹੀ ਇਨ੍ਹਾਂ ਦੀਆਂ ਸਰਗਰਮੀਆਂ ਨੂੰ ਡੱਕਣ ਦਾ ਸਿਰਤੋੜ ਯਤਨ ਵੀ ਕਰ ਰਹੀ ਸੀ। ਬਹੁਤ ਮਾਮਲਿਆਂ ਵਿਚ ਇਹ ਕਾਮਯਾਬ ਵੀ ਹੋਈ।

'ਇੰਡੀਆ' ਗੱਠਜੋੜ ਦੇ ਪ੍ਰਸੰਗ ਵਿਚ ਇਕ ਹੋਰ ਨੁਕਤਾ ਵੀ ਧਿਆਨ ਦੇਣ ਵਾਲਾ ਹੈ। ਇਸ ਗੱਠਜੋੜ ਵਿਚ ਸ਼ਾਮਿਲ ਪਾਰਟੀਆਂ ਭਾਰਤੀ ਜਨਤਾ ਪਾਰਟੀ ਅਤੇ ਮੋਦੀ ਸਰਕਾਰ ਦੀਆਂ ਫਿਰਕੂ ਨੀਤੀਆਂ ਖਿਲਾਫ ਨਹੀਂ ਸਗੋਂ ਖੁਦ ਸੱਤਾ ਪ੍ਰਾਪਤ ਕਰਨ ਦੀ ਗਿਣਤੀ-ਮਿਣਤੀ ਧਿਆਨ ਵਿਚ ਰੱਖ ਕੇ ਇਕ ਮੰਚ ਉਤੇ ਇਕੱਠੀਆਂ ਹੋਣ ਦਾ ਯਤਨ ਕਰ ਰਹੀਆਂ ਸਨ। ਇਨ੍ਹਾਂ ਵਿਚੋਂ ਸਭ ਤੋਂ ਵੱਡੀ ਧਿਰ- ਕਾਂਗਰਸ ਪਾਰਟੀ ਦੀ ਆਪਣੀ ਸਿਆਸਤ ਸੀ। ਕਾਂਗਰਸ ਪਾਰਟੀ ਅਤੇ ਇਸ ਦੇ ਲੀਡਰ ਚਾਹੁੰਦੇ ਸਨ ਕਿ ਗੱਠਜੋੜ ਦੀ ਸਾਰੀ ਸਿਆਸਤ ਇਸ ਦੇ ਆਲੇ-ਦੁਆਲੇ ਹੀ ਕੇਂਦਰਤ ਰਹੇ। ਇਸੇ ਕਰ ਕੇ ਇਸ ਨੇ ਜੋ ਵੀ ਸਰਗਰਮੀ ਕੀਤੀ, ਉਹ ਖੁਦ ਨੂੰ ਵੱਡੀ ਧਿਰ ਸਥਾਪਿਤ ਕਰਨ ਵਜੋਂ ਹੀ ਕੀਤੀ ਤਾਂ ਕਿ ਗੱਠਜੋੜ ਅੰਦਰ ਪ੍ਰਭਾਵੀ ਭੂਮਿਕਾ ਨਿਭਾਈ ਜਾ ਸਕੇ। ਉਂਝ ਵੀ, ਇਸ ਗੱਠਜੋੜ ਵਿਚ ਸ਼ਾਮਿਲ ਕਈ ਧਿਰਾਂ ਅਜਿਹੀਆਂ ਹਨ ਜਿਹੜੀਆਂ ਬੀਤੇ ਸਮੇਂ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਨਾਲ ਰਹੀਆਂ ਹਨ। ਜ਼ਾਹਿਰ ਹੈ ਕਿ ਅਜਿਹੀਆਂ ਪਾਰਟੀਆਂ ਦਾ ਮੁੱਖ ਮਕਸਦ ਸੱਤਾ ਹਾਸਲ ਕਰਨਾ ਜਾਂ ਸੱਤਾ ਦੇ ਨੇੜੇ ਰਹਿ ਕੇ ਪਾਰਟੀ ਦਾ ਫੈਲਾਓ ਕਰਨਾ ਹੈ।

ਜਿੱਥੋਂ ਤੱਕ ਪੰਜਾਬ ਦਾ ਸਬੰਧ ਹੈ, ਪਹਿਲਾਂ ਵਾਂਗ ਇਸ ਸੂਬੇ ਦੀ ਸਿਆਸਤ ਦਾ ਰੰਗ ਨਿਵੇਕਲਾ ਹੀ ਹੈ। ਕਾਂਗਰਸ ਅਤੇ ਆਮਆਦਮੀ ਪਾਰਟੀ ਨੇ ਭਾਵੇਂ ਪੰਜ ਥਾਈਂ ਆਪਣਾ ਚੋਣ ਤਾਲਮੇਲ ਬਿਠਾ ਲਿਆ ਹੈ ਪਰ ਪੰਜਾਬ ਵਿਚ ਦੋਹਾਂ ਧਿਰਾਂ ਨੂੰ ਲੱਗਦਾ ਹੈ ਕਿ ਵਧੇਰੇ ਸੀਟਾਂ ਉਤੇ ਜਿੱਤ ਹਾਸਲ ਕੀਤੀ ਜਾ ਸਕਦੀ ਹੈ। ਨਾਲੇ ਪੰਜਾਬ ਵਿਚ ਆਮ ਆਦਮੀ ਪਾਰਟੀ ਸੱਤਾ ਵਿਚ ਹੈ ਅਤੇ ਕਈ ਮਾਮਲਿਆਂ ਵਿਚ ਇਸ ਦਾ ਸਿੱਧਾ ਪੇਚਾ ਕਾਂਗਰਸ ਨਾਲ ਹੈ; ਖਾਸ ਕਰ ਕੇ ਪੰਜਾਬ ਕਾਂਗਰਸ ਪ੍ਰਤੀ ਇਸ ਦੀ ਪਹੁੰਚ ਸਖਤ ਹੈ। ਇਸੇ ਕਰ ਕੇ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਤਾਂ ਭਾਵੇਂ ਚਾਹੁੰਦੀ ਸੀ ਕਿ ਸੂਬੇ ਅੰਦਰ ਚੋਣ ਤਾਲਮੇਲ ਹੋ ਜਾਵੇ ਪਰ ਪੰਜਾਬ ਕਾਂਗਰਸ ਦਾ ਇਕ ਧੜਾ ਇਸ ਦਾ ਬਹੁਤ ਤਿੱਖਾ ਵਿਰੋਧ ਕਰ ਰਿਹਾ ਹੈ।ਦੂਜੇ ਬੰਨੇ,ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਹਨ। ਦੋਹਾਂ ਪਾਰਟੀਆਂ ਵਿਚਕਾਰ ਢਾਈ ਦਹਾਕੇ ਗੱਠਜੋੜ ਰਿਹਾ ਪਰ 2020 ਵਿਚ ਇਤਿਹਾਸਕ ਕਿਸਾਨ ਅੰਦੋਲਨ ਕਾਰਨ ਇਹ ਗੱਠਜੋੜ ਟੁੱਟ ਗਿਆ। ਇਸ ਤੋਂ ਬਾਅਦ ਅਕਾਲੀ ਦਲ ਨੇ ਤਾਂ ਬਹੁਜਨ ਸਮਾਜ ਪਾਰਟੀ ਨਾਲ ਗੱਠਜੋੜ ਕਰ ਲਿਆ ਪਰ ਭਾਰਤੀ ਜਨਤਾ ਪਾਰਟੀ ਨੇ 2022 ਵਾਲੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਹੀ ਲੜੀਆਂ। ਹੁਣ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਗੱਠਜੋੜ ਟੁੱਟ ਗਿਆ ਹੈ ਤਾਂ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਵਿਚਕਾਰ ਗੱਠਜੋੜ ਦੀਆਂ ਕਿਆਸਆਰਾਈਆਂ ਇਕ ਵਾਰ ਫਿਰ ਤੇਜ਼ ਹੋ ਗਈਆਂ ਹਨ। ਉਂਝ ਵੀ, ਇੰਨਾ ਕੁਝ ਕਰ-ਕਰਾ ਕੇ ਵੀ ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਦੇ ਪੈਰ ਨਹੀਂ ਲੱਗ ਰਹੇ।ਪਾਰਟੀਲੀਡਰਸ਼ਿਪ ਸੋਚ ਰਹੀ ਹੈ ਕਿ ਪੰਜਾਬ ਵਿਚ ਅਕਾਲੀ ਦਲ ਨਾਲ ਗੱਠਜੋੜ ਤੋਂ ਬਗੈਰ ਪਾਰਟੀ ਦਾ ਬੇੜਾ ਬੰਨੇ ਨਹੀਂ ਲੱਗ ਸਕਣਾ।ਉਧਰ, ਬੇਅਦਬੀ ਨਾਲ ਜੁੜੀਆਂ ਘਟਨਾਵਾਂ ਕਾਰਨ ਅਕਾਲੀ ਦਲ ਵੀ ਪਛਾੜ ਦੀ ਮਾਰ ਝੱਲਰਿਹਾ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਕਾਰ ਚੋਣ ਤਾਲਮੇਲ ਤਾਂ ਭਾਵੇਂ ਨਹੀਂ ਹੋਇਆ ਹੈ ਪਰ ਦੋਵੇਂ ਪਾਰਟੀਆਂ ਇਹ ਭਲੀਭਾਂਤ ਜਾਣਦੀਆਂ ਹਨ ਕਿ ਇਸ ਖਿੱਚ-ਧੂਹ ਦਾ ਫਾਇਦਾ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਜ਼ਰੂਰ ਹੋ ਸਕਦਾ ਹੈ। ਇਸ ਲਈ ਕਿਹਾ ਜਾ ਰਿਹਾ ਹੈ ਕਿ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਕਾਰ ਕੋਈ ਨਾ ਕੋਈ ਤਾਲਮੇਲ ਜ਼ਰੂਰ ਬਣਸਕਦਾ ਹੈ। ਹੋਰ ਕਈ ਸੂਬਿਆਂ ਵਿਚ ਭਾਰਤੀ ਜਨਤਾ ਪਾਰਟੀ ਫਿਰਕੂ ਧਰੁਵੀਕਰਨ ਵਿਚ ਸਫਲ ਰਹੀ ਹੈ ਪਰ ਪੰਜਾਬ ਵਿਚ ਲੋਕ-ਚੇਤਨਾ ਨੇ ਭਾਰਤੀ ਜਨਤਾ ਪਾਰਟੀ ਨੂੰ ਹਾਸ਼ਏ 'ਤੇ ਧੱਕਿਆ ਹੋਇਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੰਜਾਬੀਆਂ 'ਤੇ ਫਿਰੰਗੀ ਹਮਲਾ

ਫੇਸ-ਬੁੱਕ 'ਤੇ 'ਭਾ ਜੀ' ਨੂੰ ਲਿਖਣ 'ਪਾ ਜੀ', ਹਾਲਤ ਅੱਜ ਪੰਜਾਬੀ ਦੀ 'ਡਿੱਸ' ਹੋ ਗਈ।
'ਗੁੱਡ ਲੱਕ' ਨੇ ਨਿਗਲਿਆ 'ਭਲਾ ਹੋਵੇ', ਸੀ ਜੋ 'ਭੈਣ ਜੀ', ਬਦਲ ਕੇ 'ਸਿੱਸ' ਹੋ ਗਈ।
ਟਿੱਚਰ ਅਤੇ ਮਖੌਲ ਵੀ 'ਲੌਲ' ਹੋ ਗਏ, ਆਉਂਦੀ ਯਾਦ ਪਿਆਰੇ ਦੀ 'ਮਿੱਸ' ਹੋ ਗਈ।
ਨਿਰੀ ਮਿਸ਼ਰੀ ਦੀ ਡਲੀ ਹੈ ਲਫਜ਼ ਚੁੰਮੀ, ਨਵੇਂ ਪੋਚ ਲਈ ਵਿਗੜ ਕੇ 'ਕਿੱਸ' ਹੋ ਗਈ।
'ਭਾਈ-ਵੀਰ' ਵੀ ਬਣੇ ਨੇ 'ਬਰੋ' ਦੇਖੋ, ਘੁੱਟ ਸਿਮਟ ਕੇ ਰਹਿ ਗਿਆ 'ਸਿੱਪ' ਯਾਰੋ।
'ਐਚ ਏ, ਐਚ ਏ' ਨੇ ਹਾਸੇ ਦੀ ਥਾਂ ਮੱਲੀ, ਹੁਣ ਅਫਸੋਸ ਵੀ ਹੋ ਗਿਆ 'ਰਿੱਪ' ਯਾਰੋ!

# ਭਾਜਪਾ ਨੂੰ ਹਰਾਉਣ ਦਾ ਸਵਾਲ ਅਤੇ 'ਇੰਡੀਆ' ਗੱਠਜੋੜ

**ਕਾਂਗਰਸ ਦੇ ਆਮ ਆਦਮੀ ਪਾਰਟੀ ਅਤੇ ਸਮਾਜਵਾਦੀ ਪਾਰਟੀ ਨਾਲ ਚੋਣ ਸਮਝੌਤਿਆਂ ਨੇ 'ਇੰਡੀਆ' ਗੱਠਜੋੜ ਅੰਦਰ ਜਾਨ ਜ਼ਰੂਰ ਪਾਈ ਹੈ ਪਰ ਹਕੀਕਤ ਇਹ ਹੈ ਕਿ ਇਸ ਗੱਠਜੋੜ ਦੀ ਬੁਨਿਆਦ ਭਾਰਤੀ ਜਨਤਾ ਪਾਰਟੀ ਦੀ ਫਿਰਕੂ ਸਿਆਸਤ ਨੂੰ ਟੱਕਰ ਦੇਣਾ ਨਹੀਂ ਸਗੋਂ ਕਿਸੇ ਨਾ ਕਿਸੇ ਰੂਪ ਵਿਚ 'ਸੱਤਾ' ਹਾਸਲ ਕਰਨਾ ਜਾਂ 'ਸੱਤਾ' ਵਿਚ ਬਣੇ ਰਹਿਣਾ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

ਚਾਰ ਸੂਬਿਆਂ ਅਤੇ ਚੰਡੀਗੜ੍ਹ ਵਿਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਦਰਮਿਆਨ ਜਦਕਿ ਉੱਤਰ ਪ੍ਰਦੇਸ਼ ਅੰਦਰ ਕਾਂਗਰਸ ਤੇ ਸਮਾਜਵਾਦੀ ਪਾਰਟੀ ਦੇ ਹੋਏ ਚੋਣ ਗੱਠਜੋੜ ਨੇ 'ਇੰਡੀਆ' ਨੂੰ ਮੁੜ ਚਰਚਾ ਦਾ ਵਿਸ਼ਾ ਬਣਾ ਦਿੱਤਾ ਹੈ। ਸਾਡੇ ਲਈ ਇਹ ਅਹਿਮ ਹੈ ਕਿ ਕੁਝ ਮਹੀਨੇ ਪਹਿਲਾਂ 28 ਦੇ ਕਰੀਬ ਪਾਰਟੀਆਂ ਦਾ ਉਸਾਰਿਆ ਗਿਆ 'ਇੰਡੀਆ' ਗੱਠਜੋੜ ਹੁਣ ਮਹਿਜ਼ ਤਿੰਨ ਚਾਰ ਪਾਰਟੀਆਂ ਦੇ ਪੰਜ-ਸੱਤ ਸੂਬਿਆਂ ਵਿਚ ਚੋਣ ਗੱਠਜੋੜ ਤੱਕ ਸੀਮਤ ਕਿਉਂ ਹੋ ਗਿਆ ਹੈ। ਆਖਰ ਸਮੱਸਿਆ ਦੀ ਜੜ੍ਹ ਕਿੱਥੇ ਹੈ ਕਿ ਪਹਿਲਾਂ 'ਇੰਡੀਆ' ਗੱਠਜੋੜ ਦੇ ਸਿਰਕੱਢ ਆਗੂ ਨਿਤੀਸ਼ ਕੁਮਾਰ ਯੂ-ਟਰਨ ਮਾਰ ਗਏ ਅਤੇ ਹੁਣ ਦੂਜੀ ਵੱਡੀ ਆਗੂ ਮਮਤਾ ਬੈਨਰਜੀ ਨੇ ਇਕੱਲਿਆਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਗਹੁ ਨਾਲ ਤੱਕਿਆਂ ਸਮਝ ਪੈਂਦਾ ਹੈ ਕਿ 'ਇੰਡੀਆ' ਗੱਠਜੋੜ ਦੀ ਬੁਨਿਆਦ ਭਾਜਪਾ ਦੀ ਫਿਰਕੂ ਸਿਆਸਤ ਨੂੰ ਕਾਟ ਕਰਨਾ ਨਹੀਂ ਬਲਕਿ ਕਿਸੇ ਨਾ ਕਿਸੇ ਰੂਪ ਵਿਚ 'ਸੱਤਾ' ਹਾਸਲ ਕਰਨਾ ਜਾਂ 'ਸੱਤਾ' ਵਿਚ ਬਣੇ ਰਹਿਣਾ ਹੈ।

ਭਾਜਪਾ ਦੀ ਸਿਆਸਤ ਦੀ ਬੁਨਿਆਦ ਹਿੰਦੂਤਵੀ ਫਾਸ਼ੀਵਾਦ ਹੈ, ਇਸ ਨੇ ਜਦ ਤੋਂ 'ਸੱਤਾ' ਹਾਸਲ ਕੀਤੀ ਹੈ ਤਦ ਤੋਂ ਦੇਸ਼ ਵਿਚ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਔਰਤਾਂ, ਆਦਿਵਾਸੀਆਂ ਉੱਪਰ ਹਮਲੇ ਤੇਜ਼ ਹੋਏ ਹਨ। ਭਾਜਪਾ ਵੱਲੋਂ ਸੰਘੀ ਢਾਂਚੇ ਦੀ ਥਾਂ ਤਾਕਤਾਂ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ ਤੇ ਸੰਵਿਧਾਨ ਦੀ ਉਲੰਘਣਾ ਕਰ ਕੇ ਹਿੰਦੂਤਵ ਦੀ ਸਿਆਸਤ ਕੀਤੀ ਜਾ ਰਹੀ ਹੈ। ਇਸ ਲਈ ਸਮੇਂ ਦੀ ਲੋੜ ਹੈ ਕਿ ਭਾਜਪਾ ਦੀ ਫਿਰਕੂ ਸਿਆਸਤ ਨੂੰ ਕਾਟ ਕਰਨ ਲਈ ਦੇਸ਼ ਦੀਆਂ ਵਿਰੋਧੀ ਧਿਰਾਂ ਖਾਸਕਰ ਖੇਤਰੀ ਪਾਰਟੀਆਂ ਵੱਲੋਂ ਜਮਹੂਰੀ ਢੰਗ ਨਾਲ ਸਾਂਝਾ ਥੜ੍ਹਾ ਉਸਾਰਿਆ ਜਾਂਦਾ ਅਤੇ ਉਹ ਥੜ੍ਹਾ ਭਾਜਪਾ ਦੀਆਂ ਨੀਤੀਆਂ ਖਿਲਾਫ ਸੜਕਾਂ ਤੋਂ ਸੰਸਦ ਤੱਕ ਸੰਘਰਸ਼ਸ਼ੀਲ ਹੁੰਦਾ। 'ਇੰਡੀਆ' ਗੱਠਜੋੜ ਵਿਚ ਸ਼ਾਮਲ ਧਿਰਾਂ ਦਾ ਇੱਕੋ-ਇੱਕ ਮੰਤਵ ਕਿਸੇ ਵੀ ਢੰਗ ਨਾਲ ਖੁਦ 'ਸੱਤਾ' 'ਤੇ ਕਾਬਜ਼ ਹੋਣਾ ਹੈ ਅਤੇ ਇਹ ਭਾਜਪਾ ਦੀ ਫਿਰਕੂ ਸਿਆਸਤ ਦਾ ਠੋਸ ਬਦਲ ਦੇਣ ਦੀ ਥਾਂ ਖੁਦ ਉਸੇ ਦਾਇਰੇ ਵਿਚ ਖੁਦ ਨੂੰ ਵੱਧ ਹਿੰਦੂਤਵੀ ਸਾਬਤ ਕਰਨ ਵਿਚ ਜੁਟੀਆਂ ਹੋਈਆਂ ਹਨ। ਇਹੋ ਕਾਰਨ ਹੈ ਕਿ ਨਿਤੀਸ਼ ਕੁਮਾਰ ਵਰਗੇ ਸਿਰੇ ਦੇ ਮੌਕਾਪ੍ਰਸਤ ਸਿਆਸਤਦਾਨ ਪਲਟੀ ਮਾਰ ਗਏ ਹਨ ਅਤੇ ਮਮਤਾ ਬੈਨਰਜੀ ਵਰਗੇ ਸਿਆਸਤਦਾਨ ਕੁਝ ਸੀਟਾਂ ਖਾਤਰ ਲੜ ਰਹੇ ਹਨ।



**ਨਵਕਿਰਨ ਸਿੰਘ ਪੱਤੀ**
ਈਮੇਲ: n4navkiran@gmail.com

ਜੇਕਰ 'ਇੰਡੀਆ' ਗੱਠਜੋੜ ਸੱਚਮੁੱਚ ਸੁਹਿਰਦ ਹੁੰਦਾ ਤਾਂ ਪਿਛਲੇ ਦਿਨੀਂ ਖਨੌਰੀ ਬਾਰਡਰ ਉੱਪਰ ਕਿਸਾਨਾਂ 'ਤੇ ਹੋਏ ਪੁਲਿਸ ਤਸ਼ੱਦਦ ਖਿਲਾਫ ਕੋਈ ਠੋਸ ਪ੍ਰੋਗਰਾਮ ਉਲੀਕਦਾ। ਕਾਂਗਰਸ ਪਾਰਟੀ ਦਾ ਕਿਸਾਨ ਵਿੰਗ ਪੂਰੇ ਦੇਸ਼ ਵਿਚ ਮੌਜੂਦ ਹੈ ਪਰ ਉਹਨਾਂ ਵੱਲੋਂ ਕਿਧਰੇ ਵੀ ਕਿਸਾਨਾਂ ਦੇ ਪੱਖ ਵਿਚ ਆਪਣੇ ਪੱਧਰ 'ਤੇ ਕੋਈ ਧਰਨਾ/ਪ੍ਰਦਰਸ਼ਨ ਨਹੀਂ ਕੀਤਾ ਗਿਆ ਹੈ।

ਅਸਲ ਵਿਚ 'ਇੰਡੀਆ' ਗੱਠਜੋੜ ਵਿਚ ਸ਼ਾਮਲ ਜ਼ਿਆਦਾਤਰ ਪਾਰਟੀਆਂ ਇਸ ਕਦਰ ਮੌਕਾਪ੍ਰਸਤ ਹਨ ਕਿ ਜਿਸ ਸੂਬੇ ਵਿਚ ਉਨ੍ਹਾਂ ਨੂੰ ਜਿੱਤਣ ਦੀ ਥੋੜ੍ਹੀ ਬਹੁਤੀ ਸੰਭਾਵਨਾ ਨਜ਼ਰ ਪੈਂਦੀ ਹੈ, ਉਹ ਉਥੇ ਗੱਠਜੋੜ ਕਰਨ ਤੋਂ ਕਿਨਾਰਾ ਕਰ ਰਹੀਆਂ ਹਨ ਅਤੇ ਜਿੱਥੇ ਸਥਿਤੀ ਡਾਵਾਂਡੋਲ ਲੱਗਦੀ ਹੈ ਉੱਥੇ ਗੱਠਜੋੜ ਰਾਹੀਂ ਉੱਤਰ ਰਹੀਆਂ ਹਨ। ਉਦਾਹਰਨ ਵਜੋਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਦਿੱਲੀ, ਹਰਿਆਣਾ, ਚੰਡੀਗੜ੍ਹ, ਗੁਜਰਾਤ ਅਤੇ ਗੋਆ ਵਿਚ ਇਕੱਠੇ ਚੋਣ ਲੜਨ ਦਾ ਤੈਅ ਕਰ ਲਿਆ ਹੈ ਕਿਉਂਕਿ ਇਹਨਾਂ



ਸੂਬਿਆਂ/ਯੂ.ਟੀ. ਵਿਚ ਇਹਨਾਂ ਨੂੰ ਇਕੱਲੇ-ਇਕੱਲੇ ਜਿੱਤਣ ਦੀ ਸੰਭਾਵਨਾ ਨਾ-ਮਾਤਰ ਜਾਪਦੀ ਹੈ ਪਰ ਪੰਜਾਬ ਵਿਚ ਇਹ ਦੋਵੇਂ ਪਾਰਟੀਆਂ ਆਪਣੇ ਪੱਧਰ 'ਤੇ ਹੀ ਸਾਰੀਆਂ ਸੀਟਾਂ 'ਤੇ ਚੋਣਾਂ ਲੜਨਗੀਆਂ ਕਿਉਂਕਿ ਇੱਥੇ ਇਹਨਾਂ ਨੂੰ ਜਿੱਤਣ ਦੀ ਸੰਭਾਵਨਾ ਲੱਗਦੀ ਹੈ। ਦਿੱਲੀ 'ਚ ਹੋਏ ਚੋਣ ਸਮਝੌਤੇ ਤਹਿਤ 7 ਲੋਕ ਸਭਾ ਸੀਟਾਂ ਵਿਚੋਂ 'ਆਪ' ਚਾਰ ਸੀਟਾਂ 'ਤੇ ਜਦਕਿ ਕਾਂਗਰਸ ਤਿੰਨ ਸੀਟਾਂ ਤੋਂ ਚੋਣ ਲੜੇਗੀ। ਹਰਿਆਣਾ ਦੀਆਂ 10 ਲੋਕ ਸਭਾ ਸੀਟਾਂ ਵਿਚੋਂ ਨੌਂ ਉੱਪਰ ਕਾਂਗਰਸ ਤੇ ਇਕ ਸੀਟ ਕੁਰੂਕਸ਼ੇਤਰ ਤੋਂ 'ਆਪ' ਆਪਣਾ ਉਮੀਦਵਾਰ ਉਤਾਰੇਗੀ। ਗੁਜਰਾਤ ਦੀਆਂ 26 ਸੀਟਾਂ ਵਿਚੋਂ, ਕਾਂਗਰਸ 24 'ਤੇ ਚੋਣ ਲੜੇਗੀ ਜਦ 'ਆਪ' ਦੋ ਸੀਟਾਂ ਤੋਂ ਚੋਣ ਲੜੇਗੀ। ਚੰਡੀਗੜ੍ਹ ਤੇ ਗੋਆ ਤੋਂ ਵੀ ਕਾਂਗਰਸ ਚੋਣ ਲੜੇਗੀ ਤੇ 'ਆਪ' ਉਸ ਦੀ ਹਮਾਇਤ ਕਰੇਗੀ। ਇਸ ਤੋਂ ਵੱਧ ਮੌਕਾਪ੍ਰਸਤੀ ਕੀ ਹੋਵੇਗੀ ਕਿ ਪੰਜਾਬ ਵਿਚ ਇੱਕ ਦੂਜੇ ਖਿਲਾਫ ਭੰਡੀ ਪ੍ਰਚਾਰ ਕਰਨ ਵਾਲੇ ਚਾਰ ਕਦਮ ਦੂਰ ਹਰਿਆਣਾ ਜਾਂ ਚੰਡੀਗੜ੍ਹ ਵਿਚ ਇਕੱਠੇ ਨਜ਼ਰ ਆਉਣਗੇ। ਦਿੱਲੀ ਵਿਚ 'ਆਪ' ਸਰਕਾਰ ਹੋਣ ਦੇ ਬਾਵਜੂਦ ਅੱਜ ਤੱਕ ਉਹ ਦਿੱਲੀ ਦੀ ਇੱਕ ਵੀ ਲੋਕ ਸਭਾ ਸੀਟ ਨਹੀਂ ਜਿੱਤ ਸਕੀ ਹੈ; ਦੂਜੇ ਪਾਸੇ, ਕਾਂਗਰਸ ਨੂੰ ਵੀ ਪਿਛਲੇ ਇਕ ਦਹਾਕੇ ਤੋਂ ਦਿੱਲੀ ਵਿਚ ਕੋਈ ਸੀਟ ਨਹੀਂ ਮਿਲੀ ਹੈ ਜਿਸ ਕਾਰਨ ਇਹਨਾਂ ਵੱਲੋਂ ਇਕੱਠਿਆਂ ਚੋਣ ਲੜਨ ਦਾ ਐਲਾਨ ਕੀਤਾ ਹੈ। 2014 ਦੀਆਂ ਦਿੱਲੀ ਲੋਕ ਸਭਾ ਚੋਣਾਂ ਵਿਚ 'ਆਪ' ਦੀ ਵੋਟ ਫੀਸਦ 33 ਫੀਸਦ ਸੀ; 2019 ਦੀਆਂ ਚੋਣਾਂ ਵਿਚ ਇਹ ਘੱਟ ਕੇ 18 ਫੀਸਦ ਰਹਿ ਗਈ ਸੀ ਜਿਸ ਕਾਰਨ 'ਆਪ' ਨੂੰ ਉੱਥੇ ਗੱਠਜੋੜ ਕਰਨਾ ਜ਼ਰੂਰੀ ਲੱਗਿਆ; ਪੰਜਾਬ ਵਿਚ ਉਹਨਾਂ ਨੂੰ ਲੱਗਿਆ ਕਿ ਇੱਕ ਦੂਜੇ ਖਿਲਾਫ ਲੜ ਕੇ ਵੱਧ ਹਾਸਲ ਕਰ ਸਕਦੇ ਹਾਂ।

ਪੰਜਾਬੀ ਕਹਾਵਤ 'ਬੂਹੇ ਆਈ ਜੰਞ, ਵਿੰਨੋ ਕੁੜੀ ਦੇ ਕੰਨ' ਵਾਂਗ ਲੋਕ ਸਭਾ ਚੋਣਾਂ ਤੋਂ ਮਹਿਜ਼ ਕੁਝ ਮਹੀਨੇ ਪਹਿਲਾਂ ਉਸਾਰੇ 'ਇੰਡੀਆ' ਗੱਠਜੋੜ ਵੱਲੋਂ ਭਾਜਪਾ ਨੂੰ ਟੱਕਰ ਦੇਣੀ ਸੌਖਾ ਨਹੀਂ ਹੈ। ਜੇ ਇਹ ਪਾਰਟੀਆਂ ਸੁਹਿਰਦ ਹੁੰਦੀਆਂ ਤਾਂ ਭਾਜਪਾ ਦੀਆਂ ਫਾਸ਼ੀਵਾਦੀ ਨੀਤੀਆਂ ਖਿਲਾਫ ਪਿਛਲੇ ਸਮੇਂ ਤੋਂ ਇਕੱਠਿਆਂ ਲਾਮਬੰਦੀ ਕਰ ਰਹੀਆਂ ਹੁੰਦੀਆਂ ਅਤੇ ਹੁਣ ਤੱਕ ਭਾਜਪਾ ਖਿਲਾਫ ਲਹਿਰ ਨਜ਼ਰ ਆ ਰਹੀ ਹੁੰਦੀ। ਭਾਜਪਾ ਵੱਲੋਂ 'ਸੱਤਾ' ਹਾਸਲ ਕਰਨ ਮਹਿਜ਼ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਜਾਂ ਵਿਧਾਇਕਾਂ ਦੀ ਖਰੀਦੋ-ਫਰੋਖਤ ਹੀ ਨਹੀਂ ਕੀਤੀ ਜਾ ਰਹੀ ਹੈ ਬਲਕਿ ਚੰਡੀਗੜ੍ਹ ਮੇਅਰ ਚੋਣ ਵਿਚ ਹੋਈ ਨੰਗੀ ਚਿੱਟੀ ਧਾਂਦਲੀ ਨੇ ਸਾਬਤ ਕਰ ਦਿੱਤਾ ਹੈ ਕਿ ਭਾਜਪਾ ਚੋਣ ਜਿੱਤਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਅਜਿਹੇ ਵਿਚ ਇਹ ਕਿਵੇਂ ਸੋਚਿਆ ਜਾ ਸਕਦਾ ਹੈ ਕਿ ਭਾਜਪਾ ਨੂੰ ਹਰਾਉਣ ਲਈ ਮਹਿਜ਼ ਚੋਣਾਂ ਵਿਚ ਉਤਰਨਾ ਹੀ ਕਾਫੀ ਹੈ। ਭਾਜਪਾ ਨੂੰ ਦੇਸ਼ ਦੀ 'ਸੱਤਾ' ਤੋਂ ਲਾਂਭੇ ਕਰਨ ਲਈ ਲੰਮੀ ਲਾਮਬੰਦੀ ਦੀ ਜ਼ਰੂਰਤ ਹੈ ਜਿਸ ਤੋਂ 'ਇੰਡੀਆ' ਗੱਠਜੋੜ ਵਿਚ ਸ਼ਾਮਲ ਜ਼ਿਆਦਾਤਰ ਧਿਰਾਂ ਇਨਕਾਰੀ ਹਨ।

ਕਾਂਗਰਸ ਤੇ 'ਆਪ' ਦੇ ਚੋਣ ਗੱਠਜੋੜ ਤੋਂ ਇਲਾਵਾਂ ਉੱਤਰ ਪ੍ਰਦੇਸ਼ ਵਿਚ ਵੀ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਵਿਚ ਚੋਣ ਸਮਝੌਤਾ ਸਿਰੇ ਚੜ੍ਹਿਆ ਹੈ। ਯੂ.ਪੀ. ਵਿਚ ਸਮਾਜਵਾਦੀ ਪਾਰਟੀ 63 ਜਦਕਿ ਕਾਂਗਰਸ 17 ਸੀਟਾਂ 'ਤੇ ਚੋਣਾਂ ਲੜੇਗੀ। ਇਹਨਾਂ ਪਾਰਟੀਆਂ ਵਿਚ ਮੱਧ ਪ੍ਰਦੇਸ਼ ਅੰਦਰ ਵੀ ਸਮਝੌਤੇ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਉੱਤਰ ਪ੍ਰਦੇਸ਼ ਵਿਚ ਯੋਗੀ ਅਦਿੱਤਿਆਨਾਥ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਘੱਟ ਗਿਣਤੀ ਭਾਈਚਾਰੇ ਖਿਲਾਫ ਕੀਤੇ ਤਸ਼ੱਦਦ ਵਿਰੁੱਧ 'ਇੰਡੀਆ' ਗੱਠਜੋੜ ਵਿਚ ਸ਼ਾਮਲ ਮੁੱਖ ਧਿਰਾਂ ਨੇ ਕਦੇ ਧਰਨਾ ਤੱਕ ਨਹੀਂ ਦਿੱਤਾ ਤਾਂ ਉਹ ਲੋਕ ਚੋਣਾਂ ਤੋਂ ਮਹਿਜ਼ ਕੁੱਝ ਦਿਨ ਪਹਿਲਾਂ ਉਸਰੇ ਇਸ ਗੱਠਜੋੜ 'ਤੇ ਵਿਸ਼ਵਾਸ ਕਿਵੇਂ ਕਰਨਗੇ।

ਪੰਜਾਬ ਵਾਂਗ ਪੱਛਮੀ ਬੰਗਾਲ ਉਹ ਸੂਬਾ ਹੈ ਜਿੱਥੇ ਅਜੇ ਤੱਕ ਭਾਜਪਾ ਪੈਰ ਨਹੀਂ ਜਮਾ ਸਕੀ ਹੈ। ਇਸ ਸੂਰਤ ਵਿਚ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿਚ 'ਇੰਡੀਆ' ਗੱਠਜੋੜ ਵਿਚ ਸ਼ਾਮਲ ਧਿਰਾਂ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਪੱਛਮੀ ਬੰਗਾਲ ਵਿਚ ਭਾਜਪਾ ਦਾ ਇਕੱਠਿਆਂ ਮੁਕਾਬਲਾ ਕਰਦੇ ਪਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਵੱਲੋਂ ਇਹ ਐਲਾਨ ਕਰਨਾ ਕਿ ਤ੍ਰਿਣਮੂਲ ਕਾਂਗਰਸ ਇਕੱਲਿਆਂ ਪੱਛਮੀ ਬੰਗਾਲ ਵਿਚ ਚੋਣਾਂ ਲੜੇਗੀ ਉਸ ਦੀ ਮੌਕਾਪ੍ਰਸਤੀ ਨੂੰ ਦਰਸਾਉਂਦਾ ਹੈ।

ਵੈਸੇ ਇਹ ਨਹੀਂ ਹੈ ਕਿ 'ਇੰਡੀਆ' ਗੱਠਜੋੜ ਦੀ ਕੋਈ ਅਹਿਮੀਅਤ ਨਹੀਂ ਹੈ; ਚੰਡੀਗੜ੍ਹ ਮੇਅਰ ਚੋਣ ਵਿਚ ਇਸ ਗੱਠਜੋੜ ਨੇ ਭਾਜਪਾ ਦੀਆਂ ਚੋਣ ਧਾਂਦਲੀਆਂ ਨੂੰ ਬੇਪਰਦ ਵੀ ਕੀਤਾ ਹੈ ਅਤੇ ਇਹ ਸੰਕੇਤ ਵੀ ਦਿੱਤਾ ਹੈ ਕਿ ਭਾਜਪਾ ਨੂੰ ਹਰਾਇਆ ਜਾ ਸਕਦਾ ਹੈ ਪਰ ਇਹ ਵੀ ਸੱਚ ਹੈ ਕਿ ਕਾਂਗਰਸ, 'ਆਪ' ਸਮੇਤ ਇਸ ਗੱਠਜੋੜ ਵਿਚ ਸ਼ਾਮਲ ਜ਼ਿਆਦਾਤਰ ਧਿਰਾਂ ਮੌਕਾਪ੍ਰਸਤ ਹਨ। ਉਨ੍ਹਾਂ ਦਾ ਇੱਕੋ-ਇੱਕ ਮੰਤਵ 'ਸੱਤਾ' ਵਿਚ ਬਣੇ ਰਹਿਣਾ ਹੈ। ਇਸ ਲਈ ਇਹ ਗੱਠਜੋੜ ਲੋਕ ਪੱਖੀ ਬਦਲ ਨਹੀਂ ਬਣ ਸਕਦਾ ਹੈ। ਅਜਿਹੇ ਵਿਚ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਭਾਜਪਾ ਹਕੂਮਤ ਖਿਲਾਫ ਉੱਠ ਰਹੇ ਸੰਘਰਸ਼ਾਂ ਵਿਚ ਸ਼ਾਮਲ ਹੋਣ ਅਤੇ ਜਦ ਤੱਕ ਇਤਿਹਾਸਕ ਕਿਸਾਨ ਅੰਦੋਲਨ ਵਾਂਗ ਭਾਜਪਾ ਖਿਲਾਫ ਇਕ ਲੋਕ ਲਹਿਰ ਨਹੀਂ ਬਣਦੀ, ਤਦ ਤੱਕ ਇਸ ਨੂੰ ਹਰਾਉਣਾ ਸੌਖਾ ਕਾਰਜ ਨਹੀਂ।

ਸੋ, ਲੋਕ ਪੱਖੀ ਧਿਰਾਂ ਅਤੇ ਜਥੇਬੰਦੀਆਂ ਨੂੰ ਭਾਜਪਾ ਦੀਆਂ ਨੀਤੀਆਂ ਖਿਲਾਫ ਸਾਂਝੇ ਸੰਘਰਸ਼ ਉਸਾਰਨ ਵੱਲ ਵਧਣਾ ਚਾਹੀਦਾ ਹੈ।

**ਇਹ ਨਹੀਂ ਹੈ ਕਿ 'ਇੰਡੀਆ' ਗੱਠਜੋੜ ਦੀ ਕੋਈ ਅਹਿਮੀਅਤ ਨਹੀਂ ਹੈ; ਚੰਡੀਗੜ੍ਹ ਮੇਅਰ ਚੋਣ ਵਿਚ ਇਸ ਗੱਠਜੋੜ ਨੇ ਭਾਜਪਾ ਦੀਆਂ ਚੋਣ ਧਾਂਦਲੀਆਂ ਨੂੰ ਬੇਪਰਦ ਵੀ ਕੀਤਾ ਹੈ ਅਤੇ ਇਹ ਸੰਕੇਤ ਵੀ ਦਿੱਤਾ ਹੈ ਕਿ ਭਾਜਪਾ ਨੂੰ ਹਰਾਇਆ ਜਾ ਸਕਦਾ ਹੈ ਪਰ ਇਹ ਵੀ ਸੱਚ ਹੈ ਕਿ ਕਾਂਗਰਸ, 'ਆਪ' ਸਮੇਤ ਇਸ ਗੱਠਜੋੜ ਵਿਚ ਸ਼ਾਮਲ ਜ਼ਿਆਦਾਤਰ ਧਿਰਾਂ ਮੌਕਾਪ੍ਰਸਤ ਹਨ।**

# ਪ੍ਰਗਟਾਵੇ ਦਾ ਹੱਕ ਕੁਚਲਣ ਵਿਚ 'ਵਿਸ਼ਵ ਗੁਰੂ' ਭਾਰਤ

**ਇੰਟਰਨੈੱਟ ਸੇਵਾਵਾਂ ਅਣਮਿੱਥੇ ਸਮੇਂ ਲਈ ਮੁਅੱਤਲ ਕਰਨ ਅਤੇ ਸੋਸ਼ਲ ਮੀਡੀਆ ਅਕਾਊਂਟ ਜਾਮ ਕਰਨ ਸਮੇਂ ਸਰਕਾਰਾਂ ਦਲੀਲ ਦਿੰਦੀਆਂ ਹਨ ਕਿ ਅਜਿਹਾ ਸੰਕਟ ਦੇ ਸਮਿਆਂ 'ਚ ਗ਼ਲਤ ਸੂਚਨਾਵਾਂ ਅਤੇ ਅਫ਼ਵਾਹਾਂ ਨੂੰ ਰੋਕਣ ਲਈ ਕੀਤਾ ਜਾਂਦਾ ਹੈ; ਹਕੀਕਤ ਇਹ ਹੈ ਕਿ ਸੰਕਟ ਲਈ ਮੁੱਖ ਜ਼ਿੰਮੇਵਾਰ ਵੀ ਭਾਰਤ ਦੀਆਂ ਸਰਕਾਰਾਂ, ਖ਼ਾਸ ਕਰ ਕੇ ਭਗਵਾ ਹੁਕਮਰਾਨ ਹਨ ਜੋ ਇਕ ਪਾਸੇ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਅਨੁਸਾਰ ਸਮਾਜ ਵਿਚ ਫਿਰਕੂ ਜ਼ਹਿਰ ਫੈਲਾ ਰਹੇ ਹਨ ਅਤੇ ਫਿਰ ਸੰਕਟਾਂ ਨੂੰ ਰਾਜਨੀਤਕ ਤੌਰ 'ਤੇ ਹੱਲ ਕਰਨ ਦੀ ਬਜਾਇ ਇਨ੍ਹਾਂ ਨੂੰ ਅਮਨ-ਕਾਨੂੰਨ ਦੇ ਮਸਲੇ ਕਰਾਰ ਦੇ ਕੇ ਲੋਕਾਂ ਦੀ ਜ਼ੁਬਾਨਬੰਦੀ ਕਰਦੇ ਹਨ। ਇਹ ਤਾਂ ਹੁਣ ਜੱਗ-ਜ਼ਾਹਿਰ ਹੈ ਕਿ ਗ਼ਲਤ ਜਾਣਕਾਰੀ, ਅਫ਼ਵਾਹਾਂ ਫੈਲਾਉਣ, ਹਿੰਸਕ ਪ੍ਰਚਾਰ, ਤੱਥਾਂ ਦੀ ਤੋੜ-ਮਰੋੜ ਦਾ ਘਿਨਾਉਣਾ ਕੰਮ ਸਭ ਤੋਂ ਵੱਧ ਖ਼ੁਦ ਮੌਜੂਦਾ ਭਗਵਾ ਹਕਮੂਤ ਦੇ ਆਗੂ ਅਤੇ ਇਨ੍ਹਾਂ ਦਾ ਪ੍ਰਚਾਰਤੰਤਰ ਕਰਦਾ ਹੈ। ਇੰਟਰਨੈੱਟ ਬੰਦੀ, ਦੂਜਿਆਂ ਦੇ ਅਕਾਊਂਟ ਬੰਦ ਕਰਨਾ ਇਸੇ ਯੁੱਧਨੀਤੀ ਦਾ ਹਿੱਸਾ ਹੈ।**

ਆਰ.ਐੱਸ.ਐੱਸ.-ਭਾਜਪਾ ਸਰਕਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਕੁਚਲਣ ਲਈ ਜਿਸ ਕਦਰ ਸੋਸ਼ਲ ਮੀਡੀਆ ਉੱਪਰ ਰੋਕਾਂ ਅਤੇ ਇੰਟਰਨੈੱਟ ਬੰਦ ਕਰਨ ਦਾ ਸਹਾਰਾ ਲੈ ਰਹੀ ਹੈ, ਉਸ ਨਾਲ 'ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ' ਦਾ ਅਸਲ ਚਿਹਰਾ ਵਾਰ-ਵਾਰ ਸਾਹਮਣੇ ਆ ਰਿਹਾ ਹੈ। ਦੁਨੀਆ ਭਰ ਵਿਚ 2018 'ਚ 196 ਵਾਰ, 2019 'ਚ 213 ਵਾਰ, 2020 'ਚ 159 ਵਾਰ, 2021 'ਚ 184 ਵਾਰ ਅਤੇ 2022 'ਚ 187 ਵਾਰ ਇੰਟਰਨੈੱਟ ਬੰਦ ਕੀਤਾ ਗਿਆ ਜਿਸ ਵਿਚੋਂ ਭਾਰਤ ਦੇ ਹੁਕਮਰਾਨਾਂ ਨੇ ਕ੍ਰਮਵਾਰ 134, 121, 109, 107 ਅਤੇ 84 ਵਾਰ ਇੰਟਰਨੈੱਟ ਬੰਦ ਕੀਤਾ; ਯਾਨੀ, ਕੁਲ ਬੰਦ ਦਾ 58%। ਇਸ ਤਰ੍ਹਾਂ ਪਿਛਲੇ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਪੰਜ ਸਾਲਾਂ 'ਚ ਭਾਰਤ ਨੇ ਦੁਨੀਆ ਦੇ ਕਿਸੇ ਵੀ ਹੋਰ ਮੁਲਕ ਨਾਲੋਂ ਵਧੇਰੇ ਇੰਟਰਨੈੱਟ ਬੰਦ ਕੀਤਾ। ਇਹ ਅਨੁਰਾਧਾ ਭਸੀਨ ਬਨਾਮ ਭਾਰਤ ਸਰਕਾਰ ਕੇਸ ਵਿਚ ਸੁਪਰੀਮ ਕੋਰਟ ਦੇ ਇਸ ਹੁਕਮ ਦੇ ਬਾਵਜੂਦ ਹੋਇਆ ਹੈ ਕਿ ਅਣਮਿਥੇ ਸਮੇਂ ਲਈ ਇੰਟਰਨੈੱਟ ਸੇਵਾਵਾਂ ਬੰਦ ਕਰਨਾ ਗ਼ੈਰ-ਕਾਨੂੰਨੀ ਹੈ ਅਤੇ ਅਜਿਹੇ ਹੁਕਮ ਜ਼ਰੂਰਤ ਅਤੇ ਅਨੁਪਾਤਕ ਦੀ ਕਸੌਟੀ ਉੱਪਰ ਪੂਰੇ ਉਤਰਨੇ ਚਾਹੀਦੇ ਹਨ।

ਮੌਜੂਦਾ ਕਿਸਾਨ ਅੰਦੋਲਨ ਸ਼ੁਰੂ ਹੋਣ 'ਤੇ ਪਿਛਲੇ ਦਿਨੀਂ ਕੇਂਦਰੀ ਹਕੂਮਤ ਨੇ ਖ਼ਾਸ ਯੂਜ਼ਰਾਂ ਨੂੰ ਆਪਣੀ ਗੱਲ ਕਹਿਣ ਤੋਂ ਰੋਕਣ ਲਈ ਪਲੈਟਫਾਰਮ ਐਕਸ ਨੂੰ 177 ਸੋਸ਼ਲ ਮੀਡੀਆ ਅਕਾਊਂਟਾਂ ਨੂੰ ਭਾਰਤ ਵਿਚ ਜਾਮ ਕਰਨ ਦੀ ਹਦਾਇਤ ਕੀਤੀ। ਚੰਗੀ ਗੱਲ ਇਹ ਹੋਈ ਹੈ ਕਿ ਹੁਣ ਇਨ੍ਹਾਂ ਰੋਕਾਂ ਦਾ ਨੋਟਿਸ ਐਕਸ (ਸਾਬਕਾ ਟਵਿੱਟਰ) ਵਰਗੇ ਪਲੈਟਫਾਰਮਾਂ ਨੇ ਵੀ ਨੋਟਿਸ ਲਿਆ ਹੈ। ਇਸ ਉੱਪਰ ਇਤਰਾਜ਼ ਕਰਦਿਆਂ ਐਕਸ ਨੇ ਕਿਹਾ ਕਿ ਭਾਵੇਂ ਪਲੈਟਫਾਰਮ 'ਸਰਕਾਰੀ ਹੁਕਮਾਂ' ਦੀ ਪਾਲਣਾ ਕਰੇਗਾ ਪਰ 'ਪ੍ਰਗਟਾਵੇ ਦੀ ਆਜ਼ਾਦੀ' ਦਾ ਵਿਸਤਾਰ ਸੋਸ਼ਲ ਮੀਡੀਆ ਤੱਕ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਹਰਿਆਣਾ ਅਤੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ 'ਅਮਨ-ਕਾਨੂੰਨ ਦੀ ਸਮੱਸਿਆ' ਦੇ ਬਹਾਨੇ ਇੰਟਰਨੈੱਟ ਬੰਦ ਰੱਖਿਆ ਗਿਆ। ਇਸ ਨਾਲ ਆਮ ਲੋਕਾਂ, ਖ਼ਾਸ ਕਰ ਕੇ ਵਿਦਿਆਰਥੀਆਂ ਅਤੇ ਕਾਰੋਬਾਰੀਆਂ ਦੀ ਜ਼ਿੰਦਗੀ ਉੱਪਰ ਬਹੁਤ ਮਾੜਾ ਅਸਰ ਪਿਆ।

ਨਿਊਜ਼ ਵਿਸ਼ਲੇਸ਼ਣ ਪੋਰਟਲ ਨਿਊਜ਼ ਲਾਂਡਰੀ ਨੇ ਇਨ੍ਹਾਂ ਵਿਚੋਂ ਘੱਟੋ-ਘੱਟ ਐਕਸ ਦੇ 27 ਅਤੇ ਇੰਸਟਾਗ੍ਰਾਮ ਦੇ ਚਾਰ ਅਕਾਊਂਟਾਂ ਦਾ ਰਿਵਿਊ ਕੀਤਾ ਜਿਨ੍ਹਾਂ ਨੂੰ 13 ਤੋਂ 22 ਫਰਵਰੀ ਦਰਮਿਆਨ ਬੰਦ ਕੀਤਾ ਗਿਆ। ਨਿਊਜ਼ ਲਾਂਡਰੀ ਵੱਲੋਂ ਜੁਟਾਈ ਜਾਣਕਾਰੀ ਦੱਸਦੀ ਹੈ ਕਿ ਇਨ੍ਹਾਂ ਵਿਚੋਂ ਇਕ ਅਕਾਊਂਟ ਮੀਡੀਆ ਦਾ, ਇਕ ਕਿਸਾਨ ਜਥੇਬੰਦੀ ਦਾ, ਅੱਠ ਕਿਸਾਨ ਆਗੂਆਂ ਦੇ ਅਤੇ ਚਾਰ ਪੱਤਰਕਾਰਾਂ ਦੇ ਅਕਾਊਂਟ ਸਨ। ਇਨ੍ਹਾਂ ਤੋਂ ਇਲਾਵਾ, ਬਹੁਤ ਸਾਰੇ ਸਿੱਖ ਕਾਰਕੁਨਾਂ ਅਤੇ ਮੌਜੂਦਾ ਕਿਸਾਨ ਅੰਦੋਲਨ ਬਾਰੇ ਬੇਬਾਕੀ ਨਾਲ ਲਿਖਣ ਵਾਲਿਆਂ ਦੇ ਅਕਾਊਂਟ ਸਨ।

ਜਿਸ ਦਿਨ, 13 ਫਰਵਰੀ ਨੂੰ, ਸੰਯੁਕਤ ਕਿਸਾਨ ਮੋਰਚਾ (ਗ਼ੈਰ-ਰਾਜਨੀਤਕ) ਅਤੇ ਕਿਸਾਨ ਮਜ਼ਦੂਰ ਮੋਰਚੇ ਨੇ ਆਪਣੀਆਂ ਮੰਗਾਂ ਉੱਪਰ ਅੰਦੋਲਨ ਕਰਨ ਲਈ ਦਿੱਲੀ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਤੋਂ ਦਿੱਲੀ ਵੱਲ ਕੂਚ ਕਰਨਾ ਸੀ, ਉਦੋਂ ਕਿਸਾਨ ਆਗੂ ਗੁਰਪ੍ਰੀਤ ਸੰਘਾ ਦਾ ਅਕਾਊਂਟ 'ਫਾਰਮਸਟੂਡੀਓਜ਼' ਜਾਮ ਕਰ ਦਿੱਤਾ ਗਿਆ। ਇਕ ਹਫ਼ਤੇ ਬਾਅਦ ਉਸ ਦਾ ਦੂਜਾ ਅਕਾਊਂਟ 'ਫਾਰਮਸਟੂਡੀਓਜ਼ਜ਼' ਵੀ ਜਾਮ ਕਰ ਦਿੱਤਾ ਗਿਆ ਜੋ ਉਸ ਨੇ ਪਹਿਲਾ ਅਕਾਊਂਟ ਜਾਮ ਕਰਨ 'ਤੇ ਬਣਾਇਆ ਸੀ। ਪਹਿਲੇ ਅਕਾਊਂਟ ਦੇ 600 ਜਦਕਿ ਮਗਰਲੇ ਦੇ ਮਹਿਜ਼ 300 ਫਾਲੋਅਰ ਸਨ। ਦੋ ਦਿਨ ਬਾਅਦ 15 ਫਰਵਰੀ ਨੂੰ ਕਿਸਾਨ ਆਗੂ ਰਮਨਦੀਪ ਸਿੰਘ ਦਾ ਐਕਸ ਅਕਾਊਂਟ ਵੀ ਜਾਮ ਕਰ ਦਿੱਤਾ ਗਿਆ। ਇਸ ਦੇ 38000



ਫਾਲੋਅਰ ਸਨ ਅਤੇ ਇਸ ਅਕਾਊਂਟ ਉੱਪਰ ਕਿਸਾਨ ਅੰਦੋਲਨ ਬਾਰੇ ਬਾਕਾਇਦਗੀ ਨਾਲ ਅੱਪਡੇਟ ਕੀਤਾ ਜਾ ਰਿਹਾ ਸੀ। ਇਨ੍ਹਾਂ ਤੋਂ ਇਲਾਵਾ, ਭਾਰਤੀ ਕਿਸਾਨ ਯੂਨੀਅਨ (ਸ਼ਹੀਦ ਭਗਤ ਸਿੰਘ) ਦਾ ਐਕਸ ਅਕਾਊਂਟ, ਕਿਸਾਨ ਆਗੂਆਂ ਸਰਵਣ ਪੰਧੇਰ, ਅਸ਼ੋਕ ਦਾਨੋਦਾ, ਅਨੁਜ ਸਿੰਘ, ਤੇਜਵੀਰ ਸਿੰਘ, ਸੁਰਜੀਤ ਫੂਲ ਦੇ ਅਕਾਊਂਟ ਵੀ ਜਾਮ ਕਰ ਦਿੱਤੇ ਗਏ।

ਇਸੇ ਤਰ੍ਹਾਂ ਪੱਤਰਕਾਰ ਮਨਦੀਪ ਪੂਨੀਆ ਦੇ ਸੋਸ਼ਲ ਮੀਡੀਆ ਅਕਾਊਂਟਾਂ ਨੂੰ ਨਿਸ਼ਾਨਾ ਬਣਾਇਆ ਗਿਆ। ਉਸ ਦਾ ਆਪਣਾ ਅਕਾਊਂਟ, ਉਸ ਦੇ ਡਿਜੀਟਲ ਮੀਡੀਆ ਆਊਟਲੈੱਟ, ਗਾਓਂ ਸਵੇਰਾ, ਐਕਸ, ਇੰਸਟਾਗ੍ਰਾਮ, ਫੇਸਬੁੱਕ ਅਤੇ ਯੂਟਿਊਬ ਅਕਾਊਂਟ ਵੀ ਜਾਮ ਕਰ ਦਿੱਤੇ ਗਏ। ਉਸ ਦੇ ਨਿੰਜੀ ਅਕਾਊਂਟ ਦੇ ਡੇਢ ਲੱਖ ਅਤੇ ਗਾਓਂ ਸਵੇਰਾ ਦੇ ਇਕ ਲੱਖ ਫਾਲੋਅਰ ਹਨ। ਸੁਤੰਤਰ ਪੱਤਰਕਾਰ ਸੰਦੀਪ ਸਿੰਘ ਅਤੇ ਪੰਜਾਬ ਤੋਂ ਪੱਤਰਕਾਰ ਰਤਨਦੀਪ ਸਿੰਘ ਧਾਲੀਵਾਲ ਦੇ ਅਕਾਊਂਟ ਵੀ ਜਾਮ ਕਰ ਲਏ ਗਏ। ਸੰਦੀਪ ਸਿੰਘ ਦਾ ਅਕਾਊਂਟ ਪਿਛਲੇ ਸਾਲ ਮਾਰਚ ਵਿਚ ਅੰਮ੍ਰਿਤਪਾਲ ਸਿੰਘ ਵਰਤਾਰੇ ਉੱਪਰ ਹਕੂਮਤੀ ਹਮਲੇ ਦੇ ਵਕਤ ਵੀ ਜਾਮ ਕਰ ਦਿੱਤਾ ਗਿਆ ਸੀ ਜੋ ਦੋ ਮਹੀਨੇ ਬਾਅਦ ਮੁੜ ਚਾਲੂ ਹੋਇਆ ਸੀ। ਇਨ੍ਹਾਂ ਤੋਂ ਇਲਾਵਾ 15 ਫਰਵਰੀ ਨੂੰ ਸਮਾਜਿਕ ਕਾਰਕੁਨ ਹੰਸਰਾਜ ਮੀਨਾ ਦੇ ਦੋ ਅਕਾਊਂਟ- ਹੰਸਰਾਜਮੀਨਾ ਅਤੇ ਟਰਾਈਬਲਆਰਮੀ - ਜਾਮ ਕਰ ਦਿੱਤੇ ਗਏ। ਇਹ ਦੋਵੇਂ ਅਕਾਊਂਟ ਆਦਿਵਾਸੀਆਂ ਦੇ ਮੁੱਦੇ ਚੁੱਕਣ ਦੇ ਨਾਲ-ਨਾਲ ਕਿਸਾਨਾਂ ਦੇ ਚੱਲ ਰਹੇ ਅੰਦੋਲਨਾਂ ਬਾਰੇ ਵੀ ਰਿਪੋਰਟਿੰਗ ਕਰ ਰਹੇ ਸਨ। ਇਸੇ ਤਰ੍ਹਾਂ, ਲੰਡਨ ਆਧਾਰਤ ਸਿੱਖ ਕਾਰਕੁਨ ਮਨਕਮਲ ਸਿੰਘ ਅਤੇ ਦਿਸਿੱਖਨੈੱਟ ਦੇ ਐਕਸ ਅਕਾਊਂਟਾਂ ਦੇ ਨਾਲ-ਨਾਲ ਕੈਨੇਡੀਅਨ ਸਿੱਖ ਸਿਆਸਤਦਾਨ ਗੁਰਰਤਨ ਸਿੰਘ ਅਤੇ ਟਰੈਕਟਰ2ਟਵਿੱਟਰ ਦੇ ਇੰਸਟਾਗ੍ਰਾਮ ਅਕਾਊਂਟ ਵੀ ਜਾਮ ਕਰ ਦਿੱਤੇ ਗਏ। ਇਸੇ ਤਰ੍ਹਾਂ, ਫਾਰਮਰਜ਼ਫਰੰਟ, ਟਰੈਕਟਰ2ਟਵਿੱਟਰਪੀ, ਪੋਲੀਟੀਕਲਜ਼, ਪਰਮਓਂਕਾਰ, ਭਵਜੀਤਸਿੰਘ , ਨੀਰਤੋਮਰ9, ਯੂਕੇ51ਐੱਨਜੀਐੱਚ ਅਤੇ ਹਰਜਿੰਦਰ108 ਸਮੇਤ 11 ਹੋਰ ਅਕਾਊਂਟ ਜਾਮ ਕਰ ਦਿੱਤੇ ਗਏ। ਇਨ੍ਹਾਂ ਵਿਚੋਂ ਕਿਸੇ ਨੂੰ ਵੀ ਇਹ ਨਹੀਂ ਦੱਸਿਆ ਗਿਆ ਕਿ ਸਰਕਾਰ ਵੱਲੋਂ ਉਨ੍ਹਾਂ ਦੇ ਅਕਾਊਂਟ ਜਾਮ ਕਿਉਂ ਗਏ ਹਨ ਅਤੇ ਉਨ੍ਹਾਂ ਦੇ ਅਕਾਊਂਟਾਂ ਉੱਪਰ ਗ਼ੈਰ-ਕਾਨੂੰਨੀ ਜਾਂ ਇਤਰਾਜ਼ਯੋਗ ਕੀ ਹੈ।

ਚਾਹੇ ਜੰਮੂ ਕਸ਼ਮੀਰ ਦੀ ਖ਼ੁਦਮੁਖਤਿਆਰੀ ਦਾ ਭੋਗ ਪਾਏ ਜਾਣ ਸਮੇਂ ਕਸ਼ਮੀਰੀਆਂ ਦੇ ਵਿਰੋਧ ਦੇ ਹੱਕ ਨੂੰ ਕੁਚਲਣਾ ਹੋਵੇ, ਚਾਹੇ ਮਨੀਪੁਰ ਵਿਚ ਔਰਤਾਂ ਉੱਪਰ ਵਿਆਪਕ ਪੈਮਾਨੇ 'ਤੇ ਕੀਤੀ ਗਈ ਜਿਨਸੀ ਹਿੰਸਾ ਦੇ ਤੱਥਾਂ ਨੂੰ ਦਬਾਉਣਾ ਹੋਵੇ, ਚਾਹੇ ਮੇਵਾਤ (ਹਰਿਆਣਾ) ਵਿਚ ਮੁਸਲਮਾਨਾਂ ਵਿਰੁੱਧ ਫਿਰਕੂ ਹਿੰਸਾ ਤੋਂ ਦੁਨੀਆ ਨੂੰ ਬੇਖ਼ਬਰ ਰੱਖਣਾ ਹੋਵੇ ਅਤੇ ਚਾਹੇ ਹੁਣ ਕਿਸਾਨ ਅੰਦੋਲਨ ਨੂੰ ਦਬਾਉਣ ਲਈ ਹਕੂਮਤ ਵੱਲੋਂ ਕੀਤੇ ਜਾ ਰਹੇ ਤਾਨਾਸ਼ਾਹ ਜਬਰ ਉੱਪਰ ਪਰਦਾ ਪਾਉਣਾ ਹੋਵੇ, ਲੰਮੇ ਸਮੇਂ ਲਈ ਇੰਟਰਨੈੱਟ ਬੰਦੀ ਅਤੇ ਸੋਸ਼ਲ ਮੀਡੀਆ ਉੱਪਰ ਰੋਕਾਂ ਲਾਉਣਾ ਆਮ ਬਣ ਚੁੱਕਾ ਹੈ। ਨਾਲ ਹੀ ਹਕੂਮਤ ਵੱਲੋਂ ਮੈਟਾ, ਇੰਸਤਾਗ੍ਰਾਮ ਅਤੇ ਗੂਗਲ ਦੀ ਮਾਲਕੀ ਵਾਲੇ ਯੂਟਿਊਬ ਵਰਗੇ ਸੋਸ਼ਲ ਮੀਡੀਆ ਪਲੈਟਫਾਰਮਾਂ ਨੂੰ ਹਦਾਇਤ ਕਰ ਦਿੱਤੀ ਜਾਂਦੀ ਹੈ ਕਿ ਪਾਬੰਦੀਆਂ ਅਤੇ ਰੋਕਾਂ ਦੇ ਇਨ੍ਹਾਂ ਸਰਕਾਰੀ ਹੁਕਮਾਂ ਨੂੰ ਜਨਤਕ ਨਹੀਂ ਕਰਨਾ ਕਿਉਂਕਿ ਉਹ ਸੂਚਨਾ ਤਕਨਾਲੋਜੀ (ਬਲੌਕਿੰਗ ਰੂਲਜ਼) 2009 ਦੇ ਤਹਿਤ ਅਜਿਹੇ ਹੁਕਮਾਂ ਨੂੰ ਜਨਤਕ ਨਾ ਕਰਨ ਦੇ ਪਾਬੰਦ ਹਨ। ਰੂਲ 16 ਕਹਿੰਦਾ ਹੈ ਕਿ "ਆਈਆਂ ਤਮਾਮ ਬੇਨਤੀਆਂ ਤੇ ਸ਼ਿਕਾਇਤਾਂ ਅਤੇ ਇਨ੍ਹਾਂ ਉੱਪਰ ਕੀਤੀਆਂ ਕਾਰਵਾਈਆਂ ਬਾਬਤ ਸਖ਼ਤੀ ਨਾਲ ਗੁਪਤਤਾ ਬਣਾਈ ਰੱਖਣੀ" ਜ਼ਰੂਰੀ ਹੈ। ਇਨ੍ਹਾਂ ਹੁਕਮਾਂ ਨੂੰ ਪਾਰਦਰਸ਼ਤਾ ਤਹਿਤ ਜਨਤਕ ਕਰਨ ਦੀ ਬਜਾਇ, ਕਿਉਂਕਿ ਅਜਿਹੀਆਂ ਰੋਕਾਂ ਅਤੇ ਪਾਬੰਦੀਆਂ ਦੇ ਕਾਰਨਾਂ ਦੀ ਵਾਜਬੀਅਤ ਦੀ ਜਾਣਕਾਰੀ ਹੋਣਾ ਨਾਗਰਿਕਾਂ ਦਾ ਸੰਵਿਧਾਨਕ ਹੱਕ ਹੈ, ਪੂਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ ਹੈ ਕਿਉਂਕਿ ਇਹ ਤਾਨਾਸ਼ਾਹ ਹਕੂਮਤ ਦੀਆਂ ਮਨਮਾਨੀਆਂ ਦਾ ਨਤੀਜਾ ਹੁੰਦੇ ਹਨ ਅਤੇ ਇਨ੍ਹਾਂ ਦੀ ਕੋਈ ਸੰਵਿਧਾਨਕ ਵਾਜਬੀਅਤ ਨਹੀਂ ਹੁੰਦੀ। ਇਸ ਨਾਲ ਹਕੂਮਤ ਇਸ ਜਵਾਬਦੇਹੀ ਤੋਂ ਬਚ ਜਾਂਦੀ ਹੈ ਕਿ ਅਜਿਹਾ ਕਿਉਂ ਜ਼ਰੂਰੀ ਸੀ।

**ਹੁਣ ਸੋਸ਼ਲ ਮੀਡੀਆ ਦੀ ਆਜ਼ਾਦੀ ਲਈ ਵੀ ਉਸੇ ਤਰ੍ਹਾਂ ਸੰਘਰਸ਼ ਕਰਨਾ ਜ਼ਰੂਰੀ ਹੈ ਜਿਸ ਤਰ੍ਹਾਂ ਸਮਾਜ ਦੇ ਵੱਖ-ਵੱਖ ਵਰਗ ਆਪਣੇ ਹਿਤਾਂ ਤੇ ਹੋਰ ਹੱਕਾਂ ਲਈ ਕਰਦੇ ਹਨ। ਇਹ ਜਾਨ-ਹੂਲਵੇਂ ਸੰਘਰਸ਼ਾਂ ਰਾਹੀਂ ਹਾਸਲ ਕੀਤੀ ਜਮਹੂਰੀ ਸਪੇਸ ਨੂੰ ਹਕੂਮਤ ਦੇ ਫਾਸ਼ੀਵਾਦੀ ਪ੍ਰੋਜੈਕਟ ਤੋਂ ਬਚਾਉਣ ਦਾ ਸਵਾਲ ਹੈ।**

ਸੋਸ਼ਲ ਮੀਡੀਆ ਦੇ ਪਾਰਦਰਸ਼ਤਾ ਡੇਟਾ ਦੇ ਵਿਸ਼ਲੇਸ਼ਣ ਤੋਂ ਨਿਊਜ਼ ਲਾਂਡਰੀ ਨੇ ਦੇਖਿਆ ਕਿ ਸਰਕਾਰ ਵੱਲੋਂ ਪਲੈਟਫਾਰਮ ਐਕਸ ਤੋਂ ਅਕਾਊਂਟਾਂ ਦੀ ਜਾਣਕਾਰੀ ਮੰਗਣ ਦੀਆਂ ਬੇਨਤੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। 2012 'ਚ ਸਰਕਾਰ ਵੱਲੋਂ ਅਜਿਹੀਆਂ ਸਿਰਫ਼ ਛੇ ਬੇਨਤੀਆਂ ਆਈਆਂ ਸਨ। 2014 ਤੱਕ ਇਨ੍ਹਾਂ ਦੀ ਗਿਣਤੀ ਵਧ ਕੇ 57 ਹੋ ਗਈ ਅਤੇ 2021 ਤੱਕ ਇਨ੍ਹਾਂ ਦੀ ਗਿਣਤੀ 4386 ਤੱਕ ਜਾ ਪਹੁੰਚੀ। 2012-2021 ਦਰਮਿਆਨ ਇਹ ਵਾਧਾ 99.8ਫ਼ੀ ਸਦੀ ਹੈ।

21ਵੀਂ ਸਦੀ ਡਿਜੀਟਲ ਮੀਡੀਆ ਦਾ ਯੁਗ ਹੈ। ਆਰਥਿਕਤਾ ਅਤੇ ਜ਼ਿੰਦਗੀ ਦਾ ਦਾਰੋਮਦਾਰ ਵੀ ਜ਼ਿਆਦਾਤਰ ਇੰਟਰਨੈੱਟ ਉੱਪਰ ਨਿਰਭਰ ਹੈ। ਹਰ ਮੁਲਕ ਦੇ ਨਾਗਰਿਕ ਨੂੰ ਜਾਣਕਾਰੀ ਲਈ ਨਿਰਵਿਘਨ ਇੰਟਰਨੈੱਟ ਸਰਵਿਸ ਅਤੇ ਡਿਜੀਟਲ ਮੀਡੀਆ ਤੱਕ ਬੇਰੋਕ-ਟੋਕ ਰਸਾਈ ਦਾ ਅਤੇ ਆਪਣੀ ਗੱਲ ਕਹਿਣ ਦਾ ਹੱਕ ਹੈ। ਇਹ ਪਹੁੰਚ ਇਸ ਕਰ ਕੇ ਵੀ ਜ਼ਰੂਰੀ ਹੈ ਕਿ ਨਾਗਰਿਕਾਂ ਦੀ ਆਰਥਕ ਤੇ ਹੋਰ ਰੋਜ਼ਮੱਰਾ ਜ਼ਿੰਦਗੀ 'ਚ ਕੋਈ ਰੁਕਾਵਟ ਨਾ ਪਵੇ। ਕੈਸ਼ ਟਰਾਂਸਫਰ ਤੋਂ ਇਲਾਵਾ ਬਹੁਤ ਸਾਰੀਆਂ ਸਮਾਜ-ਭਲਾਈ ਸਕੀਮਾਂ (ਮਿਸਾਲ ਵਜੋਂ ਮਨਰੇਗਾ ਸਕੀਮ) ਪੂਰੀ ਤਰ੍ਹਾਂ ਆਨਲਾਈਨ ਹੋਣ ਕਾਰਨ ਇਸ ਦੀ ਸਭ ਤੋਂ ਵੱਧ ਮਾਰ ਸਮਾਜ ਦੇ ਸਭ ਤੋਂ ਵਾਂਝੇ ਤੇ ਕਮਜ਼ੋਰ ਹਿੱਸਿਆਂ ਉੱਪਰ ਪੈਂਦੀ ਹੈ।


ਸੋਸ਼ਲ ਮੀਡੀਆ ਅਕਾਊਂਟ ਜਾਮ ਕਰਨ ਦੀਆਂ ਉਪਰੋਕਤ ਮਿਸਾਲਾਂ 'ਚ ਵੀ ਇਹ ਦੋਵੇਂ ਪੱਖ ਸ਼ਾਮਲ ਹਨ। ਬਤੌਰ ਨਾਗਰਿਕ ਉਨ੍ਹਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਕੁਚਲਣ ਦੇ ਨਾਲ-ਨਾਲ ਉਨ੍ਹਾਂ ਦੀ ਆਰਥਿਕਤਾ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਉਪਰੋਕਤ ਪੱਤਰਕਾਰਾਂ ਲਈ ਡਿਜੀਟਲ ਮੀਡੀਆ ਰੋਟੀ-ਰੋਜ਼ੀ ਦਾ ਵਸੀਲਾ ਵੀ ਹੈ ਅਤੇ ਉਨ੍ਹਾਂ ਦੇ ਸੋਸ਼ਲ ਮੀਡੀਆ ਅਕਾਊਂਟ ਬੰਦ ਰਹਿਣ ਨਾਲ ਉਨ੍ਹਾਂ ਨੂੰ ਮਾਲੀ ਨੁਕਸਾਨ ਵੀ ਝੱਲਣਾ ਪਿਆ ਹੈ ਪਰ ਤਾਨਾਸ਼ਾਹ ਹੁਕਮਰਾਨਾਂ ਨੂੰ ਨਾਗਰਿਕਾਂ ਦੇ ਇਨ੍ਹਾਂ ਬੁਨਿਆਦੀ ਮਨੁੱਖੀ ਹੱਕਾਂ ਅਤੇ ਸਰੋਕਾਰਾਂ ਦੀ ਕੋਈ ਪ੍ਰਵਾਹ ਨਹੀਂ ਹੈ। ਉਨ੍ਹਾਂ ਲਈ ਇੰਟਰਨੈੱਟ ਬੰਦੀ ਰਾਜਨੀਤਕ ਕੰਟਰੋਲ ਦਾ ਸੰਦ ਹੈ। ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ ਸਮੇਂ 18 ਮਹੀਨੇ (ਅਗਸਤ 2019 ਤੋਂ ਫਰਵਰੀ 2021 ਤੱਕ) ਇੰਟਰਨੈੱਟ ਬੰਦ ਰੱਖ ਕੇ ਕਸ਼ਮੀਰੀ ਅਵਾਮ ਨੂੰ ਨਾ ਸਿਰਫ਼ ਬਾਕੀ ਦੁਨੀਆ ਤੋਂ ਕੱਟ ਦਿੱਤਾ ਗਿਆ ਅਤੇ ਉਨ੍ਹਾਂ ਦਾ ਪੱਖ ਦੁਨੀਆ ਤੱਕ ਨਹੀਂ ਜਾਣ ਦਿੱਤਾ ਗਿਆ, ਉਨ੍ਹਾਂ ਦੇ ਕਾਰੋਬਾਰਾਂ ਨੂੰ ਆਰਥਿਕ ਤੌਰ 'ਤੇ ਵੀ ਬੁਰੀ ਤਰ੍ਹਾਂ ਤਬਾਹ ਕੀਤਾ ਗਿਆ। ਪਿਛਲੇ ਸਾਲ ਮਨੀਪੁਰ ਵਿਚ 140 ਦਿਨ ਲਗਾਤਾਰ ਇੰਟਰਨੈੱਟ ਬੰਦ ਰੱਖਿਆ ਗਿਆ। ਇੰਟਰਨੈੱਟ ਸੁਸਾਇਟੀ ਦੇ ਅੰਦਾਜ਼ੇ ਅਨੁਸਾਰ ਇਸ ਨਾਲ ਮਨੀਪੁਰ ਨੂੰ 60 ਲੱਖ ਡਾਲਰ ਦਾ ਨੁਕਸਾਨ ਝੱਲਣਾ ਪਿਆ। ਅਜਿਹੀ ਇੰਟਰਨੈੱਟ ਬੰਦੀ ਨਾਲ ਉਨ੍ਹਾਂ ਕਾਰੋਬਾਰਾਂ ਦੀ ਤਬਾਹੀ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਜੋ ਪੂਰੀ ਤਰ੍ਹਾਂ ਇੰਟਰਨੈੱਟ ਉੱਪਰ ਨਿਰਭਰ ਹਨ।

ਇੰਟਰਨੈੱਟ ਸੇਵਾਵਾਂ ਅਣਮਿੱਥੇ ਸਮੇਂ ਲਈ ਮੁਅੱਤਲ ਕਰਨ ਅਤੇ ਸੋਸ਼ਲ ਮੀਡੀਆ ਅਕਾਊਂਟ ਜਾਮ ਕਰਨ ਸਮੇਂ ਸਰਕਾਰਾਂ ਦਲੀਲ ਦਿੰਦੀਆਂ ਹਨ ਕਿ ਅਜਿਹਾ ਸੰਕਟ ਦੇ ਸਮਿਆਂ 'ਚ ਗ਼ਲਤ ਸੂਚਨਾਵਾਂ ਅਤੇ ਅਫ਼ਵਾਹਾਂ ਨੂੰ ਰੋਕਣ ਲਈ ਕੀਤਾ ਜਾਂਦਾ ਹੈ; ਹਕੀਕਤ ਇਹ ਹੈ ਕਿ ਸੰਕਟ ਲਈ ਮੁੱਖ ਜ਼ਿੰਮੇਵਾਰ ਵੀ ਭਾਰਤ ਦੀਆਂ ਸਰਕਾਰਾਂ, ਖ਼ਾਸ ਕਰਕੇ ਭਗਵਾ ਹੁਕਮਰਾਨ ਹਨ ਜੋ ਇਕ ਪਾਸੇ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਅਨੁਸਾਰ ਸਮਾਜ ਵਿਚ ਫਿਰਕੂ ਜ਼ਹਿਰ ਫੈਲਾ ਰਹੇ ਹਨ ਅਤੇ ਫਿਰ ਸੰਕਟਾਂ ਨੂੰ ਰਾਜਨੀਤਕ ਤੌਰ 'ਤੇ ਹੱਲ ਕਰਨ ਦੀ ਬਜਾਇ ਇਨ੍ਹਾਂ ਨੂੰ ਅਮਨ-ਕਾਨੂੰਨ ਦੇ ਮਸਲੇ ਕਰਾਰ ਦੇ ਕੇ ਲੋਕਾਂ ਦੀ ਜ਼ੁਬਾਨਬੰਦੀ ਕਰਦੇ ਹਨ। ਇਹ ਤਾਂ ਹੁਣ ਜੱਗ-ਜ਼ਾਹਿਰ ਹੈ ਕਿ ਗ਼ਲਤ ਜਾਣਕਾਰੀ, ਅਫ਼ਵਾਹਾਂ ਫੈਲਾਉਣ, ਹਿੰਸਕ ਪ੍ਰਚਾਰ, ਤੱਥਾਂ ਦੀ ਤੋੜ-ਮਰੋੜ ਦਾ ਘਿਨਾਉਣਾ ਕੰਮ ਸਭ ਤੋਂ ਵੱਧ ਖ਼ੁਦ ਮੌਜੂਦਾ ਭਗਵਾ ਹਕਮੂਤ ਦੇ ਆਗੂ ਅਤੇ ਇਨ੍ਹਾਂ ਦਾ ਪ੍ਰਚਾਰਤੰਤਰ ਕਰਦਾ ਹੈ। ਇੰਟਰਨੈੱਟ ਬੰਦੀ, ਦੂਜਿਆਂ ਦੇ ਅਕਾਊਂਟ ਬੰਦ ਕਰਨਾ ਇਸੇ ਯੁੱਧਨੀਤੀ ਦਾ ਹਿੱਸਾ ਹੈ। ਇੰਟਰਨੈੱਟ ਬੰਦ ਹੋਣ ਨਾਲ ਘਟਨਾਵਾਂ ਬਾਰੇ ਹੁਕਮਰਾਨ ਧਿਰ ਦੇ ਮਨਘੜਤ, ਝੂਠਾ ਬਿਰਤਾਂਤ ਦਾ ਤਾਂ ਬੇਰੋਕ-ਟੋਕ ਪ੍ਰਚਾਰ ਜਾਰੀ ਰਹਿੰਦਾ ਹੈ ਪਰ ਜ਼ਮੀਨੀ ਹਕੀਕਤ ਤੇ ਤੱਥਾਂ ਪੇਸ਼ ਕਰਦੀਆਂ ਖੋਜੀ ਰਿਪੋਰਟਾਂ, ਆਲੋਚਕ ਆਵਾਜ਼ਾਂ ਅਤੇ ਪੀੜਤ ਤੇ ਮਜ਼ਲੂਮ ਧਿਰਾਂ ਦੇ ਪੱਖ ਨੂੰ ਪੂਰੀ ਤਰ੍ਹਾਂ ਦਬਾ ਦਿੱਤਾ ਜਾਂਦਾ ਹੈ। ਬਸਤਰ, ਕਸ਼ਮੀਰ, ਮਨੀਪੁਰ, ਸ਼ਾਹੀਨ ਬਾਗ਼ ਅੰਦੋਲਨ, ਇਤਿਹਾਸਕ ਕਿਸਾਨ ਅੰਦੋਲਨ ਦੇ ਮਾਮਲਿਆਂ 'ਚ ਭਾਰਤ ਦੀ ਹਕੂਮਤ ਦਾ ਇਹ ਘਿਨਾਉਣਾ ਚਿਹਰਾ ਪੂਰੀ ਦੁਨੀਆ ਨੇ ਦੇਖਿਆ ਹੈ। ਇਹੀ ਅਸੀਂ ਮੌਜੂਦਾ ਕਿਸਾਨ ਅੰਦੋਲਨ ਦੌਰਾਨ ਦੇਖ ਸਕਦੇ ਹਾਂ। ਉਹ ਸੋਸ਼ਲ ਮੀਡੀਆ ਅਕਾਊਂਟ ਬੰਦ ਕਰ ਦਿੱਤੇ ਗਏ ਜੋ ਸ਼ੰਭੂ ਅਤੇ ਖ਼ਨੌਰੀ ਬਾਰਡਰਾਂ ਦੇ ਹਾਲਾਤ ਦੀ ਸਹੀ ਜਾਣਕਾਰੀ ਦੇ ਸਕਦੇ ਸਨ। ਆਰ.ਐੱਸ.ਐੱਸ.-ਭਾਜਪਾ ਦਾ ਪ੍ਰਚਾਰਤੰਤਰ ਅਤੇ ਗੋਦੀ ਮੀਡੀਆ ਅੰਦੋਲਨ ਬਾਰੇ ਗ਼ਲਤ ਰਿਪੋਰਟਾਂ, ਅਫ਼ਵਾਹਾਂ ਅਤੇ ਅੰਦੋਲਨਕਾਰੀ ਕਿਸਾਨਾਂ ਦੀ ਕਿਰਦਾਰਕੁਸ਼ੀ ਲਈ ਦਿਨ-ਰਾਤ ਜੁਟਿਆ ਰਿਹਾ। ਭਾਰਤ ਨੂੰ 'ਵਿਸ਼ਵ ਗੁਰੂ' ਬਣਾਉਣ ਦੀ ਦਾਅਵੇਦਾਰ ਭਗਵਾ ਹਕੂਮਤ ਨੇ ਪ੍ਰਗਟਾਵੇ ਦੀ ਆਜ਼ਾਦੀ ਦੇ ਘਾਣ ਅਤੇ ਇੰਟਰਨੈੱਟ ਬੰਦੀ ਪੱਖੋਂ ਮੁਲਕ ਨੂੰ 'ਵਿਸ਼ਵ ਗੁਰੂ' ਜ਼ਰੂਰ ਬਣਾ ਦਿੱਤਾ ਹੈ!

ਇਸ ਲਈ, ਸੋਸ਼ਲ ਮੀਡੀਆ ਦੀ ਆਜ਼ਾਦੀ ਲਈ ਵੀ ਉਸੇ ਤਰ੍ਹਾਂ ਸੰਘਰਸ਼ ਕਰਨਾ ਜ਼ਰੂਰੀ ਹੈ ਜਿਸ ਤਰ੍ਹਾਂ ਸਮਾਜ ਦੇ ਵੱਖ-ਵੱਖ ਵਰਗ ਆਪਣੇ ਹਿਤਾਂ ਤੇ ਹੋਰ ਹੱਕਾਂ ਲਈ ਕਰਦੇ ਹਨ। ਇਹ ਜਾਨ-ਹੂਲਵੇਂ ਸੰਘਰਸ਼ਾਂ ਰਾਹੀਂ ਹਾਸਲ ਕੀਤੀ ਜਮਹੂਰੀ ਸਪੇਸ ਨੂੰ ਹਕੂਮਤ ਦੇ ਫਾਸ਼ੀਵਾਦੀ ਪ੍ਰੋਜੈਕਟ ਤੋਂ ਬਚਾਉਣ ਦਾ ਸਵਾਲ ਹੈ।

# ਖਾੜਕੂ ਲਹਿਰਾਂ ਦੇ ਅੰਗ-ਸੰਗ ਕ੍ਰਿਤ ਅਜਮੇਰ ਸਿੰਘ

ਜਿਸ -ਜਿਸ ਜਗਿਆਸੂ ਨੂੰ ਪੰਜਾਬੀ ਕਿਤਾਬਾਂ ਪੜ੍ਹਨ ਦਾ ਸ਼ੌਕ ਹੈ ਉਹ ਅਜਮੇਰ ਸਿੰਘ ਦੀਆਂ ਲਿਖਤਾਂ ਤੋਂ ਅਨਜਾਣ ਨਹੀਂ ਹੋ ਸਕਦਾ। ਉਸ ਦੀਆਂ ਲਿਖਤਾਂ ਨਾਲ ਅਸਹਿਮਤ ਹੋ ਸਕਦੇ ਹੋ, ਨਜ਼ਰ-ਅੰਦਾਜ਼ ਨਹੀਂ ਕਰ ਸਕਦੇ। ਜ਼ੇਰ-ਇ-ਜ਼ਿਕਰ ਕਿਤਾਬ ਤੋਂ ਪਹਿਲਾਂ ਵਾਲੀਆਂ ਉਸ ਦੀਆਂ ਲਿਖਤਾਂ ਵਿਚ ਤੇਜ਼ੀ ਹੈ, ਤਿੱਖਾਪਣ ਹੈ, ਗੁੱਸਾ ਹੈ, ਸਥਾਪਤੀ ਵਿਰੁੱਧ ਪਰਚੰਡ ਵਿਦਰੋਹ ਇੰਨਾ ਕਿ ਸਟੇਟ ਨਾਲ ਟਕਰਾਉਣ ਲੱਗਿਆ ਹਿੰਦੂ ਧਰਮ ਨਾਲ ਟਕਰਾ ਜਾਂਦਾ ਹੈ। ਭੁੱਲ ਜਾਂਦਾ ਹੈ ਕਿ ਵੈਦਿਕ ਮੱਤ ਵਿਚ ਖੁਦ ਏਨੇ ਵਿਰੋਧ ਹਨ ਕਿ ਗਊ ਪੂਜਣ ਵਾਲਾ ਵੀ ਹਿੰਦੂ ਹੈ, ਮਰੀ ਗਊ ਦੀ ਖੱਲ ਉਤਾਰਨ ਵਾਲਾ ਵੀ ਹਿੰਦੂ, ਬ੍ਰਹਮ ਵਿਚ ਅਭੇਦ ਹੋਣ ਵਾਲਾ ਵੀ ਹਿੰਦੂ ਹੈ, ਸਾਂਖ ਮੱਤ ਵਿਚ ਵਿਸ਼ਵਾਸ ਰੱਖਣ



ਪ੍ਰੋ. ਹਰਪਾਲ ਸਿੰਘ ਪੰਨੂ
ਫੋਨ: +91-94642-51454


ਵਾਲਾ ਨਾਸਤਿਕ ਵੀ ਹਿੰਦੂ ਹੈ। ਗ੍ਰਹਿਸਥੀ ਵੈਦਿਕ ਰਿਸ਼ੀ ਵੀ ਸਤਿਕਾਰਯੋਗ ਹਨ, ਤਿਆਗੀ ਸਨਿਆਸੀ ਨਾਥ ਜੋਗੀ ਵੀ। ਹਥਲੀ ਕਿਤਾਬ ਦੀ ਨਜ਼ਰ ਟਿਕ ਗਈ ਹੈ, ਸਮਾਂ ਤਾਂ ਲੱਗਿਆ ਪਰ ਇਸ ਝੀਲ ਦਾ ਪਾਣੀ ਨਿੰਤਰ ਗਿਆ ਹੈ। ਸ਼ੀਸ਼ਾ ਨਹੀਂ ਤਾਂ ਨਾ ਸਹੀ, ਕਿਨਾਰੇ ਬੈਠ ਕੇ ਦਸਤਾਰ ਸਜਾਈ ਜਾ ਸਕਦੀ ਹੈ।

ਕਿਤਾਬ ਦਾ ਪਹਿਲਾ ਅੱਧ ਉਸਦੀ ਚੜ੍ਹਦੀ ਜਵਾਨੀ ਦਾ ਬਿਰਤਾਂਤ ਹੈ ਜਦੋਂ ਉਹ ਖੱਬੇ ਪੱਖੀ ਕ੍ਰਾਂਤੀਕਾਰੀ ਨਕਸਲਬਾੜੀ ਲਹਿਰ ਦਾ ਸਰਗਰਮ ਕਾਰਕੁਨ ਬਣ ਜਾਂਦਾ ਹੈ, ਤਕਰੀਰਾਂ ਨਹੀਂ ਕਰਦਾ, ਐਕਸ਼ਨ ਕਰਦਾ ਹੈ। ਇਹ ਲਹਿਰ ਮੱਧਮ ਪੈ ਕੇ ਖਤਮ ਹੋ ਗਈ ਪਰ ਅਜਮੇਰ ਸਿੰਘ ਅੰਦਰਲਾ ਜਵਾਲਾਮੁਖੀ ਸ਼ਾਂਤ ਨਹੀਂ ਹੋਇਆ :

ਪ੍ਰਭ ਜੀ,
ਇੱਕ ਦੋ ਗੀਤ ਉਧਾਰਾ ਹੋਰ ਦਿਓ।
ਮੇਰੀ ਬੁਝਦੀ ਜਾਂਦੀ ਅੱਗ
ਅੰਗਾਰਾ ਹੋਰ ਦਿਓ। -ਸ਼ਿਵ ਕੁਮਾਰ

ਦੂਸਰਾ ਅੰਗਿਆਰ ਉਹ ਅੱਸੀਵਿਆਂ ਵਿਚ ਉਠੀ ਖਾੜਕੂ ਇਨਕਲਾਬੀ ਲਹਿਰ ਵਿਚੋਂ ਚੁੱਕ ਲੈਂਦਾ ਹੈ। ਕਿਤਾਬ ਦੇ ਉਤਰਾਰਧ ਵਿਚ ਉਹ ਇਸ ਲਹਿਰ ਦਾ ਜ਼ਾਹਰਾ ਮੁਦਈ ਹੋ ਜਾਂਦਾ ਹੈ। ਦੋਵਾਂ ਲਹਿਰਾਂ ਦਾ ਆਪਸ ਵਿਚ ਕੋਈ ਸੰਜੋਗ ਨਹੀਂ, ਇਕ ਨਾਸਤਿਕ ਲਹਿਰ ਹੈ ਜੋ ਧਰਮ ਨੂੰ, ਧਾਰਮਿਕ ਸੰਸਕਾਰਾਂ ਨੂੰ ਨਫਰਤ ਕਰਦੀ ਹੈ, ਦੂਜੀ ਆਸਤਿਕ ਹੈ ਜੋ ਗੁਰੂ ਗੋਬਿੰਦ ਸਿੰਘ ਦੀ ਸਥਾਪਤ ਰਹਿਤ ਮਰਿਆਦਾ ਨੂੰ ਪ੍ਰਣਾਈ ਹੋਈ ਹੈ। ਦੋਵਾਂ ਲਹਿਰਾਂ ਦੇ ਕਾਰਕੁਨ ਇਕ ਪੜਾਅ ਤੇ ਇਕ ਦੂਜੇ ਦੇ ਦੁਸ਼ਮਣ ਹੋ ਜਾਂਦੇ ਹਨ, ਕਤਲਾਂ ਤੱਕ ਨੌਬਤ ਆ ਜਾਂਦੀ ਹੈ ਪਰ ਅਜਮੇਰ ਸਿੰਘ ਉਪਰ ਇਨ੍ਹਾਂ ਵਿਰੋਧਾਂ ਦਾ ਕੋਈ ਅਸਰ ਨਹੀਂ। ਉਸ ਦੀਆਂ ਸਾਰੀਆਂ ਲਿਖਤਾਂ ਪੜ੍ਹ ਕੇ ਮੈਂ ਇਸ ਸਿੱਟੇ 'ਤੇ ਪੁੱਜਿਆਂ ਕਿ ਵਾਸਤਵ ਵਿਚ ਉਹ ਯੋਧਾ ਹੈ, ਨਕਸਲਬਾੜੀ ਸੂਰਮੇ ਯੁੱਧ ਲੜ ਰਹੇ ਹਨ ਤਾਂ ਉਹ ਵਿਹਲਾ ਕਿਉਂ ਬੈਠੇ? ਇੰਜੀਨੀਅਰਿੰਗ ਦੀ ਪੜ੍ਹਾਈ ਫਾਲਤੂ ਹੈ, ਹਰੇਕ ਪੜ੍ਹਾਈ ਫਾਲਤੂ ਹੈ, ਸਕੂਲ, ਕਾਲਜ, ਯੂਨੀਵਰਸਿਟੀਆਂ ਸਰਮਾਏਦਾਰਾਂ ਦੇ ਹੱਕ ਵਿਚ ਭੁਗਤਦੀਆਂ ਹਨ। ਕਿਤਾਬਾਂ ਸੁੱਟ ਕੇ ਉਹ ਹਥਿਆਰ ਫੜ ਲੈਂਦਾ ਹੈ, ਨਕਸਲਬਾੜੀ ਲਹਿਰ ਰੁਕ ਗਈ, ਖਾੜਕੂ ਸਿੱਖ ਸੰਘਰਸ਼ ਤੁਰ ਪਿਆ ਉਹ ਦੂਜੇ ਸੰਘਰਸ਼ ਦੀ ਹਮਾਇਤ ਵਿਚ ਨਿਕਲ ਤੁਰਦਾ ਹੈ। ਇਕ ਫਰਕ ਪੈ ਗਿਆ ਹੈ, ਪਹਿਲਾਂ ਉਹ ਜੁਆਨ ਸੀ, ਹਥਿਆਰ ਚੁੱਕੀ ਫਿਰਦਾ ਸੀ, ਹੁਣ ਉਮਰ ਢਲ ਗਈ ਹੈ, ਉਹ ਸਿੱਖ ਖਾੜਕੂ ਸੰਘਰਸ਼ ਦੀ ਹਮਾਇਤ ਲਿਖਤਾਂ ਅਤੇ ਵਿਚਾਰਾਂ ਨਾਲ ਕਰਦਾ ਹੈ। ਨਕਸਲਬਾੜੀ ਲਹਿਰ ਦੇ ਕਈ ਗੁੱਟ ਸਰਗਰਮ ਹਨ, ਉਸਨੂੰ ਕੋਈ ਬੁਰਾ ਨਹੀਂ ਲੱਗਦਾ, ਖਾੜਕੂਆਂ ਦੇ ਕਈ ਧੜੇ ਸਰਗਰਮ ਰਹੇ, ਉਸ ਨਾਲ ਕਿਸੇ ਦਾ ਵੈਰ ਨਹੀਂ। ਉਹ ਦੋਵੇਂ ਲਹਿਰਾਂ ਦੇ ਗੁਣ ਔਗੁਣ ਪਰਖਦਾ ਹੈ, ਇਨ੍ਹਾਂ ਦੇ ਇਲਾਜ ਸੁਝਾਉਂਦਾ ਹੈ। ਉਸ ਵਿਚ ਪਾਠਕ ਨੂੰ ਆਪਣੇ ਨਾਲ ਸਹਿਮਤ ਕਰ ਸਕਣ ਦੀ ਕਲਾ ਕੁਸ਼ਲਤਾ ਹੈ।

ਮੇਰੀ ਚੜ੍ਹਦੀ ਜੁਆਨੀ ਵੇਲੇ ਨਕਸਲਬਾੜੀ




ਲਹਿਰ ਦੀ ਚੜ੍ਹਤ ਸੀ। ੇਰੇ ਇਲਾਕੇ ਦੇ ਦੋ ਨਕਸਲਬਾੜੀ ਮੇਰੇ ਹਾਣੀ ਬਸ਼ੇਸ਼ਰ ਰਾਮ ਅਤੇ ਸੁਖਦੇਵ ਸਿੰਘ ਇਸ ਲਹਿਰ ਵਿਚ ਕੰਮ ਕਰਦੇ ਰੂਪੋਸ਼ ਹੋ ਗਏ ਸਨ। ਪੈਸੇ ਟਕੇ ਦੀ ਤੰਗੀ ਵਿਚੋਂ ਗੁਜ਼ਰ ਰਿਹਾ ਸਾਂ, ਇਹ ਲਹਿਰਾਂ ਬੁਰੀਆਂ ਨਹੀਂ ਲੱਗਦੀਆਂ ਸਨ, ਬਸ ਮੈਂ ਇਨ੍ਹਾਂ ਵਿਚ ਸ਼ਾਮਲ ਨਹੀਂ ਹੋਇਆ। ਕਾਰਨ ਇਹ ਕਿ ਗੁਰਬਤ ਦੇ ਦਿਨਾਂ ਵਿਚ ਵੀ ਮੈਂ ਗੁਰੂ ਗੋਬਿੰਦ ਸਿੰਘ ਦੇ ਮਹਿਲ ਵਿਚ ਰਹਿ ਰਿਹਾ ਸਾਂ। ਖੱਬੀਆਂ ਪਾਰਟੀਆਂ ਰੱਬ ਅਤੇ ਧਰਮ ਨੂੰ ਗੁਸੈਲੇ ਲਫ਼ਜ਼ਾਂ ਨਾਲ ਨਿੰਦਦੀਆਂ ਤ੍ਰਿਸਕਾਰਦੀਆਂ ਸਨ। ਗਦਾ ਹੁੰਦਾ ਇਹ ਮੈਨੂੰ ਮੇਰੇ ਮਹਿਲ ਵਿਚੋਂ ਬਾਹਰ ਕੱਢ ਕੇ ਕਿਸੇ ਝੋਂਪੜੀ ਵਿਚ ਬਿਠਾ ਦੇਣਗੀਆਂ।

ਇਹੀ ਹਾਲ ਬਾਕੀ ਪੇਂਡੂਆਂ ਦਾ ਸੀ। ਲੋਕ ਕਾਮਰੇਡਾਂ ਦੇ ਭਾਸ਼ਣ, ਗੀਤ ਸੁਣਨ ਤੇ ਡਰਾਮੇ ਦੇਖਣ ਵੱਡੀ ਗਿਣਤੀ ਵਿਚ ਜਾਂਦੇ ਪਰ ਵੋਟ ਨਾ ਪਾਉਂਦੇ। ਮੇਰੇ ਪਿੰਡ ਵਿਚ ਰਾਤ ਨੂੰ ਕਾਮਰੇਡ ਡਰਾਮਾ ਦਿਖਾ ਰਹੇ ਸਨ, ਲੋਕ ਦੇਖ ਰਹੇ ਸਨ। ਉਨ੍ਹਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਿਹ ਸਿੰਘ ਦਾ ਮਜ਼ਾਕ ਉਡਾਉਣਾ ਸੀ ਜਿਸ ਵਾਸਤੇ ਮੋਟਾ ਢਿੱਡਲ ਪਾਤਰ ਚੋਲਾ ਪਹਿਨੀ ਸਟੇਜ ਉਤੇ ਆਇਆ ਜਿਸ ਨੇ ਚੋਲੇ ਉਪਰ ਦੀ ਛੋਟੀ ਕਿਰਪਾਨ ਪਹਿਨੀ ਹੋਈ ਸੀ ਦਿਲਚਸਪ ਡਰਾਮਾ ਦੇਖਦੇ-ਦੇਖਦੇ ਲੋਕ ਤੈਸ਼ ਵਿਚ ਆ ਗਏ ਕਿ ਕਕਾਰਾਂ ਦੀ ਖਿੱਲੀ ਨਹੀਂ ਉਡਾਣ ਦਿਆਂਗੇ। ਬੰਦ ਕਰੋ ਇਹ ਬਕਵਾਸ। ਪਥਰਾਓ ਹੋਣ ਤੋਂ ਪਹਿਲਾਂ ਹੀ ਕਾਮਰੇਡ ਡਰਾਮਾ ਅਧੂਰਾ ਛੱਡ ਕੇ ਭੱਜ ਗਏ।

ਦਰਬਾਰ ਸਾਹਿਬ ਉਪਰ ਹਮਲਾ ਹੋ ਗਿਆ ਤਾਂ ਫੌਜ ਨੇ ਮੈਨੂੰ ਗ੍ਰਿਫਤਾਰ ਕਰ ਕੇ ਦੋ ਮਹੀਨੇ ਤਸੀਹਾ ਕੇਂਦਰਾਂ ਵਿਚ ਰੱਖ ਕੇ ਨਾਭਾ ਜੇਲ੍ਹ ਵਿਚ ਬੰਦ ਕਰ ਦਿੱਤਾ ਜਿੱਥੋਂ ਫਿਰ ਪਟਿਆਲੇ ਦੀ ਜੇਲ੍ਹ ਵਿਚ ਬਦਲੀ ਕਰ ਦਿੱਤੀ। ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ ਉਦੋਂ ਮੈਂ ਪਟਿਆਲਾ ਦੀ ਜੇਲ੍ਹ ਵਿਚ ਸੀ। ਇਸ ਵੇਲੇ ਤੱਕ ਖਾੜਕੂ ਵਾਰਦਾਤਾਂ ਨੇ ਜ਼ੋਰ ਫੜ ਲਿਆ ਸੀ। ਜਿੰਨੇ ਕੁ ਖਾੜਕੂ ਯੋਧੇ ਅੰਦਰ ਬੰਦੀ ਸਨ, ਮੈਂ ਉਹ ਸਾਰੇ ਇਕੱਠੇ ਕਰ ਲਏ ਤੇ ਕਿਹਾ- ਪ੍ਰਧਾਨ ਮੰਤਰੀ ਯਾਨੀ ਦੇਸ਼ ਦੇ ਬਾਦਸ਼ਾਹ ਨੂੰ ਕਤਲ ਕਰ ਦੇਣ ਵਰਗਾ ਵੱਡਾ ਕਾਰਨਾਮਾ ਸਿੱਖ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। ਅਸਮਾਨ ਵਿਚੋਂ ਗੁਰੂ ਗੋਬਿੰਦ ਸਿੰਘ ਦੇ ਚਲਦੇ ਤੀਰ ਉਸ ਵਿਚੋਂ ਦੀ ਪਾਰ ਹੋ ਗਏ ਹਨ। ਹੁਣ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਹਥਿਆਰਬੰਦ ਲੜਾਈ ਦਾ ਰਸਤਾ ਤਿਆਗ ਕੇ ਸੰਸਾਰ ਦੇ ਸਭ ਦੇਸ਼ਾਂ ਅੱਗੇ ਫਰਿਆਦ ਕਰਨ ਕਿ ਅਸੀਂ ਜਿਉਂਦੇ ਰਹਿਣਾ ਚਾਹੁੰਦੇ ਹਾਂ, ਸਾਡੀ ਮਦਦ ਕਰੋ। ਸਟੇਟ ਸਾਡੀ ਨਸਲਕੁਸ਼ੀ ਕਰਨ ਲਈ ਤਿਆਰ ਹੈ। ਹਥਿਆਰਾਂ ਦੀ ਵਰਤੋਂ ਤਬਾਹ ਕਰ ਦੇਵੇਗੀ। ਇਸ ਗੱਲ 'ਤੇ ਸਾਰੇ ਯੋਧੇ ਹੱਸ ਪਏ। ਕਹਿੰਦੇ ਪ੍ਰੋਫੈਸਰ ਸਾਹਿਬ ਤੁਸੀਂ ਜੇ ਡਰ ਗਏ ਹੋ ਤਾਂ ਹਥਿਆਰ ਸੁੱਟ ਦਿਓ। ਅਸੀਂ ਤਾਂ ਹਥਿਆਰਬੰਦ ਟੱਕਰ ਲਵਾਂਗੇ।

ਮੈਂ ਕਿਹਾ, ਹਥਿਆਰ ਤਾਂ ਮੈਂ ਉਸ ਸੂਰਤ ਵਿਚ ਸੁੱਟਦਾ ਜੇ ਚੁੱਕੇ ਹੁੰਦੇ। ਮੈਂ ਤਾਂ ਕਦੀ ਹਥਿਆਰਬੰਦ ਲੜਾਈ ਲੜੀ ਹੀ ਨਹੀਂ। ਸੋ ਤੁਸੀਂ ਨਹੀਂ ਮੰਨਣਾ ਨਾ ਸਹੀ। ਦਰਸ਼ਨ ਸਿੰਘ ਈਸਾਪੁਰ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਬਚਿੱਤਰ ਸਿੰਘ ਐਮ.ਐਲ.ਏ., ਕੇਵਲ ਦੋ ਜਣੇ ਮੇਰੇ ਨਾਲ ਸਹਿਮਤ ਹੋਏ ਸਨ। ਜੁਆਨਾਂ ਨੇ ਦਲੀਲ ਦਿੱਤੀ-ਅਠਾਰਵੀਂ ਸਦੀ ਵਿਚ ਕਿਹੜਾ ਅਸੀਂ ਬਹੁਤੀ ਗਿਣਤੀ ਵਿਚ ਸਾਂ? ਉਦੋਂ ਵੀ ਹਥਿਆਰਬੰਦ ਯੁੱਧ ਲੜੇ। ਮੈਂ ਕਿਹਾ- ਉਦੋਂ ਜੰਗਲ, ਦਰਿਆ ਅਤੇ ਪਹਾੜ ਸਹਾਈ ਹੁੰਦੇ ਰਹੇ। ਹੁਣ ਛਿਪਣਗਾਹਾਂ ਕਿੱਥੇ ਨੇ? ਉਤਰ ਮਿਲਿਆ- ਲੋਕ ਸਾਡੇ ਜੰਗਲ, ਸਾਡੇ ਪਹਾੜ ਹੋਣਗੇ। ਉਤਰ ਸਹੀ ਸੀ ਪਰ ਲੋਕ ਦੇਰ ਤੱਕ ਜੰਗਲ ਨਾ ਬਣੇ ਨਾ ਬਣ ਸਕਦੇ ਸਨ। ਇਹ ਕਿਤਾਬ ਮੈਨੂੰ ਉਮੀਦ ਹੈ ਵੱਡੀ ਗਿਣਤੀ ਵਿਚ ਪੜ੍ਹੀ ਅਤੇ ਸਲਾਹੀ ਜਾਵੇਗੀ। ਲੇਖਕ ਨੇ ਨਾ ਕਿਸੇ ਧਿਰ ਦੇ ਹੱਕ ਵਿਚ ਵਕਾਲਤ ਕੀਤੀ ਹੈ ਨਾ ਕ੍ਰੋਧ ਵਿਚ ਆ ਕੇ ਨਿੰਦਿਆ ਹੈ। ਏਨਾ ਸੰਤੁਲਨ ਰੱਖਣਾ ਬੜਾ ਦੁਰਗਮ ਕਾਰਜ ਹੈ। ਕਿਤਾਬ ਦਾ ਪਾਠ ਕਰਦਿਆਂ ਮੈਨੂੰ ਅਮਰੀਕਨ ਸ਼ਾਇਰ ਐਜ਼ਰਾ ਪਾਉਂਡ ਦੀਆਂ ਪੰਕਤੀਆਂ ਯਾਦ ਆਉਂਦੀਆਂ ਰਹੀਆਂ :

ਤੂੰ ਦੁੱਧ ਦੰਦਾਂ ਨਾਲ ਪਹਾੜਾਂ ਨੂੰ ਕੱਟਣਾ ਚਾਹਿਆ ਮਿੱਤਰ,
ਸੁਫਨੇ ਦੇਖਣ ਲਈ, ਕੀ ਰਾਤ ਕਾਫ਼ੀ ਨਹੀਂ ਸੀ?

550 ਪੰਨਿਆਂ ਦੀ ਅਜਮੇਰ ਸਿੰਘ ਦੀ ਇਹ ਸਜਿਲਦ ਕਿਤਾਬ ਸਿੰਘ ਬ੍ਰਦਰਜ਼ ਨੇ ਛਾਪੀ ਹੈ, ਜਿਸ ਦੀ ਕੀਮਤ 750 ਰੁਪਏ ਹੈ।

# ਖਵਾਜਾ ਅਹਿਮਦ ਅੱਬਾਸ ਤੇ ਉਸਦਾ ਪੰਜਾਬ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰੇ ਵਲੋਂ ਸੰਭਾਲ ਕੇ ਰੱਖੇ ਰਸਾਲਿਆਂ ਵਿਚੋਂ ਮੇਰੇ ਹੱਥ ਅੰਗਰੇਜ਼ੀ ਰਸਾਲੇ (ਰਗਇ) 'ਲਹਿਰ' ਦਾ ਪੰਜਾਬ ਅੰਕ ਲੱਗਿਆ ਹੈ ਜਿਹੜਾ 1983 ਵਿਚ ਛਪਿਆ ਸੀ। ਸਾਂਭ ਕੇ ਰੱਖਣ ਦਾ ਕਾਰਨ ਤਾਂ ਸ਼ਾਇਦ ਇਹ ਸੀ ਕਿ ਇਸ ਵਿਚ ਮੁਲਕ ਰਾਜ ਆਨੰਦ, ਡਾ. ਗੋਪਾਲ ਸਿੰਘ ਤੇ ਖਵਾਜਾ ਅਹਿਮਦ ਅੱਬਾਸ ਵਰਗੇ ਨਾਮਵਰ ਲੇਖਕਾਂ ਦੇ ਲੇਖਾਂ ਤੋਂ ਬਿਨਾ ਰਚਨਾਤਕ ਸਾਹਿਤ ਦੇ ਸਿਰਜਣਹਾਰੇ ਕੇਵਲ ਦੋ ਹੀ ਹਨ, ਅੰਮ੍ਰਿਤਾ ਪ੍ਰੀਤਮ ਤੇ ਮੈਂ। ਇਸ ਵਿਚ ਅੰਮ੍ਰਿਤਾ ਦੀਆਂ ਪੰਜ ਕਵਿਤਾਵਾਂ ਹਨ ਤੇ ਮੇਰੀ ਕਹਾਣੀ ਇਕ 'ਛਿਣ ਦੀ ਭਾਲ' ਜਿਸਨੂੰ ਅਨੁਵਾਦਕ ਨੇ ਅੰਗਰੇਜ਼ੀ ਵਿਚ ਉਲਥਾਉਦਿ 'ਕੁਐਸਟ' (ਥੁਇਸਟ) ਨਾਂ ਦਿੱਤਾ ਹੈ। ਅੰਮ੍ਰਿਤਾ ਪ੍ਰੀਤਮ ਦੀਆਂ ਪੰਜ ਕਵਿਤਾਵਾਂ ਵਿਚੋਂ ਇਕ ਕਵਿਤਾ ਖੁਸ਼ਵੰਤ ਸਿੰਘ ਵਲੋਂ ਅਨੁਵਾਦਤ ਹੈ। 1983 ਦੀਆਂ ਸਾਡੀਆਂ ਤਸਵੀਰਾਂ ਵੀ ਪ੍ਰਭਾਵੀ ਹਨ।

ਮੇਰਾ ਆਪਣੀ ਪਿੱਠ ਥਾਪੜਨਾ ਤਾਂ ਬਣਦਾ ਹੀ ਹੈ ਪਰ ਇਸ ਰਸਾਲੇ ਦੀ ਦਿੱਖ ਤੇ ਪੇਸ਼ਕਾਰੀ ਵਿਚੋਂ ਹਿੰਦੂ, ਮੁਸਲਿਮ ਤੇ ਸਿੱਖ ਭਾਈਚਾਰੇ ਦੀ ਸਾਂਝ ਦਾ ਸੰਦੇਸ਼ ਵੀ ਮਿਲਦਾ ਹੈ। ਮੁਲਕ ਰਾਜ ਆਨੰਦ ਦਾ ਲੇਖ ਬਹੁਤ ਵੱਡਾ ਹੈ ਪਰ ਅੱਬਾਸ ਦਾ ਏਨਾ ਛੋਟਾ ਤੇ ਭਾਵਪੂਰਤ ਕਿ ਮੈਂ ਇਸਨੂੰ ਪੂਰੇ ਦਾ ਪੂਰਾ ਅਨੁਵਾਦ ਕੀਤਾ ਹੈ। ਖਾਸ ਕਰਕੇ ਏਸ ਲਈ ਕਿ ਇਸ ਵਿਚੋਂ 1947 ਤੋਂ ਪਿਛੋਂ ਦੇ ਹਿਮਾਚਲ, ਹਰਿਆਣਾ-ਪੰਜਾਬ ਦੀ ਸਾਂਝ ਭਾਵਨਾ ਉਜਾਗਰ ਹੁੰਦੀ ਹੈ ਜਿਸਨੂੰ ਕੇਂਦਰ ਦੀ ਵਰਤਮਾਨ ਸਰਕਾਰ ਅੰਨਦਾਤੇ ਵਿਚ ਫੁੱਟ ਪਾ ਕੇ ਸਿਆਸੀ ਲਾਹਾ ਲੈਣਾ ਚਾਹੁੰਦੀ ਹੈ। ਖਵਾਜਾ ਅਹਿਮਦ ਅੱਬਾਸ ਨੇ ਆਪਣੇ ਲੇਖ ਦਾ ਸਿਰਲੇਖ 'ਮੈਂ ਵੀ ਇਕ ਪੰਜਾਬੀ ਸਾਂ' ਦੇ ਕੇ ਦੇਸ਼ ਵੰਡ ਤੋਂ ਪਿਛੋਂ ਦੇ ਪੰਜਾਬ ਦੇ ਖੇਰੂੰ ਖੇਰੂੰ ਹੋਣ ਦਾ ਰੋਣਾ ਰੋਇਆ ਹੈ।

ਚੇਤੇ ਰਹੇ ਕਿ ਅੱਬਾਸ ਅਲੀਗੜ੍ਹ ਮੁਸਲਿਮ ਯੂਨੀਵਰਸਟੀ ਤੋਂ ਵਿਦਿਆ ਪ੍ਰਾਪਤ ਕਰਨ ਉਪਰੰਤ



ਖਵਾਜਾ ਅਹਿਮਦ ਅੱਬਾਸ

ਫਿਲਮੀ ਦੁਨੀਆਂ ਵਿਚ ਵੀ ਛਾਇਆ ਰਿਹਾ ਜਨ-ਸੰਚਾਰ ਤੇ ਪੱਤਰਕਾਰਤਾ ਵਿਚ ਵੀ। ਕਿਸੇ ਵੇਲੇ ਅੰਗਰੇਜ਼ੀ ਰਸਾਲੇ 'ਬਲਿਟਜ਼' ਭਾਵ 'ਤ੍ਰਿਖਾ' ਵਿਚ ਉਸਦਾ ਕਾਲਮ "ਟਹਏ ਲਅਸਟ ਫਅਗਏ (ਅੰਤਲਾ ਪੰਨਾ) ਛਪਦਾ ਸੀ ਤਾਂ ਉਸਦੇ ਮਦਾਹ ਇਸ ਪਰਚੇ ਨੂੰ ਕੇਵਲ ਉਸਦੀ ਰਚਨਾ ਕਾਰਨ ਲੱਭਦੇ ਸਨ। ਪੇਸ਼ ਹੈ ਉਸਦਾ ਲੇਖ 'ਮੈਂ ਵੀ ਇਕ ਪੰਜਾਬੀ ਸਾਂ।'

ਮੈਂ ਪਾਣੀਪਤ ਦਾ ਜੰਮਪਲ ਹਾਂ। ਕੋਈ ਸਮਾਂ ਸੀ (ਦੇਸ਼ ਵੰਡ ਤੋਂ ਪਹਿਲਾਂ ਤੇ ਪਿੱਛੋਂ ਵੀ) ਮੇਰਾ ਜਨਮ ਸਥਾਨ ਪੰਜਾਬ ਵਿਚ ਪੈਂਦਾ ਸੀ।

ਮੈਨੂੰ ਅੱਜ ਤਕ ਚੇਤੇ ਹੈ ਕਿ ਅਲੀਗੜ੍ਹ ਮੁਸਲਿਮ ਯੂਨੀਵਰਸਟੀ ਵਿਚ ਪੜ੍ਹਦਿਆਂ ਯੂਪੀ ਵਾਲਿਆਂ ਕੋਲ ਸਾਨੂੰ ਚਿੜ੍ਹਾਉਣ ਲਈ ਕੇਵਲ ਇਕ ਹੀ ਵਾਕ ਹੁੰਦਾ ਸੀ। 'ਤੁਮ ਆਦਮੀ ਹੋ ਯਾ ਪੰਜਾਬੀ' ਅਸੀਂ ਮਾਣ ਨਾਲ ਉੱਤਰ ਦਿੰਦੇ ਸਾਂ, 'ਪੰਜਾਬੀ', ਅਸੀਂ ਏਨੇ ਭੋਲੇ ਸਾਂ ਕਿ ਸਾਨੂੰ ਇਹ ਵੀ ਪਤਾ ਨਹੀਂ ਸੀ ਲੱਗਦਾ ਕਿ ਉਹ ਸਾਨੂੰ ਮੂਰਖ ਬਣਾ ਗਏ ਹਨ। ਸਾਨੂੰ ਆਪਣੀ ਗਲਤੀ ਦਾ ਅਹਿਸਾਸ ਉਦੋਂ ਹੁੰਦਾ ਜਦੋਂ ਉਹ ਖਿੜ ਖਿੜਾ ਕੇ ਹੱਸਦੇ ਤੇ ਹੱਸਦੇ ਰਹਿੰਦੇ।

ਮੈਂ ਉਨ੍ਹਾਂ ਪੰਜਾਬੀਆਂ ਵਿਚੋਂ ਹਾਂ ਜਿਸਨੂੰ ਬਰਫੀਲੇ ਰੂਸ ਹੀ ਨਹੀਂ ਠੰਢੇ-ਠਾਰ ਅਮਰੀਕਾ ਤੇ ਕੈਨੇਡਾ ਜਾਣ ਦਾ ਵੀ ਮੌਕਾ ਮਿਲਿਆ ਹੈ। ਜਿੱਥੇ ਕਿਧਰੇ ਵੀ ਪੰਜਾਬੀ ਮਿਲੇ ਉਹ ਆਪਣੀ ਰਹਿਣੀ-ਸਹਿਣੀ, ਲਿਬਾਸ ਤੇ ਬੋਲੀ ਆਪਣੇ ਨਾਲ ਲੈ ਗਏ ਹਨ। ਮਿਲਦੇ ਮਿਲਾਂਦਿਆਂ ਉਨ੍ਹਾਂ ਨੂੰ ਇਹ ਵੀ ਭੁੱਲ ਜਾਂਦਾ ਹੈ ਕਿ ਉਹ ਹਿੰਦੂ ਹਨ, ਸਿੱਖ ਜਾਂ ਮੁਸਲਮਾਨ। ਭਾਸ਼ਾ ਦੀ ਸਾਂਝ (ਲਿਪੀ ਕੋਈ ਵੀ ਹੋਵੇ) ਉਨ੍ਹਾਂ ਨੂੰ ਜੋੜੀ ਬੈਠੀ ਹੈ। ਏਧਰਲੇ ਪੰਜਾਬ ਦੇ ਸਾਹਿਤਕ ਰਸਾਲਿਆਂ ਵਿਚ ਮੁਸਲਮਾਨ ਲੇਖਕਾਂ ਦੀਆਂ ਰਚਨਾਵਾਂ ਲਿਪੀਅੰਤਰ ਕਰਕੇ ਛਾਪੀਆਂ ਮਿਲਦੀਆਂ ਹਨ ਤੇ ਓਧਰ ਵਾਲਿਆਂ ਵਿਚ ਹਿੰਦੂ ਤੇ ਸਿੱਖ ਰਚਨਾਕਾਰਾਂ ਦੀਆਂ। ਸੰਤਾਲੀ ਦੀ ਵੰਡ ਪਿੱਛੋਂ ਪੰਜਾਬ ਦੇ ਤਿੰਨ ਦਰਿਆ ਪਾਕਿਸਤਾਨ ਵਿਚ ਵਸਦੇ ਹਨ ਤੇ ਦੋ ਭਾਰਤ ਵਿਚ ਪਰ ਦੋਵਾਂ ਧਿਰਾਂ ਨੇ ਸ਼ਬਦ ਪੰਜਾਬ ਨੂੰ ਜੱਫੀ ਪਾਈ ਹੋਈ ਹੈ।

ਬੋਲੀ ਦੀ ਇਸ ਸਾਂਝ ਦਾ ਪ੍ਰਤੀਕਰਮ ਚੰਗਾ ਵੀ ਹੈ ਤੇ ਮੰਦਾ ਵੀ। ਪੰਜਾਬੀਆਂ ਦੇ ਪੰਜਾਬੀ ਮਾਣ ਨੇ ਦੋ ਰਿਆਵਾਂ ਦੇ ਵਸਨੀਕਾਂ ਵਿਚੋਂ ਹਰਿਆਣਵੀ ਤੇ ਹਿਮਾਚਲੀਆਂ ਨੂੰ ਆਪਣੇ ਤੋਂ ਵੱਖ ਕਰ ਦਿੱਤਾ ਹੈ। ਇਸ ਦੀਆਂ ਜੜ੍ਹਾਂ ਸਿੱਖਾਂ ਵਲੋਂ ਪੰਜਾਬੀ ਸੂਬੇ ਦੀ ਮੰਗ ਵਿਚ ਹਨ। (ਅਨੁਵਾਦਕ ਪੰਜ ਛੇ ਦਹਾਕਿਆਂ ਤੋਂ ਇਹ ਗੱਲ ਕਹਿੰਦਾ ਆਇਆ ਹੈ।) ਅਸੀਂ ਆਪਣੇ ਭਾਗ ਨੂੰ ਕੋਸ ਰਹੇ ਹਾਂ। ਇਕ ਦਿਨ ਸੁੱਤੇ ਉਠਦਿਆਂ ਸਾਨੂੰ ਦੱਸਿਆ ਗਿਆ ਕਿ ਅਸੀਂ ਪੰਜਾਬੀ ਨਹੀਂ ਹਰਿਆਣਵੀ ਹਾਂ। ਕੀ ਇਹ ਸਾਡੀ ਜ਼ਿੰਦਗੀ ਦਾ ਮਜ਼ਾਕ ਨਹੀਂ? ਰਾਜਨੀਤਕ ਪਾੜੇ ਦੀ ਉਪਜ!

ਪੰਜਾਬੀ ਹਾਂ ਜਾਂ ਗੈਰ ਪੰਜਾਬੀ, ਮੈਨੂੰ ਪੰਜਾਬ ਉਤੇ ਮਾਣ ਹੈ, ਜਿਸਨੇ ਸਾਨੂੰ ਆਪਾ ਵਾਰਨ ਤੇ ਆਪਾ ਮਾਨਣ ਦਾ ਰਾਹ ਦਿਖਾਇਆ। ਤੁਸੀਂ ਦੂਰ ਦੁਰੇਡੀ ਮੁੰਬਈ ਤੇ ਕਲਕੱਤਾ ਵਿਚ ਵੀ ਕਿਸੇ ਪੰਜਾਬੀ ਨੂੰ ਭੀਖ ਮੰਗਦਾ ਨਹੀਂ ਦੇਖੋਗੇ। ਸੰਨ ਸੰਤਾਲੀ ਵਿਚ ਬੇਘਰੇ ਹੋਏ ਪੰਜਾਬੀ ਗਲੀ ਮੁਹੱਲੇ ਰਿਉੜੀਆਂ, ਭੁਜੀਆ ਤੇ ਅਖਬਾਰ ਵੇਚਦੇ ਤਾਂ ਦੇਖੇ ਗਏ, ਮੰਗਦੇ ਨਹੀਂ। ਉਹ ਵੀ ਨਹੀਂ ਜਿਨ੍ਹਾਂ ਦਾ ਨਾਂ ਮੰਗਤ ਰਾਮ ਜਾਂ ਮੰਗਤਾ ਸੀ।

ਦੇਸ਼ ਵੰਡ ਸਮੇਂ ਪੰਜਾਬੀ ਕਿਸਾਨਾਂ ਨੂੰ ਓਧਰ ਛੱਡੀ ਸੇਂਜੂ ਜ਼ਮੀਨ ਬਦਲੇ ਏਧਰ ਰੇਤਲੀ ਤੇ ਮਾਰੂ ਜ਼ਮੀਨ ਮਿਲੀ। ਬਲਿਹਾਰੇ ਜਾਈਏ ਸਿੱਖ ਕਿਸਾਨਾਂ ਦੇ ਜਿਨ੍ਹਾਂ ਹੌਸਲਾ ਨਹੀਂ ਹਾਰਿਆ ਤੇ ਸਬਰ ਸੰਤੋਖ ਨਾਲ ਨਵੀਆਂ ਤਕਨੀਕਾਂ ਅਪਣਾ ਕੇ ਆਪਣੇ ਆਪ ਨੂੰ ਮਿਲੀ ਬੰਜਰ ਭੋਂ ਦੀ ਉਪਜ 10-20 ਪ੍ਰਤੀਸ਼ਤ ਹੀ ਨਹੀਂ ਵਧਾਈ 2-3 ਸੌ ਪ੍ਰਤੀਸ਼ਤ ਵਧਾ ਕੇ ਹਰੀ ਕ੍ਰਾਂਤੀ ਦੀਆਂ ਨੀਹਾਂ ਰੱਖੀਆਂ।

ਅੱਜ ਭਾਰਤੀ ਖੇਤੀ ਵਿਚ ਪੰਜਾਬ ਸਭਨਾਂ ਦਾ ਮੋਹਰੀ ਹੈ। ਹਰਿਆਣਾ ਵੀ ਬਹੁਤ ਪਿੱਛੇ ਨਹੀਂ। ਇਕ ਦੂਜੇ ਨਾਲ ਬਿਦ ਬਿਦ ਕੇ ਫਸਲੀ ਉਪਜ ਵਧਾ ਰਹੇ ਹਨ। ਜੇ ਹਰਾ ਇਨਕਲਾਬ ਸਾਹ ਲੈਣ ਲੱਗਿਆ ਹੈ ਤਾਂ ਪਸ਼ੂ ਪਾਲਕਾਂ ਨੇ ਚਿੱਟੇ (ਦੁੱਧ ਪੁੱਤ) ਇਨਕਲਾਬ ਦਾ ਹੋਕਾ ਦੇ ਕੇ ਸੁਸਤਾਉਣ ਵਾਲਿਆਂ ਨੂੰ ਜਗਾ ਲਿਆ ਹੈ।

ਬੱਲੇ ਓ! ਪੰਜਾਬੀ ਸ਼ੇਰੋ!!

### ਅੰਤਿਕਾ

ਬੱਲੇ ਜੱਟਾ ਬੱਲੇ: ਨੰਦ ਲਾਲ ਨੂਰਪੁਰੀ
ਬੱਲੇ ਜੱਟਾ ਬੱਲੇ, ਕਲ੍ਹ ਕੌਡੀ ਨਹੀਂ ਸੀ ਪੱਲੇ
ਤੇਰਾ ਸਿੱਕਾ ਅੱਜ ਸਾਰੇ ਦੇਸ਼ ਵਿਚ ਚੱਲੇ

ਬਾਰ ਵਿਚ ਛੜ ਆਇਓ, ਭਰੇ ਘਰ ਬਾਰ ਨੂੰ
ਕਾਫਲੇ ਦਾ ਘੱਟਾ ਤੂੰ ਖਵਾਇਆ ਸੰਸਾਰ ਨੂੰ
ਗੋਲੀਆਂ ਦੇ ਵਾਰ ਤੇਰੇ ਸੁਹਣਿਆਂ ਨੇ ਝੱਲੇ
ਬੱਲੇ ਜੱਟਾ ਬੱਲੇ...।
ਬੰਜਰਾਂ, ਪਹਾੜਾਂ ਤੇ ਉਜਾੜਾਂ ਨੂੰ ਸੰਵਾਰ ਕੇ
ਕਿੱਡਾ ਤੂੰ ਜਵਾਨ ਕੀਤਾ ਦੇਸ਼ ਨੂੰ ਉਸਾਰ ਕੇ
ਰਾਤ ਦਿਨੇ ਮਿਹਨਤਾਂ ਦੇ ਮਾਰ ਮਾਰ ਹੱਲੇ
ਬੱਲੇ ਜੱਟਾ ਬੱਲੇ...।

ਗਏ ਜਿੱਥੇ ਗੱਭਰੂ ਪੰਜਾਬ ਦੀਆਂ ਮਾਵਾਂ ਦੇ
ਵਹਿਣ ਰੋਕ ਦਿੱਤੇ ਵੱਡੇ ਵੱਡੇ ਦਰਿਆਵਾਂ ਦੇ
ਲੱਖਾਂ ਉਤੇ ਭਾਰੀ ਇਹ ਜਵਾਨ ਕੱਲੇ ਕੱਲੇ
ਬੱਲੇ ਜੱਟਾ ਬੱਲੇ...।

# ਭਾਰਤ ਅੰਦਰ ਫੇਲ੍ਹ ਜਮਹੂਰੀਅਤ ਦੀ ਵੰਗਾਰ

***2014 ਵਿਚ ਭਾਰਤੀ ਜਨਤਾ ਪਾਰਟੀ ਦੀ ਜਿੱਤ ਦੇ ਬਹੁਤ ਸਾਰੇ ਕਾਰਨਾਂ ਵਿਚੋਂ ਇਕ ਅਹਿਮ ਕਾਰਨ ਕਾਂਗਰਸ ਦੀ ਕਮਜ਼ੋਰ ਸਿਆਸਤ ਸੀ। ਗੌਲਣ ਵਾਲਾ ਇਕ ਹੋਰ ਨੁਕਤਾ ਵੀ ਹੈ। ਸੱਜੇ ਪੱਖੀ ਸਿਆਸਤ ਦੀ ਚੜ੍ਹਤ ਦਾ ਨਾੜੂਆ ਕਿਤੇ ਨਾ ਕਿਤੇ ਖੱਬੇ ਪੱਖੀ ਸਿਆਸਤ ਦੇ ਨਿਘਾਰ ਨਾਲ ਵੀ ਜੁੜਿਆ ਹੋਇਆ ਹੈ। ਪੰਜਾਬ ਵਿਚ ਵੀ ਜਦੋਂ 1980ਵਿਆਂ ਦੌਰਾਨ ਸੱਜੇ ਪੱਖੀ ਸ਼ਕਤੀਆਂ ਨਮੂਦਾਰ ਹੋਈਆਂ ਸਨ ਤਾਂ ਇਸ ਦਾ ਇਕ ਕਾਰਨ ਪੰਜਾਬ ਦੀ ਸਿਆਸਤ ਵਿਚੋਂ ਖੱਬੇ ਪੱਖੀਆਂ ਦੀ ਸਿਆਸਤ ਦਾ ਮਾਂਦ ਪੈਣਾ ਸੀ। ਕੌਮੀ ਪੱਧਰ 'ਤੇ ਇਹੀ ਭਾਣਾ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਵਾਪਰਿਆ।***

ਧਰਮ ਆਧਾਰਿਤ ਸਿਆਸਤ ਦੀ ਚੜ੍ਹਤ ਵਾਲੇ ਇਸ ਦੌਰ ਵਿਚ ਬਚੀ-ਖੁਚੀ ਜਮਹੂਰੀਅਤ ਨੂੰ ਬਚਾਉਣ ਦੀਆਂ ਆਵਾਜ਼ਾਂ ਅਕਸਰ ਸੁਣ ਜਾਂਦੀਆਂ ਹਨ। ਭਾਰਤ ਨੂੰ 'ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ' ਮੰਨਣ ਦਾ ਬੁਨਿਆਦੀ ਆਧਾਰ ਭਾਵੇਂ ਕੁਝ ਵੀ ਹੋਵੇ ਪਰ ਸਿਆਸਤਦਾਨਾਂ ਨੇ ਜਮਹੂਰੀਅਤ ਨੂੰ ਅਵਾਮ ਅੱਗੇ ਸਦਾ ਆਪਣੇ ਰੰਗ ਵਿਚ ਰੰਗ ਕੇ ਹੀ ਪੇਸ਼ ਕੀਤਾ। ਇਸੇ ਕਰ ਕੇ ਹੀ ਕੋਈ ਪ੍ਰਧਾਨ ਮੰਤਰੀ ਅਮਰੀਕਾ ਜਾ ਕੇ ਫੜ੍ਹ ਮਾਰ ਸਕਦਾ ਹੈ ਕਿ 'ਸਾਡੇ ਤਾਂ ਡੀ.ਐੱਨ.ਏ. ਵਿਚ ਜਮਹੂਰੀਅਤ ਹੈ'; ਨਹੀਂ ਤਾਂ ਹੁਣ ਕਿਸ ਨੂੰ ਇਲਮ ਨਹੀਂ ਕਿ ਮੁਲਕ ਵਿਚ 'ਜਮਹੂਰੀਅਤ' ਦਾ ਹਾਲ ਕੀ ਹੈ ਅਤੇ ਇਹ ਕਿਵੇਂ ਸਾਲ-ਦਰ-ਸਾਲ ਮਹਿਜ਼ ਵੋਟਾਂ ਪਾਉਣ/ਪਵਾਉਣ ਤੱਕ ਸਿਮਟ ਗਈ ਹੈ।

ਹਕੀਕਤ ਇਹੀ ਹੈ ਕਿ 'ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ' ਆਖ਼ਿਰਕਾਰ ਚੁਣਾਵੀ ਜਮਹੂਰੀਅਤ ਵਿਚ ਤਬਦੀਲ ਹੋ ਗਈ ਹੈ। ਇਸ ਜਮਹੂਰੀਅਤ ਦਾ ਹੁਣ ਤੱਕ ਦਾ ਇਤਿਹਾਸ ਇਹੀ ਬਿਆਨ ਕਰ ਰਿਹਾ ਹੈ। ਇਸ ਦਾ ਐਨ ਵੱਖਰਾ

**ਜਸਵੀਰ ਸਮਰ**
**ਫੋਨ: +91-98722-69310**

ਰੰਗ 2014 ਵਿਚ ਗੂੜ੍ਹਾ ਹੋਣਾ ਸ਼ੁਰੂ ਹੋਇਆ ਜਦੋਂ ਕੇਂਦਰ ਵਿਚ ਨਵੀਂ-ਨਵੀਂ ਸਰਕਾਰ ਕਾਇਮ ਹੋਈ ਸੀ। ਮਈ 2014 ਵਿਚ ਨਵੇਂ ਪ੍ਰਧਾਨ ਮੰਤਰੀ ਦੀ ਤਾਜਪੋਸ਼ੀ ਤੋਂ ਹਫ਼ਤੇ ਕੁ ਬਾਅਦ ਹੀ ਕੱਟੜਪੰਥੀਆਂ ਨੇ ਪੁਣੇ (ਮਹਾਰਾਸ਼ਟਰ) ਵਿਚ ਨੌਜਵਾਨ ਇੰਜਨੀਅਰ ਮੋਹਸਿਨ ਖ਼ਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਉਦੋਂ ਵੀ ਕੁਝ ਲੋਕਾਂ ਨੂੰ ਭੁਲੇਖਾ ਪਿਆ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਕਤਲ ਬਾਬਤ ਜ਼ਰੂਰ ਕੁਝ ਬੋਲਣਗੇ; ਬਹੁਗਿਣਤੀ ਅਖ਼ਬਾਰਾਂ ਦੀਆਂ ਸੰਪਾਦਕੀ ਟਿੱਪਣੀਆਂ ਵਿਚ ਵੀ ਇਹੀ ਤਵੱਕੋ ਕੀਤੀ ਗਈ ਸੀ; ਵਿਕਾਸ ਵਾਲੇ ਮੁੱਦੇ ਨੂੰ ਥੋੜ੍ਹਾ ਅਗਾਂਹ ਕਰ ਕੇ ਜੋ ਰੇੜ੍ਹਿਆ ਗਿਆ ਸੀ ਪਰ ਇਹ ਉਡੀਕ ਬੱਸ ਉਡੀਕ ਹੀ ਰਹਿ ਗਈ। ਸ਼ਾਇਦ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਦਸ ਵਰ੍ਹਿਆਂ ਬਾਅਦ ਹਾਲਾਤ ਬਦ ਤੋਂ ਬਦਤਰ ਹੋ ਜਾਣੇ ਹਨ ਅਤੇ ਧਰਮ ਤੇ ਸਿਆਸਤ ਦੀ ਕਹਾਣੀ ਇੰਨੀ ਮਾਰੂ ਹੋ ਜਾਣੀ ਹੈ। ਚੋਣਾਂ ਵੇਲੇ ਧਰੁਵੀਕਰਨ ਅਤੇ ਹਜੂਮੀ ਹੱਤਿਆਵਾਂ ਵਾਲਾ ਮਾਹੌਲ ਇਸੇ ਸਿਆਸਤ ਦੀਆਂ ਕੜੀਆਂ ਹਨ। ਉਦੋਂ ਐਨ ਸਪੱਸ਼ਟ ਹੋ ਗਿਆ ਸੀ ਕਿ ਸੱਤਾਧਾਰੀ ਤੁਅੱਸਬੀ ਸਿਆਸਤ ਰਾਹੀਂ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਹਰ ਹੀਲਾ-ਵਸੀਲਾ ਕਰਨਗੇ। ਇਹ ਜੜ੍ਹਾਂ ਅਸਲ ਵਿਚ ਇਟਲੀ ਦੇ ਫਾਸ਼ੀਵਾਦ ਅਤੇ ਜਰਮਨੀ ਦੇ ਨਾਜ਼ੀਵਾਦ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਇਨ੍ਹਾਂ ਨੂੰ ਸਮਝੇ ਬਗੈਰ ਹਿੰਦੂਤਵ ਵਾਲੀ ਸਿਆਸਤ ਨੂੰ ਸਮਝਣਾ ਮੁਸ਼ਕਿਲ ਹੀ ਨਹੀਂ, ਨਾਮੁਮਕਿਨ ਹੈ।

ਇਤਾਲਵੀ ਇਤਿਹਾਸਕਾਰ ਮਾਰਜ਼ੀਆ ਕੈਸੋਲਰੀ ਨੇ ਆਪਣੀ ਕਿਤਾਬ 'ਸ਼ੈਡੋ ਆਫ ਦਿ ਸਵਾਸਤਿਕ: ਦਿ ਰਿਲੇਸ਼ਨਸ਼ਿਪਜ਼ ਬਿਟਵੀਨ ਇੰਡੀਅਨ ਰੈਡੀਕਲ ਨੈਸ਼ਨਲਿਜ਼ਮ ਇਟੈਲੀਅਨ ਫਾਸਿਜ਼ਮ ਐਂਡ ਨਾਜ਼ੀਇਜ਼ਮ' (2020) ਵਿਚ



ਹਿੰਦੂਤਵਵਾਦੀਆਂ ਅਤੇ ਫਾਸ਼ੀਵਾਦੀਆਂ ਦੀ ਨੇੜਤਾ ਦਾ ਖੁਲਾਸਾ ਵਿਸਥਾਰ ਸਹਿਤ ਕੀਤਾ ਹੈ। 1930ਵਿਆਂ ਵਿਚ ਜਦੋਂ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਫਾਂਸੀ ਤੋਂ ਬਾਅਦ ਆਜ਼ਾਦੀ ਦੀ ਲਹਿਰ ਹੋਰ ਤਿੱਖੀ ਹੋ ਰਹੀ ਸੀ ਤਾਂ ਹਿੰਦੂਤਵਵਾਦੀ, ਇਤਾਲਵੀ ਫਾਸ਼ੀਵਾਦ ਤੋਂ ਪ੍ਰੇਰਨਾ ਲੈਂਦੇ ਹੋਏ ਦੋ ਧਰਾਤਲਾਂ ਉਤੇ ਆਪਣੀ ਊਰਜਾ ਲਾ ਰਹੇ ਸਨ: ਇਕ, ਹਿੰਦੂਆਂ ਦੀਆਂ ਵੱਖ ਵੱਖ ਧਾਰਾਵਾਂ ਨੂੰ ਇਕ ਥਾਂ ਕਿਵੇਂ ਲਿਆਂਦਾ ਜਾਵੇ; ਦੂਜਾ, ਨੌਜਵਾਨਾਂ ਨੂੰ ਜੰਗਬਾਜ਼ੀ (ਮਿਲਟਰਿਜ਼ਮ) ਲਈ ਕਿਵੇਂ ਤਿਆਰ ਕੀਤਾ ਜਾਵੇ। ਇਸ ਕਾਰਜ ਬਾਰੇ ਵਿਚਾਰਾਂ ਲਈ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੇ ਕਰਤਾ-ਧਰਤਾ ਕੇ.ਬੀ. ਹੈਡਗੇਵਾਰ ਦਾ ਸਿਆਸੀ ਮੁਰਸ਼ਦ ਬਾਲਕ੍ਰਿਸ਼ਨ ਸ਼ਿਵਰਾਮ ਮੁੰਜੇ ਇਤਾਲਵੀ ਲੀਡਰਾਂ ਨਾਲ ਵਿਚਾਰਾਂ ਲਈ ਇਟਲੀ ਗਿਆ ਸੀ।

ਇਨ੍ਹਾਂ ਦੋਹਾਂ ਵਿਚੋਂ ਪਹਿਲਾ 'ਅਹਿਮ' ਕਾਰਜ ਮੌਜੂਦਾ ਸਰਕਾਰ ਦੇ ਪਹਿਲੇ ਕਾਰਜਕਾਲ ਦੌਰਾਨ ਤਕਰੀਬਨ ਮੁਕੰਮਲ ਕਰ ਲਿਆ ਗਿਆ। ਸੱਤਾਧਾਰੀਆਂ ਨੇ ਘੱਟੋ-ਘੱਟ ਅਜਿਹੀ ਚੋਣ ਮਸ਼ੀਨਰੀ ਤਿਆਰ ਕਰ ਲਈ ਜੋ ਹਿੰਦੂ ਸਮਾਜ ਦੇ ਵਡੇਰੇ ਹਿੱਸੇ ਨੂੰ ਕਾਫ਼ੀ ਖਿੱਚਦੀ ਹੈ। ਇਸ ਦਾ ਸਿਖਰ ਰਾਮ ਮੰਦਰ ਦੇ ਉਦਘਾਟਨ ਵਾਲੇ ਜਲੌਅ ਵਿਚੋਂ ਭਲੀ-ਭਾਂਤ ਪ੍ਰਗਟ ਹੋਇਆ; ਤੇ ਹੁਣ ਚੁਣਾਵੀ ਪਿੜ ਹੌਲੀ-ਹੌਲੀ ਭਖਾਇਆ ਜਾ ਰਿਹਾ ਹੈ। ਸਿਆਸੀ ਮਾਹਿਰ ਕਿਆਸਆਰਾਈਆਂ ਲਾ ਰਹੇ ਸਨ ਕਿ ਐਤਕੀਂ ਚੋਣਾਂ ਦੌਰਾਨ ਮੁਲਕ ਦੇ ਹਕੀਕੀ ਮਸਲੇ ਲਕੋਣ ਲਈ ਇਹ ਸੱਤਾਧਾਰੀ ਹੋਰ ਕਿਹੜੇ ਮੁੱਦੇ ਉਭਾਰਨਗੇ। ਰਾਮ ਮੰਦਰ ਵਾਲੀ ਵਿਰਾਟ ਮੁਹਿੰਮ ਨੇ ਸਭ ਚਾਨਣ ਕਰ ਦਿੱਤਾ ਹੈ।



ਇਹ ਉਹ ਪ੍ਰਸੰਗ ਅਤੇ ਪਿਛੋਕੜ ਹਨ ਜਿਨ੍ਹਾਂ ਤਹਿਤ ਭਾਰਤੀ ਸਿਆਸਤ ਨੇ ਸੱਜੇ ਪਾਸੇ ਤਿੱਖਾ ਮੋੜ ਕੱਟਿਆ ਹੈ। ਸਾਲ 2014 ਵਿਚ ਭਾਰਤੀ ਜਨਤਾ ਪਾਰਟੀ ਦੀ ਜਿੱਤ ਦੇ ਬਹੁਤ ਸਾਰੇ ਕਾਰਨਾਂ ਵਿਚੋਂ ਇਕ ਅਹਿਮ ਕਾਰਨ ਕਾਂਗਰਸ ਦੀ ਕਮਜ਼ੋਰ ਸਿਆਸਤ ਸੀ। ਗੌਲਣ ਵਾਲਾ ਇਕ ਹੋਰ ਨੁਕਤਾ ਵੀ ਹੈ। ਸੱਜੇ ਪੱਖੀ ਸਿਆਸਤ ਦੀ ਚੜ੍ਹਤ ਦਾ ਨਾੜੂਆ ਕਿਤੇ ਨਾ ਕਿਤੇ ਖੱਬੇ ਪੱਖੀ ਸਿਆਸਤ ਦੇ ਨਿਘਾਰ ਨਾਲ ਵੀ ਜੁੜਿਆ ਹੋਇਆ ਹੈ। ਪੰਜਾਬ ਵਿਚ ਵੀ ਜਦੋਂ 1980ਵਿਆਂ ਦੌਰਾਨ ਸੱਜੇ ਪੱਖੀ ਸ਼ਕਤੀਆਂ ਨਮੂਦਾਰ ਹੋਈਆਂ ਸਨ ਤਾਂ ਇਸ ਦਾ ਇਕ ਕਾਰਨ ਪੰਜਾਬ ਦੀ ਸਿਆਸਤ ਵਿਚੋਂ ਖੱਬੇ ਪੱਖੀਆਂ ਦੀ ਸਿਆਸਤ ਦਾ ਮਾਂਦ ਪੈਣਾ ਸੀ। ਕੌਮੀ ਪੱਧਰ 'ਤੇ ਇਹੀ ਭਾਣਾ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਵਾਪਰਿਆ। ਇਹ ਚੇਤੇ ਕਰਵਾਉਣਾ ਸ਼ਾਇਦ ਅਪ੍ਰਸੰਗਕ ਨਾ ਹੋਵੇ ਕਿ ਵੀਹਵੀਂ ਸਦੀ ਦੇ ਅਖ਼ੀਰਲੇ ਸਾਲਾਂ ਦੌਰਾਨ ਜਦੋਂ ਹਿੰਦੂਤਵੀ ਸਿਆਸਤ ਪੈਰ ਪਸਾਰਨ ਦਾ ਯਤਨ ਕਰ ਰਹੀ ਸੀ ਤਾਂ ਇਸ ਨੇ ਸਭ ਤੋਂ ਪਹਿਲਾਂ 'ਧਰਮ ਨਿਰਪੱਖਤਾ' ਨੂੰ 'ਜਾਅਲੀ ਧਰਮ ਨਿਰਪੱਖਤਾ' ਕਹਿ ਕੇ ਹਮਲਾ ਸ਼ੁਰੂ ਕੀਤਾ ਸੀ। ਉਸ ਵਕਤ ਬਿਨਾਂ ਸ਼ੱਕ, ਤਰਜੀਹੀ ਆਧਾਰ 'ਤੇ ਪੈਰ ਜਮਾਉਣ ਦੀ ਜ਼ਿੰਮੇਵਾਰੀ ਖੱਬੇ ਪੱਖੀਆਂ ਦੀ ਹੀ ਸੀ ਪਰ ਹੌਲੀ-ਹੌਲੀ ਕਾਂਗਰਸ ਪ੍ਰਤੀ ਨਰਮਗੋਸ਼ੇ ਕਾਰਨ ਮੁੱਖ ਵਿਰੋਧੀ ਧਿਰ ਵਾਲਾ ਪਾਲਾ ਭਾਰਤੀ ਜਨਤਾ ਪਾਰਟੀ ਨੇ ਹਥਿਆ ਲਿਆ ਅਤੇ ਆਖ਼ਿਰਕਾਰ ਹਾਲਾਤ ਬਦਲਦੇ-ਬਦਲਦੇ ਅੱਜ ਵਾਲੇ ਹਾਲਾਤ ਤੱਕ ਪਹੁੰਚ ਗਏ। ਅੱਜ ਧਰਮ ਨਿਰਪੱਖਤਾ ਦੀ ਕਿਤੇ ਕੋਈ ਚਰਚਾ ਨਹੀਂ ਅਤੇ ਹੁਣ ਮੁੱਖ ਧਾਰਾ ਸਿਆਸਤ ਵਿਚ ਖੱਬੇ ਪੱਖੀ ਵੀ ਕਿਸੇ ਲਈ ਕੋਈ ਚੁਣੌਤੀ ਨਹੀਂ; ਹੁਣ ਤਾਂ ਸਗੋਂ ਭਾਰਤੀ ਜਨਤਾ ਪਾਰਟੀ ਦੇ ਕਾਂਗਰਸ-ਮੁਕਤ ਭਾਰਤ ਦੀ ਮੁਹਿੰਮ ਅੰਦਰ ਖੱਬੇ ਪੱਖੀ ਹਾਸ਼ੀਏ 'ਤੇ ਹਨ। ਇਨ੍ਹਾਂ ਸਮੁੱਚੇ ਹਾਲਾਤ ਨੂੰ ਜੇ ਭਾਰਤੀ ਜਨਤਾ ਪਾਰਟੀ ਦੇ 'ਹਿੰਦੂਤਵ' ਅਤੇ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਦੇ 'ਨਰਮ ਹਿੰਦੂਤਵ' ਵਾਲੀ ਤੱਕੜੀ ਵਿਚ ਪਾ ਕੇ ਤੋਲੀਏ ਤਾਂ ਸਮੀਕਰਨ ਹੋਰ ਵੀ ਘਾਤਕ ਦਿਸਦੀ ਹੈ।

ਇਹ ਉਹ ਹਾਲਾਤ ਹਨ ਜਿਨ੍ਹਾਂ ਦਾ ਧਿਆਨ ਧਰ ਕੇ ਅਗਲੀ ਸਿਆਸਤ ਦੇ ਨਗਾਰੇ 'ਤੇ ਚੋਟ ਲਾਉਣੀ ਬਣਦੀ ਹੈ। ਚੁਣਾਵੀ ਸਿਆਸਤ ਅਤੇ ਇਸ ਅੰਦਰ ਜਿੱਤਾਂ-ਹਾਰਾਂ ਦਾ ਮਸਲਾ ਬਿਲਕੁੱਲ ਵੱਖਰਾ ਹੈ ਪਰ ਸਵਾਲ ਹੈ ਕਿ ਹੀਣੀ ਜਾਪਦੀ ਵਿਰੋਧੀ ਧਿਰ ਚੁਣਾਵੀ ਪਿੜ ਵਿਚ ਕੋਈ ਵੱਢ ਮਾਰ ਸਕਦੀ ਹੈ? ਕੀ ਕਾਂਗਰਸ ਦੀ ਕੋਈ ਸਿਆਸਤ ਜਾਂ ਰਣਨੀਤੀ ਫ਼ਿਰਕੂ ਸਿਆਸਤ ਨੂੰ ਠੱਲ੍ਹ ਪਾ ਸਕਦੀ ਹੈ? ਪਿਛਲੇ ਸਮੇਂ ਦੌਰਾਨ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਨੂੰ ਜਿਹੜੀਆਂ ਵੱਡੀਆਂ ਵੰਗਾਰਾਂ ਪਈਆਂ, ਉਹ ਚੁਣਾਵੀ ਪਿੜ ਤੋਂ ਬਾਹਰਲੀਆਂ ਹਨ; ਇਹ ਭਾਵੇਂ ਲੇਖਕਾਂ ਦੀ ਇਨਾਮ ਵਾਪਸੀ ਵਾਲੀ ਮੁਹਿੰਮ ਸੀ, ਸ਼ਾਹੀਨ ਬਾਗ਼ ਵਾਲਾ ਮੋਰਚਾ ਸੀ, ਕਿਸਾਨ ਅੰਦੋਲਨ ਸੀ, ਤੇ ਜਾਂ ਫਿਰ ਭਲਵਾਨ ਕੁੜੀਆਂ ਦਾ ਅੰਦੋਲਨ ਸੀ। 2019 ਵਾਲੀਆਂ ਚੋਣਾਂ ਵੇਲੇ ਸਵਾਲ ਸੀ: ਮੋਦੀ ਐਤਕੀਂ ਜਿੱਤੇਗਾ? 2024 ਤੱਕ ਪੁੱਜਦਿਆਂ ਇਹ ਸਵਾਲ ਪਲਟ ਗਿਆ ਹੈ: ਮੋਦੀ ਕਿਸੇ ਤਰ੍ਹਾਂ ਹਾਰ ਵੀ ਸਕਦਾ ਹੈ? ਚੁਣਾਵੀ ਪਿੜ ਅੰਦਰ ਸਾਰੀਆਂ ਗਿਣਤੀਆਂ-ਮਿਣਤੀਆਂ ਕਾਂਗਰਸ ਦੀ ਸਿਆਸਤ ਅਤੇ ਪਹੁੰਚ ਦੁਆਲੇ ਇਕੱਠੀਆਂ ਹੋ ਰਹੀਆਂ ਸਨ ਪਰ ਕਾਂਗਰਸ ਦੇ ਪੈਰ ਕਿਸੇ ਪਾਸੇ ਅੜ ਹੀ ਨਹੀਂ ਰਹੇ।

ਮਸਲਾ ਵਿਚੋਂ ਇਹ ਹੈ ਕਿ ਜਿੰਨਾ ਚਿਰ 'ਭਾਰਤੀ ਜਮਹੂਰੀਅਤ' ਦੀ ਅਸਫਲਤਾ ਦਾ ਮੁਲੰਕਣ ਨਹੀਂ ਹੁੰਦਾ, ਮਜ਼ਬੂਤ ਲੀਡਰ ਦਾ ਲਕਬ ਹਾਸਲ ਕਰ ਚੁੱਕਾ ਲੀਡਰ ਹਾਰੇਗਾ ਨਹੀਂ। ਜਮਹੂਰੀਅਤ ਦੀ ਇਹ ਅਸਫਲਤਾ ਅੱਜ ਅਵਾਮ ਨੂੰ ਡੂੰਘੇ ਪੱਛ ਲਾ ਰਹੀ ਹੈ। ਚਿਰ ਪਹਿਲਾਂ ਪਾਕਿਸਤਾਨੀ ਪੱਤਰਕਾਰ ਨਜਮ ਸੇਠੀ ਨੇ ਆਪਣੇ ਮੁਲਕ ਨੂੰ 'ਅਸਫਲ ਸਟੇਟ' (ਫੇਲ੍ਹ ਸਟੇਟ) ਆਖ ਕੇ ਨਵੇਂ ਸਿਰਿਓਂ ਚਰਚਾ ਛੇੜ ਦਿੱਤੀ ਸੀ। ਕਾਸ਼! ਅੱਜ ਕੋਈ ਭਾਰਤ ਦੀ ਅਸਫਲ ਜਮਹੂਰੀਅਤ ਦਾ ਤੁਣਕਾ ਮਾਰੇ ਅਤੇ ਕੋਈ ਗੱਲ ਅਗਾਂਹ ਤੁਰ ਸਕੇ। ਅੱਜ ਹਰ ਖੇਤਰ ਅਤੇ ਸੰਸਥਾ, ਸੱਤਾਧਾਰੀਆਂ ਦੇ ਅਸਰ ਹੇਠ ਹੈ। ਅੱਜ ਦੀ ਹਕੀਕਤ ਦਰਸਾ ਰਹੀ ਹੈ ਕਿ ਭਾਰਤ ਦੀ ਖਰੀ ਸਿਆਸਤ ਦਾ ਅਗਲਾ ਸਫ਼ਰ ਇਸ ਅਖੌਤੀ ਜਮਹੂਰੀਅਤ ਨੂੰ ਅਸਫਲ ਮੰਨ ਕੇ ਅਤੇ ਵੰਗਾਰ ਕੇ ਹੀ ਸ਼ੁਰੂ ਹੋਣਾ ਹੈ।

# ਹੁਨਰ ਦੀ ਕਦਰ

ਪਿੰਡ ਵਾਲੇ ਸਰਕਾਰੀ ਸਕੂਲ ਵਿਚ ਪੜ੍ਹਨ ਸਮੇਂ ਇਮਤਿਹਾਨ ਵਿਚ 'ਅਖ਼ਬਾਰ ਪੜ੍ਹਨ ਦੇ ਲਾਭ' ਲੇਖ ਅਕਸਰ ਆਉਂਦਾ। ਰੱਦੀ ਦੇ ਪੈਸਿਆਂ ਦੀ ਕਮਾਈ ਤੋਂ ਲੈ ਕੇ ਗਿਆਨ ਵਧਾਉਣ ਦੇ ਅਹਿਮ ਸੋਮੇ ਬਾਰੇ 'ਗਾਈਡ' ਵਿਚੋਂ ਰੱਟਾ ਲਾ

**ਡਾ. ਹੀਰਾ ਸਿੰਘ ਭੂਪਾਲ**
**ਫੋਨ: +91-95016-01144**

ਕੇ ਪੇਪਰ ਵਿਚ ਉਵੇਂ ਦਾ ਉਵੇਂ ਲਿਖ ਆਉਂਦੇ ਸੀ ਪਰ ਇਸ ਦੇ ਵਿਹਾਰਕ ਪਹਿਲੂ ਤੋਂ ਅਣਜਾਣ ਸੀ। ਉਸ ਵਕਤ ਪਿੰਡਾਂ ਵਿਚ ਅਖ਼ਬਾਰਾਂ ਕਿੱਥੇ ਪੁੱਜਦੀਆਂ ਸਨ!

ਇਹ ਗੱਲਾਂ 1990-91 ਦੀਆਂ ਹਨ ਜਦ ਮੈਂ ਅੱਠ-ਨੌਂ ਸਾਲ ਦਾ ਸੀ। ਸਾਡੇ ਪਿੰਡ ਸ਼ਹਿਰੋਂ ਆਉਂਦੇ ਸ਼ਰਾਫ਼ ਦੀ ਦੁਕਾਨ ਸੀ ਜਿਨ੍ਹਾਂ ਨੂੰ ਮੈਂ ਤਾਇਆ ਕਹਿੰਦਾ ਸੀ। ਤਾਇਆ ਹਰ ਰੋਜ਼ ਸਾਈਕਲ 'ਤੇ ਸਾਡੇ ਪਿੰਡ ਸਵੇਰੇ 10 ਕੁ ਵਜੇ ਆ ਜਾਂਦਾ। ਉਨ੍ਹਾਂ ਦੇ ਸਾਈਕਲ ਦੇ ਕਰੀਅਰ ਵਿਚ ਅਖ਼ਬਾਰ ਫਸਿਆ ਹੁੰਦਾ। ਉਹ ਅਖ਼ਬਾਰ ਪੜ੍ਹਨ ਦੇ ਸ਼ੌਕੀਨ ਸਨ। ਚੰਗੇ ਪੜ੍ਹਾਕੂ ਹੋਣ ਕਰ ਕੇ ਮੇਰੇ ਪਾਪਾ ਜੀ ਵੀ ਅਖ਼ਬਾਰ ਪੜ੍ਹਨ ਦੇ ਹੱਦੋਂ ਵੱਧ ਦੀਵਾਨੇ ਸੀ। ਕਈ ਵਾਰ ਤਾਂ ਉਹ ਪੁਰਾਣੇ ਅਖ਼ਬਾਰ ਵੀ ਪੜ੍ਹੀ ਜਾਂਦੇ ਜਿਹੜੇ ਕਿਤੇ ਰੱਦੀ ਵਾਲੇ ਮਿਲ ਜਾਂਦੇ। ਮੈਂ ਆਪਣੇ ਪਿਤਾ ਜੀ ਅਤੇ ਪਿੰਡ ਦੇ ਦੋ ਹੋਰ ਬੰਦਿਆਂ ਨੂੰ ਸ਼ਿਕਾਰੀਆਂ ਵਾਂਗ ਤਾਏ ਦਾ ਰਾਹ ਤੱਕਦਿਆਂ ਅੱਖੀਂ ਦੇਖਿਆ ਹੈ। ਇਹ ਸਾਰੇ ਅਖ਼ਬਾਰ ਉਡੀਕਦੇ ਹੁੰਦੇ ਸਨ। ਤਾਏ ਦੇ ਪੰਜ-ਦਸ ਮਿੰਟਾਂ ਵਿਚ ਸਾਫ਼-ਸਫ਼ਾਈ ਤੇ ਧੂਫ-ਬੱਤੀ ਦਾ ਕਾਰਜ ਨਿਬੇੜਨ ਬਾਅਦ ਸਾਰਿਆਂ ਨੇ ਵਰਕਾ ਵਰਕਾ ਫੜ ਲੈਣਾ ਅਤੇ ਪੂਰੀ ਨੀਝ ਲਾ ਕੇ, ਸਭ ਦੁਨੀਆਦਾਰੀ ਭੁੱਲ-ਭੁਲਾ ਕੇ ਅਖ਼ਬਾਰ ਪੜ੍ਹਨਾ। ਉੱਥੇ 10 ਫੁੱਟੀ ਦੁਕਾਨ ਹੀ ਪੰਜਾਬ ਵਿਧਾਨ ਸਭਾ ਬਣਾ ਛੱਡਣੀ। ਹਰ ਮਸਲੇ 'ਤੇ ਖੁੱਲ੍ਹਾ ਵਿਚਾਰ ਵਟਾਂਦਰਾ।

ਥੋੜ੍ਹਾ ਵੱਡਾ ਹੋਇਆ ਤਾਂ ਕੁਝ ਗੱਲਾਂ ਦੀ ਸੋਝੀ ਆਉਣੀ ਸ਼ੁਰੂ ਹੋਈ। 1986 ਵਿਚ ਮੇਰੇ ਬਾਬੇ ਦਾ ਦੇਹਾਂਤ ਹੋ ਗਿਆ ਜੋ ਦੋਵੇਂ ਅੱਖਾਂ ਤੋਂ ਨਜ਼ਰਹੀਣ ਸਨ। ਪਿਤਾ ਜੀ ਘਰ ਦੇ ਸਭ ਤੋਂ ਵੱਡੇ ਪੁੱਤ ਸਨ, ਸੋ ਸਾਰੀ ਜ਼ਿੰਮੇਵਾਰੀ ਉਨ੍ਹਾਂ ਦੇ ਮੋਢਿਆਂ 'ਤੇ ਆ ਗਈ। ਦਾਦੀ ਕੋਰੀ ਅਨਪੜ੍ਹ ਸੀ, ਉਨ੍ਹਾਂ ਨੂੰ ਪਿਤਾ ਜੀ ਦੇ ਇਉਂ ਸਭ ਕੁਝ ਭੁੱਲ-ਭੁਲਾ ਕੇ ਅਖ਼ਬਾਰ ਪੜ੍ਹਨਾ ਨਹੀਂ ਸੀ ਭਾਉਂਦਾ ਪਰ ਪਿਤਾ ਜੀ ਦਾ ਹਾਲ ਇਹ ਸੀ ਕਿ ਅਖ਼ਬਾਰ ਨਾ ਪੜ੍ਹਦੇ ਤਾਂ ਰੋਟੀ ਚੰਗੀ ਨਾ ਲੱਗਦੀ। ਦਾਦੀ ਨੇ ਮੈਨੂੰ ਤਾਏ ਦੀ ਦੁਕਾਨ 'ਤੇ ਪਾਪਾ ਨੂੰ ਬੁਲਾਉਣ ਵਾਸਤੇ ਭੇਜਣਾ। ਬਾਪੂ ਵੀ ਪੂਰਾ ਅੜਬ ਸੀ। ਘਰ ਆਉਣਾ ਪਰ ਪੂਰਾ ਅਖ਼ਬਾਰ ਪੜ੍ਹ ਕੇ। ਇੱਕ ਦਿਨ ਮੈਂ ਬੁਲਾਉਣ ਗਿਆ, ਉਹ ਤਿੰਨੇ ਚਾਰੇ ਜਣੇ ਪੜ੍ਹਨ ਵਿਚ ਮਘਨ ਸਨ। ਪਹਿਲੀ ਵਾਰ ਮੈਨੂੰ ਗੋਲ-ਮੋਲ ਜਿਹੀ ਗੱਲ ਕਰ ਕੇ ਵਾਪਸ ਭੇਜ ਦਿੱਤਾ ਪਰ ਦਾਦੀ ਨੇ ਮੈਨੂੰ ਫਿਰ ਭੇਜ ਦਿੱਤਾ। ਉਨ੍ਹਾਂ ਘਰ ਨਾ ਆਉਣਾ, ਦੂਜੇ ਪਾਸੇ ਮੁਫਤ 'ਚ ਮੇਰੀ ਛਿੱਤਰ ਪਰੇਡ ਹੋ ਜਾਂਦੀ ਕਿਉਂਕਿ ਮੈਂ ਵੀ ਫਿਰ ਉੱਥੇ ਹੀ ਖੜ੍ਹ ਜਾਂਦਾ ਤੇ ਕਹਿੰਦਾ ਸੀ ਕਿ ਨਾਲ ਲੈ ਕੇ ਹੀ ਜਾਊਂਗਾ। ਕਿਤੇ ਸ਼ਰਾਫ਼ ਦੇ ਸਾਮਾਨ ਨਾਲ ਪੰਗਾ ਵੀ ਲਿਆ ਹੋਣਾ। ਪੱਕਾ!

ਆਖ਼ਿਰ ਮੈਨੂੰ ਨਾਲ ਲੈ ਕੇ ਉਹ ਘਰ ਵੱਲ ਤੁਰ ਪਏ। ਮੇਰੇ ਕੋਮਲ ਮਨ ਨੇ ਰਸਤੇ ਵਿਚ ਮੈਂ ਸਵਾਲ ਕੀਤਾ, "ਪਾਪਾ ਜੀ, ਤੁਹਾਨੂੰ ਇਹ ਵਰਕੇ ਜਿਹੇ ਪੜ੍ਹ ਕੇ ਕੀ ਮਿਲਦਾ?" ਉੱਤਰ ਸੀ, "ਪੁੱਤ, ਇਸ ਅਖ਼ਬਾਰ ਵਿਚ ਪੰਜਾਬ ਦੇ ਵਿਦਵਾਨਾਂ ਦੇ ਵਿਚਾਰ ਹੋਣ ਦੇ ਨਾਲ ਨਾਲ ਦੇਸ-ਦੁਨੀਆ 'ਚ ਕੀ ਵਾਪਰ ਰਿਹਾ, ਉਸ ਬਾਬਤ ਜਾਣਕਾਰੀ ਹੁੰਦੀ। ਵਿਦਵਾਨ ਲੋਕ ਆਪਣੇ ਤਜਰਬੇ ਦੇ ਆਧਾਰ 'ਤੇ ਸਾਨੂੰ ਅਗਾਹ ਕਰਦੇ ਹਨ ਕਿ ਅੱਗੇ ਕੀ ਹਾਲਾਤ ਹੋਣਗੇ।" ਉਨ੍ਹਾਂ ਦੇ ਦੱਸਣ ਮੁਤਾਬਕ, ਵਿਦਵਾਨ ਲੋਕ ਬਹੁਤ ਪੜ੍ਹੇ ਲਿਖੇ ਹੁੰਦੇ।... ਚਲੋ, ਘਰ ਪਹੁੰਚ ਗਏ।

ਉਂਝ, ਕੋਮਲ ਮਨ ਅੰਦਰ ਵਲਵਲੇ ਉੱਠਣ ਲੱਗੇ। ਜਾਪਣ ਲੱਗਿਆ ਕਿ ਜੋ ਲੋਕ ਅਖ਼ਬਾਰ 'ਚ ਲਿਖਦੇ, ਉਹ ਖਾਸ ਹੁੰਦੇ। ਇਸੇ ਕਰ ਕੇ ਲੋਕਾਂ ਨੂੰ ਉਨ੍ਹਾਂ ਦੇ ਲਿਖੇ ਸ਼ਬਦ ਪੜ੍ਹਨ ਦੀ ਤਾਂਘ ਰਹਿੰਦੀ ਹੈ। ਇਹ ਸਭ ਕੁਝ ਮੇਰੇ ਅਵਚੇਤਨ ਮਨ 'ਚ ਬੈਠ ਗਿਆ ਤੇ ਮੈਂ ਸੋਚਣ ਲੱਗਿਆ ਕਿ ਮੈਂ ਵੀ ਇੱਕ ਦਿਨ ਲਿਖਾਂਗਾ। ਦਸਵੀਂ ਜਮਾਤ ਤੱਕ ਕਦੇ ਅਖ਼ਬਾਰ ਨਹੀਂ ਸੀ ਪੜ੍ਹਿਆ। ਕਾਲਜ ਪੁੱਜ ਕੇ ਨਵੀਂ ਦੁਨੀਆ ਨਾਲ ਵਾਹ ਪਿਆ। ਫਿਰ ਯੂਨੀਵਰਸਿਟੀ ਜਾਣ ਦਾ ਸਬਬ ਬਣ ਗਿਆ। ਉੱਥੇ 2004 ਵਿਚ ਲੇਖ ਲਿਖਿਆ। ਨਾਲ ਦੇ ਸਾਥੀ ਨੂੰ ਉਹ ਲੇਖ ਫੜਾ ਕੇ ਰਾਇ ਮੰਗੀ। ਬਾਅਦ ਵਿਚ ਪਤਾ ਲੱਗਾ ਕਿ ਸਾਥੀ ਨੇ ਆਪ ਹੀ ਅਖ਼ਬਾਰ 'ਚ ਛਪਾ ਲਿਆ ਕੁਝ ਤਬਦੀਲੀ ਕਰ ਕੇ। ਫਿਰ ਦੋ ਕੁ ਸਾਲਾਂ ਬਾਅਦ ਇੱਕ ਪ੍ਰੋਫੈਸਰ ਨਾਲ ਗੱਲ ਕੀਤੀ ਪਰ ਉਨ੍ਹਾਂ ਨੇ ਵੀ ਕੋਈ ਹੱਲਾਸ਼ੇਰੀ ਨਾ ਦਿੱਤੀ। ਆਖ਼ਿਰ 2008 ਵਿਚ ਮੇਰਾ ਪਹਿਲਾ ਲੇਖ ਅਖ਼ਬਾਰ 'ਚ ਛਪਿਆ ਤੇ ਚੰਗਾ ਹੁੰਗਾਰਾ ਮਿਲਿਆ। ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ।

ਤਾਏ ਵਾਲੇ ਅਖ਼ਬਾਰ ਤੋਂ ਲੈ ਕੇ ਆਪਣਾ ਲੇਖ ਛਪਣ ਤੱਕ ਦਾ ਸਫ਼ਰ ਨਿਆਰਾ ਸੀ। ਸਮਝ ਲੱਗੀ ਕਿ ਜੇ ਅਸੀਂ ਕਿਸੇ ਚੀਜ਼ ਜਾਂ ਕੰਮ ਪਿੱਛੇ ਸ਼ਿੱਦਤ ਨਾਲ ਪੈ ਜਾਈਏ ਤਾਂ ਪੂਰੀ ਕਾਇਨਾਤ ਸਾਥ ਦਿੰਦੀ ਹੈ। ਰਾਹ ਵਿਚ ਬਹੁਤ ਅੜਿਕੇ ਆਉਂਦੇ ਪਰ ਦਰਿਆਵਾਂ ਨੂੰ ਕਦੇ ਨੱਕੇ ਨਹੀਂ ਲੱਗਦੇ। ਦੇਰ ਸਵੇਰ ਤੁਹਾਡੇ ਹੁਨਰ ਦੀ ਕਦਰ ਪੈ ਜਾਂਦੀ ਹੈ। ਜ਼ਰੂਰਤ ਹੈ, ਆਪਣੇ ਆਪ 'ਤੇ ਭਰੋਸਾ ਰੱਖੋ।

# ਨਕਸਲਬਾੜੀ ਲਹਿਰ ਦਾ ਪੰਜਾਬੀ ਸਾਹਿਤ ’ਤੇ ਪ੍ਰਭਾਵ

***ਸੈਂਕੜੇ ਬੇਜ਼ਮੀਨੇ ਗਰੀਬ ਕਿਸਾਨ ਤੇ ਹੋਰ ਤਬਕਿਆਂ ਦੇ ਕਿਰਤੀ 23 ਮਈ 1967 ਨੂੰ ਆਪਣੇ ਰਵਾਇਤੀ ਹਥਿਆਰ ਲੈ ਕੇ ਨਕਸਲਬਾੜੀ ਪਿੰਡ ਵਿਚ ‘ਜ਼ਮੀਨ ਹਲਵਾਹਕ ਦੀ’ ਦੇ ਨਾਅਰੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਇਕੱਠੇ ਹੋਏ। ਬਾਰੂ ਸਤਵਰਗ ਦਾ ਲਿਖਿਆ ਇਹ ਪਰਚਾ ਆਰ.ਡਬਲਿਊ.ਏ. ਵਲੋਂ ਨਕਸਲਬਾੜੀ ਦੀ 50ਵੀਂ ਵਰ੍ਹੇਗੰਢ ਮੌਕੇ ਹੈਦਰਾਬਾਦ ਵਿਚ ਕਰਵਾਏ ਦੋ-ਰੋਜ਼ਾ ਸੈਮੀਨਾਰ ਵਿਚ ਪੜ੍ਹਿਆ ਗਿਆ ਸੀ।***

ਨਕਸਲਬਾੜੀ ਦੀ ਬਗ਼ਾਵਤ ਹੋਣ ਤੋਂ ਪਹਿਲਾਂ (ਭਾਵ 15 ਅਗਸਤ 1947 ਤੋਂ ਲੈ ਕੇ 28 ਜੁਲਾਈ 1969 ਤੱਕ) ਦੇ ਪੰਜਾਬ ਦੇ ਸਾਹਿਤਕ-ਸਭਿਆਚਾਰਕ ਖੇਤਰ ਦੀ ਹਾਲਤ ਬਾਰੇ ਜੇ ਸੰਖੇਪ ਵਿਚ ਗੱਲ ਕੀਤੀ ਜਾਵੇ ਤਾਂ ਇਹ ਬਹੁਤੀ ਵਧੀਆ ਨਹੀਂ ਸੀ।

1947 ਵਿਚ ਧਾਰਮਿਕ ਫਿਰਕਿਆਂ ਦੇ ਆਧਾਰ ’ਤੇ ਭਾਰਤ ਦੋ ਹਿੱਸਿਆਂ (ਭਾਰਤ ਤੇ ਪਾਕਿਸਤਾਨ) ’ਚ ਵੰਡਿਆ ਗਿਆ। ਭਾਰਤ ਦੀ ਵੰਡ ਸਮੇਂ ਧਾਰਮਿਕ ਫਿਰਕਿਆਂ ਦਰਮਿਆਨ ਖ਼ੂਨੀ ਫਿਰਕੂ ਦੰਗੇ-ਫਸਾਦ ਹੋਏ। ਇਸ ਇਤਿਹਾਸਕ ਦੁਖਾਂਤ ਨੇ ਭਾਰਤ ਦੇ ਲੋਕਾਂ, ਖ਼ਾਸ ਕਰ ਕੇ ਪੰਜਾਬੀ ਅਤੇ ਬੰਗਾਲੀ ਕੌਮੀਅਤਾਂ ਦੀ ਚੇਤਨਾ ਨੂੰ ਭਾਰੀ ਸੱਟ ਮਾਰੀ। ਅਜਿਹੀ ਚੇਤਨਾ ਹੀ ਭਾਰਤੀ ਸਾਹਿਤ ਦੇ ਸਭਿਆਚਾਰ ਦੀ ਵਿਸ਼ਾ-ਵਸਤੂ ਬਣੀ ਰਹੀ। ਉਸ ਸਮੇਂ ਜਮਾਤੀ ਜੱਦੋ-ਜਹਿਦ ਮੰਚ ’ਤੇ ਨਾ ਹੋਣ ਕਾਰਨ ਭਾਰਤੀ ਸਾਹਿਤਕ-ਸਭਿਆਚਾਰਕ ਕਾਮਿਆਂ ਦਾ ਦ੍ਰਿਸ਼ਟੀਕੋਣ ਵੀ ਧੁੰਦਲਾ ਗਿਆ ਸੀ ਜਿਸ ਕਰ ਕੇ ਇਸ ਦੌਰਾਨ ਹੋਂਦ ਵਿਚ ਆਉਣ ਵਾਲੀਆਂ ਕਲਾ-ਕਿਰਤਾਂ, ਜਮਾਤੀ ਸਾਂਝ-ਭਿਆਲੀ ਦੇ ਸੰਕਲਪਾਂ ਵਾਲੀਆਂ ਸਨ। ਇਹ 1947 ਦੇ ਦੁਖਾਂਤ ਤੋਂ ਮੁਕਤ ਨਹੀਂ ਹੋ ਸਕੀਆਂ।



**ਬਾਰੂ ਸਤਵਰਗ**

ਅਜਿਹੇ ਸਮੇਂ ਭਾਰਤ ਦੇ ਮਸ਼ਹੂਰ ਪ੍ਰਗਤੀਵਾਦੀ ਲੇਖਕ ਮੁਨਸ਼ੀ ਪ੍ਰੇਮ ਚੰਦ ਨੇ ਭਾਰਤ ਪੱਧਰ ’ਤੇ ਪ੍ਰਗਤੀਵਾਦੀ ਲੇਖਕ ਸੰਘ ਬਣਾਇਆ। ਪ੍ਰਗਤੀਵਾਦੀ ਲੇਖਕ ਸੰਘ ਨੇ ਵੀ ਕੁਝ ਖ਼ਾਸ ਨਹੀਂ ਕੀਤਾ, ਅੰਤ ਆਪਣੀ ਹੋਂਦ ਗੁਆ ਚੁੱਕਿਆ ਸੀ। ਬਰਤਾਨਵੀ ਸਾਮਰਾਜ ਅਤੇ ਉਸ ਦੀਆਂ ਪਿੱਠੂ ਭਾਰਤੀ ਹਾਕਮ ਜਮਾਤਾਂ ਵਿਰੁੱਧ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਸਮਾਜਵਾਦੀ ਰਿਪਬਲਿਕਨ ਐਸੋਸੀਏਸ਼ਨ ਦੀ ਲਹਿਰ, ਕਿਰਤੀ ਲਹਿਰ, ਪੈਪਸੂ ਪੰਜਾਬ ਦੀ ਮਜ਼ਾਰਾ ਲਹਿਰ ਆਦਿ ਵਰਗੀਆਂ ਇਨਕਲਾਬੀ ਲੋਕ ਲਹਿਰਾਂ ਦੀ ਤਰਜਮਾਨੀ ਕਰਨ ਵਾਲਾ ਕ੍ਰਾਂਤੀਕਾਰੀ ਸਾਹਿਤ ਸਿਰਜਿਆ ਗਿਆ। ਭਾਰਤ ਵਿਚ ਇਹਨਾਂ ਲਹਿਰਾਂ ਦਾ ਵੀ ਇਨਕਲਾਬੀ ਸਾਹਿਤ, ਖ਼ਾਸ ਕਰ ਕੇ ਪੰਜਾਬ ’ਤੇ ਡੂੰਘਾ ਪ੍ਰਭਾਵ ਪਿਆ।

15 ਅਗਸਤ 1947 ਤੋਂ ਬਾਅਦ ਇਸ ਇਨਕਲਾਬੀ ਸਾਹਿਤ ਦਾ ਵਿਕਾਸ ਹੌਲੀ-ਹੌਲੀ ਧੀਮਾ ਪੈਣਾ ਸ਼ੁਰੂ ਹੋ ਗਿਆ। ਬੀਤੇ ਦੇ ਜਗੀਰੂ ਸਮਾਜ ਦੌਰਾਨ ਹੋਂਦ ’ਚ ਆਈਆਂ ਜਗੀਰੂ-ਸਮਾਜਿਕ ਕਦਰਾਂ-ਕੀਮਤਾਂ, ਜਗੀਰੂ ਰਾਜਿਆਂ-ਮਹਾਰਾਜਿਆਂ ਅਤੇ ਬਰਤਾਨਵੀ ਸਾਮਰਾਜ ਵਿਰੁੱਧ ਚੱਲੀਆਂ ਇਨਕਲਾਬੀ ਲੋਕ ਲਹਿਰਾਂ ਆਪਣੇ ਲੜਾਕੂ ਖ਼ਾਸੇ ਦੇ ਉਲਟ ਤਬਦੀਲ ਹੋ ਗਈਆਂ। ਭਾਰਤੀ ਲੋਕ ਲਹਿਰਾਂ ਵਿਰੁੱਧ ਅਤੇ ਸਾਮਰਾਜ ਦੇ ਹੱਕ ਵਿਚ ਭੁਗਤਣ ਵਾਲੇ ਨਕਾਬਪੋਸ਼ ਸਿਆਸੀ ਲੀਡਰਾਂ ਨੂੰ ਨਾਇਕ ਦੇ ਤੌਰ ’ਤੇ ਉਭਾਰਿਆ ਗਿਆ। ਭਾਰਤੀ ਹਾਕਮਾਂ ਦੀ ‘ਪਾੜੋ ਤੇ ਰਾਜ ਕਰੋ’ ਦੀ ਨੀਤੀ ਤਹਿਤ ਸਮਾਜ ਨੂੰ ਫਿਰਕੂ, ਧਾਰਮਿਕ ਤੇ ਜਾਤ-ਪਾਤ ਦੇ ਆਧਾਰ ’ਤੇ ਵੰਡਣ ਵਾਲੇ ਸਾਹਿਤ-ਸਭਿਆਚਾਰ ਨੂੰ ਉਤਸ਼ਾਹਿਤ ਕੀਤਾ ਗਿਆ।

ਇਸ ਤੋਂ ਇਲਾਵਾ ਸਨਅਤੀ ਮਾਲ ਦੀ ਖ਼ਪਤ ਲਈ ਮੇਲਿਆਂ, ਸਮਾਜਿਕ ਰਸਮਾਂ-ਰਿਵਾਜ਼ਾਂ ਅਤੇ ਇਤਿਹਾਸਕ ਦਿਨਾਂ-ਤਿਉਹਾਰਾਂ ਨੂੰ ਖ਼ਪਤਵਾਦੀ ਸਭਿਆਚਾਰ ਦੇ ਤੌਰ ’ਤੇ ਪੇਸ਼ ਕੀਤਾ ਗਿਆ। ਇਹ ਪ੍ਰੋਗਰਾਮ ਵੇਲਾ ਵਿਹਾਅ ਚੁੱਕੀਆਂ ਜਗੀਰੂ ਕਦਰਾਂ-ਕੀਮਤਾਂ ਨਾਲ ਲੈਸ ਸੀ। ਧਾਰਮਿਕ ਮੂਲਵਾਦ, ਮਨੂਵਾਦ ਅਤੇ ਮਿਥਿਹਾਸ ਵਾਲੇ ਸਾਹਿਤ-ਸਭਿਆਚਾਰ ਨੂੰ ਨਵੀਂ ਸੱਤਾ ਦਾ ਜਾਮਾ ਪਹਿਨਾ ਕੇ ਮੁੜ ਸੁਰਜੀਤ ਕਰਨ ਦੇ ਨਜ਼ਰੀਏ ਤੋਂ ਉਤਸ਼ਾਹਤ ਕਰਨ ਦਾ ਅਮਲ ਜ਼ੋਰ ਫੜਨ ਲੱਗਿਆ ਸੀ। ਜਮਾਤੀ ਸਾਂਝ-ਭਿਆਲੀ ਵਾਲੀ ਚੇਤਨਾ ਨੂੰ ਹੋਂਦ ’ਚ ਲਿਆਉਣ ਵਾਲਾ ਉਕਤ ਵਰਤਾਰਾ ਸਿਰਫ਼ ਸੀ.ਪੀ.ਆਈ. ਦੇ ਸਮੇਂ ਦੌਰਾਨ ਹੀ ਹੋਂਦ ’ਚ ਨਹੀਂ ਆਇਆ। ਇਹ ਲੋਕ ਵਿਰੋਧੀ ਵਰਤਾਰਾ ਹਿੰਦ-ਚੀਨ ਦੀ ਜੰਗ ਸਮੇਂ ਭਾਰਤ ਨੂੰ ਉਸ ਜੰਗ ਨੂੰ ਸ਼ੁਰੂਆਤ ਕਰਨ ਵਾਲਾ ਸਮਝਣ ਦੇ ਮਤਭੇਦ ਕਾਰਨ ਸੀ.ਪੀ.ਆਈ.ਵਿਚੋਂ ਬਣੀ ਸੀ.ਪੀ.ਆਈ.(ਐਮ.) ਦੇ ਸਮੇਂ ਦੌਰਾਨ ਵੀ ਪਹਿਲਾਂ ਵਾਂਗ ਜਾਰੀ ਰਿਹਾ। ਸੀ.ਪੀ.ਆਈ.(ਐਮ.) ਨੇ ਵੀ ਆਪਣੀ ਸਾਂਝ-ਭਿਆਲੀ ਵਾਲੀ ਨੀਤੀ ਜਾਰੀ ਰੱਖੀ। ਸੀ.ਪੀ.ਆਈ.(ਐਮ.) ਦਾ ਸੀ.ਪੀ.ਆਈ. ਦੀ ਵਿਚਾਰਧਾਰਕ-ਰਾਜਨੀਤਕ ਲਾਇਨ ਤੋਂ ਕੋਈ ਬੁਨਿਆਦੀ ਵਖਰੇਵਾਂ ਨਹੀਂ ਸੀ।

ਸੀ.ਪੀ.ਆਈ.(ਐਮ.) ਦੇ ਸੀਨੀਅਰ ਨੇਤਾ ਨੰਬੂਦਰੀਪਾਦ ਦੀ ਅਗਵਾਈ ’ਚ ਕੇਰਲ ਵਿਚ ਬਣੀ ਸਰਕਾਰ ਦੇ ਹੁਕਮਾਂ ’ਤੇ ਪੁਲਿਸ ਨੇ ਸੂਬੇ ਦੇ ਕੋਇਲਾ ਸ਼ਹਿਰ ਵਿਚ ਆਪਣੇ ਜਮਾਤੀ ਹੱਕਾਂ ਲਈ ਸੰਘਰਸ਼ ਕਰ ਰਹੇ ਕਿਰਤੀ-ਕਾਮਿਆਂ ’ਤੇ ਗੋਲੀ ਚਲਾ ਦਿੱਤੀ। ਇਸ ਵਿਚ 3 ਮਜ਼ਦੂਰ ਸ਼ਹੀਦ ਹੋ ਗਏ। ਇਸ ਘਟਨਾ ਤੋਂ ਬਾਅਦ ਸੀ.ਪੀ.ਆਈ.(ਐਮ.) ਅੰਦਰ ਕੰਮ ਕਰ ਰਹੇ ਕਾਮਰੇਡ ਚਾਰੂ ਮਜੂਮਦਾਰ ਵਰਗੇ ਖ਼ਰੇ ਮਾਰਕਸਵਾਦੀਆਂ-ਲੈਨਿਨਵਾਦੀਆਂ ਨੂੰ ਇਹ ਮਜ਼ਦੂਰ ਜਮਾਤ ਵਿਰੋਧੀ ਪਾਰਟੀ ਨਜ਼ਰ ਆਉਣ ਲੱਗੀ। ਉਹਨਾਂ ਨੂੰ ਖ਼ਰੁਸ਼ਚੋਵ ਵਲੋਂ ਰੂਸ ਵਿਚ ਅਮਨ ਸਹਿਹੋਂਦ ਦੀ ਨੀਤੀ ਲਿਆਉਣ ਦੌਰਾਨ ਮਾਓ-ਜ਼ੇ-ਤੁੰਗ ਦੀ ਅਗਵਾਈ ਵਿਚ ਚੀਨ ਵਿਚ ਜਾਰੀ ਪ੍ਰੋਲੇਤਾਰੀ ਸਭਿਆਚਾਰਕ ਇਨਕਲਾਬ ਠੀਕ ਜਾਪਿਆ। ਚਾਰੂ ਨੇ ਮਾਓ ਦੀਆਂ ਲਿਖਤਾਂ ਦਾ ਅਧਿਐਨ ਸ਼ੁਰੂ ਕਰ ਦਿੱਤਾ। ਇਸ ਆਧਾਰ ’ਤੇ ਉਹਨਾਂ ਅੱਠ ਦਸਤਾਵੇਜ਼ ਲਿਖੇ। ਇਸ ਤਹਿਤ ਬੰਗਾਲ ਨੂੰ ਦਾਰਜੀਲਿੰਗ ਜ਼ਿਲ੍ਹੇ ਦੇ ਨਕਸਲਬਾੜੀ ਪਿੰਡ ਅੰਦਰ ਬੇਜ਼ਮੀਨੇ ਕਿਰਤੀਆਂ ਤੇ ਮਜ਼ਦੂਰਾਂ ਨੂੰ ‘ਜ਼ਮੀਨ ਹਲਵਾਹਕ ਦੀ’ ਨਾਅਰੇ ਹੇਠ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ।



***ਪੱਛਮੀ ਬੰਗਾਲ ਦੇ ਪਿੰਡ ਨਕਸਲਬਾੜੀ ਜਿਸ ਦੇ ਨਾਂ ਤੋਂ ਨਕਸਲੀ ਲਹਿਰ ਦੀ ਸ਼ੁਰੂਆਤ ਹੋਈ, ਵਿਚ ਬਣਾਈ ਯਾਦਗਾਰ।***

ਸੈਂਕੜੇ ਬੇਜ਼ਮੀਨੇ ਗ਼ਰੀਬ ਕਿਸਾਨ ਤੇ ਹੋਰ ਤਬਕਿਆਂ ਦੇ ਕਿਰਤੀ 23 ਮਈ 1967 ਨੂੰ ਆਪਣੇ ਰਵਾਇਤੀ ਹਥਿਆਰ ਲੈ ਕੇ ਨਕਸਲਬਾੜੀ ਪਿੰਡ ’ਚ ‘ਜ਼ਮੀਨ ਹਲਵਾਹਕ ਦੀ’ ਦੇ ਨਾਹਰੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਇਕੱਠੇ ਹੋਏ। ਸੀ.ਪੀ.ਆਈ. ਅਤੇ ਸੀ.ਪੀ.ਆਈ.(ਐਮ) ਦੀ ਅਗਵਾਈ ਵਾਲੀ ਸਾਂਝੇ ਮੋਰਚੇ ਦੀ ਸਰਕਾਰ ਦੇ ਗ੍ਰਹਿ ਮੰਤਰੀ ਅਤੇ ਭਵਿੱਖੀ ਸਰਕਾਰ ਦੇ ਮੁੱਖ ਮੰਤਰੀ ਤੇ ਸੀ.ਪੀ.ਆਈ.(ਐਮ.) ਦੇ ਸੀਨੀਅਰ ਆਗੂ ਜੋਤੀ ਬਾਸੂ ਦੇ ਹੁਕਮਾਂ ’ਤੇ ਪਹੁੰਚੀ ਪੁਲਿਸ ਨੇ ‘ਜ਼ਮੀਨ ਹਲਵਾਹਕ ਦੀ’ ਦੇ ਨਾਅਰੇ ਨੂੰ ਬੁਲੰਦ ਕਰ ਰਹੇ ਕਿਰਤੀ-ਮਜ਼ਦੂਰਾਂ ’ਤੇ ਅੰਨ੍ਹੇਵਾਹ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਇਕ ਬੱਚੇ, ਤਿੰਨ ਔਰਤਾਂ ਸਮੇਤ ਗਿਆਰਾਂ ਕਿਰਤੀਆਂ ਨੂੰ ਸ਼ਹੀਦ ਕਰ ਦਿੱਤਾ ਗਿਆ। ਨਕਸਲਬਾੜੀ ਦੀ ਧਰਤੀ ’ਤੇ ਵਾਪਰੀ ਇਹ ਇਤਿਹਾਸਕ ਘਟਨਾ, ਨਕਸਲਬਾੜੀ ਦੀ ਬਗ਼ਾਵਤ ਅਤੇ ਬਸੰਤ ਦੀ ਕੜਕ ਵਰਗੇ ਨਾਂ ਨਾਲ ਬੰਗਾਲ ਦੀਆਂ ਹੱਦਾਂ ਪਾਰ ਕਰ ਕੇ ਪੂਰੇ ਭਾਰਤ ਵਿਚ ਫੈਲ ਗਈ।

ਇਸ ਬਗ਼ਾਵਤ ਨੂੰ ਜੀ ਆਇਆਂ ਕਹਿਣ ਵਾਲੇ ਵੱਖ-ਵੱਖ ਸੂਬਿਆਂ ਅੰਦਰਲੀ ਸੀ.ਪੀ.ਆਈ.ਅਤੇ ਸੀ.ਪੀ. ਆਈ.ਐਮ. ਅੰਦਰਲੇ ਕਮਿਊਨਿਸਟ ਇਨਕਲਾਬੀਆਂ ਨੇ ਅਖੌਤੀ ਦੋਵਾਂ ਖੱਬੀਆਂ ਪਾਰਟੀਆਂ ਦੀ ਜਮਾਤੀ ਸਾਂਝ-ਭਿਆਲੀ ਵਾਲੀ ਵਿਚਾਰਧਾਰਾ ਤੇ ਰਾਜਨੀਤੀ ਨੂੰ ਅਲਵਿਦਾ ਆਖ ਕੇ ਆਪੋ-ਆਪਣੀਆਂ ਸੂਬਾ ਤਾਲਮੇਲ ਕਮੇਟੀਆਂ ਬਣਾਈਆਂ। ਇਹਨਾਂ ਤਾਲਮੇਲ ਕਮੇਟੀਆਂ ਦੀ ਬਹੁਗਿਣਤੀ ਨੇ 22 ਅਪਰੈਲ 1969 ਨੂੰ ਰੂਸ ਨੂੰ ਸਮਾਜਿਕ ਸਾਮਰਾਜੀ ਅਤੇ ਸੀ.ਪੀ.ਆਈ.(ਐਮ.) ਨੂੰ ਸੋਧਵਾਦੀ ਕਰਾਰ ਦਿੱਤਾ ਅਤੇ ਪਾਰਲੀਮਾਨੀ ਰਾਹ ਦੀ ਥਾਂ ਲਮਕਵੇਂ ਲੋਕ ਯੁੱਧ ਦਾ ਸੱਦਾ ਦਿੰਦਿਆਂ ਅਤੇ ਭਾਰਤੀ ਹਾਕਮ ਜਮਾਤਾਂ ਤੇ ਵੱਡੀ ਸਰਮਾਏਦਾਰੀ-ਜਗੀਰਦਾਰੀ ਨੂੰ ਸਾਮਰਾਜ ਦੀਆਂ ਦਲਾਲ ਗਰਦਾਨਦਿਆਂ ਸੀ.ਪੀ.ਆਈ.(ਐਮ.ਐਲ.)ਬਣਾਈ। ਇਸ ਦੌਰਾਨ 21 ਮੈਂਬਰੀ ਕਮੇਟੀ ਚੁਣੀ ਗਈ ਜਿਸ ਦਾ ਜਨਰਲ ਸਕੱਤਰ ਚਾਰੂ ਮਜੂਮਦਾਰ ਨੂੰ ਬਣਾਇਆ ਗਿਆ।

ਨਕਸਲਬਾੜੀ ਦੀ ਬਗ਼ਾਵਤ ਅਤੇ ਸੀ.ਪੀ.ਆਈ.(ਐਮ.ਐਲ.) ਦੀ ਅਗਵਾਈ ਹੇਠ ਤੇਜ਼ ਹੋਈ ਜਮਾਤੀ ਜੱਦੋ-ਜਹਿਦ ਦੇ ਲਾਲ ਸੂਰਜ ਦੀਆਂ ਸੁਰਖ਼ ਕਿਰਨਾਂ ਦੇ ਚਾਨਣ ਕੋਲੋਂ ਭਾਰਤ ਦੇ ਹੋਰ ਸੂਬਿਆਂ ਦੇ ਨਾਲ-ਨਾਲ ਪੰਜਾਬ ਦੇ ਕਮਿਊਨਿਸਟ ਇਨਕਲਾਬੀ ਘੇਰੇ ਵੀ ਦੂਰ ਨਹੀਂ ਰਹੇ। ਬਾਬਾ ਬੂਝਾ ਸਿੰਘ, ਕਾਮਰੇਡ ਦਇਆ ਸਿੰਘ, ਕਾਮਰੇਡ ਜਗਜੀਤ ਸਿੰਘ ਸੋਹਲ ਵਰਗੇ ਸੈਂਕੜੇ ਕਮਿਊਨਿਸਟ ਇਨਕਲਾਬੀਆਂ ਵਲੋਂ ਪੰਜਾਬ ਦੇ ਸਿਆਸੀ ਖੇਤਰ ’ਚ ਜਮਾਤੀ ਜੱਦੋ-ਜਹਿਦ ਤੇਜ਼ ਕੀਤੀ ਗਈ ਸੀ। ਜਿਸ ਦੇ ਸਿੱਟੇ ਵਜੋਂ ‘ਲੋਕ ਯੁੱਧ’ (ਗੁਪਤ ਪਰਚਾ) ਪੰਜਾਬੀ ਵਿਚ ਛਪਣਾ ਸ਼ੁਰੂ ਹੋਇਆ। ਇਸ ਪਰਚੇ ਨੂੰ ਛਾਪਣ ਅਤੇ ਵੰਡਣ ਦੀ ਜ਼ਿੰਮੇਵਾਰੀ ਕਾਮਰੇਡ ਗੰਧਰਵ ਸੇਨ ਅਤੇ ਉਹਨਾਂ ਦੀ ਧੀ ਸੁਰਿੰਦਰ ਕੋਛੜ ਨੂੰ ਸੌਂਪੀ ਗਈ ਸੀ। ਉਹਨਾਂ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ। ਉਹਨਾਂ ਦੀ ਭੂਮਿਕਾ ਪ੍ਰੇਰਨਾਦਾਇਕ ਸੀ। ਇਸ ਤੋਂ ਇਲਾਵਾ ਹੋਰ ਗੁਪਤ ਪਰਚੇ ਵੀ ਕੱਢੇ ਗਏ ਜਿਹਨਾਂ ਵਿਚ ‘ਗੁਰਮਤਿ ਪ੍ਰਕਾਸ਼’ ਵੀ ਸ਼ਾਮਲ ਸੀ।

ਉਪਰੋਕਤ ਤੋਂ ਇਲਾਵਾ ਦੇਸ਼ਭਗਤ ਯਾਦਾਂ, ਕਿਰਤੀ ਯੁੱਗ, ਕਿਰਤੀ ਕਿੱਸਾ, ਸ਼ਹੀਦ, ਵੰਗਾਰ, ਮਾਂ, ਜਾਗੋ, ਨਾਗ-ਨਿਵਾਸ, ਨਵੇਂ ਰਾਹ, ਹੇਮ ਜਯੋਤੀ, ਰੋਹਲੇ ਬਾਣ, ਜੈਕਾਰਾ, ਜ਼ਫ਼ਰਨਾਮਾ, ਸੁਰਖ਼ ਰੇਖਾ, ਸਮਕਾਲੀ ਦਿਸ਼ਾ, ਸਰਦਲ ਅਤੇ ਅਜਿਹੇ ਕਿੰਨੇ ਹੀ ਹੋਰ ਜਨਤਕ ਸਿਆਸੀ ਅਤੇ ਗੁਪਤ ਪਰਚੇ ਨਿਕਲਣੇ ਸ਼ੁਰੂ ਹੋਏ। ਇਨ੍ਹਾਂ ਗੁਪਤ ਤੇ ਖੁੱਲ੍ਹੇ ਦੋਵਾਂ ਤਰ੍ਹਾਂ ਦੇ ਪਰਚਿਆਂ ਨੇ ਪੰਜਾਬ ਦੀ ਕਵਿਤਾ, ਨਾਵਲ, ਕਹਾਣੀਆਂ ਅਤੇ ਨਾਟਕ ਦੀ ਫ਼ਿਜ਼ਾ ਅੰਦਰ ਨਵੀਂ ਇਨਕਲਾਬੀ ਵਿਚਾਰਧਾਰਕ-ਰਾਜਨੀਤੀ ਦਾ ਸੰਚਾਰ ਕੀਤਾ। ਇਹ ਸਭ ਸਾਹਿਤਕ ਸਭਿਆਚਾਰਕ ਖੇਤਰ ਵਿਚ ਨਕਸਲੀ ਲਹਿਰ ਦੀ ਵਿਚਾਰਧਾਰਕ ਸਿਆਸਤ ਸਦਕਾ ਹੀ ਸੀ। ਸਾਹਿਤ ਵਿਚ ਇਸ ਉਭਾਰ ਨੂੰ ਜਥੇਬੰਦ ਕਰਨ ਦੇ ਨਕਸਲਬਾੜੀ ਦੇ ਬੁਨਿਆਦੀ ਪਹਿਲੂਆਂ ਮੁਤਾਬਿਕ ਕੁਝ ਚੇਤਨ ਯਤਨ ਸਨ।

### ਕਵਿਤਾ ਦੇ ਖੇਤਰ ਵਿਚ ਨਕਸਲਬਾੜੀ ਦਾ ਪ੍ਰਭਾਵ

ਕਵਿਤਾ ਦੇ ਖੇਤਰ ਵਿਚ ਬਹੁਤੇ ਸਾਰੇ ਪ੍ਰਸਿੱਧ ਕਵੀ ਸਨ ਜਿਨ੍ਹਾਂ ਨੇ ਨਕਸਲਬਾੜੀ ਦੀ ਸਿਆਸੀ ਵਿਚਾਰਧਾਰਾ ਨੂੰ ਉਚਿਆਇਆ। ਸੰਤ ਰਾਮ ਉਦਾਸੀ, ਅਵਤਾਰ ਪਾਸ਼, ਅਮਰਜੀਤ ਚੰਦਨ, ਦਰਸ਼ਨ ਖਟਕੜ, ਜਗਰੂਪ ਝੁਨੀਰ, ਜੈਮਲ ਪੱਡਾ, ਮਹਿੰਦਰਪਾਲ ਭੱਠਲ, ਓਮ ਪ੍ਰਕਾਸ਼ ਸ਼ਰਮਾ, ਬੋਘੜ ਸਿੰਘ ਖੋਖਰ, ਸੁਰਜੀਤ ਅਰਮਾਨੀ, ਮੇਜਰ ਗਿੱਲ, ਇਕਬਾਲ ਖ਼ਾਨ, ਦਰਸ਼ਨ ਦੁਸਾਂਝ, ਜਸਵੰਤ ਖਟਕੜ ਅਤੇ ਬਹੁਤ ਸਾਰੇ ਹੋਰ ਕਵੀ ਸੱਤਾ ਨੂੰ ਲਲਕਾਰਦਿਆਂ ਸਾਹਿਤਿਕ ਖੇਤਰ ਵਿਚ ਕੁੱਦੇ। ਕਵੀਆਂ ਨੇ ਦੇਸ਼ ਦੇ ਅਖੌਤੀ ਲੋਕਤੰਤਰ, ਜਮਹੂਰੀਅਤ ਅਤੇ ਫਰਜ਼ੀ ਦੇਸ਼ਭਗਤੀ ਨੂੰ ਬੇਪਰਦ ਕੀਤਾ ਅਤੇ ਇਹਨਾਂ ਵਿਰੁੱਧ ਲੜੇ। ਅਜਿਹੀਆਂ ਕੁਝ ਧਾਰਨਾਵਾਂ ਬਣੀਆਂ ਹੋਈਆਂ ਸਨ ਜਿਹਨਾਂ ਨੂੰ ਤੋੜਨਾ ਜ਼ਰੂਰੀ ਸੀ ਤਾਂ ਕਿ ਨਵ-ਜਮਹੂਰੀ ਇਨਕਲਾਬ ਦੀ ਲੜਾਈ ਨੂੰ ਅੱਗੇ ਵਧਾਇਆ ਜਾ ਸਕੇ। ਕਵੀਆਂ ਦੀ ਇਹ ਸਮਝ ਨਕਸਲੀ ਲਹਿਰ ਦੀ ਹੀ ਦੇਣ ਸੀ। ਉਹਨਾਂ ਨੇ ਨਕਸਲਬਾੜੀ ਦੇ ਸ਼ਹੀਦਾਂ ਦੀਆਂ ਸ਼ਹਾਦਤਾਂ ਬਾਰੇ ਵਾਰਾਂ ਗਾਉਣ ਲਈ ਦਲੇਰਾਨਾ ਸ਼ੁਰੂਆਤ ਕੀਤੀ। ਸੰਤ ਰਾਮ ਉਦਾਸੀ ਨੇ ਆਪਣੀ ਸੁਰੀਲੀ ਆਵਾਜ਼ ਅਤੇ ਆਪਣੀ ਹੀ ਧੁਨ ਰਾਹੀਂ ਨਕਸਲੀ ਵਿਚਾਰਧਾਰਾ ਨੂੰ ਖੁੱਲ੍ਹੇ ਰੂਪ ਵਿਚ ਉਭਾਰਿਆ:

ਦੇਸ਼ ਹੈ ਪਿਆਰਾ ਸਾਨੂੰ,  
ਜ਼ਿੰਦਗੀ ਪਿਆਰੀ ਨਾਲੋਂ  
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ,  
ਅਸੀਂ ਤੋੜ ਦੇਣੀ, ਲਹੂ ਪੀਣੀ ਜੋਕ ਹਾਣੀਆਂ

---

ਸਾਮਰਾਜ ਦੀ ਮੰਡੀ ਜੇ ਹਿੰਦ ਹੋਇਆ  
ਹੁਣ ਇਹ ਲੋਥਾਂ ਦੀ ਮੰਡੀ ਨਹੀਂ ਹੋਣ ਦੇਣੀ,  
ਤੇਜ਼ ਰੱਖਾਂਗੇ ਦੌਰ ਕੁਰਬਾਨੀਆਂ ਦਾ  
ਲਹਿਰ ਹੱਕਾਂ ਦੀ ਰੰਡੀ ਨਹੀਂ ਹੋਣ ਦੇਣੀ।

---

ਪਾਸ਼ ਨੇ ਝੁੱਗੀਆਂ-ਝੌਂਪੜੀਆਂ ਅਤੇ ਲਤਾੜੇ ਜਾ ਰਹੇ ਲੋਕਾਂ ਨੂੰ ਮਹਾਨ ਦੱਸਦਿਆਂ ਉਹਨਾਂ ਨੂੰ ਨਕਸਲਬਾੜੀ ਦੀ ਤਰਜ਼ ’ਤੇ ਇਸ ਹਕੂਮਤ ਖ਼ਿਲਾਫ਼ ਲੜਨ ਦਾ ਹੋਕਾ ਦਿੱਤਾ:

ਕਿਰਤੀ ਦੀਏ ਕੁੱਲੀਏ  
ਤੂੰ ਆਪਣੀ ਕਮਾਈ ਸਾਂਭ ਰੱਖ ਨੀ।

ਕੱਲ੍ਹ ਇਕ ਬਾਬਾ ਬੂਝਾ ਮਾਰਿਆ ਪੁਲਿਸ ਨੇ,  
ਹਿੱਕ ਵਿਚ ਗੋਲੀ ਖਾਧੀ ਬਾਬੂ ਤੇ ਦਲੀਪ ਨੇ,  
ਦਿਆ ਸਿੰਘ ਦੀ ਕਸਮ,  
ਪੂਰੀ ਕੀਤੀ ਹੈ ਰਸਮ,  
ਗੱਲ ਰਹੀ ਨਾ ਹਕੂਮਤਾਂ ਦੇ ਵੱਸ ਨੀ,  
ਕਿਰਤੀ ਦੀਏ ਕੁੱਲੀਏ।

ਜਗਰੂਪ ਝੁਨੀਰ ਨੇ ਪੰਜਾਬ ਦੇ ਨਕਸਲੀਆਂ ਦੇ ਹੋ ਰਹੇ ਫ਼ਰਜ਼ੀ ਮੁਕਾਬਲਿਆਂ ਦੀ ਅਸਲੀਅਤ ਨੂੰ ਉਭਾਰਿਆ ਅਤੇ ਖ਼ੂਨ ਦੀ ਹੋਲੀ ਖੇਡ ਰਹੀ ਹਕੂਮਤ ਨੂੰ ਨੰਗਾ ਕੀਤਾ:

ਨਹਿਰ ਕਿਨਾਰੇ ਮੌਤ ਜ਼ਿੰਦਗੀ ਵਿਚਾਲੇ  
ਸਾਰੀ ਰਾਤ ਹੁੰਦਾ ਰਿਹਾ ਘੋਲ।  
ਮੌਤ ਕਹਿੰਦੀ ਜ਼ਿੰਦਗੀ ਹੋਰ ਜੇ ਜਿਊਣਾ ਚਾਹੇਂ  
ਖਾਧਾ-ਪੀਤਾ ਸਾਰਾ ਕੁਝ ਬੋਲ,  
ਜਨਤਾ ਦਾ ਮੈਂ ਪੁੱਤ ਹਾਂ,  
ਸਾਰੇ ਪਿੰਡ ਮੇਰੇ ਪਿੰਡ,  
ਘਰ ਮੇਰਾ ਲੋਕਤਾ ਦੀ ਝੋਲ।

ਦਰਸ਼ਨ ਖਟਕੜ ਲਿਖਦੇ ਹਨ:

ਰੋਣਾ ਹੈ ਬੁਝ ਗਿਆਂ ਨੂੰ  
ਜਾਂ ਜਗਾਉਣੇ ਦੀਪ ਹੋਰ।  
ਇਸ ਗੱਲ ਦਾ ਫ਼ੈਸਲਾ  
ਹੁਣ ਦੇ ਪਲਾਂ ਦੀ ਗੱਲ ਹੈ।

ਲਾਲ ਸਿੰਘ ਦਿਲ ਲਿਖਦੇ ਹਨ:

ਜੋ ਲੜਨਾ ਨਹੀਂ ਚਾਹੁੰਦੇ,  
ਜੋ ਲੜਨਾ ਨਹੀਂ ਜਾਣਦੇ,  
ਉਹ ਅਕਸਰ ਗੁਲਾਮ ਬਣਾ ਲਏ ਜਾਂਦੇ ਹਨ।

ਕੁਝ ਵਿਅਕਤੀਆਂ, ਸੰਸਥਾਵਾਂ ਜਾਂ ਪ੍ਰਕਾਸ਼ਕਾਂ ਨੇ ਸਮੁੱਚੀਆਂ ਕਵਿਤਾਵਾਂ, ਗਜ਼ਲਾਂ, ਗੀਤ ਅਤੇ ਰੁਬਾਈਆਂ ਛਾਪੀਆਂ ਵੀ ਸਨ। ਪੰਜਾਬ ਦੇ ਬਹੁਤ ਸਾਰੇ ਲੋਕਾਂ ਨੇ ਇਹ ਇਨਕਲਾਬੀ ਰਚਨਾਵਾਂ ਪੜ੍ਹੀਆਂ। ਉਪਰੋਕਤ ਕਵਿਤਾਵਾਂ ਅਤੇ ਕਵੀਆਂ ਤੋਂ ਇਲਾਵਾ ਹੋਰ ਬਹੁਤ ਸਾਰੇ ਪੈਂਫਲੇਟ ਜਾਂ ਕਿਤਾਬਾਂ ਵੀ ਛਾਪੀਆਂ ਗਈਆਂ। ਇਹਨਾਂ ਵਿਚ ਮਹਿੰਦਰਪਾਲ ਭੱਠਲ ਦੀ ‘ਦਿੱਲੀ ਦੇ ਰੰਗ’, ਓਮ ਪ੍ਰਕਾਸ਼ ਸ਼ਰਮਾ ਦੀ ‘ਲਾਲੀ ਤੇ ਤਰੰਗੀ’ ਵਰਗੀਆਂ ਕਿਤਾਬਾਂ ਵੀ ਸ਼ਾਮਲ ਸਨ। ਸੁਰਜੀਤ ਅਰਮਾਨੀ ਅਤੇ ਬੋਘੜ ਸਿੰਘ ਖੋਖਰ ਨੇ ਵੀ ਕੁਝ ਰਚਨਾਵਾਂ ਲਿਖੀਆਂ ਜੋ ਯੁੱਧ ਦੇ ਗੀਤ ਤੇ ਕਵਿਸ਼ਰੀਆਂ ਵਜੋਂ ਪ੍ਰਸਿੱਧ ਹਨ। ਇਹ ਗੀਤ ਲੋਕਾਂ ਨੂੰ ਜ਼ਮੀਨੀ ਲੜਾਈ ਦੀ ਤਿਆਰੀ ਲਈ ਪ੍ਰੇਰਦੇ ਸਨ। ਇਹ ਰਚਨਾਵਾਂ ‘ਕਿਰਤੀ ਕਿੱਸਾ’ ਵਿਚ ਛਪ ਚੁੱਕੀਆਂ ਹਨ। ਇਹਨਾਂ ਨੂੰ ਹਜ਼ਾਰਾਂ ਲੋਕਾਂ ਦੇ ਮੰਚਾਂ ’ਤੇ ਗਾਇਆ ਗਿਆ ਹੈ। ਇਹ ਲਮਕਵਾਂ ਲੋਕ ਯੁੱਧ ਜਾਰੀ ਰੱਖਣ ਦਾ ਹੋਕਾ ਦਿੰਦੀਆਂ ਹਨ:

ਦੇ ਗਏ ਨਮੂਨਾ ਓ  
ਰੱਖਣਾ ਲੋਕ ਯੁੱਧ ਨੂੰ ਜਾਰੀ।

---

ਤੂੰ ਨਾਸ਼ ਕਰਨ ਨੂੰ ਚੜ੍ਹਿਆਂ ਏਂ,  
ਤੂੰ ਆਪਣਾ ਨਾਸ਼ ਕਰਵਾਏਂਗਾ।  
ਹੁਣ ਕਾਮੇ ਜਥੇਬੰਦ ਹੋ’ਗੇ ਨੇ,  
ਤੂੰ ਬਚ ਕੇ ਸੁੱਕਾ ਨਹੀਂ ਜਾਵੇਂਗਾ।

ਇਹਨਾਂ ਇਨਕਲਾਬੀ ਕਵੀਆਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਵੀ ਸਨ ਜੋ ਇਨਕਲਾਬੀ ਤਾਂ ਨਹੀਂ ਸਗੋਂ ਰੋਮਾਂਸਵਾਦੀ ਸਨ। ਇਹਨਾਂ ਵਿਚ ਸ਼ਿਵ ਕੁਮਾਰ ਬਟਾਲਵੀ, ਪਿਆਰਾ ਸਿੰਘ ਸਹਿਰਾਈ ਅਤੇ ਸੰਤੋਖ ਸਿੰਘ ਧੀਰ ਸ਼ਾਮਲ ਸਨ। ਇਹ ਸਾਰੇ ਨਕਸਲਬਾੜੀ ਤੋਂ ਪ੍ਰਭਾਵਿਤ ਸਨ। ਇਹਨਾਂ ਨੂੰ ਵੀ ਇਸ ਬਾਰੇ ਬੋਲਣਾ ਪਿਆ ਕਿਉਂਕਿ ਲੋਕ ਆਪਣੀ ਮੁਕਤੀ ਲਈ ਲੜ ਰਹੇ ਸਨ; ਹਾਲਾਂਕਿ ਸੀ.ਪੀ.ਆਈ. ਅਤੇ ਸੀ.ਪੀ.ਆਈ.(ਐਮ.) ਪੱਖੀ ਕਵੀ ਵੀ ਸਨ ਜਿਹਨਾਂ ਨੇ ਇਸ ਮੁੱਦੇ ’ਤੇ ਆਪਣੀਆਂ ਪਾਰਟੀਆਂ ਤੋਂ ਵੱਖਰਾ ਮੱਤ ਰੱਖਿਆ। ਬਾਬਾ ਬੂਝਾ ਸਿੰਘ ਦੀ ਲੰਮੀ ਲੜਾਈ, ਦੇਸ਼ਭਗਤ ਜੀਵਨ ਅਤੇ ਲਾਸਾਨੀ ਸ਼ਹਾਦਤ ਨੇ ਸ਼ਿਵ ਕੁਮਾਰ ਬਟਾਲਵੀ ਨੂੰ ਕਾਫ਼ੀ ਝੰਜੋੜਿਆ ਸੀ। ਉਸ ਨੇ ਬਾਬਾ ਬੂਝਾ ਸਿੰਘ ਬਾਰੇ ਕਵਿਤਾ ਲਿਖੀ ਜਿਸ ਵਿਚ ਉਸ ਨੇ ਇਕ ਬਿੰਬ ਸਿਰਜਦਿਆਂ ਬਾਬਾ ਬੂਝਾ ਸਿੰਘ ਦੀ ਤੁਲਨਾ ਛਾਂਦਾਰ ਰੁੱਖ ਬੁੱਢੇ ਬੋਹੜ ਨਾਲ ਕੀਤੀ।

### ਨਾਵਲ ਦੇ ਖੇਤਰ ਵਿਚ ਨਕਸਲਬਾੜੀ ਲਹਿਰ ਦਾ ਪ੍ਰਭਾਵ

ਨਕਸਲੀ ਯੋਧਿਆਂ ਦੀ ਵਿਲੱਖਣ ਤੇ ਲਾਸਾਨੀ ਕੁਰਬਾਨੀ, ਵਿਹਾਰ ਤੇ ਦ੍ਰਿੜਤਾ ਦੇ ਪ੍ਰਭਾਵ ਨੂੰ ਕਬੂਲਦਿਆਂ ਅਤੇ ਸਰਕਾਰ ਦੇ ਬੇਰਹਿਮ ਜਬਰ ਨੂੰ ਨਫ਼ਰਤ ਕਰਦਿਆਂ ਲੋਕ ਪੱਖੀ ਲੇਖਕ ਜਸਵੰਤ ਕੰਵਲ ਨੇ ‘ਲਹੂ ਦੀ ਲੋਅ’ ਨਾਂ ਦਾ ਇਤਿਹਾਸਕ ਨਾਵਲ ਲਿਖਿਆ। ਭੋਲਾ ਸਿੰਘ ਗੁਰੂਸਰ, ਲਛਮਣ ਸਿੰਘ ਰਾਏਪੁਰ, ਨਛੱਤਰ ਸਿੰਘ ਰਾਏਪੁਰ, ਗੁਰਬੰਤ ਸਿੰਘ ਰਾਏਸਰ, ਤੇਜਾ ਸਿੰਘ ਅਤੇ ਸਵਰਨ ਸਿੰਘ ਵਰਗੇ ਨਕਸਲੀ ਸ਼ਹੀਦਾਂ ਦੀ ਹਰਮਨਪਿਆਰਤਾ ਅਤੇ ਨਜ਼ਦੀਕੀ ਰਿਸ਼ਤਿਆਂ ਤੋਂ ਪ੍ਰਭਾਵਿਤ ਹੋ ਕੇ ਬਾਰੂ ਸਤਵਰਗ ਨੇ ਆਪਣਾ ਪਹਿਲਾ ਨਾਵਲ ‘ਲਹੂ ਪਾਣੀ ਨਹੀਂ ਬਣਿਆ’ ਲੋਕਾਂ ਦੀ ਝੋਲੀ ਪਾਇਆ। ਇਸ ਤਰ੍ਹਾਂ ਉਹਨਾਂ ਨੇ ਨਾਵਲਾਂ ਦੀ ਲੜੀ ਨੂੰ ਅੱਗੇ ਤੋਰਿਆ। ਪ੍ਰੋ. ਹਰਭਜਨ ਸਿੰਘ ਅਤੇ ਮਹਿੰਦਰ ਧਾਲੀਵਾਲ ਨੇ ਕ੍ਰਮਵਾਰ ‘ਜੋ ਹਾਰੇ ਨਹੀਂ’ ਅਤੇ ‘ਰੁੱਤਾਂ ਲਹੂ ਲੁਹਾਣ’ ਨਾਵਲ ਲਿਖੇ। ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ ਬਾਰੇ ਡਾ. ਸੁਰਜੀਤ ਬਰਾੜ ਨੇ ਕਿਤਾਬ ਸੰਪਾਦਨ ਕੀਤੀ। ਲਹਿਰ ਬਾਰੇ ਵੱਖ-ਵੱਖ ਬੁੱਧੀਜੀਵੀਆਂ ਦੇ ਲੇਖ ਇਸ ਕਿਤਾਬ ਵਿਚ ਛਾਪੇ ਗਏ ਹਨ। ਬਾਅਦ ਵਿਚ ਨੌਜਵਾਨ ਲੇਖਕ ਲਹਿਰ ਦੀ ਇਤਿਹਾਸਕਾਰੀ ਦੇ ਖੇਤਰ ਵਿਚ ਅੱਗੇ ਆਏ। ਪ੍ਰੋ. ਪਰਮਜੀਤ ਜੱਜ ਅਤੇ ਬਲਵੀਰ ਪਰਵਾਨਾ ਨੇ ਨਕਸਲਬਾੜੀ ਲਹਿਰ ਦੇ ਇਤਿਹਾਸ ਨੂੰ ਕਲਮਬੱਧ ਕਰਦਿਆਂ ਮਹੱਤਵਪੂਰਨ ਕਿਤਾਬਾਂ ਲਿਖੀਆਂ। ਅਜਮੇਰ ਸਿੱਧੂ ਨੇ ਇਨਕਲਾਬੀ ਨਾਇਕਾਂ ਬਾਬਾ ਬੂਝਾ ਸਿੰਘ ਅਤੇ ਦਰਸ਼ਨ ਦੁਸਾਂਝ ਦੀਆਂ ਜੀਵਨੀਆਂ ਲਿਖੀਆਂ। ਹਾਕਮ ਸਿੰਘ ਸਮਾਓਂ ਅਤੇ ਅਮਰ ਸਿੰਘ ਅੱਚਰਵਾਲ ਦੀਆਂ ਜੀਵਨੀਆਂ ਵੀ ਇਸ ਦੌਰ ਦੀਆਂ ਅਹਿਮ ਕਿਤਾਬਾਂ ਹਨ।

ਨਕਸਲਬਾੜੀ ਲਹਿਰ ਦੀ ਲੋਅ ਮੱਧਮ ਪੈਣ ਅਤੇ ਖ਼ਾਲਿਸਤਾਨੀ ਲਹਿਰ ਦੇ ਪੂਰੀ ਤਰ੍ਹਾਂ ਉਭਾਰ ਦੌਰਾਨ ਬਾਰੂ ਸਤਵਰਗ ਨੇ ਦੋ ਹੋਰ ਨਾਵਲ ‘ਨਿੱਘੀ ਬੁੱਕਲ’ ਅਤੇ ‘ਫੱਟੜ ਸ਼ੀਹਣੀ’ ਲਿਖੇ। ਇਸ ਵਿਚ ਨਕਸਲਬਾੜੀ ਦੇ ਬੁਨਿਆਦੀ ਇਨਕਲਾਬੀ ਪਹਿਲੂ ਉਭਾਰੇ। ਮਾਂ ਦੀ ਬੁੱਕਲ ਵਜੋਂ ਮਾਰਕਸਵਾਦ-ਲੈਨਿਨਵਾਦ ਦੇ ਆਧਾਰਤ ’ਤੇ ਸੀ.ਪੀ.ਆਈ.(ਐਮ.ਐਲ.) ਨੂੰ ਇਕਜੁੱਟ ਅਤੇ ਮੁੜ ਜਥੇਬੰਦ ਕਰਨ ’ਤੇ ਜ਼ੋਰ ਦਿੱਤਾ ਗਿਆ। ਇਸ ਕਿਰਤ ਬਦਲੇ ਨਾਵਲਕਾਰ ਨੂੰ ਦੋ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਇਕ ਪਾਸੇ ਪੁਲਿਸ ਪ੍ਰੇਸ਼ਾਨ ਕਰ ਰਹੀ ਸੀ; ਦੂਜੇ ਪਾਸੇ

***(ਬਾਕੀ ਅਗਲੇ ਸਫੇ ’ਤੇ)***

ਦਰਜਨਾਂ ਅਗਾਂਹਵਧੂ ਤੇ ਇਨਕਲਾਬੀ ਲੇਖਕਾਂ ਨੂੰ ਮੌਤ ਦੇ ਘਾਟ ਉਤਾਰ ਚੁੱਕੇ ਖ਼ਾਲਿਸਤਾਨੀ ਅਤਿਵਾਦੀਆਂ ਦੀਆਂ ਧਮਕੀਆਂ ਮਿਲ ਰਹੀਆਂ ਸਨ ਪਰ ਇਸ ਨਾਵਲਕਾਰ ਦੀ ਕਲਮ ਦੋਵਾਂ ਤਰ੍ਹਾਂ ਦੀ ਦਹਿਸ਼ਤ ਖ਼ਿਲਾਫ਼ ਸਿਰਫ਼ ਨਾਵਲਾਂ ਵਿਚ ਹੀ ਨਹੀਂ ਸਗੋਂ ਵੱਖ-ਵੱਖ ਜਨਤਕ ਸਿਆਸੀ ਪਰਚਿਆਂ ਵਿਚ ਸੰਪਾਦਕ ਤੇ ਪ੍ਰਕਾਸ਼ਕ ਵਜੋਂ ਲਗਾਤਾਰ ਪੂਰੀ ਦ੍ਰਿੜਤਾ ਨਾਲ ਖੁੱਲ੍ਹ ਕੇ ਲਿਖਦੀ ਰਹੀ। ਉਹਨਾਂ ਨੇ ਨਾਟਕ 'ਸਜ਼ਾ ਸੱਚ ਨੂੰ', ਨਾਵਲ 'ਸ਼ਰਧਾ ਦੇ ਫੁੱਲ' ਅਤੇ 'ਪੰਨਾ ਇੱਕ ਇਤਿਹਾਸ ਦਾ' ਲਿਖਿਆ।

ਦਰਸ਼ਨ ਜੈਕ ਨੇ ਚੀਨੀ ਨਾਵਲ 'ਝੱਖੜ' ਦੇ ਪਹਿਲੇ ਹਿੱਸੇ ਦਾ ਪੰਜਾਬੀ ਭਾਸ਼ਾ ਵਿਚ ਉਲੱਥਾ ਕੀਤਾ ਅਤੇ ਇਸ ਦੇ ਦੂਜੇ ਹਿੱਸੇ ਦਾ ਪੰਜਾਬੀ ਤਰਜਮਾ ਕਰਕੇ ਜੈਕਾਰਾ ਪ੍ਰਕਾਸ਼ਨ ਨੇ ਛਾਪਿਆ। ਅਦਾਰਾ 'ਸੁਰਖ਼ ਰੇਖਾ' ਨੇ ਪੰਜਾਬ ਵਿਚ ਨਕਸਲੀ ਸ਼ਹੀਦਾਂ ਦੇ ਪਰਿਵਾਰਾਂ ਅਤੇ ਸਕੇ-ਸਬੰਧੀਆਂ ਦੀਆਂ ਮੁਲਾਕਾਤਾਂ ਦੇ ਆਧਾਰ 'ਤੇ 'ਸ਼ਹੀਦਾਂ ਦੀ ਵੰਗਾਰ' ਕਿਤਾਬ ਤਿਆਰ ਕਰ ਕੇ ਛਾਪੀ (ਇਸ ਕਿਤਾਬ ਅਤੇ ਹੋਰ ਮੁਲਾਕਾਤਾਂ ਨੂੰ ਹੁਣ ਅਮੋਲਕ ਸਿੰਘ ਦੀ ਸੰਪਾਦਨਾ ਹੇਠ ਦੁਬਾਰਾ ਛਾਪਿਆ ਗਿਆ ਹੈ)। ਸਤਨਾਮ ਜੰਗਲਨਾਮਾ ਨੇ ਜਗਮੋਹਨ ਜੋਸ਼ੀ ਦੀ ਉਰਦੂ ਵਿਚ ਲਿਖੀ ਮਕਬੂਲ ਇਨਕਲਾਬੀ ਸ਼ਾਇਰੀ 'ਪੈਮਾਨੇ-ਇਨਕਲਾਬ' ਦਾ ਪੰਜਾਬੀ ਲਿਪੀਅੰਤਰ ਕੀਤਾ। ਨਕਸਲਬਾੜੀ ਲਹਿਰ ਦੇ ਮਹਾਨ ਨਾਇਕਾਂ ਨੇ ਖੁਦ-ਬ-ਖੁਦ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਥਾਂ ਮੱਲ ਲਈ। ਨਾਵਲਕਾਰ ਗੁਰਦਾਸ ਘਾਰੂ ਅਤੇ ਸੁਖਦੇਵ ਮਾਨ ਨੇ ਵੀ ਨਕਸਲੀ ਲਹਿਰ ਬਾਰੇ ਕੁਝ ਨਾਵਲ ਲਿਖੇ।

### ਕਹਾਣੀ ਦੇ ਖੇਤਰ ਵਿਚ ਨਕਸਲਬਾੜੀ ਲਹਿਰ

ਨਕਸਲਬਾੜੀ ਲਹਿਰ ਦੀ ਵਿਚਾਰਧਾਰਾ ਅਤੇ ਸਿਆਸਤ ਤੋਂ ਪ੍ਰਭਾਵਿਤ ਹੋ ਕੇ ਅਤਰਜੀਤ, ਵਰਿਆਮ ਸੰਧੂ ਅਤੇ ਭੂਰਾ ਸਿੰਘ ਕਲੇਰ ਵਰਗੇ ਲੇਖਕਾਂ ਨੇ ਪੰਜਾਬ ਦੀ ਨਕਸਲਬਾੜੀ ਲਹਿਰ ਬਾਰੇ ਦਰਜਨਾਂ ਕਹਾਣੀਆਂ ਲਿਖੀਆਂ ਹਨ। ਇਸ ਤੋਂ ਇਲਾਵਾ ਸੁਰਿੰਦਰ ਚੌਹਾਨ, ਗੁਰਪ੍ਰੀਤ ਮੌੜ ਨੇ ਵੀ ਲਹਿਰ ਬਾਰੇ ਕਹਾਣੀਆਂ ਲਿਖੀਆਂ।

### ਨਾਟਕ ਦੇ ਖੇਤਰ ਵਿਚ ਨਕਸਲਬਾੜੀ ਲਹਿਰ ਦਾ ਪ੍ਰਭਾਵ

ਪੰਜਾਬ ਦੇ ਮਸ਼ਹੂਰ ਨਾਟਕਕਾਰ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ, ਪੇਂਡੂ ਨਾਟਕ ਮੰਡਲੀ ਮਾਲਵਾ, ਪੇਂਡੂ ਨਾਟਕ ਮੰਡਲੀ ਬਠਿੰਡਾ, ਪੰਜਾਬ ਨਾਟਕ ਕਲਾ ਕੇਂਦਰ ਦੇ ਕਲਾਕਾਰਾਂ ਨੇ ਨਾਟਕ ਨੂੰ ਕਾਲਜਾਂ-ਯੂਨੀਵਰਸਿਟੀਆਂ ਅਤੇ ਮਹਾਂਨਗਰਾਂ ਦੇ ਥੀਏਟਰਾਂ ਵਿਚੋਂ ਕੱਢ ਕੇ ਪਿੰਡਾਂ ਦੀਆਂ ਸੱਥਾਂ, ਪਿੰਡਾਂ ਸ਼ਹਿਰਾਂ ਦੇ ਦਲਿਤ, ਗ਼ਰੀਬ ਵਿਹੜਿਆਂ ਵਿਚ ਲਿਜਾਇਆ। ਇਹਨਾਂ ਤੋਂ ਇਲਾਵਾ ਨਾਟਕਾਂ ਵਿਚ ਨਾਟਕਕਾਰ ਅਜਮੇਰ ਔਲਖ, ਸੈਮੂਅਲ ਜੌਹਨ ਅਤੇ ਹੋਰਾਂ ਨੇ ਨਕਸਲਬਾੜੀ ਦੇ ਇਨਕਲਾਬੀ ਪਹਿਲੂਆਂ 'ਤੇ ਨਾਟਕ ਲਿਖੇ। ਨਵੀਂ ਪੀੜ੍ਹੀ ਦੇ ਨਾਟਕਕਾਰਾਂ ਹਰਵਿੰਦਰ ਦੀਵਾਨਾ, ਸਾਹਿਬ ਸਿੰਘ, ਸਤਪਾਲ ਸਿੰਘ ਅਤੇ ਹੋਰਾਂ ਦਾ ਇਸ ਖੇਤਰ ਵਿਚ ਸਿਰਕੱਢ ਯੋਗਦਾਨ ਹੈ। ਨਾਟਕਾਂ ਵਿਚ ਵਿਅੰਗ ਅਤੇ ਗੀਤ ਅਨਪੜ੍ਹ ਅਤੇ ਘੱਟ ਪੜ੍ਹੇ-ਲਿਖੇ ਔਰਤਾਂ ਤੇ ਬੰਦਿਆਂ ਵਿਚ ਜਾਗਰੂਕਤਾ ਫੈਲਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਲਈ ਇਸ ਖੇਤਰ ਵਿਚ ਕੰਮ ਕਰਨਾ ਬਹੁਤ ਮਹੱਤਵਪੂਰਨ ਹੈ। ਇਸ ਤਰ੍ਹਾਂ ਹਰ ਨਾਟਕ ਮੰਡਲੀ ਦੀ ਖ਼ੁਦ ਦੀ ਆਪਣੀ ਸੰਗੀਤ ਮੰਡਲੀ ਹੈ ਜਾਂ ਲੋਕਾਂ ਦੀ ਮੰਗ ਮੁਤਾਬਿਕ ਹੋਰ ਸੰਗੀਤ ਮੰਡਲੀ ਨੂੰ ਵੀ ਲੈ ਲਿਆ ਜਾਂਦਾ ਹੈ। ਜਿਹੜੀਆਂ ਕੁਝ ਹੋਰ ਸੰਗੀਤ ਮੰਡਲੀਆਂ ਬਣਾਈਆਂ ਗਈਆਂ ਸਨ, ਉਹਨਾਂ ਵਿਚ ਭਦੌੜ ਸੰਗੀਤ ਮੰਡਲੀ, ਜਗਰਾਜ ਧੌਲਾ ਸੰਗੀਤ ਮੰਡਲੀ, ਜਗਸੀਰ ਜੀਦਾ ਸੰਗੀਤ ਮੰਡਲੀ, ਛਾਜਲੀ ਸੰਗੀਤ ਮੰਡਲੀ ਅਤੇ ਸੁਰਜੀਤ ਅਰਮਾਨੀ ਤੇ ਬੋਘੜ ਸਿੰਘ ਦਾ ਕਵਿਸ਼ਰੀ ਜਥਾ ਅਤੇ ਰਸੂਲਪੁਰ ਤੋਂ ਇਲਾਵਾ ਕੁਝ ਹੋਰ ਕਵਿਸ਼ਰੀ ਜਥੇ ਸ਼ਾਮਲ ਸਨ।

### ਸਾਹਿਤਕ ਕਾਮਿਆਂ 'ਤੇ ਪ੍ਰਭਾਵ

ਮੱਲ ਸਿੰਘ ਰਾਮਪੁਰੀ, ਲਾਲ ਸਿੰਘ ਦਿਲ, ਹਰੀ ਸਿੰਘ ਤਰਕ, ਸੁਰਿੰਦਰ ਹੇਮ ਜਯੋਤੀ, ਕੇਵਲ ਕੌਰ, ਗੁਰਸ਼ਰਨ ਸਿੰਘ, ਬਾਰੂ ਸਤਵਰਗ, ਬੂਟਾ ਰਾਮ ਗਹਿਰੀ ਅੱਖ, ਅਤਰਜੀਤ, ਅਮਰਜੀਤ ਚੰਦਨ, ਚਮਨ ਲਾਲ, ਪ੍ਰਭਾਕਰ, ਜੈਮਲ ਪੱਡਾ, ਜਸਵੰਤ ਖਟਕੜ, ਕਰਮਜੀਤ ਜੋਗਾ, ਜਗਰੂਪ ਝੁਨੀਰ, ਅਮੋਲਕ ਸਿੰਘ, ਨਾਜ਼ਰ ਸਿੰਘ ਬੋਪਾਰਾਏ, ਸੰਤੋਖ ਸਿੰਘ ਬਾਜਵਾ, ਰਾਜਿੰਦਰ ਮੀਤ ਫਰੀਦਕੋਟ, ਡਾ. ਸਾਧੂ ਸਿੰਘ ਡੋਡ, ਗੁਰਪ੍ਰੀਤ ਮੌੜ ਆਦਿ ਸਾਹਿਤਕ ਕਾਮਿਆਂ ਨੇ ਆਪੋ-ਆਪਣੀਆਂ ਜਥੇਬੰਦੀਆਂ ਵਿਚ ਕੰਮ ਕੀਤਾ ਅਤੇ ਹੁਣ ਵੀ ਕਰ ਰਹੇ ਹਨ।

ਉਪਰੋਕਤ ਕਵੀਆਂ, ਕਹਾਣੀਕਾਰਾਂ, ਨਾਵਲਕਾਰਾਂ ਅਤੇ ਨਾਟਕਕਾਰਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਸਾਹਿਤਕ-ਸਭਿਆਚਾਰਕ ਕਾਰਕੁਨ ਸਨ ਜਿਨ੍ਹਾਂ ਨੇ ਵਿਸ਼ੇਸ਼ ਹੁਨਰ ਰਾਹੀਂ ਆਪਣੀ ਇਨਕਲਾਬੀ ਕਲਾ ਨੂੰ ਪੇਸ਼ ਕੀਤਾ। ਇਹ ਸਾਰੇ 70ਵਿਆਂ ਦੇ ਦਹਾਕੇ ਦੌਰਾਨ ਨਕਸਲਬਾੜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਤੇ ਪ੍ਰੇਰਿਤ ਸਨ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਜਮਾਤੀ ਸਾਂਝ-ਭਿਆਲੀ ਵਾਲੀ ਵਿਚਾਰਧਾਰਕ ਸਿਆਸਤ ਦਾ ਪੂਰੀ ਤਰ੍ਹਾਂ ਸ਼ਿਕਾਰ ਹੋ ਚੁੱਕੀ ਸੀ। ਉਹ ਹਾਕਮ ਜਮਾਤੀ ਸਿਆਸੀ ਪਾਰਟੀਆਂ ਅਤੇ ਇਨ੍ਹਾਂ ਦੇ ਸਰਕਾਰੀ ਨੁਮਾਇੰਦਿਆਂ ਨੂੰ ਸ਼ਰੇਆਮ ਆਪਣੇ ਸਾਹਿਤਕ-ਸਭਿਆਚਾਰਕ ਪ੍ਰੋਗਰਾਮਾਂ ਦੇ ਮੁੱਖ ਮਹਿਮਾਨ ਬਣਾਉਂਦੀ ਸੀ। ਇਹ ਲੋਕ ਘੋਲਾਂ ਦੇ ਕਾਰਕੁਨਾਂ ਨੂੰ ਸ਼ਹੀਦ ਕਰਨ ਵਾਲੀਆਂ ਸਰਕਾਰਾਂ ਕੋਲੋਂ ਇਨਾਮ-ਸਨਮਾਨ ਲੈਣ ਦੇ ਹੱਥਕੰਡੇ ਵਰਤਣ ਤੱਕ ਨਿੱਘਰ ਚੁੱਕੀ ਸੀ। ਇਸ ਲਈ ਕੇਂਦਰੀ ਪੰਜਾਬੀ ਸਾਹਿਤ ਸਭਾ (ਰਜਿ:) ਦੇ ਮੁਕਾਬਲੇ ਕੇਂਦਰੀ ਪੰਜਾਬੀ ਲੇਖਕ ਸਭਾ ਅਣਰਜਿਸਟਰਡ ਬਣਾਈ ਗਈ ਤਾਂ ਕਿ ਨਕਸਲਬਾੜੀ ਵਿਰਾਸਤ ਨੂੰ ਅੱਗੇ ਤੋਰਿਆ ਜਾ ਸਕੇ। ਅਵਤਾਰ ਪਾਸ਼, ਸੰਤ ਰਾਮ ਉਦਾਸੀ, ਪ੍ਰੋ. ਮੇਘ ਰਾਜ, ਡਾ. ਐਸ.ਐਸ. ਦੁਸਾਂਝ, ਕੇਵਲ ਕੌਰ, ਦਰਸ਼ਨ ਖਟਕੜ, ਅਮਰਜੀਤ ਚੰਦਨ ਵਰਗੇ ਕ੍ਰਾਂਤੀਕਾਰੀ ਸਾਹਿਤਕ-ਸਭਿਆਚਾਰਕ ਕਾਮਿਆਂ ਨੇ ਇਸ ਵਿਚ ਮੋਹਰੀ ਰੋਲ ਅਦਾ ਕੀਤਾ। ਬਲਰਾਜ ਯਾਦਗਾਰੀ ਪ੍ਰਕਾਸ਼ਨ, ਪ੍ਰੋਗਰੈਸਿਵ ਬੁੱਕ ਸੈਂਟਰ ਮਾਨਸਾ, ਸੁਰਖ ਰੇਖਾ ਪ੍ਰਕਾਸ਼ਨ, ਪ੍ਰਚੰਡ ਪ੍ਰਕਾਸ਼ਨ, ਕਾ. ਦਿਆ ਸਿੰਘ ਯਾਦਗਾਰੀ ਪ੍ਰਕਾਸ਼ਨ ਆਦਿ ਵਰਗੇ ਕਈ ਕ੍ਰਾਂਤੀਕਾਰੀ ਪ੍ਰਕਾਸ਼ਨ ਵੀ ਹੋਂਦ 'ਚ ਆਏ।

### ਕ੍ਰਾਂਤੀਕਾਰੀ ਸਾਹਿਤ ਸਭਾ ਅਤੇ ਪਲਸ ਮੰਚ ਦਾ ਬਣਨਾ

ਥੋੜ੍ਹੇ ਸਮੇਂ ਬਾਅਦ ਕੇਂਦਰੀ ਪੰਜਾਬੀ ਲੇਖਕ ਸਭਾ ਅਣਰਜਿਸਟਰਡ ਗੁੱਟਬਾਜ਼ੀ ਦਾ ਸ਼ਿਕਾਰ ਹੋ ਗਈ। ਕ੍ਰਾਂਤੀਕਾਰੀ ਸਾਹਿਤਕ-ਸਭਿਆਚਾਰਕ ਖੇਤਰਾਂ 'ਚ ਆਏ ਖਿੰਡਾਅ ਬਾਅਦ ਗੁਰਸ਼ਰਨ ਸਿੰਘ ਅਤੇ ਬਾਰੂ ਸਤਵਰਗ ਦੀ ਪਹਿਲਕਦਮੀ ਸਦਕਾ 22 ਅਪਰੈਲ 1981 ਨੂੰ ਝੁਨੀਰ ਕਨਵੈਨਸ਼ਨ ਦੌਰਾਨ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਬਣਾਈ ਗਈ। ਵੱਖ-ਵੱਖ ਕ੍ਰਾਂਤੀਕਾਰੀ ਸਾਹਿਤਕ-ਸਭਿਆਚਾਰਕ ਕਾਮਿਆਂ ਵਲੋਂ ਦਿੱਲੀ ਵਿਖੇ 1984 'ਚ ਭਾਰਤ ਪੱਧਰੀ ਕਨਵੈਨਸ਼ਨ ਬੁਲਾਈ ਗਈ। 1984 ਦੀ ਕਨਵੈਨਸ਼ਨ ਵਿਚ ਕੇ.ਵੀ.ਆਰ., ਵਰਵਰਾ ਰਾਓ, ਗ਼ਦਰ, ਰਾਜ ਕਿਸ਼ੋਰ, ਅਨੁਰਾਧਾ ਗਾਂਧੀ, ਕੰਚਨ ਕੁਮਾਰ ਅਤੇ ਗੁਰਸ਼ਰਨ ਸਿੰਘ ਵਰਗੀਆਂ ਸ਼ਖ਼ਸੀਅਤਾਂ ਨੇ ਹਿੱਸਾ ਲਿਆ। ਇਸ ਦੌਰਾਨ ਕੁਲ ਹਿੰਦ ਇਨਕਲਾਬੀ ਸਭਿਆਚਾਰਕ ਲੀਗ (ਏ.ਆਈ.ਐੱਲ.ਆਰ.ਸੀ.) ਹੋਂਦ 'ਚ ਆਈ ਜਿਸ ਦੀ ਮੈਂਬਰ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਵੀ ਬਣੀ। ਲਗਭਗ ਇਸੇ ਦੌਰਾਨ ਸਭਾ ਤੋਂ ਵੱਖਰੀ ਸੋਚ ਰੱਖਣ ਵਾਲੇ ਇਨਕਲਾਬੀ ਸਾਥੀਆਂ ਵਲੋਂ ਪੰਜਾਬ ਲੋਕ ਸੱਭਿਆਚਾਰਕ ਮੰਚ ਦੀ ਸਥਾਪਨਾ ਕੀਤੀ ਗਈ ਜਿਸ ਦੇ ਪ੍ਰਧਾਨ ਗੁਰਸ਼ਰਨ ਸਿੰਘ ਚੁਣੇ ਗਏ। ਪਲਸ ਮੰਚ ਅਤੇ ਇਸ ਦੀਆਂ ਮੈਂਬਰ ਦਰਜਨਾਂ ਨਾਟਕ ਤੇ ਸੰਗੀਤ ਟੀਮਾਂ ਦਾ ਲੋਕ ਪੱਖੀ ਸਾਹਿਤ ਅਤੇ ਸਭਿਆਚਾਰ ਦਾ ਪਸਾਰਾ ਕਰਨ ਵਿਚ ਮਹੱਤਵਪੂਰਨ ਯੋਗਦਾਨ ਹੈ। ਇਸ ਦੀਆਂ ਟੀਮਾਂ ਵਲੋਂ ਇਨਕਲਾਬੀ ਗੀਤਾਂ ਦੀਆਂ ਕੈਸਟਾਂ ਰਿਕਾਰਡ ਕਰਵਾ ਕੇ ਵੱਡੇ ਪੈਮਾਨੇ 'ਤੇ ਲੋਕਾਂ ਵਿਚ ਲਿਜਾਣ ਲਈ ਬਹੁਤ ਸ਼ਲਾਘਾਯੋਗ ਕੰਮ ਕੀਤਾ ਗਿਆ। ਇਸ ਨੇ ਸਰਗਰਮ ਸੰਸਥਾ ਵਜੋਂ ਆਪਣੀਆਂ ਸਰਗਰਮੀਆਂ ਦੀ ਲਗਾਤਾਰਤਾ ਬਣਾਈ ਹੋਈ ਹੈ।

ਕੁਲ ਹਿੰਦ ਇਨਕਲਾਬੀ ਸਭਿਆਚਾਰਕ ਲੀਗ (ਏ.ਆਈ.ਐੱਲ.ਆਰ.ਸੀ.) ਦਾ ਅੰਗ ਬਣਨ ਦੇ ਫਲਸਰੂਪ ਕ੍ਰਾਂਤੀਕਾਰੀ ਸਾਹਿਤ ਸਭਾ ਵੱਲੋਂ ਪੰਜਾਬ ਦੀ ਸਾਹਿਤਕ-ਸਭਿਆਚਾਰਕ ਲਹਿਰ 'ਚ ਵਿਚਾਰਧਾਰਕ-ਰਾਜਨੀਤਕ ਅਤੇ ਜਥੇਬੰਦਕ ਪੱਖੋਂ ਨਵੀਂ ਰੂਹ ਫੂਕੀ ਗਈ। 1987 ਵਿਚ ਕ੍ਰਾਂਤੀਕਾਰੀ ਸਾਹਿਤ ਸਭਾ ਵਲੋਂ ਪੰਜਾਬ ਦੇ ਰਾਮਪੁਰਾ ਫੂਲ ਕਸਬੇ 'ਚ ਲੀਗ ਦੀਆਂ ਮੈਂਬਰ ਵੱਖ-ਵੱਖ ਸੂਬਿਆਂ ਦੀਆਂ ਦਰਜਨਾਂ ਸਭਿਆਚਾਰਕ ਟੀਮਾਂ ਦੀ ਸੱਤ ਰੋਜ਼ਾ ਇਤਿਹਾਸਕ ਵਰਕਸ਼ਾਪ ਕਰਵਾਈ ਗਈ। ਇਸ ਦੇ ਨਤੀਜੇ ਵਜੋਂ ਪੰਜਾਬ 'ਚ ਨਵੀਆਂ ਸਾਹਿਤਕ-ਸਭਿਆਚਾਰਕ ਟੀਮਾਂ ਹੋਂਦ 'ਚ ਆਈਆਂ।

ਪੰਜਾਬ ਵਿਚ ਵੱਖ-ਵੱਖ ਸਮੇਂ ਦੌਰਾਨ ਹੋਏ ਪ੍ਰੋਗਰਾਮਾਂ ਵਿਚ ਲੀਗ ਦੇ ਕੇਂਦਰੀ ਕਮੇਟੀ ਮੈਂਬਰ ਕੇ.ਵੀ.ਆਰ., ਵਰਵਰਾ ਰਾਓ, ਗ਼ਦਰ, ਕੰਚਨ ਕੁਮਾਰ, ਸ੍ਰੀ ਪ੍ਰਸਾਦ ਆਦਿ ਸ਼ਮੂਲੀਅਤ ਕਰਦੇ ਰਹੇ। ਪੰਜਾਬ ਵਿਚ ਇਹ ਪ੍ਰੋਗਰਾਮ ਕ੍ਰਾਂਤੀਕਾਰੀ ਸਾਹਿਤ ਸਭਾ ਵਲੋਂ ਜਥੇਬੰਦ ਕੀਤੇ ਗਏ ਜੋ ਗੋਸ਼ਟੀ, ਸੈਮੀਨਾਰ ਜਾਂ ਸਭਿਆਚਾਰਕ ਪ੍ਰੋਗਰਾਮ ਦੇ ਰੂਪ ਵਿਚ ਹੁੰਦੇ। ਖਾਲਿਸਤਾਨੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਲੇਖਕ ਜਸਵੰਤ ਕੰਵਲ ਨੇ ਖਾਲਿਸਤਾਨੀ ਪੱਖੀ ਨਾਵਲ 'ਮੋੜਾ' ਲਿਖਿਆ। ਇਸ ਨਾਵਲ ਅਤੇ ਹੋਰ ਲਿਖਤਾਂ ਰਾਹੀਂ ਉਸ ਨੇ ਮਾਰਕਸਵਾਦ-ਲੈਨਿਨਵਾਦ-ਮਾਓ ਵਿਚਾਰਧਾਰਾ 'ਤੇ ਹਮਲੇ ਸ਼ੁਰੂ ਕਰ ਦਿੱਤੇ। ਅਖ਼ੀਰ ਉਸ ਨੇ ਨਕਸਲਬਾੜੀ ਦੇ ਬੁਨਿਆਦੀ ਪਹਿਲੂਆਂ 'ਤੇ ਵੀ ਹਮਲੇ ਕਰਨ ਦਾ ਯਤਨ ਕੀਤਾ। ਇਹ ਉਹ ਸਮਾਂ ਸੀ ਜਦੋਂ ਹਕੂਮਤ ਦੇ ਜਬਰ ਅਤੇ ਖਾਲਿਸਤਾਨੀ ਦਹਿਸ਼ਤ ਦਾ ਬੋਲ-ਬਾਲਾ ਸੀ, ਨਕਸਲਬਾੜੀ ਦੀ ਲੋਅ ਮੱਧਮ ਪੈ ਗਈ ਸੀ ਹਾਲਾਂਕਿ ਇਹ ਖ਼ਤਮ ਨਹੀਂ ਸੀ ਹੋਈ। ਇਸ ਦੀ ਹੋਂਦ ਬਰਕਰਾਰ ਸੀ ਅਤੇ ਇਹ ਦੋਵਾਂ ਤਰ੍ਹਾਂ ਦੀਆਂ ਦਹਿਸ਼ਤੀ ਤਾਕਤਾਂ ਵਿਰੁੱਧ ਲੜ ਰਹੀ ਸੀ ਜੋ ਇਕ ਦੂਜੇ ਦੀ ਸੇਵਾ ਕਰ ਰਹੀਆਂ ਸਨ। ਇਸ ਮੁੱਦੇ 'ਤੇ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਲੀਗ ਦੇ ਕੇਂਦਰੀ ਆਗੂਆਂ ਕੇ.ਵੀ.ਆਰ., ਵਰਵਰਾ ਰਾਓ, ਕੰਚਨ ਕੁਮਾਰ, ਗਦਰ ਅਤੇ ਅਸ਼ੋਕ ਤਾਂਸਲੇ ਨੇ ਭਾਗ ਲਿਆ। ਇਸ ਸੈਮੀਨਾਰ ਵਿਚ ਇਕ ਸਵਾਲ ਦੇ ਜਵਾਬ ਵਿਚ ਜਸਵੰਤ ਕੰਵਲ ਜਵਾਬ ਦੇ ਰਿਹਾ ਸੀ- "ਸਭ ਤੋਂ ਪਹਿਲਾਂ ਮੈਂ ਪੰਜਾਬੀ ਹਾਂ, ਫਿਰ ਸਿੱਖ ਹਾਂ...।"ਜਵਾਬ ਵਿਚ ਲੀਗ ਦੇ ਸਕੱਤਰ ਕਾਮਰੇਡ ਕੇ.ਵੀ.ਆਰ. ਨੇ ਸਮੁੱਚੇ ਸਾਹਿਤਕ ਕਾਮਿਆਂ ਨਾਲ ਮਹੱਤਵਪੂਰਨ ਨੁਕਤਾ ਸਾਂਝਾ ਕੀਤਾ ਕਿ ਮੌਜੂਦਾ ਯੁਗ ਪ੍ਰੋਲੇਤਾਰੀ ਵਿਸ਼ਵ ਇਨਕਲਾਬ ਤੇ ਸਾਮਰਾਜਵਾਦ ਦਾ ਯੁਗ ਹੈ ਅਤੇ ਇਹ ਬੁਰਜੂਆ ਇਨਕਲਾਬ ਤੇ ਜਗੀਰਦਾਰੀ ਨਹੀਂ ਹੈ ਜਿੱਥੇ ਕੌਮੀ ਬੁਰਜੂਆ ਇਨਕਲਾਬ ਆਪਣੀ ਅਗਾਂਹਵਧੂ ਭੂਮਿਕਾ ਵਿਚ ਹੋਵੇ। ਉਹਨਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਹ ਸਭ ਤੋਂ ਪਹਿਲਾਂ ਕੌਮਾਂਤਰੀਵਾਦੀ ਹੈ ਨਾ ਕਿ ਕੌਮਵਾਦੀ ਤੇ ਮਨੁੱਖਤਾਵਾਦੀ ਅਤੇ ਫਿਰ ਕਿਹਾ, "ਸਭ ਤੋਂ ਪਹਿਲਾਂ ਮੈਂ ਮਾਰਕਸਵਾਦੀ-ਲੈਨਿਨਵਾਦੀ ਅਤੇ ਮਾਓਵਾਦੀ ਹਾਂ। ਫਿਰ ਮੈਂ ਪ੍ਰੋਲੇਤਾਰੀ ਕਮਿਊਨਿਸਟ ਇਨਕਲਾਬ ਦਾ ਪ੍ਰਤੀਨਿਧੀ ਹਾਂ। ਅਖ਼ੀਰ 'ਚ ਮੈਂ ਰੈਡੀ-ਸ਼ੈਡੀ ਹਾਂ ਤੇ ਆਂਧਰਾ ਪ੍ਰਦੇਸ਼ ਦਾ ਵਾਸੀ ਹਾਂ ਅਤੇ ਤੈਲਗੂ ਕੌਮੀਅਤ ਦਾ ਮੈਂਬਰ ਹਾਂ।"

ਜਦੋਂ ਕ੍ਰਾਂਤੀਕਾਰੀ ਸਾਹਿਤ ਸਭਾ ਅਤੇ ਜਮਹੂਰੀ ਮੋਰਚਾ ਪੰਜਾਬ ਨੇ ਸੰਗਰੂਰ ਵਿਚ ਜਾਤੀ ਪ੍ਰਥਾ 'ਤੇ ਭਾਰਤ ਪੱਧਰ ਦਾ ਇਤਿਹਾਸਕ ਸੈਮੀਨਾਰ ਰੱਖਿਆ ਸੀ, ਉਸ ਸਮੇਂ ਮਰਹੂਮ ਅਨੁਰਾਧਾ ਗਾਂਧੀ ਅਤੇ ਇਨਕਲਾਬੀ ਕਵੀ ਵਰਵਰਾ ਰਾਓ ਨੇ ਇਸ ਮੁੱਦੇ 'ਤੇ ਆਪਣੇ ਪੇਪਰ ਪੇਸ਼ ਕੀਤੇ। ਇਸੇ ਤਰ੍ਹਾਂ ਇਸ ਤੋਂ ਪਹਿਲਾਂ ਪੇਪਰ ਏ.ਆਈ.ਐੱਲ.ਆਰ.ਸੀ. ਦੀ ਟੀਮ ਨੇ ਖ਼ਾਲਿਸਤਾਨੀ ਲਹਿਰ ਬਾਰੇ ਬਾਹਰੀ ਪ੍ਰਭਾਵ ਤੋਂ ਅੱਗੇ ਜਾ ਕੇ ਇਸ ਦੀ ਜ਼ਮੀਨੀ ਹਕੀਕਤ ਨੂੰ ਸਮਝਣ ਲਈ ਟੀਮ ਪੰਜਾਬ ਵਿਚ ਭੇਜੀ। ਇਸ ਟੀਮ ਵਿਚ ਕੇਂਦਰੀ ਆਗੂ ਅਨੁਰਾਧਾ ਗਾਂਧੀ, ਵਰਵਰਾ ਰਾਓ, ਸ੍ਰੀ ਪ੍ਰਸਾਦ, ਕੰਚਨ ਕੁਮਾਰ, ਮਨੋਵਰ ਕੈਸ਼ਵਰ, ਰਾਜ ਕਿਸ਼ੋਰ ਆਦਿ ਸ਼ਾਮਲ ਸਨ। ਪਿਛਲੀਆਂ ਗ਼ਲਤੀਆਂ ਨੂੰ ਘਟਾਉਣ ਅਤੇ ਨਕਸਲਬਾੜੀ ਲਹਿਰ ਨੂੰ ਪੰਜਾਬ ਵਿਚ ਮੁੜ ਪੈਰਾਂ-ਸਿਰ ਕਰਨ ਲਈ ਅਜਿਹੀਆਂ ਸਰਗਰਮੀਆਂ ਦੀ ਲੋੜ ਸੀ।

ਕ੍ਰਾਂਤੀਕਾਰੀ ਸਾਹਿਤ ਸਭਾ ਦੀ ਅਗਵਾਈ ਵਿਚ ਗੁਰਸ਼ਰਨ ਸਿੰਘ, ਬਾਰੂ ਸਤਵਰਗ, ਗੁਰਦਾਸ ਘਾਰੂ, ਸੁਖਦੇਵ ਮਾਨ, ਰਾਜਿੰਦਰ ਰਾਹੀ, ਪ੍ਰੋ. ਮੇਘ ਰਾਜ, ਹਰੀ ਸਿੰਘ ਤਰਕ ਅਤੇ ਗੁਰਮੀਤ ਜੱਜ ਨੇ ਵੱਖ-ਵੱਖ ਸਮੇਂ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਸਾਹਿਤਕ-ਸਭਿਆਚਾਰਕ ਪ੍ਰੋਗਰਾਮ ਕਰਵਾਏ। ਉਹ ਹੋਰਾਂ ਸੂਬਿਆਂ ਵਿਚ ਵੀ ਗਏ ਅਤੇ ਉੱਥੇ ਵੱਖ-ਵੱਖ ਸਾਹਿਤਕ-ਸਭਿਆਚਾਰਕ ਪ੍ਰੋਗਰਾਮਾਂ ਵਿਚ ਹਿੱਸਾ ਲਿਆ। ਸਿੱਟੇ ਵਜੋਂ ਪੰਜਾਬ ਅਤੇ ਹੋਰ ਸੂਬਿਆਂ ਦੇ ਇਨਕਲਾਬੀ ਸਾਹਿਤਕ ਕਾਮਿਆਂ ਵਿਚਾਲੇ ਬਹਿਸ-ਮੁਬਾਸਿਆਂ ਦੌਰਾਨ ਸਮੂਹਿਕ ਤੌਰ 'ਤੇ ਬੁਨਿਆਦੀ ਸਿਆਸੀ ਅਤੇ ਸਾਹਿਤਕ-ਸਭਿਆਚਾਰਕ ਸਮਝ ਹੋਰ ਡੂੰਘੇਰੀ ਹੋਈ।

ਅੱਜ ਵੀ ਨਕਸਲਬਾੜੀ ਦੀ ਸਿਆਸੀ ਸਮਝ ਅਤੇ ਇਸ ਦੇ ਸਾਹਿਤਕ ਇਨਕਲਾਬੀ ਪਹਿਲੂ, ਸਾਹਿਤ ਦੇ ਵੱਖ-ਵੱਖ ਖੇਤਰਾਂ ਵਿਚ ਨਵੀਂ ਇਨਕਲਾਬੀ ਭਾਵਨਾ ਉਭਾਰ ਰਹੇ ਹਨ। ਹੁਣ ਇਹ ਸਾਮਰਾਜੀ ਅਤੇ ਜਗੀਰੂ ਸਭਿਆਚਾਰਕ ਕਦਰਾਂ-ਕੀਮਤਾਂ ਵਿਰੁੱਧ ਜੱਦੋ-ਜਹਿਦ ਵਿਚ ਮੁੱਖ ਭੂਮਿਕਾ ਨਿਭਾਅ ਰਹੀ ਹੈ ਅਤੇ ਪੰਜਾਬ ਦੇ ਲੋਕਾਂ ਦੇ ਇਨਕਲਾਬੀਕਰਨ ਲਈ ਯਤਨਸ਼ੀਲ ਹੈ। ਸਾਹਿਤ ਦੇ ਇਸ ਖੇਤਰ ਵਿਚ ਹੁਣ ਪਹਿਲਾਂ ਨਾਲੋਂ ਵੱਧ ਵਿਕਾਸ ਹੋਇਆ ਹੈ। ਨਵੇਂ ਇਨਕਲਾਬੀ ਕਵੀ, ਕਹਾਣੀਕਾਰ, ਨਾਵਲਕਾਰ ਅਤੇ ਨਾਟਕਕਾਰ ਅੱਗੇ ਆ ਰਹੇ ਹਨ। ਕ੍ਰਾਂਤੀਕਾਰੀ ਸਭਿਆਚਾਰਕ ਕੇਂਦਰ, ਪਲਸ ਮੰਚ ਆਦਿ ਜਥੇਬੰਦੀਆਂ ਪੰਜਾਬ ਦੇ ਸਾਹਿਤਕ ਸਭਿਆਚਾਰਕ ਮੰਚਾਂ 'ਤੇ ਸਰਗਰਮ ਹਨ। ਮਰਹੂਮ ਸਤਨਾਮ ਜੰਗਲਨਾਮਾ ਅਤੇ ਬੂਟਾ ਸਿੰਘ ਮਹਿਮੂਦਪੁਰ ਨੇ ਹੋਰ ਭਾਸ਼ਾਵਾਂ ਦੀਆਂ ਦਰਜਨਾਂ ਅਗਾਂਹਵਧੂ ਕਿਤਾਬਾਂ ਦਾ ਪੰਜਾਬੀ ਤਰਜਮਾ ਕਰ ਕੇ ਸਾਹਿਤਕ ਖੇਤਰ ਵਿਚ ਹਿੱਸਾ ਪਾਇਆ ਹੈ।

### ਨਕਸਲਬਾੜੀ ਦੇ ਸੂਹੇ ਪ੍ਰਭਾਵ ਹੇਠ ਪੰਜਾਬ ਦੇ ਸਾਹਿਤਕ-ਸਭਿਆਚਾਰਕ ਖੇਤਰ ਵਿਚ ਆਈਆਂ ਸਿਫ਼ਤੀ ਤਬਦੀਲੀਆਂ

1) ਸਥਾਪਤ ਅਰਧ ਜਗੀਰੂ-ਅਰਧ ਪੂੰਜੀਵਾਦੀ ਸੰਕਲਪਾਂ, ਧਾਰਨਾਵਾਂ ਦੀ ਥਾਂ ਲੋਕਾਂ ਦੇ ਜਮਾਤੀ ਹਿੱਤਾਂ ਤੋਂ ਲੋਕ ਸਾਹਿਤ ਸਭਿਆਚਾਰ ਦੇ ਹੋਂਦ 'ਚ ਆਉਣ ਨੂੰ ਨਵਾਂ ਬਲ ਮਿਲਿਆ।

2) ਪੰਜਾਬ ਦੇ ਜ਼ਮੀਨ-ਜਾਇਦਾਦਹੀਣ ਅਤੇ ਸਦੀਆਂ ਤੋਂ ਦਬਾਈਆਂ ਆ ਰਹੀਆਂ ਕਿਰਤੀ ਜਮਾਤਾਂ ਦੇ ਜਮਾਤੀ ਹਿੱਤ ਸਾਹਿਤ-ਸਭਿਆਚਾਰ ਦਾ ਵਿਸ਼ਾ-ਵਸਤੂ ਬਣਨ ਦੇ ਨਾਲ-ਨਾਲ ਇਹਨਾਂ ਜਮਾਤਾਂ ਵਿਚੋਂ ਸਾਹਿਤਕ-ਸਭਿਆਚਾਰਕ ਕਾਮੇ, ਨਾਇਕ ਆਦਿ ਪੈਦਾ ਹੋਣ ਦਾ ਅਮਲ ਤੇਜ਼ ਹੋਇਆ। ਹਾਕਮ ਜਮਾਤਾਂ ਦੇ ਬਦਨਾਮ ਅਨਸਰਾਂ ਨੂੰ ਖਲਨਾਇਕਾਂ ਵਜੋਂ ਪੇਸ਼ ਕਰਨ ਦੇ ਵਰਤਾਰੇ ਨੂੰ ਨਵਾਂ ਬਲ ਮਿਲਿਆ।

3) ਅੰਧ-ਵਿਸ਼ਵਾਸਾਂ, ਮਿਥਿਹਾਸ ਆਦਿ ਵਿਰੁੱਧ ਤਰਕਸ਼ੀਲ ਲਹਿਰ ਹੋਂਦ 'ਚ ਆਈ।

4) ਜਾਤ-ਪਾਤ ਅਤੇ ਮਰਦ ਪ੍ਰਧਾਨ ਸੋਚ ਵਿਰੁੱਧ ਦਲਿਤ ਜਾਤੀਆਂ ਤੇ ਪੀੜਤ ਔਰਤਾਂ ਦੀਆਂ ਲਹਿਰਾਂ ਆਦਿ ਨੂੰ ਨਵਾਂ ਬਲ ਮਿਲਣ ਦੇ ਨਾਲ-ਨਾਲ ਬਰਾਬਰੀ ਦੇ ਸੰਕਲਪਾਂ-ਧਾਰਨਾਵਾਂ ਨੂੰ ਨੈਤਿਕ ਉਤਸ਼ਾਹ ਮਿਲਿਆ।

5) ਸਦੀਆਂ ਤੋਂ ਲੁੱਟੀਆਂ-ਲਤਾੜੀਆਂ ਆ ਰਹੀਆਂ ਜਮਾਤਾਂ-ਜਾਤਾਂ ਆਦਿ ਦੇ ਸਵੈ-ਮਾਣ-ਸਵੈ-ਵਿਸ਼ਵਾਸ 'ਚ ਨਵੀਂ ਰੂਹ ਫੂਕੀ ਗਈ।

6) ਲੋਕ ਸੱਤਾ ਹੋਂਦ 'ਚ ਲਿਆਉਣ ਵਾਲੇ ਸਾਹਿਤ-ਸਭਿਆਚਾਰ ਦਾ ਕੱਦ ਨੈਤਿਕ ਪੱਖੋਂ ਪਹਿਲਾਂ ਨਾਲੋਂ ਵਧਣਾ ਸ਼ੁਰੂ ਹੋਇਆ।

7) ਜਮਾਤੀ ਸੰਘਰਸ਼ਾਂ 'ਚ ਸ਼ਹੀਦੀਆਂ ਪਾ ਚੁੱਕੇ ਸ਼ਹੀਦ ਪੰਜਾਬੀ ਸਾਹਿਤ-ਸਭਿਆਚਾਰ ਦਾ ਵਿਸ਼ਾ-ਵਸਤੂ ਬਣਨ ਲੱਗੇ।

8) ਭਾਰਤ ਖ਼ਾਸ ਕਰ ਕੇ ਕਸ਼ਮੀਰ, ਨਾਗਾਲੈਂਡ, ਮਿਜ਼ੋਰਮ ਅਤੇ ਪੰਜਾਬ ਦੇ ਕੌਮੀਅਤ ਦੇ ਸਵਾਲ 'ਤੇ ਸਮਝ ਬਣਾਉਣ ਵਿਚ ਭੂਮਿਕਾ ਨਿਭਾਈ। ਇਸ ਨੇ ਜਾਤੀਵਾਦ, ਧਾਰਮਿਕ ਮੂਲਵਾਦ ਅਤੇ ਜਗੀਰੂ ਰਹਿੰਦ-ਖੂੰਹਦ ਵਿਰੁੱਧ ਚੇਤਨਾ ਵਿਕਸਤ ਕਰਨ 'ਚ ਮਦਦ ਕੀਤੀ। ਇਸ ਨੇ ਅਜਿਹਾ ਸਾਹਿਤ ਸਿਰਜਿਆ ਜਿਸ ਨੇ ਸਾਮਰਾਜ ਅਤੇ ਇਸ ਦੇ ਦਲਾਲਾਂ ਦੇ ਸੁਭਾਅ ਨੂੰ ਨੰਗਾ ਕਰਨ ਵਿਚ ਲੋਕਾਂ ਦੀ ਮਦਦ ਕੀਤੀ।

---

# ਜੀਵਨ ਦਾਤੀ

**ਸੁਨੀਤਾ ਪਾਹਵਾ**
**ਫੋਨ: +91-78891-15919**

ਹਰ ਬਜ਼ੁਰਗ ਵਾਂਗ ਮੇਰੀ ਦਾਦੀ ਘਰ ਦਾ ਤਾਲਾ ਵੀ ਸੀ ਅਤੇ ਸਰਮਾਇਆ ਵੀ। ਉਹਨੇ ਸਾਰੇ ਪਰਿਵਾਰ ਨੂੰ ਮੋਹ ਦੀ ਮਾਲਾ ਵਿਚ ਪਰੋ ਕੇ ਰੱਖਿਆ। ਸਾਰੇ ਸ਼ਰੀਕੇ ਕਬੀਲੇ ਨੂੰ ਆਪੋ ਵਿਚ ਮਿਲਦੇ ਵਰਤਦੇ ਦੇਖ ਕੇ ਉਹਦੀ ਰੂਹ ਖੁਸ਼ ਹੋ ਜਾਂਦੀ। ਉਹ ਉੱਚੇ ਲੰਮੇ ਕਦ-ਕਾਠ, ਗੁੰਦਵੇਂ ਸਰੀਰ, ਗੋਰੇ ਨਛੋਹ ਰੰਗ, ਰੋਹਬਦਾਰ ਆਵਾਜ਼ ਅਤੇ ਖਰਵੇਂ ਸੁਭਾਅ ਵਾਲੀ ਸੀ। ਅਸੀਂ ਉਸ ਦੇ ਦੰਦ ਭਾਵੇਂ ਕਦੇ ਨਹੀਂ ਸਨ ਦੇਖੇ ਪਰ 90 ਸਾਲ ਦੀ ਉਮਰ ਵਿਚ ਵੀ ਦਾਦੀ ਖਾਣ ਪੀਣ ਦੀ ਸ਼ੌਕੀਨ ਸੀ। ਗੰਨੇ ਨੂੰ ਮੰਜੇ ਦੇ ਪਾਵੇ 'ਤੇ ਰੱਖ ਕੇ ਵੇਲਣ ਨਾਲ ਕੁੱਟ ਕੇ ਉਸ ਦਾ ਰਸ ਚੂਸਦਿਆਂ ਅਤੇ ਮੂੰਗਫਲੀ ਦੀਆਂ ਗਿਰੀਆਂ ਕੂੰਡੇ ਵਿਚ ਕੁੱਟ ਕੇ ਖਾਂਦਿਆਂ ਅਸੀਂ ਉਹਨੂੰ ਅਕਸਰ ਦੇਖਦੇ। ਖੁੱਲ੍ਹੇ ਖਾਣ ਪੀਣ ਦੇ ਨਾਲ ਨਾਲ ਕੰਮ ਕਰਨ ਵਿਚ ਵੀ ਉਹ ਤਕੜੀ ਸੀ। ਤੜਕਸਾਰ ਧਾਰਾਂ ਚੋਣ ਤੋਂ ਬਾਅਦ ਰਿੜਕਣਾ ਕਰਨਾ ਅਤੇ ਭੱਤੇ ਵੇਲੇ ਚਰਖਾ ਕੱਤਣਾ, ਧੀਆਂ ਪੋਤਰੀਆਂ ਲਈ ਖੇਸ, ਦਰੀਆਂ ਬੁਣਨਾ ਉਹਦੇ ਸ਼ੌਕ ਸਨ।

ਉਹ ਦੱਸਦੀ ਹੁੰਦੀ ਸੀ, ਜਦੋਂ ਉਹ ਵਿਆਹੀ ਆਈ ਸੀ ਤਾਂ ਜ਼ਮੀਨ ਤਾਂ ਗੁਜ਼ਾਰੇ ਜੋਗੀ ਹੀ ਸੀ, ਡੰਗਰ ਪਸ਼ੂ ਵਾਧੂ ਰੱਖੇ ਹੋਏ ਸਨ ਜਿਸ ਕਰ ਕੇ ਘਰ ਵਿਚ ਘਿਓ-ਦੁੱਧ ਦੀਆਂ ਲਹਿਰਾਂ ਸਨ। ਘਰ ਵਿਚ ਘਿਓ ਦੇ ਪੀਪੇ ਹਮੇਸ਼ਾ ਭਰੇ ਰਹਿੰਦੇ। ਸਾਰਾ ਟੱਬਰ ਰਾਤ ਦੀ ਰੋਟੀ ਤੋਂ ਬਾਅਦ ਰੱਜਵਾਂ ਦੁੱਧ ਪੀਂਦਾ। ਦਾਦੀ ਦਾ ਪੇਕਾ ਪਿੰਡ ਦੋ ਕੁ ਕੋਹਾਂ 'ਤੇ ਸੀ। ਜਦੋਂ ਉਹਨੇ ਕਿਸੇ ਵਿਆਹ ਸ਼ਾਦੀ 'ਚ ਕਈ ਦਿਨਾਂ ਲਈ ਪੇਕੇ ਜਾਣਾ ਹੁੰਦਾ ਤਾਂ ਬੱਚਿਆਂ ਦੇ ਨਾਲ ਨਾਲ ਉਹ ਮੱਝਾਂ ਨੂੰ ਵੀ ਨਾਲ ਲੈ ਤੁਰਦੀ।

ਧਾਰਮਿਕ ਵਿਚਾਰਾਂ ਵਾਲੀ ਸਾਡੀ ਦਾਦੀ ਹਰ ਵੇਲੇ ਭਜਨ ਗਾਉਂਦੀ ਰਹਿੰਦੀ। ਪਿਛਲੀ ਉਮਰ ਵਿਚ ਵੀ ਉਹ ਸੂਰਜ ਦੇਵਤਾ ਨੂੰ ਅਰਘ ਦਿੱਤੇ ਬਿਨਾਂ ਮੂੰਹ ਜੂਠਾ ਨਾ ਕਰਦੀ। ਉਹ ਨੂੰਹਾਂ ਨੂੰ ਧੀਆਂ ਦੇ ਬਰਾਬਰ ਰੱਖਦੀ। ਜੇ ਕਦੇ ਕਿਸੇ ਗੱਲ ਨੂੰ ਲੈ ਕੇ 'ਤੂੰ ਤੂੰ ਮੈਂ ਮੈਂ' ਹੋ ਜਾਂਦੀ ਤਾਂ ਕਦੇ ਗੁੱਸੇ ਨਾਲ ਜਾਂ ਕਦੇ ਪਿਆਰ ਨਾਲ ਉਹ ਹਰ ਮਸਲੇ ਦਾ ਹੱਲ ਕਰ ਦਿੰਦੀ ਅਤੇ ਘਰ ਵਿਚ ਕਲਹ-ਕਲੇਸ਼ ਹੋਣ ਤੋਂ ਬਚਾ ਲੈਂਦੀ।

ਉਹਨੇ ਘਰ ਦੇ ਕੰਮਾਂ ਕਾਰਾਂ ਦੇ ਨਾਲ-ਨਾਲ ਖੇਤਾਂ ਵਿਚ ਵੀ ਕਮਾਈ ਕੀਤੀ। ਛੇ ਬੱਚਿਆਂ ਵਿਚੋਂ ਦੋ ਪੁੱਤ ਨੌਕਰੀ ਲੱਗ ਗਏ। ਘਰ ਦੀ ਕਾਇਆ ਪਲਟਣ ਲੱਗੀ। ਘਰ ਦੀ ਗਰੀਬੀ ਚੁੱਕੀ ਗਈ। ਘਰ ਦਾ ਮੂੰਹ ਮੁਹਾਂਦਰਾ ਤੇ ਸਾਜ਼ੋ-ਸਮਾਨ ਬਣਨ ਲੱਗਿਆ। ਸ਼ਰੀਕੇ ਕਬੀਲੇ ਵਾਲੇ ਆਪੋ-ਆਪਣੇ ਧੀਆਂ ਪੁੱਤਰਾਂ ਦੇ ਸਰਕਾਰੀ ਨੌਕਰੀ ਲੱਗਣ ਬਾਰੇ ਦੱਸਦੇ ਤਾਂ ਦਾਦੀ ਨੌਕਰੀ ਲੱਗੇ ਆਪਣੇ ਪੁੱਤ ਪੋਤਰਿਆਂ ਦੀਆਂ ਸਿਫਤਾਂ ਦੇ ਪੁਲ ਬੰਨ੍ਹਦੀ।

ਵਕਤ ਬਦਲਿਆ, ਪੁੱਤਰਾਂ ਦੇ ਚੁੱਲ੍ਹੇ ਅੱਡ-ਅੱਡ ਹੋ ਗਏ। ਦਾਦੀ ਦਾਦਾ ਪਿੰਡ ਵਾਲੇ ਘਰ ਵਿਚ ਹੀ ਵੱਡੇ ਪੁੱਤਰ ਨਾਲ ਰਹਿਣ ਲੱਗੇ। ਜਦੋਂ ਵੀ ਕਿਸੇ ਨੂੰ ਉਸ ਦੀ ਲੋੜ ਹੁੰਦੀ ਤਾਂ ਉਹ ਉੱਥੇ ਝੱਟ ਪਹੁੰਚ ਜਾਂਦੇ। ਵੀਹ ਕੁ ਸਾਲ ਪਹਿਲਾਂ ਦਾਦਾ ਗੁਜ਼ਰ ਗਿਆ। ਫਿਰ ਦਾਦੀ ਮਾਂ ਨੂੰ ਪੁੱਤ ਅਤੇ ਜਵਾਈ ਦੀ ਮੌਤ ਦਾ ਦੁੱਖ ਝੱਲਣਾ ਪਿਆ। ਸਿਰ ਪਈਆਂ ਔਕੜਾਂ ਨੂੰ ਰੱਬ ਦਾ ਭਾਣਾ ਮੰਨ ਕੇ ਜੋਸ਼ ਨਾਲ ਜ਼ਿੰਦਗੀ ਜਿਊਂਦੀ ਰਹੀ। ਬੱਚਿਆਂ ਨੂੰ ਵੀ ਅਗਾਂਹ ਵਧਣ ਦਾ ਹੌਸਲਾ ਦਿੰਦੀ ਰਹੀ। ਘਰ ਦੇ ਹਾਲਾਤ ਜਿਵੇਂ ਦੇ ਵੀ ਰਹੇ ਹੋਣ ਪਰ ਉਹਨੇ ਹਮੇਸ਼ਾ ਆਪਣੇ ਪਰਿਵਾਰ ਨੂੰ ਜੋੜ ਕੇ ਰੱਖਿਆ। ਉਹ ਪਿਆਰ ਅਤੇ ਸਿਰੜ ਨਾਲ ਜੀਵਨ ਜਿਊਣ ਦੀ ਜਾਚ ਸਾਨੂੰ ਸਿਖਾਉਂਦੀ ਰਹੀ।

ਜਿੰਨਾ ਚਿਰ ਸਰੀਰ ਚੱਲਿਆ, ਦਾਦੀ ਘਰ ਬਾਰ ਸਾਂਭਦੀ ਰਹੀ। ਜਦੋਂ ਸਰੀਰ ਸਾਥ ਦੇਣਾ ਛੱਡ ਗਿਆ ਤਾਂ ਘਰਦਿਆਂ ਨੇ ਵੀ ਨੱਕ-ਬੁੱਲ੍ਹ ਵੱਟਣੇ ਸ਼ੁਰੂ ਕਰ ਦਿੱਤੇ। ਦਾਦੀ ਨੂੰ ਸਾਂਭਣ ਦੇ ਲਾਲੇ ਪੈ ਗਏ। ਵਿਚਕਾਰਲੇ ਪੁੱਤ ਨੇ ਇਲਾਜ ਲਈ ਮਾਂ ਨੂੰ ਸ਼ਹਿਰ ਲੈ ਆਂਦਾ। ਪਿੰਡਾਂ ਵਰਗੀ ਰੌਣਕ ਤੇ ਅਪਣੱਤ ਨਾ ਹੋਣ ਕਰ ਕੇ ਉਹਦਾ ਜੀਅ ਨਾ ਲੱਗਿਆ। ਫਿਰ ਜ਼ਿਦ ਕਰ ਕੇ ਵਾਪਸ ਪਿੰਡ ਚਲੀ ਗਈ।

ਉਹਨੇ ਬੜੀ ਔਖ ਭੁਗਤ ਕੇ ਚੰਗੇ ਦਿਨ ਦੇਖੇ ਸਨ। ਉਸ ਨੇ ਪੁੱਤਰਾਂ ਲਈ ਜ਼ਮੀਨਾਂ ਖਰੀਦਣ ਵਾਸਤੇ ਬੜੇ ਸ਼ੌਕ ਨਾਲ ਬਣਾਏ ਆਪਣੇ ਗਹਿਣੇ ਵੀ ਵੇਚ ਦਿੱਤੇ। ਸ਼ਾਇਦ ਇਸੇ ਕਰ ਕੇ ਹੀ ਉਹ ਪੈਸੇ ਦੀ ਬਹੁਤ ਕਦਰ ਕਰਦੀ ਸੀ। ਇਕ-ਇੱਕ ਪੈਸਾ ਸੰਭਾਲ ਕੇ ਵਰਤਦੀ ਸੀ। ਅਨਪੜ੍ਹ ਹੋਣ ਦੇ ਬਾਵਜੂਦ ਜਮਾਂ ਜੋੜ ਵਿਚ ਕਰ ਲੈਂਦੀ। ਸੌ-ਸੌ ਦੇ ਦਸ ਨੋਟ ਇੱਕ ਦੂਜੇ ਉੱਪਰ ਰੱਖ ਕੇ ਹਜ਼ਾਰ-ਹਜ਼ਾਰ ਦੀਆਂ ਕਈ ਲਾਈਨਾਂ ਬਣਾ ਉਹ ਲੱਖਾਂ ਤੱਕ ਗਿਣਤੀ ਕਰ ਲੈਂਦੀ ਸੀ।

ਆਖ਼ਿਰੀ ਵਕਤ ਦਾਦੀ ਨੂੰ ਬਿਮਾਰੀਆਂ ਨੇ ਆ ਘੇਰਿਆ। ਉਹ ਵਾਰ-ਵਾਰ ਖਾਣ ਨੂੰ ਮੰਗਦੀ ਤੇ ਉਲ-ਜਲੂਲ ਬੋਲਦੀ ਰਹਿੰਦੀ। ਟੱਬਰ ਦੇ ਬੋਲ ਕੁਬੋਲ ਸੁਣਦੀ। ਤੁਰਨਾ ਫਿਰਨਾ ਬੰਦ ਹੋ ਗਿਆ। ਧੀਆਂ ਪੁੱਤਰਾਂ ਨੇ ਸਮੇਂ ਤੇ ਸਮਰੱਥਾ ਅਨੁਸਾਰ ਸੇਵਾ ਵੀ ਕੀਤੀ ਪਰ ਹਾਲਤ ਦਿਨੋ ਦਿਨ ਖਰਾਬ ਹੁੰਦੀ ਗਈ।

ਆਖ਼ਿਰ ਦਾਦੀ ਵਿਛੋੜਾ ਦੇ ਗਈ। ਘਰ ਦਾ ਜਿੰਦਰਾ ਗੁਆਚ ਗਿਆ। ਜਾਣ ਤੋਂ ਕੁਝ ਸਮਾਂ ਪਹਿਲਾਂ ਦਾਦੀ ਆਪਣੇ ਗਹਿਣੇ ਅਤੇ ਪੈਸੇ ਪੁੱਤਰਾਂ 'ਚ ਬਰਾਬਰ ਵੰਡ ਗਈ। ਦਾਦੀ ਦੀ ਮੌਤ ਤੋਂ ਬਾਅਦ ਉਸ ਦੀ ਪੇਟੀ ਵਿਚ ਕਦੋਂ ਦੇ ਜੋੜ ਜੋੜ ਕੇ ਰੱਖੇ ਪੈਸੇ ਉਸ ਦੀਆਂ ਧੀਆਂ-ਪੋਤਰੀਆਂ ਵਿਚ ਵੰਡ ਦਿੱਤੇ ਗਏ। ਇਸ ਤਰ੍ਹਾਂ ਉਹ ਜਾਂਦੀ ਜਾਂਦੀ ਵੀ ਇੱਕ ਵਾਰ ਫਿਰ ਆਪਣੇ ਸੁਭਾਅ ਮੁਤਾਬਕ ਆਪਣੇ ਬੱਚਿਆਂ ਨੂੰ ਆਪਸ ਵਿਚ ਜੋੜ ਗਈ। ਮੈਨੂੰ ਦਾਦੀ ਦੀ ਨਿਸ਼ਾਨੀ ਵਜੋਂ ਉਸ ਦੀ ਜਵਾਨੀ ਵੇਲੇ ਦੀ ਫੋਟੋ ਅਤੇ ਕੁਝ ਪੈਸੇ ਮਿਲੇ ਜਿਹੜੇ ਮੇਰੇ ਲਈ ਬੇਸ਼ਕੀਮਤੀ ਸਰਮਾਇਆ ਹਨ। ਪਿਆਰ ਵੰਡਦੀ, ਘੂਰਦੀ, ਸਮਝਾਉਂਦੀ ਦਾਦੀ ਮਾਂ ਮੇਰੇ ਲਈ ਜੀਵਨ ਦਾਤੀ ਸੀ ਜਿਹੜੀ ਮੋਹ, ਮੁਹੱਬਤ, ਇਤਫ਼ਾਕ ਜਿਹੀਆਂ ਦਾਤਾਂ ਵੰਡ ਸਾਥੋਂ ਵਿਦਾ ਲੈ ਗਈ।

# ਗਿਆਨੀ ਗੁਰਦਿੱਤ ਸਿੰਘ ਦੀਆਂ ਗੱਲਾਂ

ਕਲਾ ਪਰਿਕਰਮਾ




**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਕਿਸੇ ਪਛਾਣ ਦੇ ਮੁਥਾਜ ਨਹੀਂ ਗਿਆਨੀ ਗੁਰਦਿੱਤ ਸਿੰਘ। ਆਧੁਨਿਕ ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਖੋਜਮੁਖੀ ਪੱਤਰਕਾਰੀ ਦੇ ਮੋਢੀ, ਗੁਰੂ-ਸ਼ਬਦ ਤੇ ਗੁਰ-ਸਿਧਾਂਤ ਦੇ ਚਿੰਤਨਸ਼ੀਲ ਵਿਆਖਿਆਕਾਰ, ਸਿੰਘ ਸਭਾ ਲਹਿਰ ਦੇ ਮੁਹਾਫ਼ਿਜ਼, ਲੋਕਧਾਰਾ ਤੇ ਲੋਕ-ਸਾਹਿਤ ਦੇ ਗਹਿਰੇ ਗਿਆਤਾ ਅਤੇ ਧਰਮ ਦੇ ਨਾਂ 'ਤੇ ਪਾਖੰਡਵਾਦ ਤੇ ਫ਼ਿਰਕੂ ਸੋਚ ਦੇ ਕੱਟੜ ਵਿਰੋਧੀ। ਇਨ੍ਹਾਂ ਸਾਰੀਆਂ ਪਰਤਾਂ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਵਿਚ ਵੀ ਉਨ੍ਹਾਂ ਦਾ ਪ੍ਰਮੁੱਖ ਯੋਗਦਾਨ ਰਿਹਾ ਅਤੇ ਦਮਦਮਾ ਸਾਹਿਬ, ਤਲਵੰਡੀ ਸਾਬੋ ਨੂੰ ਪੰਜਵੇਂ ਤਖ਼ਤ ਵਜੋਂ ਮਾਨਤਾ ਦਿਵਾਉਣ ਵਿਚ ਵੀ। ਉਨ੍ਹਾਂ ਦੀ ਸ਼ਾਹਕਾਰ ਪੁਸਤਕ 'ਮੇਰਾ ਪਿੰਡ' ਨੂੰ ਹਰੇ ਇਨਕਲਾਬ ਤੋਂ ਪਹਿਲਾਂ ਦੇ ਪੇਂਡੂ ਪੰਜਾਬ ਦਾ ਸੱਚਾ-ਸੁੱਚਾ ਦਰਪਣ ਮੰਨਿਆ ਜਾਂਦਾ ਹੈ। ਇਸ ਪੁਸਤਕ ਦੇ ਦਸ ਐਡੀਸ਼ਨ ਛਪ ਚੁੱਕੇ ਹਨ ਅਤੇ ਇਹ ਪੰਜਾਬੀ ਦੀਆਂ ਸਭ ਤੋਂ ਵੱਧ ਵਿਕਣ ਵਾਲੀਆਂ ਪੁਸਤਕਾਂ ਵਿਚ ਸ਼ੁਮਾਰ ਹੈ। ਚਮਤਕਾਰੀ ਪੱਖ ਇਹ ਹੈ ਕਿ ਗਿਆਨੀ ਜੀ ਨੇ ਉਪਰੋਕਤ ਸਾਰੀਆਂ ਪ੍ਰਾਪਤੀਆਂ ਬਿਨਾਂ ਕਿਸੇ ਸਕੂਲ-ਕਾਲਜ ਵਿਚ ਪੜ੍ਹਾਈ ਕੀਤਿਆਂ ਹਾਸਲ ਕੀਤੀਆਂ; ਆਪਣੀ ਮਿਹਨਤ, ਲਗਨ ਤੇ ਖੋਜੀ ਬਿਰਤੀ ਵਰਗੇ ਗੁਣਾਂ ਅਤੇ ਅਧਿਐਨਕਾਰੀ ਨਾਲ ਅੰਤਾਂ ਦੇ ਮੋਹ ਸਦਕਾ।

ਗਿਆਨੀ ਜੀ ਦਾ ਜਨਮ ਪਿੰਡ ਮਿੱਠੇਵਾਲ (ਰਿਆਸਤ ਮਾਲੇਰਕੋਟਲਾ) ਵਿਚ 24 ਫਰਵਰੀ 1923 ਨੂੰ ਹੋਇਆ। ਤਕਰੀਬਨ 84 ਵਰ੍ਹੇ ਇਸ ਸੰਸਾਰ ਵਿਚ ਵਿਚਰਨ ਮਗਰੋਂ ਉਹ 17 ਜਨਵਰੀ 2007 ਨੂੰ ਨਸ਼ਵਰ ਸਰੀਰ ਤਿਆਗ ਗਏ। ਇਸ ਜੀਵਨਕਾਲ ਦੌਰਾਨ ਉਨ੍ਹਾਂ ਨੇ ਮਿਹਨਤ ਤੇ ਸਿਰੜ ਨਾਲ ਜਿਹੜੇ ਵੱਖ-ਵੱਖ ਕਾਰਜ ਕੀਤੇ, ਉਹ ਕਾਬਲੇ-ਤਾਰੀਫ਼ ਹੋਣ ਤੋਂ ਇਲਾਵਾ ਭਵਿੱਖਮੁਖੀ ਵੀ ਸਨ। ਉਨ੍ਹਾਂ ਦੇ ਪਿਤਾ ਸ. ਹੀਰਾ ਸਿੰਘ ਧਾਰਮਿਕ ਬਿਰਤੀ ਵਾਲੇ ਸਨ ਪਰ ਉਨ੍ਹਾਂ ਨੇ ਗੁਰਦਿੱਤ ਸਿੰਘ ਨੂੰ ਪੜ੍ਹਨ-ਸੁਣਨ ਤੇ ਗੁੜ੍ਹਨ ਤੋਂ ਕਦੇ ਰੋਕਿਆ ਨਹੀਂ। ਦਰਅਸਲ, ਗਿਆਨੀ ਜੀ ਨੂੰ ਧਰਮ ਦੀ ਸਿੱਖਿਆ ਭਾਵੇਂ ਵਿਰਸੇ 'ਚ ਮਿਲੀ ਪਰ ਇਹ ਕੱਟੜਵਾਦੀ ਵਲਗਣਾਂ ਤੋਂ ਮੁਕਤ ਸੀ। ਇਸ ਤੱਥ ਨੇ ਉਨ੍ਹਾਂ ਦੀ ਸੋਚ-ਸੁਹਜ ਨੂੰ ਵਿਸ਼ਾਲ ਬਣਾਉਣ ਵਿਚ ਪ੍ਰਮੁੱਖ ਯੋਗਦਾਨ ਪਾਇਆ। 1945 ਵਿਚ ਉਨ੍ਹਾਂ ਨੇ ਪ੍ਰਾਈਵੇਟ ਵਿਦਿਆਰਥੀ ਵਜੋਂ ਗਿਆਨੀ ਪਾਸ ਕੀਤੀ। ਇਸੇ ਸਦਕਾ ਉਹ ਗੁਰਦਿੱਤ ਸਿੰਘ ਤੋਂ ਗਿਆਨੀ ਗੁਰਦਿੱਤ ਸਿੰਘ ਵਜੋਂ ਜਾਣੇ ਜਾਣ ਲੱਗੇ। ਇਸ ਨਾਮ ਦੇ ਅਰਥਾਂ ਨੂੰ ਉਨ੍ਹਾਂ ਨੇ ਆਪਣੇ ਅਗਲੇਰੇ ਜੀਵਨ ਦੌਰਾਨ ਸਹੀ ਮਾਅਨਿਆਂ ਵਿਚ ਸਾਰਥਿਕ ਸਾਬਤ ਕੀਤਾ।



*ਗਿਆਨੀ ਗੁਰਦਿੱਤ ਸਿੰਘ*




*ਗਿਆਨੀ ਗੁਰਦਿੱਤ ਸਿੰਘ ਬਾਰੇ ਜੀਤ ਸਿੰਘ ਜੋਸ਼ੀ ਦੀ ਕਿਤਾਬ।*

ਸੰਨ ਸੰਤਾਲੀ ਦੇ ਘੱਲੂਘਾਰੇ ਤੋਂ ਪਹਿਲਾਂ ਉਹ ਲਾਹੌਰ ਵੀ ਰਹੇ ਅਤੇ ਅੰਮ੍ਰਿਤਸਰ ਵੀ। ਬਚਪਨ ਵਿਚ ਹੀ ਉਨ੍ਹਾਂ ਨੇ ਧਰਮ ਗ੍ਰੰਥਾਂ ਤੇ ਧਰਮ-ਪੁਸਤਕਾਂ ਬਾਰੇ ਗਿਆਨ ਹਾਸਲ ਕਰਨਾ ਸ਼ੁਰੂ ਕਰ ਦਿੱਤਾ ਸੀ। ਗਿਆਨੀ ਦੀ ਪੜ੍ਹਾਈ ਦੌਰਾਨ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਇਤਿਹਾਸ ਵੀ ਖੋਜਣਾ ਆਰੰਭ ਕਰ ਦਿੱਤਾ। ਆਪਣੀ ਖੋਜ ਤੇ ਅਧਿਐਨ ਦੇ ਆਧਾਰ 'ਤੇ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਬਾਰੇ ਇੱਕ ਕੋਸ਼ ਤਿਆਰ ਕੀਤਾ ਜੋ ਸੰਨ ਸੰਤਾਲੀ ਦੇ ਘੱਲੂਘਾਰੇ ਦੀ ਭੇਟ ਚੜ੍ਹ ਗਿਆ। ਇਸ ਪ੍ਰਾਪਤੀ ਤੋਂ ਮਹਿਰੂਮ ਹੋਣ ਦੇ ਬਾਵਜੂਦ ਉਨ੍ਹਾਂ ਨੇ ਹੌਸਲਾ ਨਹੀਂ ਹਾਰਿਆ। 1949 ਵਿਚ ਪਟਿਆਲਾ ਤੋਂ 'ਲੋਕ ਸੇਵਕ' ਨਾਂ ਦਾ ਸਪਤਾਹਿਕ ਸ਼ੁਰੂ ਕੀਤਾ। ਅਗਲੇ ਵਰ੍ਹੇ ਉਨ੍ਹਾਂ ਦੀ ਸੰਪਾਦਨਾ ਹੇਠ 'ਜੀਵਨ ਸੰਦੇਸ਼' ਨਾਮੀ ਰਸਾਲਾ ਵੀ ਪ੍ਰਕਾਸ਼ਿਤ ਹੋਣ ਲੱਗਾ। ਫਿਰ, ਫ਼ਾਰਸੀ (ਨਸਤਲੀਕ) ਲਿੱਪੀ ਵਿਚ ਰੋਜ਼ਾਨਾ ਅਖ਼ਬਾਰ 'ਪ੍ਰਕਾਸ਼' ਦੀ ਪ੍ਰਕਾਸ਼ਨਾ ਆਰੰਭੀ ਗਈ। 'ਪ੍ਰਕਾਸ਼' ਬਾਅਦ ਵਿਚ ਗੁਰਮੁਖੀ ਲਿੱਪੀ ਵਿਚ ਛਪਣ ਲੱਗਾ, ਸਪਤਾਹਿਕ ਦੇ ਰੂਪ ਵਿਚ। ਇਹ 1970ਵਿਆਂ ਤੱਕ ਨਿਯਮਿਤ ਤੌਰ 'ਤੇ ਛਪਦਾ ਰਿਹਾ। ਸੰਤਾਲੀ ਵਾਲੀ ਵੰਡ ਮਗਰੋਂ ਰਜਵਾੜਾਸ਼ਾਹੀ ਰਿਆਸਤਾਂ ਦੀ ਸ਼ਮੂਲੀਅਤ ਵਾਲਾ ਪੈਪਸੂ ਸੂਬਾ 1948 'ਚ ਵਜੂਦ ਵਿਚ ਆਇਆ। ਇਹ 1956 ਵਿਚ ਭੰਗ ਕਰ ਦਿੱਤਾ ਗਿਆ। ਉਦੋਂ ਤੱਕ ਗਿਆਨੀ ਜੀ ਕਾਫ਼ੀ ਪ੍ਰਸਿੱਧੀ ਹਾਸਲ ਕਰ ਚੁੱਕੇ ਸਨ। ਉਨ੍ਹਾਂ ਨੂੰ ਪੰਜਾਬ ਵਿਧਾਨ ਪ੍ਰੀਸ਼ਦ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਅਜਿਹੀਆਂ ਰੁਤਬੇਦਾਰੀਆਂ ਤੇ ਪ੍ਰਸਿੱਧੀ ਦੇ ਬਾਵਜੂਦ ਉਨ੍ਹਾਂ ਨੇ ਲਿਬਾਸ ਤੇ ਬਚਨ-ਬਿਲਾਸ ਪੱਖੋਂ ਸਾਦਗੀ ਨਹੀਂ ਤਿਆਗੀ।

ਗੁਰਸਿਧਾਂਤ ਪ੍ਰਤੀ ਗਿਆਨੀ ਜੀ ਦੀ ਪਰਿਪੱਕਤਾ ਨੂੰ ਦੇਖਦਿਆਂ 1973 ਵਿਚ ਉਨ੍ਹਾਂ ਨੂੰ ਸਿੰਘ ਸਭਾ ਲਹਿਰ ਸ਼ਤਾਬਦੀ ਕਮੇਟੀ ਦਾ ਜਨਰਲ ਸਕੱਤਰ ਥਾਪਿਆ ਗਿਆ। ਇਸੇ ਸਦਕਾ ਉਹ ਕੇਂਦਰੀ ਸਿੰਘ ਸਭਾ ਦੇ ਵੀ ਦਸ ਵਰ੍ਹਿਆਂ ਤੱਕ ਜਨਰਲ ਸਕੱਤਰ ਅਤੇ 1983 ਤੋਂ 1992 ਤੱਕ ਪ੍ਰਧਾਨ ਵੀ ਰਹੇ। ਅਜਿਹੇ ਰੁਝੇਵਿਆਂ ਤੇ ਜ਼ਿੰਮੇਵਾਰੀਆਂ ਦੇ ਬਾਵਜੂਦ ਉਨ੍ਹਾਂ ਨੇ ਲੋਕ-ਧਾਰਾਈ ਖੋਜ ਦਾ ਕਾਰਜ ਵੀ ਜਾਰੀ ਰੱਖਿਆ ਅਤੇ ਗੁਰ-ਸ਼ਬਦ ਦਾ ਬਹੁ-ਪਰਤੀ ਅਧਿਐਨ ਵੀ। ਉਨ੍ਹਾਂ ਦੀ ਸ਼ਾਹਕਾਰ ਰਚਨਾ 'ਮੇਰਾ ਪਿੰਡ' 1960 ਵਿਚ ਪਹਿਲੀ ਵਾਰ ਪ੍ਰਕਾਸ਼ਿਤ ਹੋਈ ਅਤੇ ਪਹਿਲੇ ਹੀ ਵਰ੍ਹੇ ਤੋਂ 'ਕਲਾਸਿਕ' ਦਾ ਰੁਤਬਾ ਹਾਸਲ ਕਰ ਗਈ ਜੋ ਅੱਜ ਵੀ ਬਰਕਰਾਰ ਹੈ।

'ਮੇਰਾ ਪਿੰਡ' ਦੀ ਸਿਰਜਣਾਤਮਕ ਅਹਿਮੀਅਤ ਅਤੇ ਗਿਆਨੀ ਜੀ ਦੇ ਜੀਵਨ ਤੇ ਹੋਰ ਰਚਨਾਵਾਂ ਬਾਰੇ ਪ੍ਰੋ. ਜੀਤ ਸਿੰਘ ਜੋਸ਼ੀ ਵੱਲੋਂ ਲਿਖੀ ਪੁਸਤਕ ਪੰਜਾਬੀ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਵੱਲੋਂ 2023 ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਇਹ ਤਿੰਨ ਪ੍ਰਮੁੱਖ ਖੇਤਰਾਂ- ਲੋਕਧਾਰਾ ਤੇ ਸੱਭਿਆਚਾਰਕ, ਗੁਰਮਤਿ ਸਿਧਾਂਤ ਤੇ ਗੁਰਬਾਣੀ ਅਤੇ ਪੱਤਰਕਾਰੀ ਵਿਚ ਗਿਆਨੀ ਜੀ ਦੇ ਯੋਗਦਾਨ ਦਾ ਖੁਲਾਸਾ ਵੀ ਹੈ ਅਤੇ ਉਨ੍ਹਾਂ ਦੀ ਦੇਣ ਨੂੰ ਸਿਜਦਾ ਵੀ। ਇਸ ਪੁਸਤਕ ਵਿਚ ਗਿਆਨੀ ਜੀ ਦੀ ਇੱਕ ਹੋਰ ਵਿਲੱਖਣ ਕਿਰਤ 'ਮੁੰਦਾਵਣੀ' ਦਾ ਸੰਖੇਪ-ਸਾਰ ਵੀ ਬਹੁਤ ਜਾਣਕਾਰੀ ਭਰਪੂਰ ਹੈ। ਕੁੱਲ ਮਿਲਾ ਕੇ ਤਿੰਨ ਦਰਜਨ ਤੋਂ ਵੱਧ ਪ੍ਰਕਾਸ਼ਨਾਵਾਂ ਵਾਲੇ ਗਿਆਨੀ ਜੀ ਦੇ ਰਚਨਾ-ਸੰਸਾਰ ਨੂੰ 'ਕੁੱਜੇ 'ਚ ਸਮੁੰਦਰ ਭਰਨ' ਵਰਗਾ ਸਵਾਗਤਯੋਗ ਉਪਰਾਲਾ ਹੈ ਇਹ ਪੁਸਤਕ।






*'ਮੇਰਾ ਪਿੰਡ' ਦੇ ਵੱਖ-ਵੱਖ ਅਡੀਸ਼ਨਾਂ ਦੇ ਮੁਖੜੇ ਅਤੇ (ਸੱਜੇ) ਗਿਆਨੀ ਗੁਰਦਿੱਤ ਸਿੰਘ ਆਪਣੀ ਪਤਨੀ ਇੰਦਰਜੀਤ ਕੌਰ ਅਤੇ ਪੁੱਤਰ ਰੁਪਿੰਦਰ ਸਿੰਘ ਨਾਲ।*

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਮਾਰਚ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-628



*ਨੰਗ-ਧੜੰਗ ਬੇਪਰਵਾਹ ਨੇ, ਮਾਰ ਪੈਰ ਧੁੱਦਲ ਉਡਾਈ,*
*ਤੱਕੀ ਧੂੜ ਦੀ ਬਦਲੋਟੀ 'ਤੇ, ਖੁਸ਼ੀ ਹੋਈ ਹੈ ਦੂਣ ਸਵਾਈ।*
*ਬਚਪਨ ਦੇ ਦਿਨ ਗਰੀਬੀ, ਹੌਲ਼ੇ ਹੌਲ਼ੇ ਲੰਘਦੇ ਨੇ ਜਾਣੇ,*
*ਸ਼ਾਲਾ! ਕੋਠੀ ਭਰ ਕੇ ਦਾਣੇ, ਕਮਲੇ ਵੀ ਹੋ ਜਾਣ ਸਿਆਣੇ।*

### ਕੈਪਸ਼ਨ ਮੁਕਾਬਲਾ-626



ਜਾਪਦਾ ਹੈ ਕਿ ਭੁੱਖ ਨੰਗ ਦਾ,
ਸਫ਼ਰ ਇੱਥੋਂ ਹੁੰਦਾ ਸ਼ੁਰੂ ਹੈ,
ਮਾਰ ਕੇ ਗੱਪਾਂ ਦੁਨੀਆਂ ਕੋਲ਼ੇ,
ਭਾਵੇਂ ਕਹੋ ਵਿਸ਼ਵ ਗੁਰੂ ਹੈ।
ਕੁੱਲੀ,ਜੁੱਲੀ,ਗੁੱਲੀ ਤਿੰਨ ਲੋੜੇ,
ਹਰਦਮ ਹਰ ਇੱਕ ਪ੍ਰਾਣੀ,
ਤੱਕ ਗਰੀਬੀ ਆਉਂਦਾ ਰੋਣਾ,
ਹੈ ਹਿੰਦ ਦੀ ਰਾਮ ਕਹਾਣੀ।
***-ਸੇਵਾ ਸਿੰਘ "ਨੂਰਪੁਰੀ "***

---

ਦਿਨ ਰਾਤ ਤਾਂ ਮਿਹਨਤ ਕਰੀਏ
ਕਰੀ ਕਮਾਈ ਕਿੱਧਰ ਜਾਵੇ
ਵਿਚ ਸੋਚਾਂ ਦੇ ਡੁੱਬਿਆ ਕਾਮਾਂ
ਸਿਰ ਲਕੋਣ ਦਾ ਫਿਕਰ ਸਤਾਵੇ।
ਆਸੇ ਪਾਸੇ ਜੁਗਾੜ ਬਣਾ ਕੇ
ਜਿਉਂਦੇ ਰਹਿਣ ਲਈ ਡੰਗ ਟਪਾਵੇ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ : 98783-37222***

---

ਸੀਮਿੰਟ ਪਾਈਪ ਨੂੰ ਮੰਨ ਬਸੇਰਾ
ਮਮਤਾ ਦੇ ਮਹਿਲ ਉਸਾਰੇ ਨੇ।
ਖਾਲੀ ਖੜਕਣ ਭਾਂਡੇ ਭਾਵੇਂ
ਬੱਚੇ ਜਾਨੋਂ ਪਿਆਰੇ ਨੇ।
ਅਣਮੁੱਲੇ ਸੁਪਨੇ 'ਚ ਬਾਪੂ
ਭੰਨਾ ਘੜਤਾ ਕਰਦਾ ਏ।
ਗਿਲੇ ਸ਼ਿਕਵੇ ਰੱਬ ਦੇ ਅੱਗੇ
ਜਾਂ ਫਿਰ ਤਕਦੀਰਾਂ ਨਾਲ ਲੜਦਾ ਏ।
***-ਹਰਜੋਤ ਕੌਰ ਮਹੇਸ਼ਪੁਰਾ***

---

ਇੰਦਾਂ ਗੱਲ ਨਹੀਂ ਬਣਨੀ
ਦੇਖਣ ਪਾਖਣ ਤੋਂ ਨੌਜੁਆਨ
ਪਰਖ ਹੱਟਾ ਕੱਟਾ ਲੱਗਦਾ
ਕਿਉਂ ਬੈਠਾ ਸਿਖਰ ਚੜ੍ਹ
ਕਰ ਇਕੱਠੀਆਂ ਬਾਹਾਂ
ਬੈਠਾ ਪਰਿਵਾਰ ਥੱਲੇ
ਦਮੋਰੀਆ ਪੁਲ ਦੇ
ਬਿਪਤਾ ਦਾ ਮਾਰਿਆ
ਟੱਬਰ ਨਜ਼ਰ ਆਉਂਦਾ
ਉਠੋ ਖੜੋ, ਜੂਝੋ ਹੱਕਾਂ ਲਈ
ਨਾ ਫੜੋ ਕਟੋਰਾ ਹੱਥ ਮੰਗਣ ਲਈ
ਹੱਕ ਲੈਣ ਲਈ
ਕੁਝ ਹੀਲਾ ਬੂੱਤਾ ਕਰਨਾ ਪੈਣਾ।
***-ਦਰਸ਼ਨ ਪਾਲ ਦੋਸਾਂਝ***

# ਜਿਊਣਾ ਇਕ ਅਦਾਅ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਜ਼ਿੰਦਗੀ ਨੂੰ ਸਾਲਾਂ ਵਿਚ ਨਾ ਮਿਣੋ ਸਗੋਂ ਇਸਨੂੰ ਮਾਣੇ ਹੋਏ ਪਲਾਂ ਵਿਚ ਮਿਣੋਗੇ ਤਾਂ ਜ਼ਿੰਦਗੀ ਦਾ ਜਸ਼ਨ ਤੁਹਾਡੇ ਜੀਵਨ ਦਾ ਹਿੱਸਾ ਬਣੇਗਾ। ਜ਼ਿੰਦਗੀ ਇਹ ਨਹੀਂ ਕਿ ਤੁਸੀਂ ਕਿੰਨੇ ਸਾਲਾਂ ਤੀਕ ਸਾਹਾਂ ਦਾ ਭਾਰ ਢੋਂਦੇ ਰਹੇ ਸਗੋਂ ਇਸ 'ਤੇ ਨਿਰਭਰ ਕਿ ਸਾਹਾਂ ਦੀ ਸਾਰਥਿਕਤਾ ਨੂੰ ਤੁਸੀਂ ਕਿਵੇਂ ਪਰਿਭਾਸ਼ਤ ਕੀਤਾ?

ਜ਼ਿੰਦਗੀ ਇਕ ਬੋਝ ਨਹੀਂ ਸਗੋਂ ਇਕ ਸੁਗਾਤ। ਇਸਦੀ ਵਿਕਲੋਤਰੀ ਮਹਿਕ ਅਤੇ ਸੁੰਦਰਤਾ। ਇਸਨੂੰ ਤੁਸੀਂ ਕਿਸ ਨਜ਼ਰ ਨਾਲ ਦੇਖਦੇ ਅਤੇ ਕਿਹੜੀ ਤਸ਼ਬੀਹ ਦਿੰਦੇ, ਇਸਨੇ ਤੁਹਾਡੇ ਜ਼ਿੰਦਗੀ ਪ੍ਰਤੀ ਨਜ਼ਰੀਏ ਨੂੰ ਪਰਿਭਾਸ਼ਤ ਕਰਨਾ ਹੁੰਦਾ।

ਜ਼ਿੰਦਗੀ ਰੂਟੀਨ ਨਹੀਂ ਜਿਸਨੂੰ ਨਿਭਾਉਣਾ ਮਨੁੱਖ ਦੀ ਮਜਬੂਰੀ। ਸਗੋਂ ਇਹ ਤਾਂ ਇਕ ਅਦਾਅ ਜਿਸ ਵਿਚੋਂ ਜ਼ਿੰਦਗੀ ਦੀਆਂ ਰੰਗੀਨ ਅਦਾਵਾਂ ਚੌਗਿਰਦੇ ਨੂੰ ਮੋਹਿਤ ਕਰਦੀਆਂ ਤਾਂ ਮਨੁੱਖ ਜਿਊਣ ਜੋਗਾ ਹੋ ਜਾਂਦਾ। ਕਿਸੇ ਦੀ ਅਦਾਅ ਹੀ ਮਨੁੱਖ ਨੂੰ ਕਿਵੇਂ ਆਕਰਸ਼ਤ ਕਰਦੀ ਹੈ, ਇਸਨੇ ਹੀ ਹਰੇਕ ਲਈ ਜ਼ਿੰਦਗੀ ਦੇ ਵੱਖੋ-ਵੱਖ ਅਰਥਾਂ ਅਤੇ ਪਰਤਾਂ ਨੂੰ ਪ੍ਰਦਰਸ਼ਤ ਕਰਨਾ ਹੁੰਦਾ।

ਜ਼ਿੰਦਗੀ ਨੂੰ ਆਪਣੀ ਮਰਜ਼ੀ ਨਾਲ ਜਿਊਣ ਵਾਲੇ ਰੱਬ ਦੇ ਮਹਿਮਾਨ ਜਦ ਕਿ ਇਸਨੂੰ ਬਦੂ ਸਮਾਜਿਕ ਬੰਦਸ਼ਾਂ ਅਤੇ ਸੌੜੀਆਂ ਸੋਚਾਂ ਵਿਚ ਜਕੜਿਆਂ,

ਗੁਜ਼ਾਰਨ ਵਾਲੇ ਸਮੇਂ ਦੇ ਗੁਲਾਮ। ਉਨ੍ਹਾਂ ਲਈ ਜ਼ਿੰਦਗੀ ਸਿਰਫ਼ ਸਾਹ ਪੂਰੇ ਕਰਨ ਦੀ ਨੌਬਤ ਹੀ ਹੁੰਦੀ। ਜ਼ਿੰਦਗੀ ਸਿਰਫ਼ ਇਕ ਵਾਰ ਮਿਲਦੀ। ਦੋਬਾਰਾ ਜਨਮ ਸਿਰਫ਼ ਮਿਥਿਹਾਸਕ ਧਾਰਨਾ। ਜ਼ਿੰਦਗੀ ਨੂੰ ਇੰਝ ਜੀਓ ਕਿ ਮਨ ਵਿਚ ਇਹ ਨਾ ਰਹਿ ਜਾਵੇ ਕਿ ਮੈਂ ਜ਼ਿੰਦਗੀ ਦੇ ਕਿਸੇ ਰੰਗ ਨੂੰ ਮਾਨਣ ਤੋਂ ਵਿਰਵਾ ਹੀ ਰਹਿ ਗਿਆ। ਇਹ ਮਿਲਖ਼, ਜਾਇਦਾਦ, ਰੁਤਬੇ ਜਾਂ ਮਾਣ-ਸਨਮਾਨ ਤੁਹਾਡੇ ਤੁਰ ਜਾਣ ਦੇ ਨਾਲ ਹੀ ਤੁਰ ਜਾਣੇ। ਸਿਰਫ਼ ਕੁਝ ਬਹੁਤ ਹੀ ਚੰਗੀਆਂ ਯਾਦਾਂ ਹੁੰਦੀਆਂ ਜਿਹੜੀਆਂ ਲੋਕ-ਚੇਤਿਆਂ ਦਾ ਖ਼ਜ਼ਾਨਾ ਬਣਦੀਆਂ। ਸੋਚਿਓ! ਕੀ ਕੁਝ ਅਜੇਹਾ ਕੀਤਾ ਕਿ ਲੋਕ ਕਹਿਣ ਕਿ ਤੁਸੀਂ ਜ਼ਿੰਦਗੀ ਨੂੰ ਆਪਣੇ ਸੂੱਚਮ, ਸੁਹਜ ਅਤੇ ਸਾਰਥਕ ਰੂਪ ਵਿਚ ਜਿਉਂਦਿਆਂ, ਜੀਵਨ ਨੂੰ ਨਵੇਂ ਸਰਥਾਂ ਵਿਚ ਉਲਥਾਇਆ।

ਜ਼ਿੰਦਗੀ ਪ੍ਰਤੀ ਨਕਾਰਾਤਮਿਕ ਨਜ਼ਰੀਆ ਮਨੁੱਖ ਨੂੰ ਮੌਤ ਤੋਂ ਪਹਿਲਾਂ ਹੀ ਮਾਰ ਦਿੰਦਾ ਜਦ ਕਿ ਸਕਾਰਾਤਮਕ ਸੋਚ ਜੀਵਨ ਨੂੰ ਆਖਰੀ ਸਾਹ ਤੀਕ ਵੀ ਜਿਊਣ ਦਾ ਲੁੱਤਫ਼ ਮਾਨਣ ਲਈ ਪ੍ਰੇਰਦੀ। ਕਦੇ ਕਿਸੇ ਬਜ਼ੁਰਗ ਨੂੰ ਨੀਝ ਨਾਲ ਦੇਖਣਾ। ਉਸ ਦੀਆਂ ਝੁਰੜੀਆਂ ਨੂੰ ਕਦੇ ਨਾ ਦੇਖਣਾ ਸਗੋਂ ਝੁਰੜੀਆਂ ਵਿਚੋਂ ਲਿਸ਼ਕੋਰਦੀਆਂ ਕਿਸਮਤ ਰੇਖਾਵਾਂ ਨੂੰ ਕਿਆਸਣਾ, ਹੰਢਾਈਆਂ ਹੋਈਆਂ ਰੁੱਤਾਂ, ਮਾਣੇ ਹੋਏ ਮੌਸਮਾਂ, ਪਿੰਡੇ 'ਤੇ ਸਹੇ ਸੋਕਿਆਂ ਅਤੇ ਸਿਰ 'ਤੇ ਨੁੱਚੜੀਆਂ ਬਰਸਾਤਾਂ ਦੇ ਸਾਖਸ਼ਾਤ ਇਤਿਹਾਸ ਨੂੰ ਪੜ੍ਹਨਾ ਤੁਹਾਨੂੰ ਚੰਗਾ ਲੱਗੇਗਾ। ਉਹ ਹੁਣ ਵੀ ਹਰ ਰੁੱਤ ਦਾ ਸੁਆਗਤ ਕਰਦੇ, ਕੁਦਰਤ ਦੇ ਰੰਗਾਂ ਵਿਚੋਂ ਹੀ ਜੀਵਨ ਦੀ ਨਿਸ਼ਾਨਦੇਹੀ ਕਰਦੇ।

ਹੱਥਾਂ ਦੀ ਓਟ ਨਾਲ ਨਿਹਾਰਦੇ ਬਜ਼ੁਰਗਾਂ ਦੇ ਦੀਦਿਆਂ ਵਿਚ ਉਨ੍ਹਾਂ ਮੰਜ਼ਲਾਂ ਦਾ ਸਿਰਨਾਵਾਂ ਅੰਗੜਾਈਆਂ ਭਰਦਾ ਜਿਹੜੀਆਂ ਮੰਜ਼ਲਾਂ 'ਤੇ ਪਹੁੰਚ ਕੇ, ਉਨ੍ਹਾਂ ਨੇ ਨਵੀਆਂ ਮੰਜ਼ਲਾਂ ਵੀ ਮਿੱਥੀਆਂ ਸਨ। ਉਹ ਇਨ੍ਹਾਂ ਰਾਹਾਂ ਵਿਚ ਆਪਣਿਆਂ ਨੂੰ ਜਾਂਦਿਆਂ ਕਿੰਨੇ ਮੋਹ ਨਾਲ ਨਿਹਾਰਦੇ ਜਿਨ੍ਹਾਂ ਨੇ ਉਨ੍ਹਾਂ ਦੇ ਸਫ਼ਰ ਦੇ ਅਗਲੇ ਪੜਾਅ ਨੂੰ ਪੂਰਾ ਕਰਨ ਲਈ ਪੈਰਾਂ ਵਿਚ ਸਫ਼ਰ ਉਗਾਇਆ ਹੁੰਦਾ। ਕਦੇ ਉਨ੍ਹਾਂ ਦੇ ਦੀਦਿਆਂ ਦੀ ਮੱਧਮ ਲੋਅ ਵਿਚ ਸੁਪਨਿਆਂ ਦੀ ਰੰਗਲੀ ਭਾਹ ਨੂੰ ਤੱਕਣਾ, ਤੁਹਾਨੂੰ ਪਤਾ ਲੱਗੇਗਾ ਕਿ ਉਹ ਜੀਵਨ ਦੇ ਆਖ਼ਰੀ ਪੜਾਅ ਵਿਚ ਵੀ ਸੂਹੇ ਰੰਗਾਂ ਨੂੰ ਮਾਨਣ ਦੀ ਲੋਚਾ ਮਨ ਵਿਚ ਪਾਲਦੇ ਨੇ। ਉਨ੍ਹਾਂ ਦੇ ਪੈਰਾਂ ਵਿਚ ਫਟੀਆਂ ਬਿਆਈਆਂ ਰਾਹਾਂ ਦੀਆਂ ਔਖਿਆਈ ਅਤੇ ਖੇਤਾਂ ਵਿਚ ਕਿਰਤ ਕਮਾਈ ਦਾ ਪ੍ਰਮਾਣ ਹੁੰਦੀਆਂ ਕਿ ਬਿਆਈਆਂ ਵਿਚੋਂ ਵੀ ਬੰਦਿਆਈ ਅਤੇ ਭਲਿਆਈ ਨੂੰ ਭਾਲਿਆ ਜਾ ਸਕਦਾ। ਉਨ੍ਹਾਂ ਦੇ ਹੱਥਾਂ ਦੇ ਰੱਟਨਾਂ ਨੂੰ ਕਦੇ ਬਾਰੀਕਬਾਨੀ ਨਾਲ ਦੇਖਣਾ, ਤੁਹਾਨੂੰ ਪਤਾ ਲੱਗੇਗਾ ਕਿ ਇਹ ਰੱਟਣ ਤਾਂ ਹੁਣ ਵੀ ਕਾਹਲੇ ਨੇ ਕੁਝ ਨਵਾਂ ਨਰੋਇਆ ਕਰਨ ਲਈ ਜੋ ਉਨ੍ਹਾਂ ਦਾ ਹਰ ਸਾਹ ਵਾਸਤੇ ਨਵੀਆਂ ਪੇਸ਼ਬੰਦੀਆਂ ਦਾ ਪੜੁੱਲੋ ਬਣੇ।

ਜਦ ਕੋਈ ਬਜ਼ੁਰਗ ਡੰਗੋਰੀ ਨਾਲ ਤੁਰਦਾ, ਥਿੜਕਦੇ ਪੈਰਾਂ ਨਾਲ ਅਗਲਾ ਕਦਮ ਪੁੱਟਦਾ ਹੈ ਤਾਂ ਉਸਦੇ ਕਦਮ ਨੂੰ ਸਲਾਮ ਕਰੋ ਕਿ ਉਸ ਦੀਆਂ ਲੱਤਾਂ ਨੇ ਬੁਢਾਪੇ ਵਿਚ ਵੀ ਹਾਰ ਨਹੀਂ ਮੰਨੀਂ ਕਿਉਂ ਉਨ੍ਹਾਂ ਦੇ ਮਨ ਵਿਚ ਉਗਿਆ ਸਫ਼ਰ, ਉਨ੍ਹਾਂ ਦੀ ਜ਼ਿੰਦਾਦਿਲੀ ਅਤੇ ਨਵੇਂ ਸਫ਼ਰ ਨੂੰ ਨਵੀਂ ਤਸ਼ਬੀਹ ਦੇਣ ਦਾ ਅਲਹਾਮ ਹੁੰਦਾ। ਬਜ਼ੁਰਗ ਜਦ ਵੀ ਮੰਜੇ 'ਤੇ ਬੈਠਾ ਦਰ 'ਤੇ ਹੋਏ ਖੜਾਕ ਵੰਨੀਂ ਅਹੁਲਦਾ ਤਾਂ ਇਹ ਉਸਦੀ ਚੇਤਨਾ ਵਿਚ ਉਗੀ ਫ਼ਿਕਰਮੰਦੀ ਨੂੰ ਜ਼ਾਹਰ ਕਰਦਾ ਕਿ ਉਸਨੂੰ ਘਰ ਦਾ ਕਿੰਨਾ ਫ਼ਿਕਰ ਹੈ ਜਾਂ ਉਹ ਕਿਸੇ ਆਉਣ ਵਾਲੇ ਮਹਿਮਾਨ ਦੇ ਉਚੇਚ ਲਈ ਖ਼ੁਦ ਨੂੰ ਤਿਆਰ ਕਰ ਰਿਹਾ ਹੁੰਦਾ। ਜ਼ਿੰਦਗੀ ਦੇ ਹਰ ਰੰਗ ਨੂੰ ਪੂਰਨ ਉਤਸ਼ਾਹ, ਉਮਾਹ, ਉਦਾਰਤਾ ਅਤੇ ਅਗਾਂਹ-ਵਧੂ ਧਾਰਨਾ ਨਾਲ ਜਿਊਣ ਦੀ ਗੁੜ੍ਹਤੀ ਆਪਣੇ ਬਜ਼ੁਰਗਾਂ ਤੋਂ ਜ਼ਰੂਰ ਲੈਣੀ।

ਕਦੇ ਬਜ਼ੁਰਗ ਨੂੰ ਮੋਟੀਆਂ ਐਨਕਾਂ ਨਾਲ ਕਿਸੇ ਅਖ਼ਬਾਰ ਜਾਂ ਕਿਤਾਬ ਦੇ ਅੱਖਰਾਂ ਨੂੰ ਪੜ੍ਹਦਿਆਂ ਅਤੇ ਇਸਦੇ ਅਰਥਾਂ ਦੀ ਤਹਿ ਤੀਕ ਜਾਣ ਲਈ ਉਦਮ ਕਰਦਿਆਂ ਦੇਖਣਾ, ਤੁਹਾਨੂੰ ਅਹਿਸਾਸ ਹੋਵੇਗਾ ਕਿ ਸ਼ਬਦਾਂ ਅਤੇ ਅਰਥਾਂ ਨੂੰ ਇੰਝ ਵੀ ਇਕਸੁਰ ਕਰ ਕੇ, ਕਿਸੇ ਲਿਖਤ ਨੂੰ ਉਸ ਰੂਪ ਵਿਚ

ਪੜ੍ਹਿਆ ਜਾ ਸਕਦਾ ਜਿਵੇਂ ਸਾਨੂੰ ਤਾਂ ਪੜ੍ਹਨਾ ਹੀ ਨਹੀਂ ਆਉਂਦਾ। ਬਜ਼ੁਰਗਾਂ ਦੀਆਂ ਨਿੱਕੀਆਂ ਨਿੱਕੀਆਂ ਬਾਤਾਂ ਵਿਚ ਵੱਡੇ ਅਰਥ ਅਤੇ ਜੀਵਨ ਜੁਗਤਾਂ

ਹੁੰਦੀਆਂ ਜਿਨ੍ਹਾਂ ਨੇ ਜ਼ਿੰਦਗੀ ਨੂੰ ਸਹੀ ਢੰਗ ਨਾਲ ਰੂਪਮਾਨ ਕਰਨਾ ਹੁੰਦਾ।

ਜਦ ਕੋਈ ਬਜ਼ੁਰਗ ਨੂੰ ਉਚਾ ਸੁਣਨ ਲੱਗ ਪਵੇ ਤਾਂ ਉਹ ਬਜ਼ੁਰਗ ਨਹੀਂ ਕਹਿਲਾਉਣਾ ਚਾਹੁੰਦਾ ਕਿਉਂਕਿ ਅਜੇਹੀ ਅਵਸਥਾ ਵਿਚ ਉਹ ਆਪਣੇ ਅੰਤਰੀਵੀ ਨਾਦ ਨੂੰ ਸੁਣਦਿਆਂ, ਮੰਤਰ-



ਮੁਗਧ ਹੋਇਆ ਜ਼ਿੰਦਗੀ ਦੀ ਦੁਪਹਿਰੀਲੀ ਰੁੱਤ ਨੂੰ ਮਾਣਦਾ ਏ। ਉਸਦੇ ਜਜ਼ਬਾਤ ਜਿਊਂਦੇ ਅਤੇ ਇਹ ਜਿਊਣਾ ਹੀ ਉਸਨੂੰ ਜ਼ਿੰਦਗੀ ਦਾ ਰਾਜ਼ ਲੱਗਦਾ। ਜ਼ਿੰਦਗੀ ਨੂੰ ਰੱਜ ਕੇ ਮਾਣੋ ਤਾਂ ਕਿ ਰੂਹ ਰਾਜ਼ੀ ਤੇ ਰੱਬ ਰਾਜ਼ੀ ਵਾਲੀ ਮਨੋ-ਅਵਸਥਾ ਤੁਹਾਡੀ ਤਰਬੀਅਤ ਦਾ ਹਾਸਲ ਬਣ ਜਾਵੇ।

ਕਦੇ ਵੀ ਬਰੇਤੇ ਨੂੰ ਤਰਸ ਦੀ ਭਾਵਨਾ ਨਾਲ ਨਾ ਦੇਖੋ ਸਗੋਂ ਬਰੇਤੇ ਦੀ ਹਿੱਕ ਵਿਚ ਉਗੀ ਉਸ ਸਿੱਕ ਨੂੰ ਸਲਾਮ ਕਰੋ ਕਿ ਉਹ ਫਿਰ ਦਰਿਆ ਦਾ

ਹਿੱਸਾ ਬਣ ਕੇ ਧਰਤ ਨੂੰ ਸਿੰਝਦਾ, ਜ਼ਰਖੇਜ਼ਤਾ ਦਾ ਹਾਸਲ ਬਣਨਾ ਚਾਹੁੰਦਾ। ਕਿਸੇ ਰੱਕੜ ਨੂੰ ਕਦੇ ਵੀ ਬੰਜਰ ਹੋਣ ਦਾ ਵਰ ਨਾ ਦਿਓ। ਕਦੇ ਰੱਕੜ ਨੂੰ ਉਸ ਨੀਝ ਨਾਲ ਦੇਖਣਾ ਕਿ ਰੱਕੜ ਦੇ ਮਨ ਵਿਚ ਵੀ ਜ਼ਰਖੇਜ਼ ਧਰਤ ਬਣ ਕੇ ਆਪਣੀ ਕੁੱਖ ਵਿਚੋਂ ਫਸਲਾਂ ਦੇ ਬੋਹਲ ਲਾਉਣ ਅਤੇ ਕਿਸੇ ਕਾਮੇ ਦੇ ਮੁੱਖ 'ਤੇ ਖੇੜੇ ਉਪਜਾਉਣ ਦੀ ਲੱਲਕ ਹੁੰਦੀ। ਜਦ ਕੋਈ ਰੱਕੜ ਜ਼ਰਖੇਜ਼ ਹੋ ਜਾਂਦਾ ਤਾਂ ਇਹ ਉਸਦੇ ਮਨ ਵਿਚ ਪੈਦਾ ਹੋਈ ਲਾਲਸਾ ਦੀ ਪੂਰਤੀ ਹੁੰਦੀ ਕਿ ਉਹ ਮੌਤ ਨਹੀਂ ਸੀ ਮੰਗਦਾ ਸਗੋਂ ਜਿਊਣ ਦੀ ਦੂਆ ਹੀ ਕਰਦਾ ਰਿਹਾ ਅਤੇ ਇਹ ਦੁਆ ਦੀ ਰਹਿਮਤ ਹੀ ਹੁੰਦੀ ਕਿ ਰੱਕੜ ਵੀ ਲਹਿਰਾਉਂਦੀਆਂ ਫਸਲਾਂ ਦਾ ਨਾਮਕਰਣ ਹੋ ਜਾਂਦੇ।

ਬਰਫ਼ੀਲੇ ਤੂਫ਼ਾਨ ਸਾਹਵੇਂ ਹਿੱਕ ਡਾਹ ਕੇ ਖੜੇ ਹੋਏ ਬਿਨ-ਪੱਤਰੇ ਬਿਰਖ਼ ਦਾ ਜੇਰਾ ਦੇਖਣਾ ਕਿ ਕਿਵੇਂ ਉਹ ਅਡੋਲ ਰਹਿੰਦਾ। ਉਸਦੀ ਹਿੱਕ ਵਿਚਲਾ ਸੇਕ ਹੀ ਹੁੰਦਾ ਕਿ ਉਹ ਆਪਣੇ ਬਰਫ਼ਬਾਰੀ ਵਿਚ ਵੀ ਤਣੇ ਵਿਚ ਪੁੰਗਰਨ ਲਈ ਅਹੁਲਦੇ ਪੁੰਗਾਰਿਆਂ ਨੂੰ ਸਹਿਲਾਉਂਦਾ, ਨਿੱਘ ਦੀਆਂ ਲੋਰੀਆਂ ਦਿੰਦਾ। ਫਿਰ ਇਹੀ ਪੁੰਗਾਰੇ ਬਹਾਰ ਦੇ ਮੌਸਮ ਵਿਚ ਬਿਰਖ਼ ਦਾ ਹਰਾ ਪਹਿਰਣ ਬਣ ਕੇ ਬਿਰਖ਼ ਅਤੇ ਚੌਗਿਰਦੇ ਨੂੰ ਰੰਗ-ਭਾਗ ਲਾਉਂਦੇ, ਫੁੱਲ ਅਤੇ ਫਲਾਂ ਦੀਆਂ ਸੁਗਾਤਾਂ ਵੰਡਦਾ ਅਤੇ ਸਮਝਾਉਂਦਾ ਕਿ ਯਖ਼ ਸਮਿਆਂ ਵਿਚ ਵੀ ਆਪਣੀ ਅੰਦਰਲੀ ਅੱਗ ਨੂੰ ਬੁੱਝਣ ਨਾ ਦੇਣ ਵਾਲੇ ਹੀ ਜਿਊਣ ਦੀ ਨਵੀਂ ਮਿੱਥ ਸਿਰਜਦੇ ਅਤੇ ਸਿੱਧ ਕਰਦੇ ਕਿ ਇੰਝ ਵੀ ਜੀਆ ਜਾ ਸਕਦਾ।

ਡੁੱਬ ਰਿਹਾ ਸੂਰਜ ਦੇਖ ਕੇ ਕਦੇ ਵੀ ਉਦਾਸ ਨਾ ਹੋਵੋ ਕਿਉਂਕਿ ਸੂਰਜ ਕਦੇ ਡੁੱਬਦਾ ਨਹੀਂ ਸਗੋਂ ਛੁਪਦਾ ਏ ਅਤੇ ਇਹੀ ਛੁਪਣਾ ਹੀ ਰਾਤ ਤੋਂ ਬਾਅਦ ਨਵੀਂ ਸਵੇਰ ਦਾ ਆਗਮਨ ਹੁੰਦਾ। ਨਵੇਂ ਦਿਨ ਦੀ ਸ਼ੁਰੂਆਤ, ਨਵੇਂ ਸੁਪਨੇ, ਸੰਭਾਵਨਾਵਾਂ, ਸਾਧਨਾਂ ਅਤੇ ਸਰੋਕਾਰਾਂ ਸੰਗ ਮਨੁੱਖੀ ਮਨਾਂ 'ਤੇ ਦਸਤਕ ਦਾ ਅਲੋਕਾਰੀ ਸੱਚ, ਸਮਿਆਂ ਦਾ ਸੱਭ ਤੋਂ ਵੱਡਾ ਹਾਸਲ ਹੁੰਦਾ।

ਕਦੇ ਸਮੁੰਦਰ ਦੇ ਕੰਢੇ 'ਤੇ ਟਹਿਲਦਿਆਂ ਤੱਟ 'ਤੇ ਬਿਖਰੇ ਹੋਏ ਘੋਗੇ-ਸਿੱਪੀਆਂ ਨੂੰ ਪੈਰਾਂ ਹੇਠ ਮਧੋਲਦੇ ਹੋਏ ਇਹ ਜ਼ਰੂਰ ਸੋਚਣਾ ਕਿ ਇਨ੍ਹਾਂ ਘੋਗੇ ਸਿੱਪੀਆਂ ਨੂੰ ਬੱਚੇ ਕਿੰਨੇ ਚਾਅ ਨਾਲ ਆਪਣੇ ਕਮਰਿਆਂ ਵਿਚ ਸਜਾਉਂਦੇ। ਪਰ ਇਹ ਵੀ ਅਚੇਤ ਵਿਚ ਖ਼ਿਆਲ ਕਰਨਾ ਕਿ ਸਮੁੰਦਰ ਤੋਂ ਦੂਰ ਹੋ ਕੇ ਇਨ੍ਹਾਂ ਸਿੱਪੀਆਂ ਦੀ ਹਿੱਕ ਵਿਚ ਮੋਤੀਆਂ ਨੂੰ ਪਾਲਣ ਦੀ ਆਰਜ਼ਾ ਜ਼ਰੂਰ ਉਸਲਵਾਟੇ ਲੈਂਦੀ ਹੋਵੇਗੀ। ਆਪਣੀਆਂ ਪ੍ਰਾਪਤੀਆਂ ਨੂੰ ਬਾਰ ਬਾਰ ਸਿਰਜਣਾ ਹੀ ਮਨ ਦੀ ਸਭ ਤੋਂ ਅਹਿਮ ਤਾਕਤ ਹੁੰਦੀ। ਇਸਨੂੰ ਮਨੁੱਖ ਨੇ ਹੀ ਦੇਖਣਾ ਕਿ ਤੁਸੀਂ ਇਸਨੂੰ ਕਿਸ ਨਜ਼ਰ ਨਾਲ ਦੇਖਦੇ ਹੋ।

ਮੀਂਹ ਵਿਚ ਭਿੱਜਣ ਤੋਂ ਡਰਨ ਵਾਲਿਓ, ਕਦੇ ਮੀਂਹ ਵਿਚ ਭਿੱਜ ਕੇ ਦੇਖਣਾ, ਤੁਹਾਨੂੰ ਆਪਣੇ ਆਪ ਨੂੰ ਮਿਲਣ ਅਤੇ ਆਪਣੇ ਵੰਨੀਂ ਝਾਕਣ ਦਾ ਮੌਕਾ ਮਿਲੇਗਾ। ਤੁਸੀਂ ਵਾਰ ਵਾਰ ਮੀਂਹ ਵਿਚ ਭਿੱਜਦਿਆਂ, ਬਚਪਨੇ ਵਾਲੇ ਖ਼ੁਸ਼ੀ ਦੇ ਵੇਲਿਆਂ ਨਾਲ ਬੁਢਾਪੇ ਵਿਚ ਬਚਪਨੇ ਨੂੰ ਮਾਣ ਸਕੋਗੇ। ਤਿਖੇਰੀ ਧੁੱਪ ਤੋਂ ਬਚਣ ਲਈ ਛਾਂ ਦੀ ਭਾਲ ਕਰਨ ਵਾਲਿਓ, ਕਦੇ ਧੁੱਪ ਵਿਚ ਤੁਰਨਾ, ਧੁੱਪ ਨੂੰ ਬਗਲਗੀਰ ਹੋ ਕੇ ਮਿਲਣਾ ਅਤੇ ਧੁੱਪ ਵਿਚ ਧੁੱਪ ਰੰਗੇ ਹੋਣਾ। ਤੁਹਾਨੂੰ ਇਹੀ ਧੁੱਪ ਅੰਤਰੀਵੀ ਧੁੱਪ ਬਣ ਕੇ ਅੰਦਰਲਾ ਨਿੱਘ ਵੀ ਦੇਵੇਗੀ ਅਤੇ ਤੁਹਾਡੀ ਰੂਹ ਨੂੰ ਵੀ ਰੁਸ਼ਨਾਵੇਗੀ। ਤੁਸੀਂ ਧੁੱਪ ਵਰਗੇ ਬਣਨ ਦਾ ਵਿਚਾਰ ਮਨ ਵਿਚ ਪੈਦਾ ਕਰੋਗੇ ਕਿਉਂਕਿ ਇਹ ਧੁੱਪਾਂ ਹੀ ਹੁੰਦੀਆਂ ਜਿਨ੍ਹਾਂ ਦੇ ਨਿੱਘ ਵਿਚ ਜ਼ਿੰਦਗੀ ਨੂੰ ਜੋਸ਼, ਜਨੂੰਨ, ਜਜ਼ਬਾ ਅਤੇ ਜ਼ਿੰਦਾਦਿਲੀ ਦਾ ਜਾਗ ਲੱਗਦਾ।

ਰੌਸ਼ਨੀ ਤੋਂ ਸਹਿਮ ਕੇ 'ਨੇਰੇ ਦੀ ਨੁੱਕਰ ਵਿਚ ਛੁਪਣ ਵਾਲਿਓ, 'ਨੇਰੇ ਤੋਂ ਦੂਰੀ ਬਣਾਓ। ਚਾਨਣ ਵਿਚ ਚਾਨਣ ਚਾਨਣ ਹੋਣ ਵਾਲੇ ਹੀ ਚਾਨਣ-ਰੱਤੀਆਂ ਪੈੜਾਂ ਦਾ ਸਿਰਨਾਵਾਂ ਹੁੰਦੇ। ਉਨ੍ਹਾਂ ਲਈ ਉਮਰ ਦੇ ਕੋਈ ਅਰਥ ਨਹੀਂ ਹੁੰਦੇ ਕਿਉਂਕਿ ਉਮਰ ਤਾਂ ਸਿਰਫ਼ ਇਕ ਨੰਬਰ ਹੁੰਦਾ। ਪਰ ਉਨ੍ਹਾਂ ਲਈ ਹਰ ਦਿਨ ਹੀ ਨਵਾਂ ਪੈਗਾਮ ਲੈ ਕੇ ਨਵੇਂ ਰਾਹਾਂ ਦੀ ਨਿਸ਼ਾਨਦੇਹੀ ਕਰਦਾ।

ਵਗਦੀ ਹਵਾ ਦੇ ਤੇਜ਼ ਬੁੱਲ੍ਹੇ ਕਾਰਨ ਆਪਣੇ ਆਪ ਨੂੰ ਲੁਕਾਉਣ ਵਾਲਿਆ! ਕਦੇ 'ਵਾ ਨੂੰ ਤੂੰ ਗੰਢਾਂ ਦਿੰਦਾ ਸੀ। ਹੁਣ ਵੀ 'ਵਾ ਨੂੰ ਕਲਾਵੇ 'ਚ ਲੈ ਕੇ, ਇਸ ਦੀਆਂ ਛੇੜੀਆਂ ਝਰਨਾਟਾਂ ਵਿਚੋਂ ਸੱਜਣਾਂ ਦੇ ਭੇਜੇ ਹੋਏ ਪਿਆਰ-ਸੁਨੇਹਿਆਂ ਨੂੰ ਸੁਣਨ ਦੀ ਆਦਤ ਪਾਵੇਂਗਾ ਤਾਂ ਉਮਰ ਪਿੱਛਲਗੇੜੀ ਹੋ ਤੁਰੇਗੀ।

ਰਾਤ ਦੇ ਸੰਨਾਟੇ ਤੋਂ ਸਹਿਮ ਜਾਣ ਵਾਲਿਆ! ਤੈਨੂੰ ਪਤਾ ਹੋਣਾ ਚਾਹੀਦਾ ਕਿ ਰਾਤ ਗਾਉਂਦੀ ਵੀ ਹੈ। ਇਸਨੂੰ ਸੁਣਨ ਦੀ ਆਦਤ ਪਾ। ਪੁੰਨਿਆਂ ਦੀ ਰਾਤ ਝੀਲ ਦੀ ਚੰਨ ਦੇ ਪ੍ਰਛਾਵੇਂ ਨਾਲ ਹੁੰਦੀ ਗੁਫ਼ਤਗੂ ਨੂੰ ਕਦੇ ਧਿਆਨ ਨਾਲ ਸੁਣੇਂਗਾ ਤਾਂ ਤੇਰੇ ਮਨ ਵਿਚ ਵੀ ਚੰਨ ਬਣ ਕੇ ਝੀਲ ਦੇ ਕੰਢੇ ਰਾਤ ਨੂੰ ਮਾਨਣ ਅਤੇ ਦਿਲਲੱਗੀਆਂ ਕਰਨ ਦਾ ਚਾਅ ਪੈਦਾ ਹੋਵੇਗਾ। ਮਨ ਵਿਚ ਬੈਠੀ ਮੁਹੱਬਤ ਦੀ ਸੰਕੀਰਨਤਾ ਵਿਚੋਂ ਨਿਕਲ ਕੇ ਕਦੇ ਮੁਹੱਬਤ ਦੇ ਵਸੀਹ ਅਰਥਾਂ ਨੂੰ ਮਨ ਦੀ ਜੂਹ ਵਿਚ ਧਰ, ਤੈਨੂੰ ਕੁਦਰਤ ਦੇ ਹਰ ਵਰਤਾਰੇ ਤੇ ਵਸਤ ਨਾਲ ਮੁਹੱਬਤ ਹੋਵੇਗੀ। ਇਹ ਮੁਹੱਬਤ ਹੀ ਤੇਰੇ ਹਰ ਵਰਤਾਰੇ ਵਿਚ ਫ਼ੈਲ, ਜ਼ਿੰਦਗੀ ਨਾਲ ਇਸ਼ਕ ਕਰਨਾ ਸਿਖਾਵੇਗੀ ਅਤੇ ਜਿਊਣ ਦੀ ਨਿਆਮਤ ਨਾਲ ਨਿਵਾਜੇਗੀ।

ਬੰਦਿਆ! ਜੇ ਜ਼ਿੰਦਗੀ ਦੇ ਅਣਛੋਹੇ ਦਿਸਹੱਦਿਆਂ ਨੂੰ ਛੂਹਣਾ ਏ ਤਾਂ ਫਿਰ ਆਪਣੇ ਆਪ ਨੂੰ ਮਿਲਿਆ ਕਰ। ਆਪਣੇ ਆਪ ਨਾਲ ਗੁਫ਼ਤਗੂ ਕਰ। ਆਪਣੇ ਆਪ ਨੂੰ ਪਛਾਣ। ਮਨ ਵਿਚ ਆਪਣੇ ਪ੍ਰਤੀ ਉਪਜੀ ਅਪਣੱਤ ਅਤੇ ਪਿਆਰ ਹਰੇਕ ਦਿਲ ਵਿਚ ਤੁਹਾਡੇ ਲਈ ਪਿਆਰ ਪੈਦਾ ਕਰੇਗਾ। ਜਿੰਨਾ ਚਿਰ ਅਸੀਂ ਖ਼ੁਦ ਨੂੰ ਪਿਆਰ ਨਹੀਂ ਕਰਦੇ, ਕੌਣ ਕਰੇਗਾ ਸਾਡੇ ਨਾਲ ਅਤੇ ਸਾਡੇ ਵਿਅਕਤੀਤਵ ਨਾਲ ਪਿਆਰ। ਯਾਦ ਰੱਖਣਾ ਕਿ ਪਿਆਰ ਵਿਅਕਤੀ ਨਾਲ ਨਹੀਂ ਸਗੋਂ ਸਦਾ ਵਿਅਕਤੀਤਵ ਨਾਲ ਹੀ ਹੁੰਦਾ। ਜ਼ਿੰਦਗੀ ਨੂੰ ਜਸ਼ਨਮਈ ਰੰਗਤ ਦੇਣ ਲਈ ਪਿਆਰ-ਪਾਕੀਜ਼ਗੀ ਸਭ ਤੋਂ ਅੱਵਲ ਦਵਾ ਜੋ ਅਕਸਰ ਹੀ ਮੁਫ਼ਤ ਵਿਚ ਉਪਲਬਧ। ਪਰ ਇਸਨੂੰ ਪ੍ਰਾਪਤ ਕਰਨ ਦੀ ਜਾਚ ਤਾਂ ਮਨੁੱਖ ਨੂੰ ਆਪ ਹੀ ਹੋਣੀ ਚਾਹੀਦੀ ਹੈ।

## ਪੰਜਾਬੀ ਬਨਾਮ ਅੰਗਰੇਜ਼ੀ ਰਿਸ਼ਤੇ

*************************

ਬਾਬਾ ਦਾਦੀ ਨਾਨਾ ਨਾਨੀ ਹੁਣ ਨਾ ਰਹੇ ,
ਗ੍ਰੈਂਡ ਪਾ-ਗ੍ਰੈਂਡ ਮਾ ਦੇ ਗਾਉਣ ਬਣਾਏ ਨੇ
ਸਮਾਂ ਬਦਲਿਆ ਬਦਲੇ ਤੌਰ ਜ਼ਮਾਨੇ ਦੇ,
ਵੱਡੇ-ਪਾਪਾ ਵੱਡੀ-ਮੰਮਾ ਦੇ ਨਾਮ ਧਰਾਏ ਨੇ

ਮਾਂ ਬਾਪੂ,ਮਾਤਾ-ਪਿਤਾ,ਬੀ ਜੀ-ਭਾਪਾ ਜੀ,
ਮੰਮੀ ਡੈਡੀ,ਮੰਮਾ-ਪਾਪਾ ਨਾਲ਼ ਬੁਲ਼ਾਏ ਨੇ
ਤਾਇਆ,ਚਾਚਾ,ਮਾਮਾ,ਮਾਸੜ ਤੇ ਫੁੱਫੜ,
'ਅੰਕਲ' ਆਖ ਖ਼ੂਨਾਂ ਦੇ ਸਾਂਝ ਮੁਕਾਏ ਨੇ

ਤਾਈ,ਚਾਚੀ,ਮਾਸੀ,ਮਾਮੀ, ਭੂਆ ਵਰਗੇ,
'ਆਂਟੀ' ਬੋਲ ਸਭ ਇੱਕੋ ਗੱਡੀ ਚੜ੍ਹਾਏ ਨੇ
ਸੱਸ ਸਹੁਰਾ ਪਤੀਸ ਪਤੀਔਰਾ ਦੇਸੀ ਨਾਂ,
ਫ਼ਾਦਰ-ਮਦਰ ਇਨ-ਲਾ ਹੁਣ ਕਹਾਏ ਨੇ

ਤਏਰਾ,ਚਚੇਰਾ,ਮਮੇਰਾ ਮਸੇਰਾ,ਫੁਫੇਰਾ ਨਾਂ ,
'ਕਜ਼ਿਨ' ਬਣਕੇ ਹਾਥੀ ਦੇ ਪੈਰ ਸਮਾਏ ਨੇ
'ਜਵਾਈ' ਭਾਈ ਅਖਾਉਂਦੇ ਜੀਜਾ,ਫੁੱਫੜ ਸੀ,
ਬਰਦਰ-ਇਨ-ਲਾ ਦੇ ਨਾਂ ਬਣ ਕੇ ਛਾਏ ਨੇ

ਜੇਠਾਣੀ,ਦਰਾਣੀ,ਭਾਬੀ, ਨਣਦਾਂ ਤੇ ਸਾਲੀ,
ਦੇਖ ਲਓ ਸਿਸਟਰ ਇਨ-ਲਾ ਹੋ ਧਾਏ ਨੇ
ਮਿੱਠੇ ਰਿਸ਼ਤੇ ਅਜਨਬੀ ਹੋ ਗਏ ਨੇ ਲੱਗਦੇ,
ਖੰਡ ਮਿਸ਼ਰੀ ਜਿਹੇ,ਰੁੱਖੇ ਬਕ-ਬਕੇ ਬਣਾਏ ਨੇ।

ਪੋਤਾ-ਪੋਤੀ,ਦੋਹਤਾ-ਦੋਹਤੀ ਵਿੱਚ ਪੰਜਾਬੀ ਦੇ,
ਅੰਗਰੇਜ਼ੀ ਦੇ ਗ੍ਰੈਂਡ-ਸਨ-ਡੌਟਰ ਅਖਵਾਏ ਨੇ
ਭਤੀਜਾ-ਭਤੀਜੀ ਸਮੇਤ ਭਾਣਜਾ-ਭਾਣਜੀਆਂ,
ਭਾਵੇਂ ਛੋਟੇ ਵੱਡੇ ਪਰ ਨੇਫਿਊ-ਨੀਸ ਕਹਾਏ ਨੇ

ਐਰਾ ਗੈਰਾ ਨੱਥੂ ਖ਼ੈਰਾ ਕਰ ਕਰ ਕੇ ਤਰਜ਼ਮਾਂ ,
ਨਿੱਘੇ ਨਿੱਘੇ ਪਿਆਰੇ ਰਿਸ਼ਤੇ ਮਾਰ ਗਿਰਾਏ ਨੇ
ਪੰਜਾਬ ਦੀ ਗੋਦੀ ਵਿੱਚ ਰਲ਼ਮਿਲ਼ ਖੇਡਾਂ ਖੇਡਕੇ,
ਕਿੰਨੇ ਸ਼ਾਨਾ-ਮੱਤੇ ਫਿਰ ਇਤਿਹਾਸ ਦੁਹਰਾਏ ਨੇ

ਸੁਣਿਓ ਮੇਰੀ ਪੰਜਾਬੀ ਮਾਂ ਬੋਲੀ ਦੇ ਜਾਇਓ ਵੇ,
ਸਦਾ ਪੰਜਾਬੀ ਪੜ੍ਹੋ ਬੋਲੋ ਤੇ ਪੰਜਾਬੀ ਗਾਇਓ ਵੇ !

*-ਸੇਵਾ ਸਿੰਘ "ਨੂਰਪੁਰੀ "*

# ਸੰਸਾਰ ਪੱਧਰ ਉੱਤੇ ਝੂਠੀਆਂ ਖ਼ਬਰਾਂ ਫੈਲਾਉਣ ਦੇ ਮਾਮਲੇ ਵਿਚ ਭਾਰਤ ਪਹਿਲੇ ਸਥਾਨ 'ਤੇ

ਪਿਛਲੇ ਦਿਨੀਂ ਝੂਠੀਆਂ ਖਬਰਾਂ ਦੇ ਸਰਵੇਖਣ 'ਤੇ ਆਧਾਰਿਤ ਰਿਪੋਰਟ ਨਸ਼ਰ ਕੀਤੀ ਗਈ ਜਿਸ ਵਿਚ ਝੂਠੀਆਂ ਖਬਰਾਂ ਫੈਲਾਉਣ ਵਾਲ਼ੇ ਦੁਨੀਆਂ ਦੇ ਮੋਹਰੀ ਦੇਸ਼ਾਂ ਦੀ ਸੂਚੀ ਜਾਰੀ ਕੀਤੀ ਗਈ। ਇਸ ਸੂਚੀ ਵਿਚ ਭਾਰਤ ਪਹਿਲੇ ਨੰਬਰ 'ਤੇ ਆਇਆ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਝੂਠੀਆਂ ਖਬਰਾਂ ਵਿਚ ਵੱਡਾ ਹਿਸਾ ਉਨ੍ਹਾਂ ਯੋਜਨਾਬੱਧ ਫੈਲਾਈਆਂ ਜਾਂਦੀਆਂ ਖਬਰਾਂ ਦਾ ਹੈ ਜਿਹੜੀਆਂ ਭਾਜਪਾ ਆਈਟੀ ਸੈੱਲ ਵੱਲੋਂ ਫੈਲਾਈਆਂ ਜਾਂਦੀਆਂ ਹਨ।

ਬੀਤੀ 16 ਜਨਵਰੀ ਨੂੰ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਜ਼ਿਲ੍ਹੇ ਵਿਚ ਗਾਂ ਹੱਤਿਆ ਦਾ ਇੱਕ ਮਾਮਲਾ ਸਾਹਮਣੇ ਆਇਆ। ਪੁਲਿਸ ਕੋਲ਼ ਬਜਰੰਗ ਦਲ ਦੇ ਜ਼ਿਲ੍ਹਾ ਪ੍ਰਧਾਨ ਨੇ ਰਿਪੋਰਟ ਦਰਜ ਕਰਵਾਈ ਤੇ ਦਾਅਵਾ ਕੀਤਾ ਕਿ ਮੁਸਲਮਾਨਾਂ ਨੇ

**ਪੁਸ਼ਪਿੰਦਰ**
**ਫੋਨ:+91-95305-33274**

'ਕਾਂਬੜ ਪਥ' (ਮੁਰਾਦਾਬਾਦ) ਵਿਖੇ ਗਊ ਹੱਤਿਆ ਕੀਤੀ ਹੈ। ਭਾਜਪਾ ਆਈਟੀ ਸੈੱਲ ਵਲੋਂ ਪੂਰੇ ਇਲਾਕੇ ਵਿਚ ਮੁਸਲਮਾਨਾਂ ਖ਼ਿਲਾਫ ਨਫਰਤ ਦਾ ਮਾਹੌਲ ਬਣਾਇਆ ਗਿਆ ਤੇ ਸੋਸ਼ਲ ਮੀਡੀਆ ਰਾਹੀਂ ਮਾਹੌਲ ਨੂੰ ਭੜਕਾਊ ਬਣਾਇਆ ਗਿਆ। ਪਰ ਜਦੋਂ ਜਾਂਚ ਪੜਤਾਲ ਹੋਈ ਤਾਂ ਸਾਹਮਣੇ ਆਇਆ ਕਿ ਇਹ ਗਊ ਹੱਤਿਆ ਇਨ੍ਹਾਂ ਬਜਰੰਗ ਦਲੀਆਂ ਵੱਲੋਂ ਹੀ ਕੀਤੀ ਗਈ ਸੀ, ਫੜੇ ਗਏ ਤਿੰਨ ਦੋਸ਼ੀ ਬਜਰੰਗ ਦਲ ਨਾਲ਼ ਸਬੰਧਿਤ ਸਨ ਤੇ ਇਨ੍ਹਾਂ ਦਾ ਉਦੇਸ਼ 2024 ਦੀਆਂ ਚੋਣਾਂ ਤੋਂ ਪਹਿਲਾਂ ਫਿਰਕੂ ਮਾਹੌਲ ਭਵਕਾਉਣਾ ਸੀ।

ਮੁਰਾਦਾਬਾਦ ਵਾਲ਼ਾ ਮਾਮਲਾ ਤਾਂ ਛੋਟੀ ਜਿਹੀ ਤਾਜ਼ੀ ਮਿਸਾਲ ਹੈ। ਇਸ ਤਰ੍ਹਾਂ ਦੇ ਕਿੰਨੇ ਹੀ ਮਾਮਲੇ ਨਿੱਤ ਦਿਨ ਸਾਹਮਣੇ ਆਉਂਦੇ ਹਨ ਤੇ ਉਸ ਤੋਂ ਵੀ ਵੱਧ ਮਾਮਲੇ ਦਬਾਅ ਲਏ ਜਾਂਦੇ ਹਨ। ਪਰ ਨਫਰਤ ਫੈਲਾਉਣ ਵਾਲ਼ੇ ਇਨ੍ਹਾਂ ਅਨਸਰਾਂ ਖ਼ਿਲਾਫ ਕਾਰਵਾਈ ਤਾਂ ਕੀ ਕਰਨੀ ਸੀ ਸਗੋਂ ਭਾਜਪਾ ਹਕੂਮਤ ਬੜੀ ਹੀ ਬੇਸ਼ਰਮੀ ਨਾਲ਼ ਝੂਠੀਆਂ ਖਬਰਾਂ ਫੈਲਾਉਣ ਵਾਲ਼ੇ ਅਜਿਹੇ ਅਨਸਰਾਂ ਨੂੰ ਪਾਰਟੀ ਅਹੁਦੇ ਵੰਡਦੀ ਹੈ। ਥੋੜ੍ਹੇ ਦਿਨ ਪਹਿਲਾਂ ਸੰਘ ਨਾਲ਼ ਜੁੜੇ ਤਿੰਨ ਗੁੰਡਿਆਂ ਉੱਪਰ ਬਨਾਰਸ ਹਿੰਦੂ ਯੂਨੀਵਰਸਿਟੀ-ਆਈਆਈਟੀ ਦੀ 20 ਸਾਲਾ ਵਿਦਿਆਰਥਣ ਨਾਲ਼ ਬਲਾਤਕਾਰ ਕਰਨ ਦੇ ਦੋਸ਼ ਲੱਗੇ ਸਨ ਤੇ ਇਨ੍ਹਾਂ ਅਨਸਰਾਂ ਨੂੰ ਭਾਜਪਾਈ ਹਕੂਮਤ ਨੇ ਆਈਟੀ ਸੈੱਲ ਅੰਦਰ ਅਹੁਦੇ ਵੰਡੇ ਹੋਏ ਸਨ। ਭਾਜਪਾ ਦੇ ਇਸ ਆਈਟੀ ਸੈੱਲ ਦੀਆਂ ਕਰਤੂਤਾਂ ਦੀ ਸੂਚੀ ਬੜੀ ਲੰਬੀ ਹੈ। ਲੋਕ ਵਿਰੋਧੀ ਖੇਤੀ ਕਾਨੂੰਨਾਂ ਖ਼ਿਲਾਫ ਚੱਲੇ ਕਿਸਾਨੀ ਘੋਲ਼ ਵੇਲ਼ੇ ਭਾਜਪਾ ਦੇ ਆਈਟੀ ਸੈੱਲ ਨੇ ਕਿਸਾਨਾਂ ਤੇ ਪੰਜਾਬ ਦੇ ਲੋਕਾਂ ਨੂੰ ਵੱਖਵਾਦੀ, ਅੱਤਵਾਦੀ, ਦੇਸ਼ ਧ੍ਰੋਹੀ ਆਦਿ-ਆਦਿ ਕਹਿ ਕੇ ਬਹੁਤ ਭੰਡਿਆ ਸੀ। ਇਸੇ ਤਰ੍ਹਾਂ ਪਿਛਲੇ ਸਾਲ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਨ ਖ਼ਿਲਾਫ ਭਲਵਾਨ ਖਿਡਾਰੀਆਂ ਵੱਲੋਂ ਛੇੜਛਾੜ ਤੇ ਜਿਨਸੀ ਸ਼ੋਸ਼ਣ ਦੇ ਗੰਭੀਰ ਦੋਸ਼ ਲਾਏ ਗਏ ਸਨ। ਪਰ ਭਾਜਪਾ ਆਈਟੀ ਸੈੱਲ ਵੱਲੋਂ ਉਲਟਾ ਸੰਘਰਸ਼ਸ਼ੀਲ ਖਿਡਾਰੀਆਂ ਨੂੰ ਹੀ ਬਹੁਤ ਬਦਨਾਮ ਕੀਤਾ ਗਿਆ ਤੇ ਖੁੱਲ੍ਹੇਆਮ ਕੁਸ਼ਤੀ ਸੰਘ ਦੇ ਪ੍ਰਧਾਨ, ਬ੍ਰਿਜ ਮੋਹਨ ਦੇ ਬਚਾਅ ਵਿਚ ਅਨੇਕ ਪੋਸਟਾਂ ਪਾਈਆਂ ਗਈਆਂ ਤੇ ਇਨ੍ਹਾਂ ਨੂੰ ਵੱਡੇ ਪੱਧਰ 'ਤੇ ਘੁਮਾਇਆ ਗਿਆ। ਇਸੇ ਤਰ੍ਹਾਂ ਪਿਛਲੇ ਸਾਲ ਜਨਵਰੀ ਮਹੀਨੇ ਜਦੋਂ ਹਿੰਡਨਬਰਗ ਨਾਮੀ ਸੰਸਥਾ ਨੇ ਅਡਾਨੀ ਦੀ ਕਾਲਾਬਜ਼ਾਰੀ ਬਾਰੇ, ਅਡਾਨੀ ਦੇ ਮੋਦੀ ਨਾਲ਼ ਯਾਰਾਨੇ ਬਾਰੇ ਰਿਪੋਰਟ ਨਸ਼ਰ ਕੀਤੀ ਤਾਂ ਭਾਜਪਾ ਆਈਟੀ ਸੈੱਲ ਵੱਲੋਂ ਆਪਣੇ ਚਹੇਤੇ ਅਡਾਨੀ ਨੂੰ ਬਚਾਉਣ ਲਈ ਇਹ ਪ੍ਰਚਾਰ ਕੀਤਾ ਗਿਆ ਕਿ ਇਹ ਦੇਸ਼ ਦੇ ਖ਼ਿਲਾਫ ਵਿਦੇਸ਼ੀਆਂ ਦੀ ਸਾਜ਼ਿਸ਼ ਹੈ।

ਜਾਣੀ ਝੂਠੀਆਂ ਖਬਰਾਂ ਫੈਲਾਉਣ ਦਾ ਕੰਮ ਭਾਰਤ ਅੰਦਰ ਬੜੇ ਹੀ ਯੋਜਨਾਬੱਧ ਢੰਗ ਨਾਲ਼ ਕੀਤਾ ਜਾਂਦਾ ਹੈ। ਪਿਛਲੇ ਸਾਲਾਂ ਵਿਚ ਅਸੀਂ ਲਗਾਤਾਰ ਵੇਖਿਆ ਕਿ ਕਿਵੇਂ ਰਸਸ-ਭਾਜਪਾ ਦੇ ਆਈਟੀ ਸੈੱਲ ਨੇ ਆਪਣੇ ਫਿਰਕੂ ਏਜੰਡੇ ਨੂੰ ਅੱਗੇ ਵਧਾਉਣ ਲਈ ਝੂਠੀਆਂ ਖ਼ਬਰਾਂ ਦਾ ਸਹਾਰਾ ਲਿਆ ਜਿਹੜੀਆਂ ਅੱਗੇ ਵਟਸਐਪ ਤੇ ਹੋਰ ਸੋਸ਼ਲ ਮੀਡੀਆ ਅਦਾਰਿਆਂ ਰਾਹੀਂ ਲੱਖਾਂ, ਕਰੋੜਾਂ ਲੋਕਾਂ ਤੱਕ ਪਹੁੰਚੀਆਂ। ਇਨ੍ਹਾਂ ਝੂਠੀਆਂ ਖਬਰਾਂ ਨੂੰ ਮੁੱਖ ਤੌਰ 'ਤੇ ਮੁਸਲਮਾਨਾਂ ਖ਼ਿਲਾਫ ਨਫਰਤ ਫੈਲਾਉਣ, ਵਿਰੋਧੀ ਧਿਰਾਂ ਉੱਪਰ ਚਿੱਕੜ ਉਛਾਲਣ, ਮੋਦੀ ਹਕੂਮਤ ਖ਼ਿਲਾਫ ਚੱਲਦੇ ਸੰਘਰਸ਼ਾਂ ਨੂੰ ਬਦਨਾਮ ਕਰਨ ਤੇ ਸਮਾਜਿਕ ਕਾਰਕੁਨਾਂ ਦੀ ਸਾਖ ਨੂੰ ਨੁਕਸਾਨ ਪਹੁੰਚਾਉਣ ਲਈ ਹਥਿਆਰ ਵਾਂਗ ਵਰਤਿਆ ਜਾ ਰਿਹਾ ਹੈ।

ਭਾਜਪਾ-ਸੰਘ ਦਾ ਇਹ ਕੂੜ ਪ੍ਰਚਾਰ ਨਮੋ ਐਪ, ਵਟਸਐਪ, ਫੇਸਬੁੱਕ, ਇੰਸਟਾਗ੍ਰਾਮ ਆਦਿ ਮਾਧਿਅਮਾਂ ਰਾਹੀਂ ਕਰੋੜਾਂ ਲੋਕਾਂ ਦੇ ਦਿਮਾਗਾਂ ਤੱਕ ਪਹੁੰਚਾਇਆ ਜਾਂਦਾ ਹੈ। ਨਮੋ ਐਪ, ਜਿਸਦੇ 1 ਕਰੋੜ ਤੋਂ ਜ਼ਿਆਦਾ ਵਰਤੋਂਕਾਰ ਹਨ, ਉੱਤੇ ਹਰ ਰੋਜ਼ ਝੂਠੀਆਂ ਖਬਰਾਂ ਦਾ ਹੜ੍ਹ ਆਇਆ ਰਹਿੰਦਾ ਹੈ। ਲੋਕਾਂ ਅੰਦਰ ਫਿਰਕੂ ਜਾਂ ਅੰਧਵਿਸ਼ਵਾਸ ਨਾਲ਼ ਭਰੀਆਂ ਖਬਰਾਂ ਪਹੁੰਚਾਈਆਂ ਜਾਂਦੀਆਂ ਹਨ। ਆਪਣੇ ਇਸੇ ਵੱਡੇ ਤਾਣੇ-ਬਾਣੇ ਨੂੰ ਭਾਜਪਾ ਆਈਟੀ ਸੈੱਲ ਚੋਣਾਂ ਵੇਲ਼ੇ ਵੀ ਬਹੁਤ ਜ਼ੋਰ-ਸ਼ੋਰ ਨਾਲ਼ ਵਰਤਦਾ ਹੈ। ਸੰਸਾਰ ਆਰਥਿਕ ਫਾਰਮ ਦੀ ਇੱਕ ਰਿਪੋਰਟ ਮੁਤਾਬਕ ਭਾਰਤ ਅੰਦਰ 2019 ਦੀਆਂ ਚੋਣਾਂ ਵਿਚ ਲਗਭੱਗ 80 ਫੀਸਦੀ ਵੋਟਰ ਕਿਸੇ ਹੱਦ ਤੱਕ ਝੂਠੀਆਂ ਖਬਰਾਂ ਦੇ ਸ਼ਿਕਾਰ ਸਨ। ਤੇ ਹੁਣ 2024 ਦੀਆਂ ਚੋਣਾਂ ਤੋਂ ਪਹਿਲਾਂ ਵੀ ਅਜਿਹੀਆਂ ਝੂਠੀਆਂ ਖ਼ਬਰਾਂ ਦੇਖਣ ਨੂੰ ਮਿਲ਼ ਰਹੀਆਂ ਹਨ। "ਵਟਸਐਪ ਯੂਨੀਵਰਸਿਟੀ" ਰਾਹੀਂ ਦੇਸ਼ ਦੇ ਨੌਜਵਾਨਾਂ ਨੂੰ ਕਿਹਾ ਜਾ ਰਿਹਾ ਹੈ ਕਿ '24 ਦੀਆਂ ਚੋਣਾਂ ਵਿਚ ਮੋਦੀ ਨੂੰ ਲਿਆਓ ਅਤੇ "ਰਾਮ ਰਾਜ ਵਿਚ ਯੋਗਦਾਨ ਪਾਓ।" ਸੰਘੀ ਹਾਕਮਾਂ ਵੱਲੋਂ ਝੂਠੀਆਂ ਖਬਰਾਂ ਦੇ ਇਸ ਰੌਲ਼ੇ ਵਿਚ ਸਿੱਖਿਆ, ਰੁਜ਼ਗਾਰ, ਮਹਿੰਗਾਈ, ਨਿੱਜੀਕਰਨ, ਖੁਰਦੇ ਜਮਹੂਰੀ ਹੱਕ, ਪੱਤਰਕਾਰਾਂ ਤੇ ਕਾਰਕੁਨਾਂ ਉੱਪਰ ਹੁੰਦੇ ਹਮਲੇ ਆਦਿ ਕਿੰਨੇ ਹੀ ਲੋਕ ਮਸਲਿਆਂ ਨੂੰ ਪੂਰੀ ਤਰ੍ਹਾਂ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੋਸ਼ਲ ਮੀਡੀਆ ਉੱਪਰ ਵਿਰੋਧੀ ਧਿਰਾਂ ਦੀਆਂ ਪੋਸਟਾਂ, ਜੋ ਖਾਸਕਰ ਭਾਜਪਾ ਹਕੂਮਤ ਦੇ ਝੂਠ ਨੂੰ ਨੰਗਾ ਕਰਦੀਆਂ ਹਨ ਉਨ੍ਹਾਂ ਦੀ ਪਹੁੰਚ ਘਟਾ ਦਿੱਤੀ ਜਾਂਦੀ ਹੈ ਤੇ ਅਨੇਕਾਂ ਮੋਦੀ ਸਰਕਾਰ ਵਿਰੋਧੀ ਖਾਤਿਆਂ ਨੂੰ ਹੁਣ ਤੱਕ ਬੰਦ ਕੀਤਾ ਜਾ ਚੁੱਕਾ ਹੈ।




ਇੱਕ ਪਾਸੇ ਭਾਜਪਾ ਹਕੂਮਤ ਦੇਸ਼ ਅੰਦਰ ਝੂਠ ਫੈਲਾ ਰਹੀ ਹੈ ਤੇ ਦੂਜੇ ਪਾਸੇ ਇਨ੍ਹਾਂ ਝੂਠੀਆਂ ਖ਼ਬਰਾਂ ਦਾ ਪਰਦਾਫਾਸ਼ ਕਰਨ ਵਾਲ਼ੇ ਲੋਕ ਪੱਖੀ ਪੱਤਰਕਾਰਾਂ ਉੱਤੇ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ। ਆਲਟਨਿਊਜ਼ ਵਰਗਾ ਅਦਾਰਾ ਜਿਹੜਾ ਖਾਸ ਭਾਜਪਾ-ਰਸਸ ਲਾਣੇ ਵੱਲੋਂ ਫੈਲਾਈਆਂ ਜਾਂਦੀਆਂ ਝੂਠੀਆਂ ਖਬਰਾਂ ਦਾ ਪਰਦਾਚਾਕ ਕਰਦਾ ਸੀ, ਉਸਦੇ ਮੁਖੀ ਮੁਹੰਮਦ ਜ਼ੁਬੈਰ ਉੱਤੇ 2022 ਵਿਚ ਕਿਸੇ ਹਿੰਦੂ ਸ਼ੇਰ ਸੈਨਾ ਨਾਂ ਦੀ ਜਥੇਬੰਦੀ ਨਾਲ਼ ਜੁੜੇ ਫਿਰਕੂ ਅਨਸਰ ਵੱਲੋਂ ਸ਼ਿਕਾਇਤ ਕਰਨ 'ਤੇ 295 ਦਾ ਪਰਚਾ ਕੱਟ ਦਿੱਤਾ ਗਿਆ ਤੇ ਮਗਰੋਂ ਉਸ ਉੱਪਰ ਵਿਦੇਸ਼ੀ ਫੰਡਿੰਗ ਦੇ ਦੋਸ਼ ਵੀ ਲਾਏ ਗਏ। ਵਿਦੇਸ਼ੀ ਫੰਡਾਂ ਦੇ ਦੋਸ਼ ਲਾ ਕੇ ਹੀ ਅਕਤੂਬਰ 2023 ਵਿਚ ਅਦਾਰੇ ਨਿਊਜ਼ਕਲਿੱਕ ਦੇ ਬਾਨੀਆਂ ਪ੍ਰਬੀਰ ਪੁਰਕਾਇਸਥ ਤੇ ਅਮਿਤ ਚਕਰਬਰਤੀ ਉੱਪਰ ਯੂਏਪੀਏ ਜਿਹਾ ਜਾਬਰ ਕਾਨੂੰਨ ਮੜ੍ਹ ਕੇ ਉਨ੍ਹਾਂ ਦਾ ਮੂੰਹ ਬੰਦ ਕਰਾਉਣ ਦੀ ਕੋਸ਼ਿਸ਼ ਕੀਤੀ ਗਈ। ਜ਼ਿਕਰਯੋਗ ਹੈ ਕਿ ਨਿਊਜ਼ਕਲਿੱਕ ਅਦਾਰਾ ਵੱਖ-ਵੱਖ ਸਮੇਂ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਆਲੋਚਨਾ ਕਰਦਾ ਰਿਹਾ ਸੀ ਤੇ ਖੇਤੀ ਕਾਨੂੰਨਾਂ ਖ਼ਿਲਾਫ ਚੱਲੇ ਸੰਘਰਸ਼ ਵਿਚ ਵੀ ਇਸ ਨੇ ਸੰਘਰਸ਼ ਪੱਖੀ ਪੱਤਰਕਾਰੀ ਕੀਤੀ ਸੀ। ਇਸੇ ਤਰ੍ਹਾਂ ਕਸ਼ਮੀਰ ਵਿਚ ਜਿਸ ਤਰ੍ਹਾਂ 2019 ਵਿਚ ਧਾਰਾ 370 ਹਟਾਉਣ ਤੋਂ ਬਾਅਦ ਓਥੇ ਪੱਤਰਕਾਰਾਂ ਦੀ ਜ਼ੁਬਾਨਬੰਦੀ ਕੀਤੀ ਗਈ ਹੈ ਉਹ ਕਿਸੇ ਤੋਂ ਲੁਕਿਆ ਨਹੀਂ। ਭਾਜਪਾ ਵੱਲੋਂ 22 ਜਨਵਰੀ ਨੂੰ ਕੀਤੇ ਰਾਮ ਮੰਦਰ ਦੇ ਉਦਘਾਟਨ ਪਿਛਲੀ ਫਿਰਕੂ ਸਿਆਸਤ 'ਤੇ ਟਿੱਪਣੀ ਕਰਨ ਵਾਲ਼ੇ ਪੰਜਾਬ ਦੇ ਪੰਜ ਜਣਿਆਂ ਉੱਪਰ ਵੀ ਧਾਰਾ 295 ਤਹਿਤ ਪਰਚੇ ਦਰਜ ਕਰ ਦਿੱਤੇ ਗਏ। ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ ਦਾ ਦਮ ਭਰਨ ਵਾਲ਼ੇ ਭਾਰਤ ਵਿਚ ਜਿਸ ਤਰ੍ਹਾਂ ਯੋਜਨਾਬੱਧ ਤਰੀਕੇ ਨਾਲ਼ ਮੋਦੀ ਲਾਣੇ ਵਿਰੋਧੀ ਪੱਤਰਕਾਰਾਂ 'ਤੇ ਹਮਲਾ ਬੋਲਿਆ ਗਿਆ ਹੈ ਉਹ ਕਿਸੇ ਤੋਂ ਲੁਕਿਆ ਨਹੀਂ। ਇਹ ਅਕਾਰਨ ਨਹੀਂ ਕਿ ਸਾਲ 2023 ਦੀ ਪ੍ਰੈਸ ਅਜ਼ਾਦੀ ਸੂਚਕ ਰਿਪੋਰਟ ਵਿਚ ਪ੍ਰੈਸ ਅਜ਼ਾਦੀਆਂ ਦੇ ਮਾਮਲੇ ਵਿਚ ਭਾਰਤ ਦੀ ਦਰਜਾਬੰਦੀ 180 ਦੇਸ਼ਾਂ 'ਚੋਂ 161ਵੇਂ ਨੰਬਰ 'ਤੇ ਡਿੱਗ ਚੁੱਕੀ ਸੀ।

ਪੂਰੇ ਦੇਸ਼ ਦੀ ਅੱਜ ਇਹੀ ਹਾਲਤ ਹੈ। ਇੱਕ ਪਾਸੇ ਤਾਂ ਸੋਸ਼ਲ ਮੀਡੀਆ ਤੇ ਗੋਦੀ ਮੀਡੀਆ ਦਾ ਨੈੱਟਵਰਕ ਦਿਨ-ਰਾਤ ਲੋਕਾਂ ਨੂੰ ਆਪਸ ਵਿਚ ਲੜਾਉਣ ਲਈ ਝੂਠੀਆਂ ਖਬਰਾਂ ਪ੍ਰਸਾਰਿਤ ਕਰ ਰਿਹਾ ਹੈ ਤੇ ਉਸ ਉੱਪਰ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਸਗੋਂ ਸੱਤਾ ਵੱਲੋਂ ਇਨ੍ਹਾਂ ਦੀ ਪਿੱਠ ਥਾਪੜੀ ਜਾਂਦੀ ਹੈ, ਦੂਜੇ ਪਾਸੇ ਸੱਚ, ਹੱਕ ਤੇ ਨਿਆਂ ਲਈ ਉੱਠਣ ਵਾਲ਼ੀ ਹਰ ਆਵਾਜ਼ ਨੂੰ ਝੂਠੇ ਦੋਸ਼ ਲਾ ਕੇ ਦਬਾਇਆ ਜਾ ਰਿਹਾ ਹੈ। ਇਸਦੇ ਬਾਵਜੂਦ ਲੋਕ ਸਰਕਾਰਾਂ ਦੀਆਂ ਇਨ੍ਹਾਂ ਲੋਕ ਵਿਰੋਧੀ ਨੀਤੀਆਂ ਦਾ ਵੱਡੇ ਪੱਧਰ ਉੱਪਰ ਖੁੱਲ੍ਹ ਕੇ ਵਿਰੋਧ ਕਰਦੇ ਨਜ਼ਰ ਆਉਂਦੇ ਹਨ। ਅੱਜ ਲੋਕਾਂ ਦੇ ਇਸ ਖਿੰਡੇ ਵਿਰੋਧ ਨੂੰ ਜਥੇਬੰਦ ਰੂਪ ਦੇ ਕੇ ਇਨ੍ਹਾਂ ਫਾਸ਼ੀਵਾਦੀ ਤਾਕਤਾਂ ਨੂੰ ਪਛਾੜ ਲਾਉਣ ਦੀ ਲੋੜ ਹੈ।

---

# ਇਕੱਲੇਪਨ ਦੀ ਪਕੜ

ਖਬਰਾਂ ਮੁਤਾਬਕ ਕੁਝ ਦਿਨ ਪਹਿਲਾਂ ਆਪਣੀ ਜ਼ਿੰਦਗੀ ਦੇ ਸੱਤ ਦਹਾਕੇ ਪੂਰੇ ਕਰ ਚੁੱਕੇ ਇਕ ਪ੍ਰੋਫੈਸਰ ਨੇ ਘਰੇਲੂ ਕਲੇਸ਼ ਕਾਰਨ ਫਾਹਾ ਲੈ ਲਿਆ। ਆਸਪਾਸ ਦੇ ਲੋਕਾਂ ਨੇ ਦੱਸਿਆ ਕਿ ਉਸ ਦੇ ਘਰ ਹਰ ਰੋਜ਼ ਲੜਾਈ ਝਗੜੇ ਹੁੰਦੇ ਸਨ ਜਿਸ ਕਾਰਨ ਉਸ ਨੇ ਆਤਮ ਹੱਤਿਆ ਦਾ ਕਦਮ ਚੁੱਕਿਆ। ਪਰ ਘਰੇਲੂ ਕਲੇਸ਼ ਦੀ ਥਾਂ ਕੋਟਾ ਜੋ ਕਿ ਲੰਮੇ ਸਮੇਂ ਤੱਕ ਇੰਜੀਨੀਅਰਾਂ, ਡਾਕਟਰਾਂ ਅਤੇ ਹੋਰ ਵਿੱਦਿਅਕ ਵਸਤਾਂ ਦੀ ਫੈਕਟਰੀ ਸੀ, ਅੱਜ ਆਪਣੇ ਸੁਪਨੇ ਲੈ ਕੇ ਉਥੇ ਆਏ ਨੌਜਵਾਨਾਂ ਦੀਆਂ ਖੁਦਕੁਸ਼ੀਆਂ ਦੇ ਕੇਂਦਰ ਵਜੋਂ ਜਾਣਿਆ ਜਾਂਦਾ ਹੈ। ਅਜਿਹੇ ਦੁਖਾਂਤ ਸਮਾਜ ਦੇ ਹੋਰ ਖੇਤਰਾਂ ਵਿਚ ਵੀ ਵਾਪਰਦੇ ਹਨ। ਘਟਨਾਵਾਂ ਦੀ ਗਿਣਤੀ ਵਧ

**ਵਿਜੈ ਗਰਗ**

ਰਹੀ ਹੈ। ਇਹ ਗਿਣਤੀ ਸਮਾਜ ਦੇ ਹਰ ਪੱਧਰ ਦੇ ਲੋਕਾਂ ਵਿਚ ਵਧੀ ਹੈ ਜਿਸ ਵਿਚ ਮਰਦ ਅਤੇ ਔਰਤਾਂ, ਪੜ੍ਹੇ-ਲਿਖੇ ਅਤੇ ਅਨਪੜ੍ਹ, ਗਰੀਬ ਅਤੇ ਅਮੀਰ ਸ਼ਾਮਲ ਹਨ। ਮਸਲਾ ਜਾਂ ਖੇਤਰ ਕੋਈ ਵੀ ਹੋਵੇ, ਸਮਾਜ ਦੇ ਵੱਖ-ਵੱਖ ਵਰਗਾਂ ਅਤੇ ਵਾਤਾਵਰਨ ਤੋਂ ਭੱਜ ਰਹੇ ਲੋਕਾਂ ਦੀਆਂ ਤਸਵੀਰਾਂ ਜ਼ਰੂਰ ਚਿੰਤਾਜਨਕ ਹਨ। ਲੋਕਾਂ ਵਿਚ ਵਧ ਰਿਹਾ ਖੁਦਕੁਸ਼ੀ ਦਾ ਰੁਝਾਨ ਸਾਨੂੰ ਇਹ ਸੋਚਣ ਲਈ ਮਜਬੂਰ ਕਰਦਾ ਹੈ ਕਿ ਸਾਡੀ ਹਾਲਤ ਕੀ ਹੈ ਅਤੇ ਦਿਸ਼ਾ ਕਿੱਥੇ ਹੈ। ਤਬਦੀਲੀ ਦੀ ਹਵਾ ਜਿਸ ਦਾ ਅਸੀਂ ਸੁਪਨਾ ਦੇਖਿਆ ਸੀ ਅਤੇ ਵਿਕਾਸ ਦੇ ਰਾਹ ਜੋ ਸਾਡੇ ਸਮਾਜ, ਸਰਕਾਰ ਅਤੇ ਪ੍ਰਣਾਲੀ ਨੇ ਇਸ ਲਈ ਸਵੀਕਾਰ ਕੀਤੇ ਸਨ, ਅਤੇ ਇਹ ਕਿੰਨਾ ਸਹੀ ਅਤੇ ਕਿੰਨਾ ਗਲਤ ਹੈ! ਜੇਕਰ ਅਸੀਂ ਭਾਰਤੀ ਸਭਿਅਤਾ ਦੇ ਵਿਕਾਸ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਦੇ ਦੌਰ 'ਤੇ ਨਜ਼ਰ ਮਾਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਪਰਿਵਾਰ ਅਤੇ ਸਮਾਜਿਕਤਾ ਹਮੇਸ਼ਾ ਕੇਂਦਰ 'ਤੇ ਰਹੀ ਹੈ। ਇਸ ਕਾਰਨ ਲੋਕਾਂ ਨੇ ਵੱਡੀਆਂ ਰੁਕਾਵਟਾਂ ਨੂੰ ਪਾਰ ਕੀਤਾ ਹੈ। ਇੱਥੇ ਪਰਿਵਾਰ ਕਦੇ ਵੀ ਪਤੀ, ਪਤਨੀ ਅਤੇ ਬੱਚੇ ਦੇ ਸੀਮਤ ਸੰਦਰਭ ਤੱਕ ਸੀਮਤ ਨਹੀਂ ਰਿਹਾ। ਪਰਿਵਾਰ ਦੇ ਸੰਦਰਭ ਵਿਚ ਮਾਤਾ-ਪਿਤਾ, ਬੱਚੇ, ਦਾਦਾ-ਦਾਦੀ, ਮਾਸੀ, ਚਾਚਾ-ਚਾਚੀ ਅਤੇ ਉਨ੍ਹਾਂ ਨਾਲ ਸਬੰਧਤ ਸਾਰੇ ਲੋਕ ਹੋਏ ਹਨ। ਵਿਅਕਤੀਵਾਦ ਸਾਡੀਆਂ ਜੜ੍ਹਾਂ ਵਿਚ ਨਹੀਂ ਹੈ। ਅਜਿਹੇ ਢਾਂਚਾਗਤ ਭਾਰਤੀ ਸਮਾਜ ਵਿਚ ਵਧ ਰਿਹਾ ਵਿਅਕਤੀਵਾਦ, ਪਰਿਵਾਰ ਦਾ ਵਿਗਾੜ ਅਤੇ ਸਮਾਜਿਕਤਾ ਦੀ ਘਟਦੀ ਭਾਵਨਾ ਖੁਦਕੁਸ਼ੀਆਂ ਦੇ ਵਧਣ ਦੇ ਮੁੱਖ ਕਾਰਨ ਹਨ। ਵਿਅਕਤੀਵਾਦ ਨੂੰ ਵਧਾਉਣ ਵਿਚ ਬਾਜ਼ਾਰਵਾਦ ਨੇ ਵੱਡੀ ਭੂਮਿਕਾ ਨਿਭਾਈ ਹੈ। ਕਿਉਂਕਿ ਉਸਦੇ ਫਾਇਦੇ ਇਸ ਵਿਚ ਹਨ, ਇਸ ਲਈ ਉਹ ਇਸਨੂੰ ਵੱਧ ਤੋਂ ਵੱਧ ਵਧਾਉਣ ਵਿਚ ਰੁੱਝਿਆ ਹੋਇਆ ਹੈ। ਇਹ ਵਿਅਕਤੀ ਅਤੇ ਸਮਾਜ 'ਤੇ ਇਸ ਹੱਦ ਤੱਕ ਹਾਵੀ ਹੋ ਗਿਆ ਹੈ ਕਿ ਲੋਕਾਂ ਨੇ ਇਸ ਦੁਆਰਾ ਪੈਦਾ ਕੀਤੀ ਨਕਲੀਤਾ ਨੂੰ ਸੱਚ ਮੰਨ ਲਿਆ ਹੈ ਅਤੇ ਇਸ ਨੂੰ ਜੀਵਨ ਦਾ ਰਾਹ ਬਣਾ ਲਿਆ ਹੈ। ਸਵੈ-ਕੇਂਦਰਿਤ ਵਿਅਕਤੀ ਛੋਟੀ ਜਿਹੀ ਸਮੱਸਿਆ ਨੂੰ ਵੀ ਵੱਡੀ ਸਮਝਣਾ ਸ਼ੁਰੂ ਕਰ ਦਿੰਦਾ ਹੈ। ਉਹ ਆਪਣੀਆਂ ਭਾਵਨਾਵਾਂ ਨੂੰ ਮੰਨਦਾ ਹੈ ਦੋਸਤਾਂ ਨਾਲ ਵੀ ਸਾਂਝਾ ਨਹੀਂ ਕਰ ਸਕਦੇ। ਇੱਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਅੱਜ ਲੋਕ ਆਪਣੇ ਆਪ ਵਿੱਚ ਇੰਨੇ ਮਗਨ ਹਨ ਕਿ ਉਨ੍ਹਾਂ ਕੋਲ ਦੂਜਿਆਂ ਦੀਆਂ ਲੋੜਾਂ ਵੱਲ ਧਿਆਨ ਦੇਣ ਦਾ ਸਮਾਂ ਵੀ ਨਹੀਂ ਹੈ। ਅਜਿਹੇ ਰੁਝੇਵਿਆਂ ਵਿਚ ਉਹ ਮਾਣ ਮਹਿਸੂਸ ਕਰਦੇ ਹਨ। ਅੱਜਕਲ੍ਹ ਬਹੁਤ ਸਾਰੇ ਲੋਕ ਆਸਾਨੀ ਨਾਲ ਇਹ ਕਹਿੰਦੇ ਹੋਏ ਮਿਲ ਜਾਂਦੇ ਹਨ ਕਿ 'ਮੇਰੇ ਕੋਲ ਇਕ ਪਲ ਦਾ ਸਮਾਂ ਵੀ ਨਹੀਂ ਹੈ'। ਲੋਕਾਂ ਕੋਲ ਆਪਣੇ ਮਾਤਾ-ਪਿਤਾ ਅਤੇ ਹੋਰ ਪਰਿਵਾਰਕ ਮੈਂਬਰਾਂ ਲਈ ਵੀ ਸਮਾਂ ਨਹੀਂ ਹੈ। ਉਹ ਮਹਿੰਗੇ ਤੋਹਫ਼ਿਆਂ, ਮੋਬਾਈਲ ਗੱਲਬਾਤ, ਵੀਡੀਓ ਕਾਲ ਆਦਿ ਰਾਹੀਂ ਇਸ ਦੀ ਭਰਪਾਈ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਉਨ੍ਹਾਂ ਦੇ ਅਜ਼ੀਜ਼ਾਂ ਦੀ ਪਿਆਰੀ ਸੰਗਤ ਮਹਿੰਗੇ ਤੋਹਫ਼ਿਆਂ ਨਾਲੋਂ ਕਿਤੇ ਉੱਤਮ ਹੈ। ਇਕੱਲਤਾ ਬਹੁਤ ਸਾਰੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਬੀਮਾਰ ਅਤੇ ਕਮਜ਼ੋਰ ਬਣਾ ਦਿੰਦੀ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਪਰਿਵਾਰ ਨੂੰ ਉਨ੍ਹਾਂ ਦੀ ਕੋਈ ਚਿੰਤਾ ਨਹੀਂ ਹੈ, ਸਗੋਂ ਉਨ੍ਹਾਂ ਦੇ ਪੈਸੇ ਦੀ ਚਿੰਤਾ ਹੈ। ਅਜਿਹੇ 'ਚ ਉਹ ਆਸਾਨੀ ਨਾਲ ਆਤਮਘਾਤੀ ਕਦਮ ਚੁੱਕ ਲੈਂਦੇ ਹਨ।



ਬੱਚਿਆਂ ਨੂੰ ਬਚਪਨ ਤੋਂ ਹੀ ਸਾਦਾ, ਕੁਦਰਤੀ ਜੀਵਨ ਜਿਊਣ ਦੀ ਕਲਾ ਸਿਖਾਉਣ ਦੀ ਬਜਾਏ ਉਨ੍ਹਾਂ ਨੂੰ ਨਕਲੀ ਜੀਵਨ ਦਾ ਆਦੀ ਬਣਾਉਣਾ, ਉਨ੍ਹਾਂ ਨੂੰ ਖੇਡਾਂ, ਕੁਦਰਤੀ ਵਾਤਾਵਰਨ, ਦੋਸਤਾਂ ਤੋਂ ਦੂਰ ਲੈ ਕੇ ਉਨ੍ਹਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਅਚਨਚੇਤੀ ਮੁਕਾਬਲੇ ਦੇ ਦੌਰ ਵਿਚ ਸ਼ਾਮਲ ਹੋਣ ਲਈ ਉਕਸਾਉਣਾ। .ਬੱਚਿਆਂ ਦੇ ਕੋਮਲ ਮਨਾਂ ਵਿਚ ਉਨ੍ਹਾਂ ਦੇ ਅਧੂਰੇ ਸੁਪਨਿਆਂ ਦੇ ਬੀਜ ਬੀਜ ਕੇ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨਾ, ਜਿਸ ਉਮਰ ਵਿਚ ਬੱਚੇ ਝੁਲਸਣ ਤੋਂ ਸਭ ਤੋਂ ਵੱਧ ਡਰਦੇ ਹਨ ਅਤੇ ਮਾਪਿਆਂ ਅਤੇ ਬਜ਼ੁਰਗਾਂ ਦੀ ਸੰਗਤ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਉਨ੍ਹਾਂ ਸਮਿਆਂ ਵਿਚ ਉਨ੍ਹਾਂ ਨੂੰ ਵਿਦਾ ਕਰਨਾ। ਪੜ੍ਹਾਈ ਦੇ ਨਾਂ 'ਤੇ ਘਰੋਂ ਨਿਕਲਣਾ ਅਤੇ ਸਮੁੱਚੀ ਇਕੱਲਤਾ ਅੱਜ ਦੇ ਨੌਜਵਾਨਾਂ ਦੇ ਨਸ਼ਿਆਂ ਦੇ ਆਦੀ ਹੋਣ ਦਾ ਮੁੱਖ ਕਾਰਨ ਹਨ। ਅੱਲ੍ਹੜ ਅਵਸਥਾ ਵਿਚ ਮਾਪਿਆਂ ਦੀ ਪਿਆਰ ਭਰੀ ਛਾਂ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਪਰਿਵਾਰਕ ਦੋਸਤਾਨਾ ਸ਼ਬਦ, ਸਹੀ ਸੰਗਤ ਅਤੇ ਬਿਹਤਰ ਵਾਤਾਵਰਣ ਬੱਚਿਆਂ ਦੀ ਕਿਸੇ ਵੀ ਤਰ੍ਹਾਂ ਮਦਦ ਕਰ ਸਕਦਾ ਹੈ। ਤੁਹਾਨੂੰ ਆਪਣੀ ਮਨਚਾਹੀ ਮੰਜ਼ਿਲ ਦੇ ਨੇੜੇ ਵੀ ਲੈ ਜਾ ਸਕਦਾ ਹੈ। ਬਹੁਤ ਸਾਰੇ ਵਿਦਿਅਕ ਅਦਾਰਿਆਂ ਅਤੇ ਸਾਧਨਾਂ ਦੀ ਮੌਜੂਦਗੀ ਦੇ ਬਾਵਜੂਦ ਇਸਦੀ ਘਾਟ ਨਿਰਾਸ਼ਾ ਅਤੇ ਖੁਦਕੁਸ਼ੀ ਵੱਲ ਲੈ ਜਾਂਦੀ ਹੈ। ਕੋਟਾ ਅਤੇ ਇਸ ਤਰ੍ਹਾਂ ਦੀਆਂ ਕਈ ਥਾਵਾਂ 'ਤੇ ਜੇਕਰ ਇਕ ਪਾਸੇ ਸਿੱਖਿਆ ਦਾ ਬਾਜ਼ਾਰ ਹੈ ਤਾਂ ਦੂਜੇ ਪਾਸੇ ਕਾਫੀ ਹੱਦ ਤੱਕ ਨਸ਼ਿਆਂ ਅਤੇ ਹੋਰ ਵਿਕਾਰਾਂ ਦੀ ਕਾਲਾ ਬਾਜ਼ਾਰੀ ਹੈ। ਇੱਕ ਦਾ ਉਦੇਸ਼ ਸਿੱਖਿਆ ਨੂੰ ਇੱਕ ਵਸਤੂ ਬਣਾ ਕੇ ਵੇਚਣਾ ਹੈ, ਜਦਕਿ ਦੂਜੇ ਦਾ ਉਦੇਸ਼ ਨੌਜਵਾਨਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਗੁੰਮਰਾਹ ਕਰਕੇ ਆਪਣਾ ਮਾਲ ਵੇਚਣਾ ਹੈ। ਘਰ-ਪਰਿਵਾਰ ਅਤੇ ਸਨੇਹੀਆਂ ਤੋਂ ਦੂਰ, ਕਈ ਨੌਜਵਾਨ ਬੱਚੇ ਪੜ੍ਹਾਈ ਦੇ ਬੋਝ ਅਤੇ ਅਣਚਾਹੇ ਸੁਪਨਿਆਂ ਦੇ ਬੋਝ ਨਾਲ ਥੱਕੇ ਪਏ ਹਨ, ਇਹ ਭਟਕਣ ਵਾਲੇ ਕਦੋਂ ਬੋਰ ਹੋਣਗੇ? ਵਿਕਾਰਾਂ ਦੇ ਪੰਜੇ ਵਿਚ ਫਸੇ ਹੋਏ ਹਨ, ਉਨ੍ਹਾਂ ਨੂੰ ਪਤਾ ਨਹੀਂ ਲੱਗ ਰਿਹਾ। ਅਕਸਰ ਜਦੋਂ ਉਨ੍ਹਾਂ ਨੂੰ ਅਜਿਹੇ ਜਾਲ ਦਾ ਅਹਿਸਾਸ ਹੁੰਦਾ ਹੈ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਇਹ ਖੁਦਕੁਸ਼ੀ ਦਾ ਵੱਡਾ ਕਾਰਨ ਬਣ ਜਾਂਦਾ ਹੈ। ਬਹੁਤ ਸਾਰੇ ਬੱਚੇ ਪਰਿਵਾਰ ਦੇ ਦਬਾਅ ਅੱਗੇ ਝੁਕ ਜਾਂਦੇ ਹਨ ਅਤੇ ਅਜਿਹੇ ਵਿਸ਼ਿਆਂ ਦੀ ਚੋਣ ਕਰਦੇ ਹਨ ਜੋ ਉਨ੍ਹਾਂ ਦੀ ਦਿਲਚਸਪੀ ਦੇ ਨਹੀਂ ਹੁੰਦੇ। ਨਤੀਜੇ ਵਜੋਂ, ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਹ ਸਫਲ ਨਹੀਂ ਹੁੰਦੇ। ਅਜਿਹੀ ਸਥਿਤੀ ਵਿਚ ਅਸਫਲਤਾ ਅਤੇ ਮਾਪਿਆਂ ਦੇ ਸੁਪਨੇ ਕਈ ਵਾਰ ਪੂਰਾ ਨਾ ਹੋਣ ਦਾ ਡਰ ਉਨ੍ਹਾਂ ਨੂੰ ਮੌਤ ਦੇ ਮੂੰਹ ਲੈ ਜਾਂਦਾ ਹੈ। ਜਦੋਂ ਕਿ ਖੁਦਕੁਸ਼ੀ ਦੇ ਦੁਖਾਂਤ ਨੂੰ ਰੋਕਣ ਦਾ ਮਹੱਤਵਪੂਰਨ ਤਰੀਕਾ ਪਰਿਵਾਰ ਦਾ ਮਜ਼ਬੂਤ ਸਹਾਰਾ ਹੈ। ਇਹ ਮੁਸ਼ਕਲ ਸਥਿਤੀਆਂ ਵਿਚ ਲੋਕਾਂ ਦੀ ਮਦਦ ਕਰਦਾ ਹੈ ਇਨ੍ਹਾਂ ਨੂੰ ਬਾਹਰ ਕੱਢ ਕੇ ਸਾਦਾ ਜੀਵਨ ਜਿਊਣ ਦੀ ਤਾਕਤ ਦੇ ਸਕਦਾ ਹੈ।

# ਮਿੱਤਰ ਪਿਆਰੇ ਨੂੰ

ਭਾਰਤ ਦੀ ਰਾਜਧਾਨੀ ਦਿੱਲੀ ਵੱਲ ਨੂੰ ਜਾਂਦੀਆਂ ਸੜਕਾਂ ਝਾੜੀਆਂ ਤੇ ਪਏ ਸੁੱਕਣੇ ਕੱਪੜੇ ਕਛਹਿਰੇ! ਕੁੜਤੇ, ਪੱਗਾਂ, ਪਰਨੇ ਮੁਕਤਸਰ ਦੀ ਖਿਦਰਾਣਾ ਢਾਬ ਵਾਲਾ ਸਾਕਾ ਯਾਦ ਕਰਵਾ ਦਿੰਦੇ ਹਨ। 1705 ਪੋਹ ਦੀ ਕਕਰਾਲੀ ਠੰਢ ਵਿਚ ਗੁਰੂ ਗੋਬਿੰਦ ਸਿੰਘ ਦੇ ਸਿੰਘਾਂ ਨਾਲ ਮੁਗ਼ਲਾਂ ਦਾ ਇੱਥੇ ਭਿਆਨਕ ਮੁਕਾਬਲਾ ਹੋਇਆ ਸੀ। ਮੁਗ਼ਲਾਂ ਨਾਲ ਲੋਹਾ ਲੈਂਦੇ ਸਿੰਘ ਚੜ੍ਹਦੀ ਕਲਾ ਵਿਚ ਗੰਨੇ ਦਾ ਰਸ ਪੀਂਦੇ, ਰੌਹ ਵਾਲੇ ਚੌਲਾਂ ਨਾਲ ਪੇਟ ਪੂਜਾ ਕਰਦੇ, ਬੜੇ ਤਹੱਮਲ ਇਸ਼ਨਾਨ ਪਾਣੀ ਕਰ ਕੇ ਆਪਣੇ ਕੱਪੜੇ ਸੁੱਕਣ ਲਈ ਜੰਗਲੀ ਝਾੜੀਆਂ 'ਤੇ ਪਾ ਦਿੰਦੇ।



ਹੁਣ ਦਿੱਲੀ ਬਾਰਡਰ 'ਤੇ ਸਮਾਂ ਤੇ ਠੰਢ ਵੀ ਉਸ ਪੋਹ ਮਾਘ ਵਰਗੀ ਹੀ ਹੈ। ਭਾਰਤ ਸਰਕਾਰ ਨੇ ਸੰਬੰਧਤ ਧਿਰਾਂ ਨੂੰ

**ਚਰਨਜੀਤ ਸਿੰਘ ਪੰਨੂੰ**
**ਫੋਨ: 408-608-4961**

ਪੁੱਛਣ ਦੱਸਣ ਬਗੈਰ ਕੁੱਝ ਘਰਾਣਿਆਂ ਨੂੰ ਕ੍ਰਿਤਾਰਥ ਕਰਨ ਲਈ ਦੇਸ਼ ਭਰ ਦੇ ਕਿਰਸਾਨਾਂ ਨੂੰ ਉਨ੍ਹਾਂ ਦੀ ਪਿਤਾ ਪੁਰਖੀ ਜ਼ਮੀਨ ਤੋਂ ਵਾਂਝੇ ਕਰਨ ਵਾਲੇ ਤੁਗ਼ਲਕੀ ਕਾਨੂੰਨ ਚੁੱਪ-ਚੁਪੀਤੇ ਪਾਸ ਕਰ ਦਿੱਤੇ। ਕਿਸਾਨਾਂ ਅੰਦਰ ਰੋਹ ਜਾਗ ਪਿਆ। ਜਦ ਵੇਖਿਆ ਕਿ ਕੋਈ ਵੀ ਸਿਆਸੀ ਧਿਰ ਇਸ ਮਾਮਲੇ ਵਿਚ ਅੱਗੇ ਨਹੀਂ ਆਈ ਤਾਂ ਉਨ੍ਹਾਂ ਆਪਣੇ ਆਪ ਲਾਮਬੰਦ ਹੋ ਕੇ ਸਰਕਾਰ ਨੂੰ ਵੰਗਾਰਨ ਹਿਤ ਬੋਤਾ ਸਿੰਘ ਗਰਜਾ ਸਿੰਘ ਵਾਂਗ ਕਮਰ ਕੱਸੇ ਕੱਸ ਲਏ। ਦੋ ਮਹੀਨੇ ਤੋਂ ਵੱਧ ਸੰਘਰਸ਼ ਕਰਦੇ ਤੇ ਚੇਤਾਵਨੀਆਂ ਦਿੰਦੇ ਆਪਣੇ ਹੱਕ ਮੰਗਦੇ ਪੰਜਾਬੀ ਕਿਰਸਾਨਾਂ ਨੂੰ ਆਖ਼ਰ ਸੰਬੰਧਿਤ ਕੇਂਦਰੀ ਹਾਕਮਾਂ ਨੂੰ ਜਗਾਉਣ ਖ਼ਾਤਰ ਦਿੱਲੀ ਵੱਲ ਕੂਚ ਕਰਨਾ ਪਿਆ।

ਸਾਵਧਾਨ ਪੰਜਾਬ ਦੇ ਸ਼ਰੀਫ਼ ਕਿਰਸਾਨ, ਨੌਜੁਆਨ! ਸ਼ਾਬਾਸ਼ ਤੁਹਾਡੇ। ਇਸ ਅੱਤ ਦੀ ਸਰਦੀ ਵਿਚ ਆਪਣਾ ਘਰ ਘਾਟ ਤੇ ਬਾਲ ਬੱਚੇ ਛੱਡ ਕੇ ਦਿੱਲੀ ਸਰਕਾਰ ਕੋਲੋਂ ਆਪਣੇ ਜਮਹੂਰੀ ਹੱਕਾਂ ਖ਼ਾਤਰ ਦਿੱਲੀ ਨਾਲ ਟਕਰਾਉਣ ਖ਼ਾਤਰ ਨਿਕਲ ਤੁਰੇ। ਹਰਿਆਣਾ ਸਰਕਾਰ ਤੇ ਦਿੱਲੀ ਸਰਕਾਰ ਦੀਆਂ ਪੁਲਸਾਂ ਨੇ ਰਸਤੇ ਦੀਆਂ ਸੜਕਾਂ ਵਿਚ ਭਾਰੀ ਪੱਥਰ, ਕਿੱਲ, ਰੁਕਾਵਟਾਂ ਬੈਰੀਕੇਡ ਲਗਾ ਕੇ ਸ਼ਾਂਤਮਈ ਮੋਰਚੇ ਦਾ ਸੰਵਿਧਾਨਕ ਹੱਕ ਖੋਹਣ ਦਾ ਯਤਨ ਕੀਤਾ। ਪੰਜਾਬ ਦੇ ਨੌਜੁਆਨ ਜਿਨ੍ਹਾਂ ਨੂੰ ਪਿਛਲੇ ਇੱਕ ਦਹਾਕੇ ਤੋਂ ਨਸ਼ੇੜੀ ਤੇ ਨਿਰਬਲ ਕਹਿ ਕੇ ਭੰਡਿਆ ਬਦਨਾਮ ਕੀਤਾ ਜਾਂਦਾ ਰਿਹਾ ਹੈ, ਨੇ ਹਰਿਆਣਾ ਸੜਕਾਂ ਦੇ ਟਨਾਂ, ਕੁਇੰਟਲਾਂ ਭਾਰੇ ਪੱਥਰ, ਵਾਹਨ ਤੇ ਹੋਰ ਰੋਕਾਂ ਰਸਤੇ ਵਿਚੋਂ ਪਾਸੇ ਵਗਾਹ ਕੇ ਆਪਣੀ ਸੂਰਮਗਤੀ ਦੀ ਮਿਸਾਲ ਤਾਜ਼ਾ ਕਰ ਦਿੱਤੀ ਤੇ ਸਰਕਾਰ ਦੇ ਕੰਨ ਖੋਲ੍ਹ ਦਿੱਤੇ। ਹਰਿਆਣਾ ਤੇ ਹੋਰ ਸਟੇਟਾਂ ਦੇ ਨੌਜੁਆਨ ਵੀ ਇਨ੍ਹਾਂ ਹੱਕੀ ਮੰਗਾਂ ਦੇ ਸੰਘਰਸ਼ ਵਿਚ ਪੰਜਾਬੀ ਕਿਸਾਨਾਂ ਦੇ ਨਾਲ ਮੋਢਾ ਜੋੜ ਕੇ ਆ ਖੜ੍ਹੇ ਹਨ। ਸ਼ਾਂਤਮਈ ਜੂਝ ਰਹੇ ਇਨ੍ਹਾਂ ਕਿਰਸਾਣਾਂ 'ਤੇ ਸਰਕਾਰ ਵੱਲੋਂ ਲਾਠੀਚਾਰਜ ਤੇ ਬੇਤਹਾਸ਼ਾ ਪਾਣੀ ਦੀਆਂ ਤੋਪਾਂ ਨਾਲ ਸਵਾਗਤ ਕੀਤਾ ਗਿਆ।

ਪਹਿਲਾਂ ਹੀ ਸਖ਼ਤ ਠੰਢ ਵਿਚ ਠਰ ਰਹੇ ਬਜ਼ੁਰਗਾਂ ਮਾਤਾਵਾਂ ਨੂੰ ਪਾਣੀ ਦੀਆਂ ਤੇਜ਼ ਵਾਛੜਾਂ ਨਾਲ ਨਿਢਾਲ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਇਹ ਸ਼ਾਇਦ ਆਪਣੇ ਮੰਤਵ ਤੋਂ ਮੁੜ ਜਾਣਗੇ। ਉਹ ਭੁੱਲ ਗਏ ਕਿ ਦਰਿਆਵਾਂ ਦੇ ਹੜ੍ਹ ਨੂੰ ਕੋਈ ਰੁਕਾਵਟ ਰੋਕ ਨਹੀਂ ਸਕਦੀ। ਪੁਲਸ ਦੀ ਜ਼ਿਆਦਤੀ ਟੀਅਰ ਗੈਸ ਤੇ ਧੱਕਮ-ਧੱਕੇ ਵਿਚ ਕਈ ਸਿਰੜੀ ਕਿਰਸਾਨ ਜ਼ਖ਼ਮੀ ਹੋ ਗਏ। ਕਈ ਮੌਤ ਦੀ ਝੋਲੀ ਜਾ ਪਏ। ਸ਼ਾਬਾਸ਼ ਉਨ੍ਹਾਂ ਸ਼ੇਰ ਜਵਾਨਾਂ ਦੇ! ਮਾਤਾਵਾਂ ਬੀਬੀਆਂ ਦੇ! ਜਿਨ੍ਹਾਂ ਇਨ੍ਹਾਂ ਕਰੋਪੀਆਂ ਨੂੰ ਆਸ਼ਾਵਾਦੀ ਸਕਾਰਾਤਮਕ ਖਿੜੇ ਮੱਥੇ ਝੱਲਿਆ ਤੇ ਹਿੰਸਕ ਨਹੀਂ ਹੋਏ। ਸਖ਼ਤ ਸਰਦੀ ਵਿਚ ਜਦ ਸਿਆਸਤਦਾਨ ਤੇ ਅਧਿਕਾਰੀ ਏ. ਸੀ. ਕਮਰਿਆਂ ਵਿਚ ਹੀਟ ਲਗਾ ਕੇ ਵੀ ਰਜਾਈਆਂ ਕੰਬਲ ਓੜੀ ਘੂਕੀ ਨੀਂਦੇ ਸੁੱਤੇ ਹਨ, ਇਹ ਉਨ੍ਹਾਂ ਦਾ ਢਿੱਡ ਭਰਨ ਵਾਲੇ ਨਿਡਰ ਮਜ਼ਦੂਰ ਕਿਰਸਾਨ ਆਪਣੀਆਂ ਹੱਕੀ ਮੰਗਾਂ ਵਾਸਤੇ ਠੁਰ-ਠੁਰ ਠਰ ਰਹੇ ਹਨ।

ਇਨ੍ਹਾਂ ਨੂੰ ਪਹਿਲਾਂ ਤੋਂ ਹੀ ਜਮਾਂਦਰੂ ਗੁੜ੍ਹਤੀ ਮਿਲੀ ਹੈ ਕਿ ਹੱਕ ਮੰਗਿਆਂ ਨਹੀਂ ਮਿਲਦੇ, ਇਹ ਖੋਹਣੇ ਪੈਂਦੇ ਹਨ ਤੇ ਹੁਣ ਅਜੇਹਾ ਨਾਜ਼ੁਕ ਸਮਾਂ ਆ ਗਿਆ, ਜਿਸ ਦੀ ਜ਼ਿੰਮੇਵਾਰ ਖ਼ੁਦ ਸਰਕਾਰ ਹੈ। ਹੋਰ ਸਾਰੇ ਸੂਬਿਆਂ ਦੇ ਕਿਰਸਾਨ ਵੀ ਸੋਮਨ ਹੋ ਕੇ ਪੰਜਾਬੀ ਕਿਸਾਨਾਂ ਨੂੰ ਵੱਡੇ ਭਰਾ ਦੀ ਤਸ਼ਬੀਹ ਦਿੰਦੇ ਨਾਲ ਆ ਰਲੇ ਹਨ। ਦਿੱਲੀ ਦੇ ਬਾਹਰ ਬਰਾਤ ਵਾਂਗ ਘੋੜਿਆਂ ਸਮੇਤ ਮਨੁੱਖਤਾ ਦਾ ਇਹ ਜੋਸ਼ ਉਛਾਲ਼ਾ ਮਾਰ ਰਿਹਾ ਹੈ ਕਿ ਕਦੋਂ ਸਰਕਾਰ ਉਨ੍ਹਾਂ ਨੂੰ ਆਵਾਜ਼ ਮਾਰ ਕੇ ਹਾਂ-ਪੱਖੀ ਹੁੰਗਾਰਾ ਭਰੇ। ਘਰੋਂ ਤੁਰਨ ਵੇਲੇ ਆਪਣਾ ਰਾਸ਼ਨ ਉਹ ਪੱਲੇ ਬੰਨ੍ਹ ਕੇ ਲਿਆਏ ਸਨ ਪਰ ਦਿੱਲੀ ਵਾਸੀਆਂ, ਹਰਿਆਣਵੀ ਭਾਈਆਂ ਤੇ ਹੋਰਾਂ ਨੇ ਤਰ੍ਹਾਂ-ਤਰ੍ਹਾਂ ਦੇ ਪਕਵਾਨ ਤੇ ਲੰਗਰ, ਦਵਾਈਆਂ ਭਾਰੀ ਮਾਤਰਾ ਵਿਚ ਉਪਲਬਧ ਕਰਵਾ ਕੇ ਉਨ੍ਹਾਂ ਨੂੰ ਜੀ ਆਇਆਂ ਹੀ ਨਹੀਂ ਕਿਹਾ ਸਗੋਂ ਨਾਲ ਵੀ ਮਿਲ ਬੈਠੇ ਹਨ। ਦੇਸ਼ਾਂ ਵਿਦੇਸ਼ਾਂ ਵਿਚ ਮੋਦੀ ਸਰਕਾਰ ਦੀ ਇਹ ਘੋਰ ਤਾਨਾਸ਼ਾਹੀ ਵਿਰੁੱਧ ਜ਼ਬਰਦਸਤ ਪ੍ਰਦਰਸ਼ਨ ਮੁਜ਼ਾਹਰੇ ਹੋਣ ਲੱਗੇ ਹਨ। ਉਹ ਤਨ, ਮਨ, ਧਨ ਨਾਲ ਇਸ ਅੰਦੋਲਨ ਦੀ ਮਦਦ 'ਤੇ ਆ ਗਏ ਹਨ। ਇੰਗਲੈਂਡ, ਕੈਨੇਡਾ, ਅਮਰੀਕਾ ਤੇ ਹੋਰ ਬਹੁਤ ਸਾਰੇ ਦੇਸ਼ਾਂ ਨੇ ਇਸ ਅੰਦੋਲਨ ਦਾ ਪੱਖ ਪੂਰਦੇ ਭਾਰਤ ਸਰਕਾਰ ਦੀ ਨਿਖੇਧੀ ਕੀਤੀ ਹੈ। ਕੁੱਝ ਕੇਸ ਯੂ.ਐਨ.ਓ. ਤੱਕ ਵੀ ਪਹੁੰਚ ਗਏ ਹਨ। ਇਸ ਨਾਲ ਮੋਦੀ ਸਰਕਾਰ ਦੀ ਬਹੁਤ ਕਿਰਕਿਰੀ ਹੋਈ ਹੈ। ਬਿਨਾ ਕਿਸੇ ਜਾਤ, ਧਰਮ, ਕਿੱਤਾ ਮੁਲਾਹਜ਼ਾ, ਆਮ ਜਨਤਾ ਦੀ ਕਿਸਾਨਾਂ ਨਾਲ ਹਮਦਰਦੀ ਜਾਗ ਪਈ ਹੈ। ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ ਨਾਅਰਾ ਅਸਮਾਨਾਂ ਤੱਕ ਬੁਲੰਦ ਹੋਇਆ ਹੈ। ਦੇਸ਼ ਭਰ ਦੀਆਂ ਬਹੁਤ ਸੰਸਥਾਵਾਂ ਇਨ੍ਹਾਂ ਦੀ ਪਿੱਠ 'ਤੇ ਆਣ ਖੜ੍ਹੀਆਂ ਹਨ।

ਇਹ ਸੰਘਰਸ਼ ਹੁਣ ਕੇਵਲ ਕਿਰਸਾਣਾਂ-ਮਜ਼ਦੂਰਾਂ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਸਮਾਜ ਦੇ ਹਰ ਵਰਗ ਤੇ ਦੁਨੀਆ ਦੇ ਹਰ ਕੋਨੇ ਤੱਕ ਪਹੁੰਚ ਗਿਆ ਹੈ। ਦੁਨੀਆ ਭਰ ਦੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਨ੍ਹਾਂ ਦਾ ਗੰਭੀਰ ਨੋਟਿਸ ਲਿਆ ਹੈ। ਇਸ ਤੋਂ ਬੁਖਲਾ ਕੇ ਸਰਕਾਰ ਨੇ ਹੁਣ ਇਨ੍ਹਾਂ ਮੁਜ਼ਾਹਰਾਕਾਰੀਆਂ ਦੇ ਖੇਤਰ ਵਿਚ 'ਜੈਮਰ' ਲਗਾ ਕੇ ਉਨ੍ਹਾਂ ਦੀ ਇੰਟਰਨੈੱਟ, ਫ਼ੋਨ, ਸੋਸ਼ਲ ਮੀਡੀਆ ਵਿਚ ਰੁਕਾਵਟ ਖੜੀ ਕਰਨ ਦਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਸੁਣਿਆ ਜਾਂਦਾ ਹੈ। ਚੌਵੀ ਘੰਟੇ, ਸ਼ਾਮ ਸਵੇਰੇ ਇਨ੍ਹਾਂ ਦਾ ਉਪਜਾਇਆ ਖਾਂਦੇ ਹਾਂ ਪਰ ਉਹ ਅਕ੍ਰਿਤਘਣ ਲੋਕ ਇਸ ਅਸਲੀਅਤ ਨੂੰ ਯਾਦ ਨਹੀਂ ਕਰਦੇ! ਹੈਰਾਨੀ ਹੁੰਦੀ ਹੈ ਕਿ ਭਾਰਤ ਸਰਕਾਰ ਦੇ ਇਨ੍ਹਾਂ ਕਿਰਸਾਨ ਮਾਰੂ ਕਾਨੂੰਨਾਂ ਖ਼ਿਲਾਫ਼ ਸਰਕਾਰ ਦੇ ਉੱਚ ਅਧਿਕਾਰੀ ਮੂੰਹ ਵਿਚ ਘੁੰਙਣੀਆਂ ਪਾਈ ਬੈਠੇ ਇਹਨੂੰ ਤਮਾਸ਼ਾ ਸਮਝ ਕੇ ਵੇਖ ਰਹੇ ਹਨ।

ਸਾਡਾ ਪੰਜਾਬੀ ਜੁਆਨ ਭਾਰਤ ਦੀਆਂ ਸਰਹੱਦਾਂ ਦੀ ਸਲਾਮਤੀ ਲਈ ਜੂਝ ਰਿਹਾ ਹੈ ਤੇ ਉਨ੍ਹਾਂ ਦੇ ਬਾਪ ਦਾਦੇ ਚਾਚੇ ਤਾਏ ਮਾਵਾਂ ਭੈਣਾਂ, ਮਾਤਾ ਭਾਗੋਆਂ ਇਨ੍ਹਾਂ ਅੰਦਰੂਨੀ ਕਾਂਵਾਂ ਕੋਲੋਂ ਆਪਣਾ ਟੁੱਕਰ ਬਚਾਉਣ ਲਈ ਇਨ੍ਹਾਂ ਦੇ ਜ਼ਾਲਮ ਪੰਜੇ ਪਛਾੜ ਰਹੀਆਂ ਹਨ। ਕਿੰਨੀ ਵੱਡੀ ਤਰਾਸਦੀ ਹੈ ਕਿ ਕਿਸਾਨ ਦਾ ਪੰਜਾਬੀ ਪੁੱਤ ਪਾਕਿਸਤਾਨ ਤੇ ਚੀਨ ਦੀਆਂ ਸਰਹੱਦਾਂ 'ਤੇ ਲੜਦਾ ਆਪਣੇ ਭਾਰਤ ਦੇਸ਼ ਦੀ ਇੱਕ ਇੱਕ ਇੰਚ ਜ਼ਮੀਨ ਖ਼ਾਤਰ ਛਾਤੀ ਡਾਹ ਮਰਨ ਮਾਰਨ ਦੇ ਕੌਤਕ ਕਰ ਰਿਹਾ ਦੁਸ਼ਮਣਾਂ ਨੂੰ ਪਛਾੜ ਰਿਹਾ ਹੈ ਤੇ ਦੂਜੇ ਪਾਸੇ ਏਸੇ ਸਮੇਂ ਉਸ ਦੇ ਭਰਾ ਪਿਓ ਚਾਚੇ ਤਾਏ ਆਪਣੀਆਂ ਜ਼ਮੀਨਾਂ ਮਰਲੇ ਇਨ੍ਹਾਂ ਸਥਾਨਕ ਕਾਂਵਾਂ ਕੁੱਤਿਆਂ ਕੋਲੋਂ ਬਚਾਉਣ ਲਈ ਠੰਢ ਵਿਚ ਠਰ-ਠਰ ਕਰਦੇ ਦਿੱਲੀ ਵੱਲ ਕੂਚ ਕਰ ਰਹੇ ਹਨ!

ਦਿੱਲੀ ਤੇ ਪੰਜਾਬ ਦਾ ਵੈਰ ਸ਼ੁਰੂ ਤੋਂ ਹੀ ਹੁੰਦਾ ਰਿਹਾ ਹੈ। ਦਿੱਲੀ ਪੰਜਾਬ ਨਾਲ ਵਿਤਕਰਾ ਤੇ ਘੋਰ ਬੇਇਨਸਾਫ਼ੀ ਕਰਦੀ ਆਈ ਹੈ।

ਪਹਿਲਾਂ ਇਹ ਲੜਾਈ ਆਮ ਕਰਕੇ ਸਿਆਸੀ ਸੀ ਪਰ ਹੁਣ ਕਿਰਸਾਣਾਂ ਦੀ ਸੁਘੜ ਸਿਆਣੀ ਨੀਤੀ ਨੇ ਸਾਰੇ ਸਿਆਸੀ ਨੀਤੀਵਾਨਾਂ ਕੋਲੋਂ ਆਪਣੇ ਅੰਦੋਲਨ ਦੀ ਵਿੱਥ ਬਣਾਈ ਰੱਖੀ ਹੈ। ਸਰਕਾਰ ਅਜੇਹੇ ਮੋਰਚਿਆਂ ਨੂੰ ਵਿਫਲ ਕਰਨ ਲਈ ਕਈ ਤਰ੍ਹਾਂ ਦੇ ਹੋਛੇ ਹੱਥਕੰਡੇ ਅਪਣਾ ਸਕਦੀ ਹੈ ਤੇ ਸਭ ਤੋਂ ਵੱਡਾ ਹਥਿਆਰ 'ਖ਼ਾਲਿਸਤਾਨ' ਵਾਲਾ ਹੈ। ਕਿਸਾਨਾਂ ਦੀ ਸਿਆਣਪ ਨੇ ਇਹ ਨਿਰੋਲ ਸਿੱਖਾਂ ਦਾ ਜਾਂ ਧਾਰਮਿਕ ਮੋਰਚਾ ਵੀ ਨਹੀਂ ਬਣਨ ਦਿੱਤਾ। ਸਰਕਾਰ ਨੇ ਇਸ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਹੀਂ ਹੋਈ। ਮੋਰਚੇ ਵਿਚ ਕਈ ਕਿਸਮ ਦੇ ਸਮਾਜ ਦੁਸ਼ਮਣ ਘੁਸਪੈਠੀਏ ਵੀ ਅਜ਼ਮਾਏ ਜਾ ਸਕਦੇ ਹਨ ਜਿਸ ਵਾਸਤੇ ਕਿਰਸਾਨ ਬਹੁਤ ਸਤਰਕ ਹਨ। ਉਨ੍ਹਾਂ ਇੱਕ ਦੋ ਅਜੇਹੇ ਕੇਸ ਪਕੜੇ ਵੀ ਹਨ ਪਰ ਬਿਨਾਂ ਕਿਸੇ ਨੁਕਸਾਨ ਦੇ ਉਹ ਮੌਕੇ ਦੇ ਅਧਿਕਾਰੀਆਂ ਦੇ ਹਵਾਲੇ ਕਰ ਦਿੱਤੇ ਹਨ। ਸਰਕਾਰ ਇਨ੍ਹਾਂ ਜਥੇਬੰਦੀਆਂ ਵਿਚ ਵਿਤਕਰੇ ਪਾੜੇ ਪਾ ਕੇ ਤੋੜਨ ਦੀ ਕੋਸ਼ਿਸ਼ ਵੀ ਕਰ ਸਕਦੀ ਹੈ ਪਰ ਸ਼ਾਬਾਸ਼ ਇਨ੍ਹਾਂ ਬਜ਼ੁਰਗਾਂ ਦੇ ਜੋ ਇਹ ਸਾਰੇ ਦਾਅ ਪੇਚ ਲੋਭ ਲਾਲਚ ਨੂੰ ਲੱਤ ਮਾਰਦੇ ਆਪਣੇ ਮੰਤਵ ਵੱਲ ਅੱਗੇ ਵਧ ਰਹੇ ਹਨ। ਕਿਰਸਾਨਾਂ ਨੇ ਬਹੁਤ ਵੱਡੇ ਜਿਗਰ ਸਬਰ ਦਾ ਵਿਖਾਵਾ ਕੀਤਾ ਹੈ। ਹੁਣ ਤੱਕ ਬਾਰ ਬਾਰ ਮੀਟਿੰਗਾਂ ਵਿਚ ਵੀ ਸਰਕਾਰੀ ਨੁਮਾਇੰਦਿਆਂ ਨੇ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਦਿੱਤਾ ਤੇ ਟਰਕਾਊ ਨੀਤੀ ਅਪਣਾਈ ਹੈ।

ਆਪਣੇ ਘਰ ਵਿਚ ਬਿਗਾਨੇ ਹੋਣ ਦਾ ਅਹਿਸਾਸ ਸਿੱਖਾਂ ਦੇ ਮਨ ਅੰਦਰ ਬਹੁਤ ਵੇਰਾਂ ਵਾਪਰਿਆ ਹੈ। ਉਹ ਫਿਰ ਵੀ ਆਪਣੇ ਸੰਵਿਧਾਨਕ ਹੱਕਾਂ ਖ਼ਾਤਰ ਸ਼ਾਂਤਮਈ ਅੰਦੋਲਨ ਕਰਦੇ ਦਿੱਲੀ ਨੂੰ ਜਗਾਉਣ ਹਿਲਾਉਣ ਲਈ ਵਹੀਰਾਂ ਘੱਤ ਤੁਰੇ ਹਨ। ਦੂਜੇ ਪਾਸੇ ਕੁੱਝ ਸਿਆਸੀ ਭੇਡਾਂ ਵੀ ਇਸ ਦਾ ਲਾਹਾ ਲੈਣ ਲਈ ਵੱਖ-ਵੱਖ ਕਿਸਮ ਦੇ ਬਿਆਨ ਦਾਗਦੇ ਆਪਣੀ ਹਲਕੀ ਜ਼ਹਿਨੀਅਤ ਦਾ ਮੁਜ਼ਾਹਰਾ ਕਰਦੇ ਹਨ। ਪਬਲਿਕ ਜਾਗਦੀ ਹੈ ਹੁਣ। ਇਨ੍ਹਾਂ ਦੇ ਝਾਂਸੇ ਵਿਚ ਨਹੀਂ ਆਉਂਦੀ। ਸੁਖਵੀਰ, ਹਰਸਿਮਰਨ ਤੇ ਭਗਵੰਤ ਮਾਨ ਜਿਹੇ ਆਪਣੇ ਹਰ ਬਿਆਨ ਵਿਚ ਕੈਪਟਨ ਜਾਂ ਕਾਂਗਰਸ ਸਰਕਾਰ ਦੇ ਖ਼ਿਲਾਫ਼ ਬੋਲਦੇ ਆਪਣੇ ਆਪ ਨੂੰ ਨੰਗਾ ਕਰ ਰਹੇ ਹਨ। ਉਨ੍ਹਾਂ ਦਾ ਅਜੇਹਾ ਇੱਕ ਗੁਮਰਾਹਕੁਨ ਬਿਆਨ ਕਿਸਾਨਾਂ ਦੀ ਕੀਤੀ ਕਤਰੀ ਨੂੰ ਤਾਰਪੀਡੋ ਕਰਨ ਦਾ ਇੱਕ ਯਤਨ ਸਮਝਿਆ ਜਾਂਦਾ ਹੈ। ਹੁਣ ਲੜਾਈ ਸਿੱਧੀ ਕੇਂਦਰ ਸਰਕਾਰ ਨਾਲ ਹੈ। ਜੇ ਸੱਚੀਂ ਤੁਸੀਂ ਕਿਸਾਨਾਂ ਨਾਲ ਸੁਹਿਰਦ ਹਮਦਰਦੀ ਰੱਖਦੇ ਹੋ ਤਾਂ ਕੁੱਝ ਦੇਰ ਆਪਣੇ ਰਾਜਨੀਤਕ ਵਖਰੇਵੇਂ ਤੇ ਆਸ਼ੇ ਭੁੱਲ ਕੇ ਸਿੱਧੇ ਕੇਂਦਰ ਨਾਲ ਟੱਕਰ ਮਾਰੋ।

ਕੁੱਝ ਵਿਕੇ ਹੋਏ ਗੈਰ ਕਿਰਸਾਨੀ ਮੀਡੀਆ ਨੇ ਗੁਮਰਾਹਕੁਨ ਪ੍ਰਚਾਰ ਕਰ ਕੇ ਨਾ ਕੇਵਲ ਮੋਦੀ ਸਰਕਾਰ ਨੂੰ ਭੰਬਲਭੂਸੇ ਪਾਇਆ ਹੈ ਸਗੋਂ ਕਿਰਸਾਨਾਂ ਨਾਲ ਵੀ ਮਤਰੇਆ ਵਿਵਹਾਰ ਸਾਬਤ ਕਰ ਵਿਖਾਇਆ ਹੈ। ਕਿਰਸਾਨ ਸਮਾਜ ਦੀ ਰੀੜ ਦੀ ਹੱਡੀ ਹਨ। ਉਹ ਸਮੇਂ ਦੀ ਪੈੜ ਧੁੱਪ ਦੇ ਪਰਛਾਵੇਂ ਤੋਂ ਵੇਖਦੇ ਕਰਦੇ ਆਏ ਹਨ। ਉਨ੍ਹਾਂ ਨੂੰ ਕਿਸੇ ਘੜੀ ਜਾਂ ਵਕੀਲ ਦੀ ਲੋੜ ਨਹੀਂ। ਉਹ ਹੁਣ ਇਹ ਸਰਕਾਰੀ ਪਰਛਾਵੇਂ ਬਹੁਤ ਚੰਗੀ ਤਰ੍ਹਾਂ ਆਪ ਹੀ ਸਮਝ ਗਏ ਹਨ।

ਬਹੁਤ ਸਾਰੇ ਗਾਇਕ, ਕਲਾਕਾਰ, ਲਿਖਾਰੀ, ਵਿਦਵਾਨ, ਤੇ ਹਰ ਵਰਗ ਦੇ ਸਿਆਣੇ ਲੋਕ ਭਾਰਤ ਸਰਕਾਰ ਦੀ ਅੜੀਅਲ ਨੀਤੀ ਨਾਲ ਬੇਹੱਦ ਨਿਰਾਸ਼ ਹੋਏ ਕਿਰਸਾਨਾਂ ਦੀ ਪਿੱਠ ਥਾਪੜਨ ਲੱਗੇ ਹਨ। ਉਨ੍ਹਾਂ ਆਪਣੇ ਗਾਣਿਆਂ, ਡਰਾਮਿਆਂ ਤੇ ਹੋਰ ਢੰਗ ਤਰੀਕੇ ਨਾਲ ਸਰਕਾਰ ਨੂੰ ਸਮਝਾਉਣ ਦੇ ਯਤਨ ਕੀਤੇ ਹਨ। ਮੋਦੀ ਦਾ ਇਹ ਖੇਲ੍ਹ ਨਿਆਰਾ ਹੈ। ਜੱਗ ਦਾ ਅੰਨਦਾਤਾ ਫਿਰਦਾ ਮਾਰਾ ਮਾਰਾ ਹੈ।

ਆਖ਼ਰ ਮੱਲ ਵੀ ਅਖਾੜੇ ਛੱਡ ਕੇ ਆਪਣੇ ਅਵਾਰਡ ਵਾਪਸ ਕਰਨ ਲਈ ਦਿੱਲੀ ਰਾਸ਼ਟਰਪਤੀ ਦੇ ਮੂਹਰੇ ਜਾ ਬੈਠੇ ਹਨ।

ਮੈਂ ਤੇ ਹੋਰ ਅਸੀਂ ਸਾਰੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਵਿਚ ਇਨ੍ਹਾਂ ਦੇ ਨਾਲ ਹਾਂ। ਹੁਣ ਸਰਕਾਰ ਆਪਣੀ ਕੀਤੀ ਗੈਰ ਜਮਹੂਰੀ ਗ਼ਲਤੀ ਸਮਝ ਚੁੱਕੀ ਹੈ ਪਰ ਇਸ ਨੂੰ ਕੈਂਸਲ ਕਰਨੋਂ ਲਟਕਾਉਣਾ ਚਾਹੁੰਦੀ ਹੈ। ਭਾਰਤ ਦੀ ਸਰਕਾਰ ਡੈਮੋਕਰੇਸੀ ਹੈ। ਲੋਕਤੰਤਰ ਲੋਕਾਂ ਦੀ ਚੁਣੀ ਹੋਈ ਲੋਕਾਂ ਦੀ ਨੁਮਾਇੰਦਗੀ ਕਰਦੀ ਸਰਕਾਰ ਹੁੰਦੀ ਹੈ। ਤੇ ਇਸ ਨੂੰ ਇਮਾਨਦਾਰੀ ਨਾਲ ਲੋਕਾਂ ਦੀ ਗੱਲ ਸੁਣਨੀ ਮੰਨਣੀ ਚਾਹੀਦੀ ਹੈ। ਹਕੂਮਤ ਤੇ ਰਾਇਆ ਦਾ ਰਿਸ਼ਤਾ ਪਿਓ ਪੁੱਤ ਜਾਂ ਇੱਕ ਮਾਡਲ ਫੈਮਲੀ ਵਾਲਾ ਹੁੰਦਾ/ਹੋਣਾ ਚਾਹੀਦਾ ਹੈ। ਸਰਕਾਰ ਬਾਣੀਆਂ ਵਾਂਗ ਮਹਿੰਗੇ ਸਸਤੇ ਦੀ ਤੱਕੜੀ ਤੋਲ ਰਹੀ ਹੈ। ਮੋਦੀ ਭਗਤਾਂ ਨੂੰ ਹੁਣ ਸਮਝ ਲੈਣਾ ਚਾਹੀਦਾ ਹੈ ਕਿ ਫ਼ਰਾਖ਼-ਦਿਲੀ ਨਾਲ ਆਪਣੀ ਕੀਤੀ ਗ਼ਲਤੀ 'ਤੇ ਪੂੰਝਾ ਫੇਰ ਕੇ ਕਿਰਸਾਨਾਂ ਦੀ ਹਮਦਰਦੀ ਜਿੱਤ ਲੈਣੀ ਕੋਈ ਮਹਿੰਗਾ ਸੌਦਾ ਨਹੀਂ। ਮੈਂ ਆਸ਼ਾਵਾਦੀ ਹਾਂ ਕਿ ਸਰਕਾਰ ਆਮ ਜਨਤਾ ਦੇ ਭਿਆਨਕ ਰੋਹ ਤੇ ਭਾਵਨਾਵਾਂ ਦੀ ਕਦਰ ਕਰਦੇ ਇਹ ਸਾਰੇ ਗੈਰ ਜਮਹੂਰੀ ਠੋਸੇ ਗਏ ਕਾਨੂੰਨ ਰੱਦ ਕਰ ਕੇ ਆਪਣੇ ਲੋਕਾਂ ਦਾ ਵਿਸ਼ਵਾਸ ਜਿੱਤਣ ਦੀ ਹਮਦਰਦੀ ਹਾਸਲ ਕਰ ਸਕੇਗੀ। ਹਿੰਦੂ ਸਿੱਖ ਮੁਸਲਿਮ ਤੇ ਹੋਰ ਭਾਈਚਾਰਾ ਇੱਕਮੁੱਠ ਘਿਓ ਖਿਚੜੀ ਹੋਇਆ ਵੇਖ ਕੇ ਸਮਾਜ ਵਿਰੋਧੀਆਂ ਦੇ ਦੰਦ ਜੁੜਨ ਲੱਗੇ ਹਨ। ਵਰਕੇ ਪਾੜਨ ਦੀਆਂ ਖ਼ਬਰਾਂ ਮੁੜ ਸਿਰ ਚੁੱਕਣ ਲੱਗੀਆਂ ਹਨ। ਤੁਹਾਡਾ ਧਿਆਨ ਮੋੜਨ ਖ਼ਾਤਰ ਕੌਮਾਂ ਵਿਚਕਾਰ ਭੜਕਾਊ ਬਿਆਨਬਾਜ਼ੀ ਹੋ ਸਕਦੀ ਹੈ।

ਤੁਸੀਂ ਜੋਸ਼ ਦੇ ਨਾਲ ਸ਼ਾਂਤਮਈ ਹੋਸ਼ ਵੀ ਬਰਕਰਾਰ ਰੱਖਣੀ ਹੈ। ਗਰਮ ਨਾਅਰਿਆਂ ਤੋਂ ਗੁਰੇਜ਼ ਕਰਨਾ ਹੈ। ਕਾਨੂੰਨ ਹੱਥ ਵਿਚ ਨਹੀਂ ਲੈਣਾ। ਉੱਪਰ ਵਾਲਾ ਹਮੇਸ਼ਾ ਇਨਸਾਫ਼ ਦੀ ਹਾਮੀ ਭਰਦਾ ਹੈ। ਅਖੀਰ 'ਤੇ ਹੱਕ ਸੱਚ ਤੇ ਨਿਆਂ ਦੀ ਜਿੱਤ ਹੁੰਦੀ ਹੈ ਤੇ ਹੋਵੇਗੀ। ਸਾਰੇ ਮਿਲ ਕੇ 'ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ' ਸਲੋਗਨ ਬੁਲੰਦ ਕਰ ਕੇ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿਓ। ਮੈਂ ਸਿਆਸੀ ਨਹੀਂ ਪਰ ਮੇਰਾ ਇਹ ਅਧਿਐਨ ਤੁਹਾਡੇ ਸਭਨਾਂ ਦੀ ਕਚਹਿਰੀ ਵਿਚ ਬੇਨਤੀ ਵਜੋਂ ਹਾਜ਼ਰ ਹੈ। ਰੱਬ ਰਾਖਾ, ਖ਼ੁਦਾ ਹਾਫ਼ਿਜ਼।

ਪਿਛਲੇ ਸਾਲ ਸਰਕਾਰ ਵੱਲੋਂ ਇਹ ਮੰਗਾਂ ਮੰਨ ਲੈਣ ਦੇ ਬਾਵਜੂਦ ਅਮਲ ਵਿਚ ਨਹੀਂ ਲਿਆਂਦੀਆਂ ਗਈਆਂ। ਇਸ ਕਰਕੇ ਕਿਸਾਨਾਂ ਨੂੰ ਦੋਬਾਰਾ ਸੰਘਰਸ਼ ਦੇ ਰਸਤੇ ਚੱਲਣਾ ਪਿਆ। ਮੈਂ ਇਕੇਰਾਂ ਫੇਰ ਬੇਨਤੀ ਕਰਦਾ ਹਾਂ ਕਿ ਸਰਕਾਰ ਆਪਣੀ ਹਠਧਰਮੀ ਛੱਡ ਕੇ ਉਨ੍ਹਾਂ ਨਾਲ ਸੁਹਿਰਦ ਨਾਗਰਿਕਾਂ ਵਾਲਾ ਵਤੀਰਾ ਅਖ਼ਤਿਆਰ ਕਰੇ ਤੇ ਹੱਕੀ ਮੰਗਾਂ ਮੰਨ ਕੇ ਉਨ੍ਹਾਂ ਨੂੰ ਵਾਪਸ ਘਰ ਭੇਜੇ।

# ਭਗਤ ਰਵਿਦਾਸ ਜੀ: ਸਮਾਜਿਕ ਤਬਦੀਲੀ ਅਤੇ ਅਧਿਆਤਮਕ ਵਿਕਾਸ ਲਈ ਉਤਪ੍ਰੇਰਕ

ਭਾਰਤੀ ਅਧਿਆਤਮਿਕਤਾ ਦੇ ਖੇਤਰ ਵਿਚ ਭਗਤ ਰਵਿਦਾਸ ਜੀ ਦੀ ਵਿਰਾਸਤ ਪਿਆਰ, ਦਇਆ ਤੇ ਸਮਾਜ ਸੁਧਾਰ ਦੀ ਸ਼ਕਤੀ ਦਾ ਸਬੂਤ ਹੈ। 15ਵੀਂ ਸਦੀ ਵਿਚ ਵਾਰਾਣਸੀ ਵਿਚ ਜਨਮੇ ਭਗਤ ਰਵਿਦਾਸ ਜੀ ਭਗਤੀ ਅੰਦੋਲਨ ਵਿਚ ਪ੍ਰਮੁੱਖ ਸ਼ਖਸੀਅਤ ਵਜੋਂ ਉਭਰੇ ਜਿਨ੍ਹਾਂ ਨੇ ਸਮਾਨਤਾ, ਭਾਈਚਾਰਕਤਾ ਅਤੇ ਬ੍ਰਹਮ ਪ੍ਰੇਮ ਦੇ ਵਿਸ਼ਵਵਿਆਪੀ ਸੁਭਾਅ ਦੀ ਵਕਾਲਤ ਕੀਤੀ। ਭਾਰਤੀ ਇਤਿਹਾਸ ਦੇ ਪੰਨਿਆਂ ਵਿਚ ਭਗਤ ਰਵਿਦਾਸ ਜੀ ਵਰਗੀਆਂ ਬਹੁਤ ਘੱਟ ਸ਼ਖਸੀਅਤਾਂ ਹਨ ਜਿਨ੍ਹਾਂ ਦੇ ਜੀਵਨ ਅਤੇ ਸਿੱਖਿਆਵਾਂ ਨੇ ਜਾਤ ਅਤੇ ਧਰਮ ਦੀਆਂ ਰੁਕਾਵਟਾਂ ਨੂੰ ਪਾਰ ਕਰ ਕੇ ਵਿਚਾਰਾਂ ਅਤੇ ਕਾਰਜਾਂ ਦੀ ਕ੍ਰਾਂਤੀ ਨੂੰ ਜਗਾਇਆ।

ਜਾਤ-ਪਾਤ ਪ੍ਰਣਾਲੀ ਨਾਲ ਜਕੜੇ ਸਮਾਜ ਵਿਚ ਜਨਮੇ ਭਗਤ ਰਵਿਦਾਸ ਜੀ ਦਾ ਸਫ਼ਰ ਸਮਾਜਿਕ ਦਰਜੇਬੰਦੀ ਦੇ ਸਾਹਮਣੇ ਪ੍ਰਭੂ ਭਗਤੀ, ਦਇਆ ਅਤੇ ਅਧਿਆਤਮਕ ਸੂਝ ਦੀ ਸ਼ਕਤੀ ਦਾ ਸਬੂਤ ਬਣ ਜਾਂਦਾ ਹੈ। ਭਗਤ ਰਵਿਦਾਸ ਜੀ ਦੇ ਸੰਦੇਸ਼ ਦਾ ਕੇਂਦਰ ਬਿੰਦੂ ਜਾਤ-ਪਾਤ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਸੀ। ਇਕ ਅਜਿਹੀ ਪ੍ਰਣਾਲੀ ਨੂੰ ਰੱਦ ਕਰਨਾ ਜਿਸ ਨੇ ਵਿਅਕਤੀਆਂ ਨੂੰ ਜਨਮ ਦੇ ਆਧਾਰ 'ਤੇ ਨਿਸ਼ਚਿਤ ਭੂਮਿਕਾਵਾਂ ਵਿਚ ਪਾ ਦਿੱਤਾ ਜਾਂਦਾ ਸੀ। ਭਗਤ ਰਵਿਦਾਸ ਜੀ ਨੇ ਪਰੰਪਰਾਵਾਦੀ ਰੂੜ੍ਹ ਹੋ ਗਏ ਸਮਾਜ ਦੇ ਅੱਗੇ ਝੁਕਣ ਦੀ ਬਜਾਏ ਕ੍ਰਾਂਤੀ ਅਤੇ ਗਿਆਨ ਦਾ ਰਾਹ ਚੁਣਿਆ।

ਉਨ੍ਹਾਂ ਦਾ ਮੁੱਢਲਾ ਜੀਵਨ ਉਨ੍ਹਾਂ ਦੀ ਨੀਵੀਂ ਜਾਤੀ ਦੇ ਪਿਛੋਕੜ ਕਾਰਨ ਸੰਘਰਸ਼ਾਂ ਅਤੇ ਸਮਾਜਿਕ ਭੇਦਭਾਵ ਨਾਲ ਭਰਿਆ ਹੋਇਆ ਸੀ। ਮੁਸੀਬਤਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਉਨ੍ਹਾਂ ਦੇ ਰੂਹਾਨੀ ਝੁਕਾਅ ਨੇ ਉਨ੍ਹਾਂ ਨੂੰ ਬ੍ਰਹਮ ਦੀ ਭਗਤੀ ਵਿਚ ਸ਼ਾਂਤੀ ਦੀ ਭਾਲ ਕਰਨ ਲਈ ਪ੍ਰੇਰਿਤ ਕੀਤਾ। ਭਗਤ ਰਵਿਦਾਸ ਜੀ ਭਗਤੀ ਲਹਿਰ ਦੇ ਪ੍ਰਮੁੱਖ ਰਾਮਾਨੰਦ ਜੀ ਦੀ ਅਗਵਾਈ ਹੇਠ ਅਧਿਆਤਮਿਕਤਾ ਵਿਚ ਵਿਲੀਨ ਹੋ ਗਏ। ਉਨ੍ਹਾਂ ਨੇ ਪਰਮਾਤਮਾ ਦੀ ਪੂਜਾ ਅਤੇ ਬਾਹਰੀ ਰਸਮਾਂ ਨਾਲੋਂ ਅੰਦਰੂਨੀ ਸ਼ੁੱਧਤਾ ਦੀ ਮਹੱਤਤਾ 'ਤੇ ਧਿਆਨ ਕੇਂਦਰਿਤ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਤਰ ਕੀਤੀ ਉਨ੍ਹਾਂ ਦੀ ਬਾਣੀ ਹੋਂਦ ਦੀ ਪ੍ਰਕਿਰਤੀ ਅਤੇ ਰੂਹਾਨੀ ਮੁਕਤੀ ਦੇ ਮਾਰਗ ਬਾਰੇ ਉਨ੍ਹਾਂ ਦੀ ਅਧਿਆਤਮਕ ਸ਼ਕਤੀ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਬਾਣੀ ਰਾਹੀਂ ਗੁੰਝਲਦਾਰ ਅਧਿਆਤਮਿਕ ਸੱਚਾਈਆਂ ਨੂੰ ਪ੍ਰਗਟ ਕਰਨ ਲਈ ਸਧਾਰਨ ਪਰ ਡੂੰਘੇ ਰੂਪਕਾਂ ਦੀ ਵਰਤੋਂ ਕੀਤੀ ਅਤੇ ਬਾਣੀ ਦੇ ਮਾਧਿਅਮ ਰਾਹੀਂ ਦਮਨਕਾਰੀ ਜਾਤੀ ਪ੍ਰਣਾਲੀ ਦਾ ਜ਼ੋਰਦਾਰ ਵਿਰੋਧ ਕੀਤਾ ਅਤੇ ਹਾਸ਼ੀਏ 'ਤੇ ਪਏ ਸਮਾਜ ਦੇ ਵੱਡੇ ਹਿੱਸੇ ਦੇ ਮਾਣ ਅਤੇ ਅਧਿਕਾਰਾਂ ਦੀ ਵਕਾਲਤ ਕੀਤੀ। ਉਨ੍ਹਾਂ ਅਜਿਹੇ ਸਮਾਜ ਦਾ ਸੰਕਲਪ ਦਿੱਤਾ ਜਿਸ 'ਚ ਹਰ ਪ੍ਰਕਾਰ ਦੇ ਪ੍ਰਾਣੀ ਨੂੰ ਸਮਾਨਤਾ ਦਾ ਅਧਿਕਾਰ ਦਿੱਤਾ। ਇਸੇ ਆਧਾਰ 'ਤੇ ਭਗਤ ਰਵਿਦਾਸ ਜੀ ਨੇ ਬੇਗਮਪੁਰਾ ਸ਼ਹਿਰ ਸੰਕਲਪ ਦਿੱਤਾ :

ਬੇਗਮ ਪੁਰਾ ਸਹਰ ਕੋ ਨਾਉ ॥ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥...
ਕਹਿ ਰਵਿਦਾਸ ਖਲਾਸ ਚਮਾਰਾ ॥ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥

ਉਨ੍ਹਾਂ ਦੀਆਂ ਸਿੱਖਿਆਵਾਂ ਦਾ ਕੇਂਦਰ ਬਿੰਦੂ ਸਾਰੇ ਮਨੁੱਖਾਂ ਦੀ ਅੰਦਰੂਨੀ ਸਮਾਨਤਾ ਦਾ ਦਾਅਵਾ ਸੀ। ਉਨ੍ਹਾਂ ਨੇ ਇਸ ਧਾਰਨਾ ਨੂੰ ਜ਼ੋਰਦਾਰ ਚੁਣੌਤੀ ਦਿੱਤੀ ਕਿ ਕਿਸੇ ਦੀ ਕੀਮਤ ਜਨਮ ਜਾਂ ਸਮਾਜਿਕ ਰੁਤਬੇ ਦੁਆਰਾ ਨਿਰਧਾਰਤ ਨਹੀਂ ਕੀਤੀ ਜਾਣੀ ਚਾਹੀਦੀ ਸਗੋਂ ਇਸ ਦੀ ਬਜਾਏ ਇੱਕ ਅਜਿਹੇ ਸਮਾਜ ਦੀ ਵਕਾਲਤ ਕੀਤੀ ਜਿੱਥੇ ਮੁਲਾਂਕਣ ਲਈ ਯੋਗਤਾ ਅਤੇ ਚਰਿੱਤਰ ਹੀ ਇਕਮਾਤਰ ਮਾਪਦੰਡ ਹਨ। ਉਨ੍ਹਾਂ ਨੇ ਆਪਣੀ ਬਾਣੀ ਅਤੇ ਪ੍ਰਵਚਨਾਂ ਰਾਹੀਂ ਲੋਕਾਂ ਨੂੰ ਬਾਹਰੀ ਭੇਦਭਾਵਾਂ ਤੋਂ ਪਰੇ ਵੇਖਣ ਅਤੇ ਹਰ ਆਤਮਾ ਵਿਚ ਮੌਜੂਦ ਬ੍ਰਹਮ ਚਮਕ ਨੂੰ ਪਛਾਣਨ ਲਈ ਪ੍ਰੇਰਿਤ ਕੀਤਾ।

ਭਗਤ ਰਵਿਦਾਸ ਜੀ ਦੀ ਜਾਤ-ਪਾਤ ਪ੍ਰਣਾਲੀ ਦੀ ਆਲੋਚਨਾ ਕੇਵਲ ਸਿਧਾਂਤਕ ਨਹੀਂ ਸੀ ਸਗੋਂ ਇਹ ਉਨ੍ਹਾਂ ਦੇ ਅਧਿਆਤਮਕ ਵਿਸ਼ਵ-ਦ੍ਰਿਸ਼ਟੀਕੋਣ ਨਾਲ ਡੂੰਘਾ ਜੁੜਿਆ ਹੋਇਆ ਸੀ। ਉਨ੍ਹਾਂ ਦਾ ਸੰਦੇਸ਼ ਸੀ ਕਿ ਅਧਿਆਤਮਿਕਤਾ ਦਾ ਸਾਰ ਸਾਰੇ ਜੀਵਾਂ ਲਈ ਪਿਆਰ ਅਤੇ ਦਇਆ ਪੈਦਾ ਕਰਨ ਵਿਚ ਹੈ, ਚਾਹੇ ਉਨ੍ਹਾਂ ਦੀ ਸਮਾਜਿਕ ਸਥਿਤੀ ਜਾਂ ਪਿਛੋਕੜ ਕੁਝ ਵੀ ਹੋਵੇ। ਇਸ ਤੋਂ ਇਲਾਵਾ, ਭਗਤ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੇ ਧਾਰਮਿਕ ਸਿਧਾਂਤਾਂ ਦੀ ਇੱਕ ਬੁਨਿਆਦੀ ਪੁਨਰ-ਵਿਆਖਿਆ ਪੇਸ਼ ਕੀਤੀ ਜਿਸ ਵਿਚ ਬ੍ਰਹਮ ਕਿਰਪਾ ਦੀ ਸਰਬ-ਵਿਆਪਕਤਾ ਅਤੇ ਸਾਰਿਆਂ ਨੂੰ ਅਧਿਆਤਮਕ ਗਿਆਨ ਦੀ ਪਹੁੰਚ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਨੇ ਕੁਝ ਚੁਣੇ ਹੋਏ ਲੋਕਾਂ ਲਈ ਰਾਖਵੀਂ ਵਿਸ਼ੇਸ਼ ਮੁਕਤੀ ਦੀ ਧਾਰਨਾ ਨੂੰ ਰੱਦ ਕਰ ਦਿੱਤਾ ਇਸ ਦੀ ਬਜਾਏ ਜ਼ੋਰ ਦੇ ਕੇ ਕਿਹਾ ਕਿ ਬ੍ਰਹਮ ਸਦਾ ਮੌਜੂਦ ਹੈ ਅਤੇ ਉਨ੍ਹਾਂ ਲਈ ਪਹੁੰਚਯੋਗ ਹੈ ਜੋ ਇਸ ਨੂੰ ਇਮਾਨਦਾਰੀ ਅਤੇ ਸ਼ਰਧਾ ਨਾਲ ਭਾਲਦੇ ਹਨ।

ਆਪਣੇ ਸਮੇਂ ਦੀ ਰੂੜ੍ਹੀਵਾਦੀ ਨੂੰ ਚੁਣੌਤੀ ਦਿੰਦੇ ਹੋਏ ਭਗਤ ਰਵਿਦਾਸ ਜੀ ਨੂੰ ਧਾਰਮਿਕ ਅਤੇ ਸਮਾਜਿਕ ਸ਼ਕਤੀਆਂ ਦੇ ਵਿਰੋਧ ਅਤੇ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਸੱਚਾਈ ਅਤੇ ਨਿਆਂ ਪ੍ਰਤੀ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਨੇ ਸਮਾਜ ਨੂੰ ਪ੍ਰੇਰਿਤ ਕੀਤਾ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਮੁਕਤੀ ਦੀ ਭਾਲ ਵਿਚ ਮਾਰਗ ਦਰਸ਼ਕ ਵਜੋਂ ਅਪਣਾਇਆ। ਉਨ੍ਹਾਂ ਦੀ ਵਿਰਾਸਤ ਸਮਕਾਲੀ ਸਮਾਜ ਵਿਚ ਗੂੰਜਦੀ ਹੈ ਜੋ ਸਮਾਜਿਕ ਨਿਆਂ ਅਤੇ ਬਰਾਬਰੀ ਲਈ ਸਥਾਈ ਸੰਘਰਸ਼ ਦੀ ਯਾਦ ਦਿਵਾਉਂਦੀ ਹੈ। ਭਗਤ ਰਵਿਦਾਸ ਜੀ ਹੱਥੀਂ ਕਿਰਤ ਨੂੰ ਰੂਹਾਨੀ ਗਿਆਨ ਪ੍ਰਾਪਤ ਕਰਨ ਦਾ ਸਾਧਨ ਮੰਨਦੇ ਸੀ। ਉਨ੍ਹਾਂ ਦੇ ਜੀਵਨ ਨੇ ਅਧਿਆਤਮਕ ਕੰਮਾਂ ਨਾਲ ਦੁਨਿਆਵੀ ਕਰਤੱਵਾਂ ਦੇ ਸਦਭਾਵਨਾ ਪੂਰਨ ਏਕੀਕਰਣ ਦੀ ਉਦਾਹਰਣ ਦਿੱਤੀ।

ਜਦੋਂ ਅਸੀਂ ਅੱਜ ਭਗਤ ਰਵਿਦਾਸ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਵਿਚਾਰ ਕਰਦੇ ਹਾਂ, ਤਾਂ ਆਓ ਅਸੀਂ ਉਨ੍ਹਾਂ ਦੇ ਸਾਹਸ, ਦਇਆ ਅਤੇ ਨਿਆਂ ਪ੍ਰਤੀ ਅਟੁੱਟ ਵਚਨਬੱਧਤਾ ਤੋਂ ਪ੍ਰੇਰਣਾ ਲਈਏ ਤੇ ਅਜਿਹੇ ਸਮਾਜ ਦੀ ਖੋਜ ਲਈ ਕੋਸ਼ਿਸ਼ ਕਰੀਏ ਜਿੱਥੇ ਜਾਤ, ਨਸਲ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਹਰੇਕ ਵਿਅਕਤੀ ਨਾਲ ਮਾਣ ਅਤੇ ਸਤਿਕਾਰ ਨਾਲ ਵਿਵਹਾਰ ਕੀਤਾ ਜਾਵੇ। ਅਜਿਹਾ ਕਰਕੇ ਅਸੀਂ ਨਾ ਸਿਰਫ ਭਗਤ ਰਵਿਦਾਸ ਜੀ ਦੀ ਵਿਰਾਸਤ ਦਾ ਸਨਮਾਨ ਕਰਾਂਗੇ ਬਲਕਿ ਸਾਡੀ ਸਾਂਝੀ ਮਾਨਵਤਾ ਅਤੇ ਆਪਸੀ ਸਬੰਧਾਂ ਦੀ ਪੁਸ਼ਟੀ ਵੀ ਕਰਦੇ ਹਾਂ। ਸਮਕਾਲੀ ਭਾਰਤ ਵਿਚ ਭਗਤ ਰਵਿਦਾਸ ਜੀ ਦਾ ਸੰਦੇਸ਼ ਹਮੇਸ਼ਾ ਦੀ ਤਰ੍ਹਾਂ ਪ੍ਰਸੰਗਿਕ ਹੈ। ਸਮਾਜਿਕ ਸਮਾਨਤਾ ਵੱਲ ਮਹੱਤਵਪੂਰਨ ਕਦਮਾਂ ਦੇ ਬਾਵਜੂਦ ਦੇਸ਼ ਦੇ ਕਈ ਹਿੱਸਿਆਂ ਵਿਚ ਜਾਤੀ ਅਧਾਰਤ ਭੇਦਭਾਵ ਅਤੇ ਅਸਮਾਨਤਾ ਜਾਰੀ ਹੈ। ਭਗਤ ਰਵਿਦਾਸ ਜੀ ਦੀਆਂ ਸਿੱਖਿਆਵਾਂ ਇਨ੍ਹਾਂ ਡੂੰਘੇ ਪੱਖਪਾਤਾਂ ਦਾ ਸ਼ਕਤੀਸ਼ਾਲੀ ਸਮਾਧਾਨ ਹਨ ਜੋ ਵਿਅਕਤੀਆਂ ਨੂੰ ਪਿਆਰ, ਨਿਮਰਤਾ ਅਤੇ ਮਨੁੱਖਤਾ ਦੀ ਸੇਵਾ ਦੀਆਂ ਕਦਰਾਂ ਕੀਮਤਾਂ ਨੂੰ ਅਪਣਾਉਣ ਲਈ ਸੁਚੇਤ ਕਰਦੀਆਂ ਹਨ।

*-ਗੁਰਤੇਜ ਸਿੰਘ ਕੱਟੂ*
*ਫੋਨ: 98155-94197*

# ਟਿੱਬਿਆਂ ਦਾ ਪੁੱਤ ਗੁਰਬਚਨ ਸਿੰਘ ਭੁੱਲਰ

ਗੁਰਬਚਨ ਸਿੰਘ ਭੁੱਲਰ ਨੇ ਸੁਰਤ ਸੰਭਾਲੀ ਤਾਂ ਉਹ ਰੇਤਲੇ ਟਿੱਬਿਆਂ ਉੱਤੇ ਆਪਣੇ ਨਿੱਕੇ ਨਿੱਕੇ ਪੈਰਾਂ ਨਾਲ, ਛੋਟੇ ਛੋਟੇ ਕਦਮਾਂ ਨਾਲ ਪੈੜਾਂ ਪਾਉਣ ਲੱਗ ਪਿਆ। ਭੁੱਲਰ ਨੇ ਇਨ੍ਹਾਂ ਟਿੱਬਿਆਂ ਨੂੰ ਡੂੰਘੀ ਨੀਝ ਨਾਲ ਨਿਹਾਰਿਆ। ਉਹਦਾ ਪਿੰਡ ਪਿੱਥੋ ਟਿੱਬਿਆਂ ਵਿਚਾਲੇ ਘਿਰਿਆ ਹੋਇਆ ਸੀ। ਇਨ੍ਹਾਂ ਟਿੱਬਿਆਂ ਦੇ ਚਿਤ-ਚੇਤੇ ਵੀ ਨਹੀਂ ਸੀ ਕਿ ਉਹਦਾ ਪੁੱਤ ਕਦੇ ਪੰਜਾਬੀ ਸਾਹਿਤ ਦਾ ਸਿਰਮੌਰ ਕਹਾਣੀਕਾਰ ਬਣੇਗਾ ਅਤੇ ਆਪਣੀਆਂ ਪੈੜਾਂ ਨਾਲ ਪੰਜਾਬੀ ਸਾਹਿਤ ਵਿੱਚ ਡੂੰਘੀ ਛਾਪ ਛੱਡੇਗਾ।

**ਰਿਪੁਦਮਨ ਸਿੰਘ ਰੂਪ**

ਗੁਰਬਚਨ ਭੁੱਲਰ ਛੋਟੇ ਹੁੰਦਿਆਂ ਤੋਂ ਹੀ ਬੜਾ ਅਣਖੀਲਾ ਅਤੇ ਖ਼ੁਦਦਾਰ ਸੀ। ਗ਼ਲਤ ਗੱਲ ਤਾਂ ਉਹ ਕਿਸੇ ਦੀ ਮੰਨਣ ਵਾਲਾ ਹੀ ਨਹੀਂ ਸੀ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਿੱਚ ਉਹ ਜੇ.ਬੀ.ਟੀ. ਅਧਿਆਪਕ ਬਣਿਆ। ਜਗਮੋਹਨ ਕੌਸ਼ਲ ਨਾਲ ਮਿਲ ਕੇ ਉਹ ਅਧਿਆਪਕਾਂ ਦੀ ਜਥੇਬੰਦੀ ਬਣਾਉਣ ਲੱਗਿਆ। ਉਨ੍ਹਾਂ ਸਮਿਆਂ ਵਿੱਚ ਅਧਿਆਪਕਾਂ, ਕਰਮਚਾਰੀਆਂ ਦੇ ਸੇਵਾ ਹਾਲਾਤ ਬਹੁਤ ਮਾੜੇ ਸਨ। ਗਰੇਡ, ਅਲਾਊਂਸ, ਇਨਕਰੀਮੈਂਟ ਆਦਿ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਸੀ। ਗੁਰਬਚਨ ਭੁੱਲਰ ਨੇ ਪੰਜਾਬ ਪੱਧਰ ਉੱਤੇ ਆਪਣੇ ਸਾਥੀਆਂ ਨਾਲ ਮਿਲ ਕੇ ਜਥੇਬੰਦੀ ਬਣਾ ਕੇ ਸੰਘਰਸ਼ ਕਰਨਾ ਸ਼ੁਰੂ ਕੀਤਾ। ਤਤਕਾਲੀ ਮੁੱਖ ਮੰਤਰੀ ਨੂੰ ਇਹ ਗੱਲ ਗਵਾਰਾ ਨਹੀਂ ਸੀ ਕਿ ਪੰਜਾਬ ਵਿਚ ਸਰਕਾਰੀ ਅਧਿਆਪਕਾਂ, ਕਰਮਚਾਰੀਆਂ ਦੀ ਕੋਈ ਜਥੇਬੰਦੀ ਬਣੇ। ਇਸ ਲਈ ਗੁਰਬਚਨ ਭੁੱਲਰ ਅਤੇ ਅਜੀਤ ਪੱਤੋਂ (ਪੰਜਾਬੀ ਲੇਖਕ) ਨੂੰ ਉਨ੍ਹਾਂ ਦੀਆਂ ਜਥੇਬੰਦਕ ਸਰਗਰਮੀਆਂ ਕਾਰਨ 1964 ਵਿਚ ਡਿਸਮਿਸ ਕਰ ਦਿੱਤਾ ਗਿਆ। ਉਂਞ ਵੀ ਭੁੱਲਰ ਕੋਲ 'ਪ੍ਰੀਤਲੜੀ' ਦਾ ਆਉਣਾ (ਜਿਸ ਨੂੰ ਕਮਿਊਨਿਸਟ ਅਤੇ ਸਰਕਾਰ ਵਿਰੋਧੀ ਮੰਨਿਆ ਜਾਂਦਾ ਸੀ), ਕਮਿਊਨਿਸਟ ਲੀਡਰ ਮਾਸਟਰ ਬਾਬੂ ਸਿੰਘ ਨਾਲ ਨੇੜਤਾ ਆਦਿ ਕਰਕੇ ਸਰਕਾਰ ਵਿਰੋਧੀ ਮੰਨਿਆ ਜਾਂਦਾ ਸੀ। ਮਗਰੋਂ ਹਾਈ ਕੋਰਟ ਨੇ ਭੁੱਲਰ ਹੋਰਾਂ ਨੂੰ ਬਹਾਲ ਕਰ ਦਿੱਤਾ, ਪਰ ਹੁਣ ਨਵੇਂ ਖੁੱਲ੍ਹੇ ਗੁਰੂ ਕਾਸ਼ੀ ਕਾਲਜ ਦਮਦਮਾ ਸਾਹਿਬ ਵਿਚ ਪੜ੍ਹਾਉਣ ਕਰਕੇ ਭੁੱਲਰ ਜੇ.ਬੀ.ਟੀ. ਦੀ ਪੋਸਟ ਉੱਤੇ ਕੰਮ ਨਹੀਂ ਸੀ ਕਰਨਾ ਚਾਹੁੰਦਾ। ਇਸ ਸਮੇਂ ਵਿਚ ਉਸ ਨੇ ਦੋ ਐਮ.ਏ. ਵੀ ਕਰ ਲਈਆਂ ਸਨ- ਰਾਜਨੀਤੀ ਵਿਗਿਆਨ ਅਤੇ ਇਤਿਹਾਸ ਦੀਆਂ।



ਗੁਰਬਚਨ ਭੁੱਲਰ ਨੇ ਦਿੱਲੀ ਵੱਲ ਰੁਖ਼ ਕੀਤਾ। ਨਵਾਂ ਜ਼ਮਾਨਾ ਵਿਚ ਛਪਦੀ ਉਸ ਦੀ 'ਵੀਅਤਨਾਮ ਦੀ ਡਾਇਰੀ' ਤੋਂ ਪ੍ਰਭਾਵਿਤ ਹੋ ਕੇ ਜਗਜੀਤ ਸਿੰਘ ਆਨੰਦ ਨੇ ਤੇਰਾ ਸਿੰਘ ਚੰਨ ਨੂੰ ਕਹਿ-ਕਹਾ ਕੇ ਪਹਿਲਾਂ ਅਨੁਵਾਦਕ ਲਗਵਾ ਦਿੱਤਾ। ਫਿਰ ਗੁਰਬਚਨ ਭੁੱਲਰ ਆਪਣੀ ਲਿਆਕਤ ਨਾਲ ਸੋਵੀਅਤ ਯੂਨੀਅਨ ਦੇ ਪੰਜਾਬੀ ਵਿਚ ਛਪਦੇ ਰਸਾਲੇ 'ਸੋਵੀਅਤ ਦਰਪਨ' ਦਾ ਸੰਪਾਦਕ ਬਣਿਆ। ਉਹ ਚੌਵੀ ਸਾਲ ਇਸ ਦਾ ਸੰਪਾਦਕ ਰਿਹਾ।

ਹੁਣ ਤੱਕ ਗੁਰਬਚਨ ਭੁੱਲਰ ਪੰਜਾਬੀ ਸਾਹਿਤ ਦਾ ਇੱਕ ਵੱਡਾ ਕਹਾਣੀਕਾਰ ਬਣ ਚੁੱਕਿਆ ਸੀ। ਉਹ ਆਪਣੀਆਂ ਕਹਾਣੀਆਂ 'ਓਪਰਾ ਮਰਦ', 'ਖ਼ੂਨ', 'ਦੀਵੇ ਵਾਂਗ ਬਲਦੀ ਅੱਖ' ਨਾਲ ਪੰਜਾਬੀ ਸਾਹਿਤ ਦੇ ਸਿਰਮੌਰ ਕਹਾਣੀਕਾਰਾਂ ਵਿਚ ਗਿਣਿਆਂ ਜਾ ਰਿਹਾ ਸੀ। ਉਸ ਦੀਆਂ ਇਹ ਕਹਾਣੀਆਂ ਸੰਸਾਰ ਪੱਧਰ ਦੀਆਂ ਕਹਾਣੀਆਂ ਵਿਚ ਗਿਣੀਆਂ ਜਾ ਸਕਦੀਆਂ ਹਨ।

ਗੁਰਬਚਨ ਭੁੱਲਰ ਆਪਣੇ ਇਕ ਹੋਰ ਨਿੱਘੇ ਅਤੇ ਪਿਆਰੇ ਦੋਸਤ ਕਹਾਣੀਕਾਰ ਗੁਰਦੇਵ ਰੁਪਾਣਾ ਨਾਲ ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਵਿਚਰਣ ਲੱਗਿਆ। ਦਿੱਲੀ ਦਾ ਕੋਈ ਸਾਹਿਤਕ ਸਮਾਗਮ ਨਹੀਂ ਸੀ ਜਿਸ ਵਿਚ ਉਹ ਸ਼ਾਮਿਲ ਨਾ ਹੁੰਦੇ। ਉਨ੍ਹਾਂ ਦੀ ਹਾਜ਼ਰੀ ਲਗਭਗ ਸਾਰਿਆਂ ਉੱਤੇ ਭਾਰੀ ਰਹਿੰਦੀ। ਇਹ ਦੋਵੇਂ ਵਿਦਵਾਨ ਬਣ ਚੁੱਕੇ ਸਨ। ਇਨ੍ਹਾਂ ਦੀ ਨੋਕ-ਝੋਕ ਅੱਗੇ ਛੇਤੀ ਕੋਈ ਟਿਕਦਾ ਨਹੀਂ ਸੀ। ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਦੋਵੇਂ ਛਾਏ ਹੋਏ ਸਨ। ਜਿੱਥੇ ਬੈਠੇ ਹੁੰਦੇ ਉੱਥੇ ਹਾਸੇ ਦੇ ਫੁਹਾਰੇ ਦੂਰ ਤੱਕ ਸੁਣਦੇ ਸਨ। ਇੱਕ ਵਾਰ ਦਿੱਲੀ ਦਾ ਤੇਜ਼ ਤਰਾਰ ਕਵੀ ਤਾਰਾ ਸਿੰਘ ਕਾਮਲ ਭੁੱਲਰ ਅਤੇ ਰੁਪਾਣੇ ਕੋਲ ਆ ਕੇ ਖੜ੍ਹ ਗਿਆ। ਦੋਵਾਂ ਦੇ ਹੱਥਾਂ ਵਿਚ ਦੋਵਾਂ ਦੀਆਂ ਨਵੀਆਂ ਛਪੀਆਂ ਕਹਾਣੀਆਂ ਦੀਆਂ ਪੁਸਤਕਾਂ ਦੇਖ ਕੇ ਟਿੱਚਰ ਕਰਨ ਵਾਂਗ ਕਹਿੰਦਾ, 'ਟਾਈਟਲ ਤਾਂ ਚੰਗੇ ਨੇ ਕਿਤਾਬਾਂ ਦੇ...।'

ਭੁੱਲਰ ਹੋਰਾਂ ਕਿਹਾ, 'ਤਾਰਾ ਸਿੰਘ ਜੀ, ਟਾਈਟਲ ਹੀ ਚੰਗੇ ਨਹੀਂ, ਕਹਾਣੀਆਂ ਵੀ ਚੰਗੀਆਂ ਨੇ...ਜ਼ਰਾ ਪੜ੍ਹ ਕੇ ਦੇਖਣਾ...।' ਕਹਿੰਦੇ ਮੁੜ ਕੇ ਤਾਰਾ ਸਿੰਘ ਨੇ ਕਦੇ ਇਨ੍ਹਾਂ ਨੂੰ ਟਿੱਚਰ ਨਹੀਂ ਕੀਤੀ।

ਗੁਰਬਚਨ ਭੁੱਲਰ ਭਾਸ਼ਾ ਵਿਗਿਆਨੀ ਵੀ ਹੈ। ਉਸ ਨੇ ਪੰਜਾਬੀ ਯੂਨੀਵਰਸਿਟੀ ਦੇ ਛਾਪੇ ਅੰਗਰੇਜ਼ੀ-ਪੰਜਾਬੀ ਕੋਸ਼ ਵਿਚ ਘਾਟਾਂ ਦੱਸ ਕੇ ਲੰਮਾ ਲੇਖ ਲਿਖ ਦਿੱਤਾ ਜਿਹੜਾ ਅਖ਼ਬਾਰਾਂ ਵਿਚ ਛਪਿਆ। ਕੋਸ਼ ਤਿਆਰ ਕਰਨ ਵਾਲੇ ਵਿਦਵਾਨਾਂ 'ਚ ਮੁੱਖ ਡਾਕਟਰ ਅਤਰ ਸਿੰਘ ਸੀ। ਡਾ. ਅਤਰ ਸਿੰਘ ਨੇ ਉਸ ਸਮੇਂ ਦੇ ਵੱਡੇ ਲੇਖਕ ਸੰਤ ਸਿੰਘ ਸੇਖੋਂ ਤੋਂ ਗੁਰਬਚਨ ਭੁੱਲਰ ਦੇ ਲੇਖ ਦੀ ਕਾਟ ਕਰਨ ਲਈ ਲੇਖ ਲਿਖਵਾਇਆ। ਇਕ ਦਿਨ ਰਿਸੈਪਸ਼ਨ ਵਿਚ ਸੰਤ ਸਿੰਘ ਸੇਖੋਂ ਅਤੇ ਗੁਰਬਚਨ ਭੁੱਲਰ ਮਿਲ ਗਏ। ਸੇਖੋਂ ਭੁੱਲਰ ਨੂੰ ਕਹਿੰਦਾ, 'ਓ ਯਾਰ ਭੁੱਲਰ, ਤੂੰ ਕਿੰਨਾ ਕੁ ਪੜ੍ਹਿਆ ਐਂ' ਜਦੋਂ ਸੰਤ ਸਿੰਘ ਸੇਖੋਂ ਨੂੰ ਪਤਾ ਲੱਗਿਆ ਕਿ ਗੁਰਬਚਨ ਭੁੱਲਰ ਡਬਲ ਐਮ.ਏ., ਬੀ.ਟੀ. ਅਤੇ ਜੇ.ਬੀ.ਟੀ. ਹੈ ਤਾਂ ਉਹ ਕਹਿੰਦਾ, 'ਯਾਰ, ਮੈਂ ਤਾਂ ਸਮਝਿਆ ਮਾਲਵੇ ਦੇ ਜੱਟਾਂ ਦਾ ਮੁੰਡਾ ਦਸਵੀਂ ਪਾਸ ਹੀ ਹੋਵੇਗਾ, ਪਰ ਤੂੰ ਤਾਂ ਯਾਰ ਵਿਦਵਾਨ ਹੈ, ਮੈਥੋਂ ਤਾਂ ਤੇਰੇ ਲੇਖ ਦੀ ਕਾਟ ਲਈ ਲੇਖ ਲਿਖਵਾਇਆ ਸੀ ਅਤਰ ਸਿੰਘ ਨੇ। ਅਤਰ ਸਿੰਘ ਪਿਟਦਾ ਸੀ।' ਹੁਣ ਸੰਤ ਸਿੰਘ ਸੇਖੋਂ ਅਤੇ ਗੁਰਬਚਨ ਭੁੱਲਰ ਹੱਥਾਂ ਵਿਚ ਹੱਥ ਪਾ ਕੇ ਖਿੜ-ਖਿੜਾ ਕੇ ਹੱਸ ਰਹੇ ਸਨ ਦੋਸਤਾਂ ਵਾਂਗ।

ਗੁਰਬਚਨ ਭੁੱਲਰ ਨੇ ਹੁਣ ਤੱਕ ਚਾਰ ਕਹਾਣੀ ਸੰਗ੍ਰਹਿ 'ਪਰਾ ਮਰਦ', 'ਵਖ਼ਤਾਂ ਮਾਰੇ', 'ਮੈਂ ਗ਼ਜ਼ਨਵੀਂ ਨਹੀਂ' ਅਤੇ 'ਅਗਨੀ ਕਲਸ' ਲਿਖੇ। ਇਕ ਕਾਵਿ ਸੰਗ੍ਰਹਿ 'ਮੈਂ ਗਈ ਕਦੋਂ ਸੀ' ਹੈ। ਇੱਕ ਨਾਵਲ 'ਇਹ ਜਨਮ ਤੁਮਾਰੇ ਲੇਖੇ' ਲਿਖਿਆ। ਇਹ ਨਾਵਲ ਅੰਮ੍ਰਿਤਾ ਪ੍ਰੀਤਮ ਦੇ ਜੀਵਨ ਉੱਤੇ ਆਧਾਰਿਤ ਹੈ। ਇਸ ਨਾਵਲ ਵਿਚ ਅੰਮ੍ਰਿਤਾ ਪ੍ਰੀਤਮ ਦੇ ਪਤੀ ਪ੍ਰੀਤਮ ਸਿੰਘ ਨੂੰ ਨਾਇਕ ਸਿਰਜਿਆ ਗਿਆ ਹੈ ਜਿਸ ਨੇ ਚੁੱਪ-ਚਾਪ ਆਪਣਾ ਸਾਰਾ ਜੀਵਨ ਅੰਮ੍ਰਿਤਾ ਪ੍ਰੀਤਮ ਲਈ ਸਮਰਪਿਤ ਕਰ ਦਿੱਤਾ।

ਇਸ ਤੋਂ ਬਿਨਾ 'ਵਿਅਕਤੀ ਚਿੱਤਰ', 'ਇਤਿਹਾਸ', 'ਸ਼ਬਦ ਚਿੱਤਰ', 'ਅਨੁਵਾਦ', 'ਮੁਲਾਕਾਤਾਂ', 'ਸਮਕਾਲੀਆਂ ਨਾਲ ਸੰਵਾਦ' ਆਦਿ ਕਿਤਾਬੀ ਰੂਪ ਵਿਚ ਹਨ। ਜੇ ਇਨ੍ਹਾਂ ਰਚਨਾਵਾਂ ਦਾ ਜ਼ਿਕਰ ਕਰਨਾ ਹੋਵੇ ਤਾਂ ਇਸ ਲੇਖ ਵਿਚੋਂ ਭੁੱਲਰ ਮਨਫ਼ੀ ਹੋ ਜਾਵੇਗਾ। ਜੇ ਉਹ ਕਹਾਣੀਆਂ, ਨਾਵਲ ਹੀ ਲਿਖਦਾ ਤਾਂ ਸ਼ਾਇਦ ਅੱਜ ਸੰਸਾਰ ਦੇ ਵੱਡੇ ਲੇਖਕਾਂ ਵਿਚ ਗਿਣਿਆ ਜਾਂਦਾ। ਪਰ ਕੌਣ ਸਾਹਿਬ ਨੂੰ ਆਖੇ ਇੰਝ ਨਾ ਇੰਝ ਕਰ।

ਭਾਰਤ ਵਿਚ ਭਾਜਪਾ ਸਰਕਾਰ ਦੌਰਾਨ ਅਨੇਕਾਂ ਲੇਖਕਾਂ, ਵਿਦਵਾਨਾਂ ਦੇ ਕਤਲ ਹੋਏ ਜਿਵੇਂ ਗੋਵਿੰਦ ਪੰਸਾਰੇ, ਨਰਿੰਦਰ ਦਾਭੋਲਕਰ, ਐਮ.ਐਨ. ਕੁਲਬਰਗੀ ਆਦਿ। ਕਈ ਵਿਦਵਾਨਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਗਿਆ। ਅਨੇਕਾਂ ਵਿਦਵਾਨਾਂ ਨੂੰ ਮਾਓਵਾਦੀ, ਨਕਸਲਵਾਦੀ ਕਹਿ ਕੇ ਚੁੱਪ ਕਰਵਾਇਆ ਗਿਆ। ਇਸ ਦੌਰ ਵਿਚ ਸਾਰੇ ਭਾਰਤ ਵਿਚ ਸਹਿਮ ਛਾ ਗਿਆ। ਬਹੁਤੇ ਲੇਖਕ, ਵਿਦਵਾਨ, ਪੱਤਰਕਾਰ ਚੁੱਪ ਕਰ ਗਏ, ਪਰ ਇਸ ਦੌਰ ਵਿਚ ਪੰਜਾਬੀ ਸਾਹਿਤ ਵਿਚ ਜਿਹੜਾ ਪਹਿਲਾ ਲੇਖਕ ਨਿੱਤਰਿਆ ਉਹ ਸੀ ਸਾਡਾ ਗੁਰਬਚਨ ਭੁੱਲਰ। ਉਸ ਨੇ ਸਾਹਿਤ ਅਕਾਦਮੀ ਦਿੱਲੀ ਵੱਲੋਂ ਮਿਲਿਆ ਸਨਮਾਨ ਲੇਖਕਾਂ ਅਤੇ ਵਿਦਵਾਨਾਂ ਖ਼ਿਲਾਫ਼ ਹੋ ਰਹੇ ਜ਼ੁਲਮ ਵਿਰੁੱਧ ਰੋਸ ਪ੍ਰਗਟਾਉਣ ਲਈ ਵਾਪਸ ਕਰ ਦਿੱਤਾ। ਸਾਹਿਤਕ ਦਾਇਰੇ ਵਿਚ ਇਹ ਬੜਾ ਦਲੇਰੀ ਭਰਿਆ ਕਦਮ ਸੀ। ਪੰਜਾਬੀ ਸਾਹਿਤ ਵਿਚ ਇਸ ਮਗਰੋਂ ਇਨਾਮ ਮੋੜਨ ਦਾ ਤਾਂਤਾ ਲੱਗ ਗਿਆ। ਪੰਜਾਬ ਦੀ ਧਰਤੀ ਗੁਰੂਆਂ ਦੀ ਵਰੋਸਾਈ ਹੋਈ ਹੈ। ਅਨੇਕਾਂ ਪੰਜਾਬੀ ਲੇਖਕਾਂ ਨੇ ਸਾਹਿਤ ਅਕਾਦਮੀ ਦਿੱਲੀ ਵੱਲੋਂ ਦਿੱਤੇ ਸਨਮਾਨ ਵਾਪਸ ਕਰ ਦਿੱਤੇ।

ਭਾਰਤ ਭਰ ਵਿਚੋਂ ਜੇ ਕਿਸੇ ਨੇ ਪਹਿਲਾਂ ਸਾਹਿਤ ਅਕਾਦਮੀ ਦਾ ਸਨਮਾਨ ਮੋੜਿਆ ਤਾਂ ਉਹ ਸੀ ਨਯਨਤਾਰਾ ਸਹਿਗਲ। ਨਯਨਤਾਰਾ ਨੇ ਪਹਿਲ ਕਰ ਕੇ ਪੂਰੇ ਭਾਰਤ ਦੇ ਬੁੱਧੀਜੀਵੀਆਂ ਨੂੰ ਰਾਹ ਦਿਖਾਇਆ। ਫਿਰ ਕ੍ਰਿਸ਼ਨਾ ਸੋਬਤੀ, ਮਰਾਠੀ ਨਾਵਲਕਾਰ ਸ਼ਸ਼ੀ ਪਾਂਡੇ, ਮਲਿਆਲੀ ਲੇਖਕ ਸਾਰਾ ਜੋਸੇਫ਼ ਨੇ ਸਨਮਾਨ ਮੋੜੇ। ਜਿਹੜੇ ਲੋਕ ਤਾਨਾਸ਼ਾਹੀਆਂ ਵਿਰੁੱਧ ਲੜਦੇ ਹਨ, ਸੰਘਰਸ਼ ਕਰਦੇ ਹਨ, ਉਹੀ ਸਦਾ ਜਿਉਂਦੇ ਰਹਿੰਦੇ ਹਨ।

ਗੁਰਬਚਨ ਭੁੱਲਰ ਨੂੰ ਕਰਨਾਟਕ ਦੇ ਪਿੰਡ ਕੁਪੱਲੀ ਦੇ ਪ੍ਰਸਿੱਧ ਲੇਖਕ ਕੁਵੈਂਪੂ ਦੇ ਨਾਂ ਉੱਤੇ ਪੰਜ ਲੱਖ ਦਾ ਸਨਮਾਨ ਜਿਸ ਗੌਰਵ ਨਾਲ ਦਿੱਤਾ ਗਿਆ, ਉਹ ਯਾਦ ਰੱਖਣਯੋਗ ਹੈ।

ਇਹ ਹੈ ਟਿੱਬਿਆਂ ਦਾ ਪੁੱਤ ਗੁਰਬਚਨ ਭੁੱਲਰ ਜਿਹੜਾ ਨਿੱਕੇ ਹੁੰਦਿਆਂ ਬਠਿੰਡੇ ਦੇ ਰੇਤਲੇ ਟਿੱਬਿਆਂ ਉੱਤੇ ਨਿੱਕੇ ਨਿੱਕੇ ਕਦਮਾਂ ਨਾਲ ਆਪਣੀਆਂ ਪੈੜਾਂ ਛੱਡਦਾ ਰਿਹਾ ਸੀ। ਹੁਣ ਟਿੱਬਿਆਂ ਦਾ ਇਹ ਪੁੱਤ ਪੰਜਾਬੀ ਸਾਹਿਤ ਜਗਤ ਵਿਚ ਪੈੜਾਂ ਛੱਡ ਰਿਹਾ ਹੈ।

# ਰਿਆਸਤੀ ਜ਼ੁਲਮ ਦੀ ਬਾਤ ਪਾਉਣ ਵਾਲਾ ਦੀਵਾਨ ਸਿੰਘ ਮਫ਼ਤੂਨ

ਸੰਨ 1947 'ਚ ਆਜ਼ਾਦ ਹੋਣ ਸਮੇਂ ਭਾਰਤ ਵਿਚ 550 ਤੋਂ ਜ਼ਿਆਦਾ ਰਿਆਸਤਾਂ ਸਨ। ਇਨ੍ਹਾਂ 'ਚੋਂ ਕਈ ਰਿਆਸਤਾਂ ਤਾਂ ਯੂਰਪ ਦੇ ਮੁਲਕਾਂ ਤੋਂ ਵੀ ਵੱਡੀਆਂ ਅਤੇ ਕਈ ਪਸ਼ੂਆਂ ਦੀ ਚਰਾਂਦ ਤੋਂ ਵੀ ਛੋਟੀਆਂ ਸਨ। ਰਿਆਸਤਾਂ ਦੇ ਰਾਜਿਆਂ ਦੀ ਜੀਵਨ-ਸ਼ੈਲੀ ਅਤੇ ਸ਼ੌਕਾਂ ਨਾਲ ਸਬੰਧਿਤ ਸੁਆਦਲੇ ਕਿੱਸੇ ਅੱਜ ਵੀ ਬਜ਼ੁਰਗ ਸੱਥਾਂ-ਢਾਣੀਆਂ 'ਚ ਚਟਕਾਰੇ ਲੈ-ਲੈ ਸੁਣਾਉਂਦੇ ਹਨ। ਦੱਸਦੇ ਹਨ ਕਿ ਜੂਨਾਗੜ੍ਹ ਦੇ ਨਵਾਬ ਨੂੰ ਕੁੱਤਿਆਂ ਨਾਲ ਏਨਾ ਮੋਹ ਸੀ ਕਿ ਉਸ ਨੇ ਆਪਣੀ ਪਿਆਰੀ ਕੁੱਤੀ 'ਰੌਸ਼ਨ' ਦਾ ਵਿਆਹ 'ਬੌਬੀ' ਨਾਮੀ ਇੱਕ ਲੈਬਰੇਡੋਰ ਨਾਲ

**ਗੁਰਪ੍ਰਵੇਸ਼ ਸਿੰਘ ਢਿੱਲੋਂ**

ਰਚਾਇਆ ਅਤੇ ਇਸ ਵਿਆਹ 'ਚ ਡੇਢ ਲੱਖ ਮਹਿਮਾਨਾਂ ਨੇ ਹਾਜ਼ਰੀ ਭਰੀ ਸੀ। ਮੁਜ਼ਾਰਿਆਂ ਤੋਂ ਮੋਟਾ ਮਾਲੀਆ ਉਗਰਾਹ ਕੇ ਇਹ ਰਾਜੇ ਪਰਜਾ ਦੇ ਖ਼ੂਨ-ਪਸੀਨੇ ਦੀ ਕਮਾਈ ਸਿਰੋਂ ਆਪਣੇ ਅਜੀਬੋ-ਗਰੀਬ ਸ਼ੌਕ ਪੂਰਦੇ ਸਨ। ਅਜਿਹੀਆਂ ਵਧੀਕੀਆਂ ਕਾਰਨ ਹੀ ਹਿੰਦੋਸਤਾਨ ਵਿਚ ਰਜਵਾੜਿਆਂ ਖ਼ਿਲਾਫ਼ 1920ਵਿਆਂ ਦੌਰਾਨ ਪਰਜਾ ਮੰਡਲ ਲਹਿਰ ਦੀ ਸ਼ੁਰੂਆਤ ਹੋਈ। ਲੋਕ-ਜਾਗ੍ਰਿਤੀ ਨੂੰ ਉੱਜਲ ਕਰਨ ਲਈ ਕਈ ਅਜਿਹੇ ਅਖ਼ਬਾਰ ਵੀ ਛਪਣ ਲੱਗੇ ਜਿਨ੍ਹਾਂ ਰਿਆਸਤਾਂ ਅੰਦਰ ਹੁੰਦੀ ਧੱਕੇਸ਼ਾਹੀ ਦੇ ਪਾਜ ਉਧੇੜੇ। ਇਨ੍ਹੀਂ ਦਿਨੀਂ ਹੀ ਸੰਨ 1924 ਵਿਚ ਦੀਵਾਨ ਸਿੰਘ ਮਫ਼ਤੂਨ ਨੇ ਦਿੱਲੀ ਤੋਂ ਉਰਦੂ ਪੱਤਰਕਾਰੀ ਦਾ ਇੱਕ ਸ਼ਾਹਕਾਰ ਅਖ਼ਬਾਰ 'ਰਿਆਸਤ' ਕੱਢਿਆ ਜਿਸ ਦੇ ਚਰਚੇ ਲੰਡਨ ਦੀ 'ਫਲੀਟ ਸਟਰੀਟ' ਤੱਕ ਸਨ। ਇਸ ਅਖ਼ਬਾਰ ਦੇ ਕਾਲਮਾਂ ਰਾਹੀਂ ਮਫ਼ਤੂਨ ਨੇ ਨਾ ਕੇਵਲ ਰਿਆਸਤਾਂ 'ਚ ਪਰਜਾ ਨਾਲ ਹੁੰਦੀ ਧੱਕੇਸ਼ਾਹੀ ਬਾਰੇ ਦੱਸਿਆ ਸਗੋਂ ਸ਼ਾਹੀ ਪਰਿਵਾਰਾਂ ਅੰਦਰ ਚੱਲ ਰਹੀ ਖ਼ਾਨਾਜੰਗੀ ਨੂੰ ਵੀ ਉਜਾਗਰ ਕਰਦੇ ਰਹੇ।

ਉਰਦੂ ਪੱਤਰਕਾਰੀ ਦੇ ਖੇਤਰ ਦੀ ਅਜ਼ੀਮ ਸ਼ਖ਼ਸੀਅਤ ਦੀਵਾਨ ਸਿੰਘ ਮਫ਼ਤੂਨ ਦਾ ਜਨਮ ਉਨ੍ਹਾਂ ਸਮਿਆਂ 'ਚ 'ਸ਼ਿਰਾਜ-ਏ-ਹਿੰਦ' ਅਖਵਾਉਂਦੇ ਜ਼ਿਲ੍ਹੇ ਗੁੱਜਰਾਂਵਾਲਾ ਦੇ ਸ਼ਹਿਰ ਹਾਫ਼ਿਜ਼ਾਬਾਦ 'ਚ ਹੋਇਆ। ਦੀਵਾਨ ਸਿੰਘ ਦੀ ਵਿੱਦਿਅਕ ਯੋਗਤਾ ਬਹੁਤੀ ਨਹੀਂ ਸੀ। ਪਿਤਾ ਦੀ ਬੇਵਕਤੀ ਮੌਤ ਅਤੇ ਆਰਥਿਕ ਮਜਬੂਰੀਆਂ ਕਾਰਨ ਉਹ ਪੰਜ ਜਮਾਤਾਂ ਹੀ ਪੜ੍ਹ ਸਕੇ। ਪੜ੍ਹਨ-ਲਿਖਣ ਦੇ ਜਨੂੰਨ ਅਤੇ ਜੀਵਨ ਭਰ ਦੀ ਘਾਲਣਾ ਸਦਕਾ ਹੀ ਉਹ ਉਰਦੂ ਪੱਤਰਕਾਰੀ ਦੀਆਂ ਪਹਿਲੀਆਂ ਸਫ਼ਾਂ 'ਚ ਆ ਗਏ। ਅਬੋਹਰ ਵਿਖੇ ਕੰਪਾਊਂਡਰ ਵਜੋਂ ਨੌਕਰੀ ਸ਼ੁਰੂ ਕਰਨ ਮਗਰੋਂ ਉਨ੍ਹਾਂ ਨੂੰ ਉਰਦੂ ਸਾਹਿਤ ਅਤੇ ਭਾਸ਼ਾ ਦੀ ਅਜਿਹੀ ਚੇਟਕ ਲੱਗੀ ਕਿ ਆਪਣੀ ਛੇ ਰੁਪਏ ਮਹੀਨਾ ਤਨਖ਼ਾਹ ਵਿਚੋਂ ਇੱਕ ਰੁਪਿਆ ਉਰਦੂ ਦੇ ਰਸਾਲਿਆਂ ਅਤੇ ਅਖ਼ਬਾਰਾਂ 'ਤੇ ਖ਼ਰਚ ਦਿੰਦੇ ਸਨ। ਸ਼ਾਇਦ ਹੀ ਉਸ ਵੇਲੇ ਉਰਦੂ ਦਾ ਕੋਈ ਅਜਿਹਾ ਪਰਚਾ ਜਾਂ ਰਸਾਲਾ ਹੋਵੇਗਾ ਜਿਸ ਦਾ ਉਨ੍ਹਾਂ ਅਧਿਐਨ ਨਾ ਕੀਤਾ ਹੋਵੇ।

ਦੀਵਾਨ ਸਿੰਘ ਮਫ਼ਤੂਨ ਦੇ ਮੈਡੀਕਲ ਖੇਤਰ 'ਚੋਂ ਪੱਤਰਕਾਰੀ ਵੱਲ ਆਉਣ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਅਬੋਹਰ ਅਤੇ ਮੋਗਾ 'ਚ ਮੈਡੀਕਲ ਪ੍ਰੈਕਟਿਸ ਕਰਨ ਮਗਰੋਂ ਉਨ੍ਹਾਂ ਨੇ ਮਾਨਸਾ ਵਿਖੇ ਅੱਖਾਂ ਦਾ ਹਸਪਤਾਲ ਖੋਲ੍ਹਿਆ ਜਿੱਥੇ ਮੋਤੀਆ ਬਿੰਦ ਦੇ ਕਈ ਸਫ਼ਲ ਆਪ੍ਰੇਰਸ਼ਨ ਕੀਤੇ। ਇਸ ਹਸਪਤਾਲ ਤੋਂ ਉਨ੍ਹਾਂ ਨੂੰ ਤਿੰਨ-ਚਾਰ ਸੌ ਰੁਪਏ ਮਹੀਨਾ ਕਮਾਈ ਸੀ। ਇੱਕ ਦਿਨ ਖ਼ਾਲਸਾ ਅਖ਼ਬਾਰ 'ਚ ਮਫ਼ਤੂਨ ਦੇ ਛਪੇ ਲੇਖ ਤੋਂ ਪ੍ਰਭਾਵਿਤ ਹੋ ਕੇ ਅਖ਼ਬਾਰ ਦੇ ਮੈਨੇਜਰ ਭਾਈ ਮੂਲ ਸਿੰਘ ਨੇ ਉਨ੍ਹਾਂ ਨੂੰ ਸੱਠ ਰੁਪਏ ਮਹੀਨਾ ਤਨਖ਼ਾਹ 'ਤੇ ਖ਼ਾਲਸਾ ਅਖ਼ਬਾਰ ਸੰਪਾਦਿਤ ਕਰਨ ਦੀ ਪੇਸ਼ਕਸ਼ ਕੀਤੀ। ਚਿੱਠੀ ਮਿਲਣ 'ਤੇ ਉਹ ਹੱਦੋਂ ਪਰ੍ਹੇ ਖ਼ੁਸ਼ ਹੋਏ ਪਰ ਇੱਕ ਸਫ਼ਲ ਕਿੱਤੇ ਤੋਂ ਦੂਜੇ ਅਨਿਸ਼ਚਿਤ ਕਿੱਤੇ ਵੱਲ ਜਾਣ ਦੀ ਦੁਚਿੱਤੀ ਨੇ ਉਨ੍ਹਾਂ ਨੂੰ ਬੇਹਾਲ ਕਰ ਦਿੱਤਾ। ਆਖ਼ਰ ਆਪਣੇ ਇੱਕ ਸ਼ੁਭ ਚਿੰਤਕ ਭਗਤ ਲਕਸ਼ਮਨ ਸਿੰਘ ਦੇ ਕਹਿਣ 'ਤੇ ਉਨ੍ਹਾਂ ਭਾਈ ਮੂਲ ਸਿੰਘ ਦੀ ਪੇਸ਼ਕਸ਼ ਸਵੀਕਾਰ ਕਰ ਲਈ। ਮਫ਼ਤੂਨ ਦੀ ਲੇਖਣੀ ਲੋਹਾ ਸੀ, ਪਰ ਪੱਤਰਕਾਰੀ ਦੇ ਤਜਰਬੇ ਦੀ ਕਮੀ ਅਤੇ ਕਾਨੂੰਨ ਤੋਂ ਅਣਜਾਣ ਹੋਣ ਕਾਰਨ ਉਨ੍ਹਾਂ ਦੀਆਂ ਲਿਖਤਾਂ ਜਲਦ ਹੀ ਅਖ਼ਬਾਰ ਲਈ



ਮੁਕੱਦਮਿਆਂ 'ਚ ਫਸਣ ਦਾ ਕਾਰਨ ਬਣ ਗਈਆਂ। ਚਾਰ ਮਹੀਨੇ ਦੀ ਨੌਕਰੀ ਮਗਰੋਂ ਉਨ੍ਹਾਂ ਨੂੰ ਅਖ਼ਬਾਰ ਤੋਂ ਵੱਖ ਕਰ ਦਿੱਤਾ ਗਿਆ। ਮਹੀਨੇ ਦੇ ਸੈਂਕੜੇ ਰੁਪਏ ਕਮਾਉਣ ਵਾਲੇ ਦੀਵਾਨ ਸਿੰਘ ਇਕਦਮ ਵਿਹਲੇ ਹੋ ਗਏ, ਪਰ ਉਹ ਨਾਉਮੀਦ ਨਾ ਹੋਏ। ਕਿਸੇ ਮਿੱਤਰ ਦੀ ਸਲਾਹ 'ਤੇ ਉਨ੍ਹਾਂ ਉਸ ਵੇਲੇ ਦੀ ਉਰਦੂ ਪੱਤਰਕਾਰੀ ਦੇ ਸਿਖ਼ਰ ਮੰਨੇ ਜਾਂਦੇ 'ਹਮਦਮ' ਅਖ਼ਬਾਰ ਦੇ ਸੰਪਾਦਕ ਸੱਯਦ ਜਾਲਬ ਨੂੰ ਗੁਰੂ ਧਾਰਨ ਦੀ ਠਾਣ ਲਈ। ਸੱਯਦ ਜਾਲਬ ਨੂੰ ਕਈ ਖ਼ਤ ਲਿਖ, ਮਾਮੂਲੀ ਤਨਖ਼ਾਹ 'ਤੇ ਕੰਮ ਕਰਨ ਦੀਆਂ ਬੇਨਤੀਆਂ ਭੇਜੀਆਂ, ਪਰ ਜਾਲਬ ਵੱਲੋਂ ਕੋਈ ਜਵਾਬ ਨਾ ਆਇਆ। ਅਖੀਰ ਮਫ਼ਤੂਨ ਹੋਰੀਂ ਰੇਲਗੱਡੀ ਚੜ੍ਹ ਸਿੱਧਾ ਲਖਨਊ 'ਚ 'ਹਮਦਮ' ਦੇ ਦਫ਼ਤਰ ਪਹੁੰਚ ਗਏ, ਪਰ ਜਾਲਬ ਨੇ ਫਿਰ ਵੀ ਉਨ੍ਹਾਂ ਨਾਲ ਹੌਸਲਾ-ਵਧਾਊ ਸਲੂਕ ਨਾ ਕੀਤਾ ਅਤੇ ਅਸਾਮੀ ਨਾ ਹੋਣ ਕੀ ਗੱਲ ਆਖ ਕੇ ਪੱਲਾ ਝਾੜ ਦਿੱਤਾ। ਪੱਤਰਕਾਰੀ ਲਈ ਸ਼ੈਦਾਈ ਹੋਏ ਮਫ਼ਤੂਨ ਨੇ ਇਹ ਜਵਾਬ ਮਿਲਣ 'ਤੇ ਵੀ ਹਾਰ ਨਾ ਮੰਨੀ ਅਤੇ ਮੁਫ਼ਤ 'ਚ ਨੌਕਰੀ ਕਰਨ ਦੀ ਪੇਸ਼ਕਸ਼ ਕਰ ਦਿੱਤੀ। ਸਵੇਰੇ ਉਹ ਅਖ਼ਬਾਰ 'ਚ ਕੰਮ ਕਰਦੇ ਅਤੇ ਰਾਤ ਨੂੰ ਕਿਸੇ ਦਵਾਈਆਂ ਦੀ ਦੁਕਾਨ 'ਤੇ ਗੁਜ਼ਰੇ ਲਈ 15 ਰੁਪਏ ਮਹੀਨਾ 'ਤੇ ਨੌਕਰੀ ਕਰਦੇ। ਇਸ ਤਰ੍ਹਾਂ ਉਨ੍ਹਾਂ ਨੇ ਪੱਤਰਕਾਰੀ ਦੀਆਂ ਬਾਰੀਕੀਆਂ ਨੂੰ ਬੜੀ ਲਗਨ ਨਾਲ ਆਪਾ ਤਿਆਗ ਕੇ ਸਿੱਖਿਆ।

ਅਖ਼ਬਾਰ 'ਰਿਆਸਤ' ਵਿਚ ਹਰ ਹਫ਼ਤੇ ਦੋ ਕਾਲਮ 'ਨਾਕਾਬਿਲੇ ਫ਼ਰਾਮੋਸ਼' (ਜਿਹੜਾ ਮਫ਼ਤੂਨ ਦੀ ਨਿੱਜੀ ਜ਼ਿੰਦਗੀ ਦੇ ਤਜ਼ਰਬਿਆਂ 'ਤੇ ਆਧਾਰਿਤ ਸੀ) ਅਤੇ 'ਜਜ਼ਬਾਤੇ ਮਸ਼ਰਿਕ' (ਜਿਹੜਾ ਉਰਦੂ ਸਾਹਿਤ ਨਾਲ ਸਬੰਧਿਤ ਸੀ) ਛਪਦੇ ਸਨ। ਇਨ੍ਹਾਂ ਕਾਲਮਾਂ ਨੂੰ ਬਾਅਦ ਵਿਚ ਕਿਤਾਬ ਦੇ ਰੂਪ 'ਚ ਵੀ ਛਾਪਿਆ ਗਿਆ। 'ਨਾਕਾਬਿਲੇ ਫ਼ਰਾਮੋਸ਼' ਉਨ੍ਹਾਂ ਦੀ ਆਤਮਕਥਾ ਹੈ। ਇਸ ਕਿਤਾਬ ਦਾ ਪੰਜਾਬੀ ਵਿਚ ਉਲਥਾ ਨਵਯੁਗ ਪਬਲਿਸ਼ਰਜ਼ ਦਿੱਲੀ ਨੇ ਛਾਪਿਆ ਹੈ। ਅਜੋਕੇ ਜ਼ਮਾਨੇ 'ਚ ਖੋਜੀ ਪੱਤਰਕਾਰੀ ਦੀ ਜਾਚ ਸਿੱਖਣ ਲਈ ਇਸ ਆਤਮਕਥਾ ਤੋਂ ਬਿਹਤਰ ਕੋਈ ਹੋਰ ਸੋਮਾ ਨਹੀਂ ਹੋ ਸਕਦਾ।

ਆਪਣੀਆਂ ਤਿੱਖੀਆਂ ਲਿਖਤਾਂ ਸਦਕਾ ਉਨ੍ਹਾਂ ਨੇ ਆਮ ਜਨਤਾ 'ਚ ਹਰਮਨ ਪਿਆਰਤਾ ਖੱਟੀ ਅਤੇ ਰਜਵਾੜਿਆਂ ਦਾ ਵੈਰ ਵੀ ਖ਼ੂਬ ਕਮਾਇਆ। ਇਨ੍ਹਾਂ ਰਾਜਿਆਂ ਦੀਆਂ ਨਾਰਾਜ਼ਗੀਆਂ ਕਾਰਨ ਉਨ੍ਹਾਂ ਨੂੰ 15 ਵਾਰ ਗ੍ਰਿਫ਼ਤਾਰ ਹੋਣਾ ਅਤੇ ਅੱਠ ਵਾਰ ਜੇਲ੍ਹ ਜਾਣਾ ਪਿਆ। ਭੋਪਾਲ ਦੇ ਨਵਾਬ

*(ਬਾਕੀ ਅਗਲੇ ਸਫੇ 'ਤੇ)*

# 'ਪਦਮ ਸ਼੍ਰੀ' ਨਾ਼ਲ ਸਨਮਾਨਿਤ ਪੰਜਾਬੀ ਕਲਾਕਾਰ- ਪ੍ਰਾਣ ਸੱਭਰਵਾਲ

ਇਸ ਸਾਲ, ਭਾਰਤ ਸਰਕਾਰ ਵਲੋਂ 2024 ਦੇ ਗਣਤੰਤਰ ਦਿਵਸ 'ਤੇ ਦੋ ਪੰਜਾਬੀ ਸ਼ਖਸੀਅਤਾਂ, ਪਟਿਆਲਾ-ਨਿਵਾਸੀ ਸ੍ਰੀ ਪ੍ਰਾਣ ਸੱਭਰਵਾਲ ਅਤੇ ਲੁਧਿਆਣਾ-ਨਿਵਾਸੀ ਬੀਬੀ ਨਿਰਮਲ ਰਿਸ਼ੀ ਜੀ,

**ਇੰਜ. ਈਸ਼ਰ ਸਿੰਘ**
**ਫੋਨ: +1-647-640-2014**

ਨੂੰ ਪਦਮ ਸ਼੍ਰੀ ਪੁਰਸਕਾਰ ਨਾ਼ਲ ਸਨਮਾਨਿਤ ਕੀਤਾ ਗਿਆ ਹੈ। ਇਹ ਦੋਨੋਂ ਕਲਾ (ਆਰਟ) ਦੇ ਖੇਤਰ ਨਾ਼ਲ ਜੁੜੀਆਂ ਸਤਿਕਾਰ-ਯੋਗ ਹਸਤੀਆਂ ਹਨ। 'ਅੜਬ ਬੇਬੇ' ਦੇ ਨਾਓਂ ਨਾ਼ਲ ਹਰਮਨ-ਪਿਆਰੀ ਹੋ ਚੁੱਕੀ ਬੀਬੀ ਨਿਰਮਲ ਰਿਸ਼ੀ ਨੂੰ ਲੱਗ-ਭੱਗ ਸਾਰੇ ਪੰਜਾਬੀ ਜਾਣਦੇ ਹਨ, ਕਿਉਂਕਿ ਓਹ ਬਹੁਤ ਸਾਰੀਆਂ ਪੰਜਾਬੀ ਫਿਲਮਾਂ 'ਚ ਦਮਦਾਰ ਭੂਮਿਕਾ ਨਿਭਾ ਚੁੱਕੇ ਹਨ। ਪਰ ਪ੍ਰਾਣ ਸੱਭਰਵਾਲ ਜੀ ਬਾਰੇ ਇੰਨੀ ਚਰਚਾ ਨਹੀਂ। ਇਸ ਦਾ ਕਾਰਨ ਇਹ ਹੈ ਕਿ ਪ੍ਰਾਣ ਜੀ ਘੱਟ ਚਮਕ-ਦਮਕ ਵਾ਼ਲੇ ਥੀਏਟਰ (ਨਾਟਕ) ਖੇਤਰ ਨਾ਼ਲ ਜੁੜੇ ਹੋਏ ਹਨ, ਭਾਵੇਂ ਕਿ ਓਹ ਵੀ 'ਚੰਨ ਪਰਦੇਸੀ' ਸਣੇ ਕਈ ਪੰਜਾਬੀ ਫਿਲਮਾਂ ਵਿਚ ਅਹਿਮ ਚਰਿੱਤਰ-ਰੋਲ ਕਰ ਚੁੱਕੇ ਹਨ। ਨਾਟਕ-ਕਲਾ ਮਨੋਰੰਜਨ ਦੇ ਮਾਧਿਅਮ ਰਾਹੀਂ ਸਮਾਜ ਦੇ ਕਿਸੇ ਜ਼ਰੂਰੀ ਮੁੱਦੇ ਨੂੰ ਉਜਾਗਰ ਕਰਦੀ ਹੈ ਅਤੇ ਦਰਸ਼ਕਾਂ ਨੂੰ ਲੋੜੀਂਦੀ ਕਾਰਵਾਈ ਲਈ ਪ੍ਰੇਰਿਤ ਕਰਦੀ ਹੈ। ਇਸ ਖੇਤਰ 'ਚ ਕੀਤੀਆਂ ਆਪਣੀਆਂ ਵੱਡੀਆਂ ਪ੍ਰਾਪਤੀਆਂ ਸਦਕਾ ਹੀ ਪ੍ਰਾਣ ਸਾਹਿਬ ਇਸ ਪੁਰਸਕਾਰ ਦੇ ਹੱਕਦਾਰ ਬਣੇ।

ਇਸ ਪੁਰਸਕਾਰ ਦੀ ਵਡਿਆਈ ਅਤੇ ਸ਼ਾਨ ਨੂੰ ਸਮਝਣ ਲਈ ਇਸ ਤਰ੍ਹਾਂ ਦੇ ਸਾਰੇ ਪੁਰਸਕਾਰਾਂ ਬਾਰੇ ਸੰਖੇਪ ਜਾਣਕਾਰੀ ਬਹੁਤ ਸਹਾਈ ਹੋਵੇਗੀ। ਭਾਰਤ ਦੇ ਚਾਰ ਸਰਬ-ਉੱਚ ਨਾਗਰਿਕ ਪੁਰਸਕਾਰ (ਸਨਮਾਨ) ਹਨ:

ਪਹਿਲਾ ਭਾਰਤ ਰਤਨ
ਦੂਜਾ ਪਦਮ ਵਿਭੂਸ਼ਨ
ਤੀਜਾ ਪਦਮ ਭੂਸ਼ਨ ਅਤੇ
ਚੌਥਾ ਪਦਮ ਸ਼੍ਰੀ

ਸਾਡੀਆਂ ਰੱਖਿਆ-ਸੇਵਾਵਾਂ ਦੇ ਸਨਮਾਨ ਇਨ੍ਹਾਂ ਤੋਂ ਅੱਡ ਹਨ ਪਰ ਇਨ੍ਹਾਂ ਸੇਵਾਵਾਂ ਦੇ ਅਧਿਕਾਰੀਆਂ ਨੂੰ ਵੀ ਅਤੀ-ਸ੍ਰੇਸ਼ਟ ਪ੍ਰਾਪਤੀਆਂ ਲਈ ਇਹ ਸਨਮਾਨ ਮਿਲ ਸਕਦੇ ਹਨ। ਉਦਾਹਰਣ ਵਜੋਂ 'ਮਾਰਸ਼ਲ ਔਫ ਆਈ ਏ ਐਫ' ਅਰਜਨ ਸਿੰਘ, ਜਨਰਲ ਹਰਬਖਸ਼ ਸਿੰਘ ਅਤੇ ਜਨਰਲ ਬਿਪਿਨ ਰਾਵਤ ਨੂੰ ਪਦਮ ਵਿਭੂਸ਼ਨ ਨਾ਼ਲ ਸਨਮਾਨਿਆ ਜਾ ਚੁੱਕਿਆ ਹੈ।

1954 ਤੋਂ ਸ਼ੁਰੂ ਹੋਏ ਇਨ੍ਹਾਂ ਸਨਮਾਨਾਂ ਦਾ ਐਲਾਨ ਹਰ ਸਾਲ ਗਣਤੰਤਰ ਦਿਵਸ ਮੌਕੇ ਕੀਤਾ ਜਾਂਦਾ ਹੈ ਅਤੇ ਇਹ ਵੱਖ-ਵੱਖ ਵਿਸ਼ਿਆਂ ਅਤੇ ਕਾਰਵਾਈਆਂ ਦੇ ਖੇਤਰਾਂ ਵਿਚ ਕੀਤੇ 'ਬੇ-ਮਿਸਾਲ ਸ਼ਾਨਦਾਰ' ਕੰਮਾਂ ਲਈ ਦਿੱਤੇ ਜਾਂਦੇ ਹਨ। ਜਿਵੇਂ ਕਿ: ਕਲਾ, ਸਮਾਜਿਕ-ਕਾਰਜ, ਪਬਲਿਕ-ਮਾਮਲੇ, ਵਿਗਿਆਨ ਅਤੇ ਇੰਜਨੀਅਰਿੰਗ, ਵਪਾਰ ਅਤੇ ਉਦਯੋਗ, ਮੈਡੀਸਿਨ, ਸਾਹਿਤ ਅਤੇ ਸਿੱਖਿਆ, ਖੇਡਾਂ, ਸਿਵਲ ਸੇਵਾਵਾਂ ਆਦਿ ਦੇ ਖੇਤਰਾਂ 'ਚ। ਇਹ, ਸਨਮਾਨ-ਪ੍ਰਾਪਤ ਹਸਤੀ ਦੇ ਅਥਾਹ ਸੇਵਾ-ਭਾਵ ਅਤੇ ਉਸ ਵਲੋਂ ਕੀਤੀ ਉੱਚਤਮ ਨਿਸ਼ਕਾਮ ਸਮਾਜ-ਭਲਾਈ ਦੇ ਪਰਤੱਖ ਅਤੇ ਸਦੀਵੀ ਪ੍ਰਤੀਕ ਹਨ। ਇਨ੍ਹਾਂ ਸਨਮਾਨਾਂ ਨਾ਼ਲ ਭਾਵੇਂ ਕੋਈ ਮਾਇਕ ਲਾਭ ਨਹੀਂ ਮਿਲਦਾ ਪਰ ਇਨ੍ਹਾਂ ਕਰਕੇ ਬਹੁਤ ਸਮਾਜਿਕ ਇੱਜ਼ਤ ਅਤੇ ਕਈ ਸਰਕਾਰੀ ਸਹੂਲਤਾਂ ਮਿਲ ਜਾਂਦੀਆਂ ਹਨ। ਸਾਰੇ ਭਾਰਤੀ ਇਨ੍ਹਾਂ ਸਨਮਾਨਾਂ ਲਈ ਯੋਗ ਹਨ ਭਾਵੇਂ ਉਨ੍ਹਾਂ ਦਾ ਕੋਈ ਧਰਮ, ਕਿੱਤਾ, ਸਥਾਨ ਜਾਂ ਲਿੰਗ ਹੋਵੇ। ਪਰ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ - ਛੁੱਟ ਡਾਕਟਰਾਂ ਅਤੇ ਵਿਗਿਆਨੀਆਂ ਤੋਂ - ਇਨ੍ਹਾਂ ਦੇ ਹੱਕਦਾਰ ਨਹੀਂ।

ਭਾਰਤੀ ਨਾਗਰਿਕਾਂ ਤੋਂ ਇਲਾਵਾ, ਇਹ ਹੋਰਾਂ ਦੇਸ਼ਾਂ 'ਚ ਵਸਦੇ ਭਾਰਤੀ ਮੂਲ ਦੇ ਨਾਗਰਿਕਾਂ ਅਤੇ ਵਸਨੀਕਾਂ ਅਤੇ ਹੋਰ ਦੇਸ਼ਾਂ ਦੇ ਮੂਲ ਨਾਗਰਿਕਾਂ ਨੂੰ ਵੀ ਪਰਦਾਨ ਕੀਤੇ ਜਾ ਸਕਦੇ ਹਨ। ਖਾਸ ਹਾਲਾਤਾਂ 'ਚ ਇਹ ਮਰਨ-ਉਪਰੰਤ ਵੀ ਦਿੱਤੇ ਜਾ ਸਕਦੇ ਹਨ ਪਰ ਬਹੁਤ ਘੱਟ। ਜ਼ਰੂਰੀ ਨਹੀਂ ਕਿ ਇਹ ਹਰ ਸਾਲ ਹੀ ਦਿੱਤੇ ਜਾਣ, ਜਿਵੇਂ ਕਿ ਭਾਰਤ ਰਤਨ ਦੇ ਸਨਮਾਨ 2019 ਤੋਂ ਬਾਅਦ ਹੁਣ 2024 'ਚ ਆ ਕੇ ਪੰਜ ਹਸਤੀਆਂ ਨੂੰ ਪਰਦਾਨ ਕੀਤੇ ਗਏ ਹਨ ਜੋ ਇੱਕ ਰਿਕਾਰਡ ਗਿਣਤੀ ਹੈ। ਜ਼ਿਕਰਯੋਗ ਹੈ ਕਿ ਸਨਮਾਨ ਪ੍ਰਾਪਤ ਕਰ ਚੁੱਕੀ ਕਿਸੇ ਵੀ ਹਸਤੀ ਨੂੰ ਬਾਅਦ 'ਚ ਪਹਿਲੇ ਤੋਂ ਵੱਡਾ ਸਨਮਾਨ ਵੀ ਪਰਦਾਨ ਕੀਤਾ ਜਾ ਸਕਦਾ ਹੈ। ਪਰ ਇਹ ਕਿਸੇ ਅਹੁਦੇ ਜਾਂ ਰੁਤਬੇ ਵਾਂਗ ਆਪਣੇ ਨਾਉਂ ਨਾ਼ਲ ਅਗੇਤਰ ਜਾਂ ਪਿਛੇਤਰ ਦੇ ਤੌਰ 'ਤੇ ਨਹੀਂ ਵਰਤੇ ਜਾ ਸਕਦੇ। ਪੰਜਾਬ ਹੁਣ ਤੱਕ ਸਾਰੇ ਖੇਤਰਾਂ 'ਚ 89 ਪਦਮ ਸ਼੍ਰੀ ਖਿਤਾਬ ਪ੍ਰਾਪਤ ਕਰ ਚੁੱਕਿਆ ਹੈ। ਇਨ੍ਹਾਂ ਵਿੱਚੋਂ 13 ਕਲਾ (ਆਰਟ) ਦੇ ਖੇਤਰ ਨਾ਼ਲ ਜੁੜੀਆਂ ਸ਼ਖਸੀਅਤਾਂ ਨੂੰ ਮਿਲੇ ਹਨ ਜਿਨ੍ਹਾਂ 'ਚੋਂ ਕੁਛ ਜਾਣੇ-ਪਛਾਣੇ ਨਾਓਂ ਹਨ: ਬਲਰਾਜ ਸਾਹਨੀ, ਮੁਹੰਮਦ ਰਫ਼ੀ, ਪੂਰਨ ਚੰਦ ਵਡਾ਼ਲੀ, ਹੰਸ ਰਾਜ ਹੰਸ।



ਉਪਰੋਕਤ ਵਿਚਾਰ ਤੋਂ ਸਮਝ ਆ ਜਾਂਦੀ ਹੈ ਕਿ ਪਦਮ ਸ਼੍ਰੀ ਦਾ ਸਨਮਾਨ ਪ੍ਰਾਪਤ ਕਰ ਕੇ ਪ੍ਰਾਣ ਸੱਭਰਵਾਲ ਨੇ ਕਿੰਨਾ ਉੱਚਾ ਰੁਤਬਾ ਹਾਸਿਲ ਕਰ ਲਿਆ ਹੈ। ਪਰ ਇਸ ਲੇਖ ਵਿਚ ਉਨ੍ਹਾਂ ਦੀਆਂ ਆਪਣੇ ਖੇਤਰ ਦੀਆਂ ਪ੍ਰਾਪਤੀਆਂ, ਉਨ੍ਹਾਂ ਨੂੰ ਮਿਲੀਆਂ ਉਪਾਧੀਆਂ ਅਤੇ ਫੈਲੋਸ਼ਿਪਾਂ, ਮਿਲ ਚੁੱਕੇ ਅਣਗਿਣਤ ਸੂਬਾਈ, ਕੌਮੀ ਅਤੇ ਕੌਮਾਂਤਰੀ ਇਨਾਮਾਂ ਅਤੇ ਮਾਨਾਂ-ਸਨਮਾਨਾਂ ਦੀਆਂ ਗਿਣਤੀਆਂ ਜਾਂ ਵੇਰਵੇ ਨਹੀਂ ਦਿੱਤੇ ਜਾ ਰਹੇ। ਨਾ ਹੀ ਇਸ ਵਿਚ ਅਮਰੀਕਾ, ਕੈਨੇਡਾ ਸਣੇ ਦਰਜਨ ਤੋਂ ਵੱਧ ਦੇਸ਼ਾਂ ਦੀਆਂ ਉਨ੍ਹਾਂ ਦੀਆਂ ਫੇਰੀਆਂ ਜਾਂ ਗੁਰਦਾਸ ਮਾਨ ਵਰਗੇ ਉਨ੍ਹਾਂ ਦੇ ਸ਼ਾਗਿਰਦਾਂ ਦੀ ਲਿਸਟ ਦਿੱਤੀ ਜਾ ਰਹੀ ਹੈ। ਸਪਸ਼ਟ ਹੈ ਕਿ ਇਹ ਵੇਰਵੇ ਬਹੁਤ ਜ਼ਿਆਦਾ ਅਤੇ ਲਿਸਟਾਂ ਬਹੁਤ ਲੰਬੀਆਂ ਹਨ। ਉਨ੍ਹਾਂ ਦੀ ਸਭ ਸਿਫਤ-ਸਲਾਹ ਇਸ ਗੱਲ 'ਚ ਆ ਜਾਂਦੀ ਹੈ ਕਿ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਇਹ ਸਨਮਾਨ ਦਿੱਤਾ ਹੈ ਜੋ ਉਨ੍ਹਾਂ ਦਾ ਆਪਣੇ ਖੇਤਰ 'ਚ ਟੀਸੀ 'ਤੇ ਪਹੁੰਚਣ ਦਾ ਪਰਤੱਖ ਪਰਮਾਣ ਹੈ। ਇਹ ਪੀੜ੍ਹੀਆਂ ਤੱਕ ਉਨ੍ਹਾਂ ਦੇ ਖ਼ਾਨਦਾਨ ਕੋਲ ਯਾਦਗਾਰੀ ਚਿੰਨ੍ਹ ਵਜੋਂ ਮਹਿਫੂਜ਼ ਰਹੇਗਾ।

ਆਪਾਂ ਸਾਰੇ ਇਸ ਤਰ੍ਹਾਂ ਦੇ ਸਨਮਾਨ-ਪ੍ਰਾਪਤ ਹੋਰ ਹਸਤੀਆਂ ਦੀਆਂ ਜੀਵਨੀਆਂ ਪੜ੍ਹਦੇ ਅਤੇ ਸੁਣਦੇ ਹਾਂ ਪਰ ਉਨ੍ਹਾਂ ਨਾ਼ਲ ਸਿੱਧੇ ਮੇਲ-ਮਿਲਾਪ ਦਾ ਲਾਭ ਹੋਰ ਵੀ ਵੱਧ ਹੁੰਦਾ ਹੈ। ਬਿਜਲੀ ਬੋਰਡ 'ਚ ਆਪਣੇ ਸੇਵਾ-ਕਾਲ ਦੌਰਾਨ ਮੈਨੂੰ ਉਨ੍ਹਾਂ ਨਾ਼ਲ ਨਿਜੀ ਅਤੇ ਵਿਭਾਗੀ ਕੰਮਾਂ ਕਰ ਕੇ ਮਿਲਣ ਦਾ ਮੌਕਾ ਮਿਲਦਾ ਰਹਿੰਦਾ ਸੀ। ਅੱਜ ਮੈਂ ਇਸ ਮੇਲ-ਮਿਲਾਪ ਨੂੰ ਕੁਦਰਤ ਵਲੋਂ ਮਿਲਿਆ ਇੱਕ ਵਿਸ਼ੇਸ਼ ਮੌਕਾ ਸਮਝਦਾ ਹਾਂ। ਮੈਨੂੰ ਜਿੱਥੇ ਉਨ੍ਹਾਂ ਨੂੰ ਇਸ ਸਨਮਾਨ ਦੇ ਮਿਲਣ ਦੀ ਬੇਅੰਤ ਖੁਸ਼ੀ ਹੋਈ ਹੈ ਓਥੇ ਬਹੁਤੀ ਹੈਰਾਨੀ ਵੀ ਨਹੀਂ ਹੋਈ। ਉਨ੍ਹਾਂ ਦੀ ਲਗਨ, ਮਿਹਨਤ ਅਤੇ ਰੰਗ-ਮੰਚ ਪ੍ਰਤੀ ਉਨ੍ਹਾਂ ਦੇ ਅਨਿੰਨ ਸਮਰਪਣ ਨੂੰ ਯਾਦ ਕਰ ਕੇ ਲਗਦਾ ਹੈ ਕਿ ਓਹ ਪੂਰੀ ਤਰ੍ਹਾਂ ਇਸ ਦੇ ਯੋਗ ਸਨ। ਆਪਣੀ ਨਿਸ਼ਕਾਮ ਲਗਨ, ਸਿਰੜ ਅਤੇ ਸਰੀਰਕ ਮੁਸ਼ੱਕਤ ਰਾਹੀਂ ਓਹ ਸਾਰੀ ਉਮਰ ਇਸ ਸਨਮਾਨ ਦੇ ਹੱਕਦਾਰ ਬਣਨ ਦੀ ਤਿਆਰੀ ਕਰਦੇ ਰਹੇ। ਇੰਨਾ ਉੱਚਾ ਸਮਾਜਿਕ ਰੁਤਬਾ ਅਤੇ 94 ਸਾਲ ਦੀ ਉਮਰ ਪ੍ਰਾਪਤ ਕਰ ਚੁੱਕੇ ਪ੍ਰਾਣ ਸਾਹਿਬ ਨੂੰ ਹੋਰ ਮਾਣ-ਸਤਿਕਾਰ ਜਾਂ ਵਡਿਆਈ ਦੀ ਕੋਈ ਚਾਹਨਾ ਨਹੀਂ। ਉਨ੍ਹਾਂ ਨੂੰ ਸਭ ਤੋਂ ਵੱਧ ਅਨੰਦ ਅਤੇ ਤਸੱਲੀ ਇਸ ਗੱਲ 'ਚੋਂ ਮਿਲਦੀ ਹੈ ਕਿ ਕੋਈ ਉਨ੍ਹਾਂ ਦੇ ਜੀਵਨ ਤੋਂ ਸੇਧ ਲੈ ਕੇ ਆਪਣੇ ਜੀਵਨ ਨੂੰ ਸੁਚੱਜਾ ਬਣਾਵੇ। ਉਨ੍ਹਾਂ ਵਲੋਂ ਉਮਰ ਭਰ ਆਪਣੇ ਨਾਟਕਾਂ ਰਾਹੀਂ ਦਿੱਤੇ ਦੇਸ਼-ਭਗਤੀ ਅਤੇ ਸਮਾਜ-ਭਲਾਈ ਦੇ ਹੋਕਿਆਂ ਨੂੰ ਅਮਲ 'ਚ ਲਿਆਵੇ।

ਅਸੀਂ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਦੀਆਂ ਜੀਵਨੀਆਂ ਪੜ੍ਹਦੇ ਅਤੇ ਵਿਚਾਰਦੇ ਹਾਂ ਤਾਂ ਕਿ ਆਪਣੇ ਜੀਵਨ ਨੂੰ ਇਨ੍ਹਾਂ ਅਨੁਸਾਰ ਢਾ਼ਲ ਸਕੀਏ ਅਤੇ ਇਸ ਨੂੰ ਸੁਚੱਜਾ, ਸਫ਼ਲ ਅਤੇ ਸੁਖ-ਮਈ ਬਣਾ ਸਕੀਏ। ਪਰ ਆਪਣਾ ਸਭ ਦਾ ਤਜਰਬਾ ਹੈ ਕਿ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ 'ਚ ਅਸਫਲ ਰਹਿੰਦੇ ਹਾਂ ਅਤੇ ਭੁਲੇਖਾ ਖਾ ਜਾਂਦੇ ਹਾਂ ਕਿ ਇਹ ਸਿੱਖਿਆਵਾਂ ਵਿਹਾਰਕ ਨਹੀਂ, ਇਨ੍ਹਾਂ 'ਤੇ ਅਮਲ ਕਰਨਾ ਸੰਭਵ ਨਹੀਂ। ਪਰ ਜਦ ਸਾਡੇ ਵਰਗਾ ਕੋਈ ਸੱਜਣ, ਸਾਡੇ ਵਰਗੇ ਮਾਹੌਲ 'ਚ ਰਹਿੰਦਾ ਹੋਇਆ ਆਪਣੀ ਮਿਹਨਤ, ਲਗਨ ਅਤੇ ਸਕਾਰਾਤਮਕ ਸੋਚ ਰਾਹੀਂ ਜੀਵਨ 'ਚ ਸਫਲ ਹੁੰਦਾ ਹੈ ਤਾਂ ਸਾਡਾ ਮਨ ਸਥਿਰ ਹੋ ਜਾਂਦਾ ਹੈ ਅਤੇ ਹੌਂਸਲਾ ਫੜ ਲੈਂਦਾ ਹੈ। ਸਾਡਾ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ 'ਤੇ ਭਰੋਸਾ ਬੱਝ ਜਾਂਦਾ ਹੈ ਅਤੇ ਅਸੀਂ ਵੀ ਸੁਚੱਜੇ ਜੀਵਨ ਲਈ ਪੁਰ-ਜ਼ੋਰ ਉਪਰਾਲੇ ਕਰਨ ਲੱਗ ਜਾਂਦੇ ਹਾਂ। ਕਹਿ ਸਕਦੇ ਹਾਂ ਕਿ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਫ਼ੌਰੀ ਤੌਰ 'ਤੇ ਸਾਨੂੰ ਓਨਾ ਲਾਭ ਨਹੀਂ ਦੇ ਸਕਦੀਆਂ ਜਿੰਨਾ ਸਾਡੇ 'ਚ, ਸਾਡੇ ਵਾਂਗੂੰ ਵਿਚਰ ਰਹੇ, ਸਾਡੇ ਵਰਗੇ ਇਨਸਾਨਾਂ ਦੇ ਪਰਤੱਖ ਜੀਵਨ ਦੇ ਸਕਦੇ ਹਨ। ਮਿ. ਪ੍ਰਾਣ ਸੱਭਰਵਾ਼ਲ ਅਜਿਹੇ ਇਨਸਾਨਾਂ 'ਚੋਂ ਇੱਕ ਹਨ।

ਮਿ. ਸੱਭਰਵਾਲ ਪਰਿਵਾਰਕ ਮਾਹੌਲ ਕਰਕੇ, ਬਚਪਨ ਤੋਂ ਹੀ ਨਾਟਕ ਦੇ ਖੇਤਰ ਨਾ਼ਲ ਜੁੜੇ ਹਨ ਅਤੇ ਉਨ੍ਹਾਂ ਨੂੰ ਇਸ ਲਈ ਅਗਲੀ ਸੇਧ ਅਤੇ ਸਰਪ੍ਰਸਤੀ ਪ੍ਰਿਥਵੀ ਰਾਜ ਕਪੂਰ ਅਤੇ ਐਮ ਐਸ ਰੰਧਾਵਾ ਵਰਗੇ ਮਹਾਨ ਪੰਜਾਬੀਆਂ ਤੋਂ ਮਿਲੀ। ਭਾਵੇਂ ਓਹ ਰੰਗ-ਮੰਚ ਦੇ ਹਰ ਅੰਗ ਅਰਥਾਤ ਰੇਡੀਓ, ਟੀ ਵੀ, ਸਿਨੇਮਾ-ਜਗਤ ਅਤੇ ਥਿਏਟਰ ਨਾ਼ਲ ਜੁੜੇ ਰਹੇ ਹਨ ਪਰ ਥਿਏਟਰ ਉਨ੍ਹਾਂ ਦਾ ਮਨ-ਪਸੰਦ ਵਿਸ਼ਾ ਅਤੇ ਉਨ੍ਹਾਂ ਦੀ ਪ੍ਰਾਥਮਿਕਤਾ ਹੈ। ਓਹ ਸਾਰੀ ਉਮਰ ਦੇਸ਼ ਭਗਤੀ ਦਾ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਲੜਨ ਦਾ ਸੁਨੇਹਾ ਦਿੰਦੇ ਨਾਟਕਾਂ ਨੂੰ ਲਿਖਣ, ਖੇਡਣ ਅਤੇ ਇਨ੍ਹਾਂ ਦਾ ਨਿਰਦੇਸ਼ਨ ਕਰਨ ਲਈ ਯਤਨਸ਼ੀਲ ਰਹੇ ਹਨ। ਓਹ ਬਹੁਤ ਵਧੀਆ ਐਕਟਰ, ਕਲਾਕਾਰ ਅਤੇ ਸਫਲ ਨਿਰਦੇਸ਼ਕ ਅਤੇ ਸਰਪ੍ਰਸਤ ਹਨ ਅਤੇ ਉਮਰ ਅਨੁਸਾਰ ਉਨ੍ਹਾਂ ਨੇ ਨਾਟਕਾਂ 'ਚ ਸਭ ਕਿਸਮ ਦੇ ਰੋਲ ਅਦਾ ਕੀਤੇ ਹਨ। ਉਨ੍ਹਾਂ ਦੀ ਸੁਹਿਰਦਤਾ, ਲਗਨ ਅਤੇ ਮਿਸ਼ਨਰੀ ਵਿਰਤੀ ਦਾ ਹਿਸਾਬ ਇਸ ਗਲੋਂ ਲਾਇਆ ਜਾ ਸਕਦਾ ਹੈ ਕਿ ਓਹ ਹੁਣ ਵੀ ਨੇਮ ਨਾ਼ਲ ਹਰ ਮਹੀਨੇ ਦੇ ਪਹਿਲੇ ਐਤਵਾਰ ਸਵੇਰ ਨੂੰ ਬਾਰਾਂਦਰੀ ਗਾਰਡਨ ਪਟਿਆਲੇ 'ਚ ਨੁੱਕੜ ਨਾਟਕ ਕਰਵਾਉਂਦੇ ਹਨ। ਇਹ ਪ੍ਰੋਗਰਾਮ ਪਿਛਲੇ ਵੀਹ ਸਾਲਾਂ ਤੋਂ ਵੱਧ ਸਮੇਂ ਤੋਂ ਨਿਰੰਤਰ ਚੱਲ ਰਿਹਾ ਹੈ। ਇਸ ਉਮਰ 'ਚ ਵੀ ਓਹ ਆਪਣੇ ਕੰਮ 'ਚ ਪੂਰੇ ਸਰਗਰਮ ਹਨ। ਸਿਹਤ ਪੱਖੋਂ ਚੁਸਤ-ਦਰੁਸਤ, ਦਿਮਾਗੀ ਪੱਖੋਂ ਪੂਰੇ ਚੇਤੰਨ, ਹਾਜ਼ਰ-ਜਵਾਬ ਅਤੇ ਹਸ-ਮੁੱਖ ਹਨ।

ਓਨ੍ਹਾਂ ਨੇ ਲੰਬਾ ਸਮਾਂ ਪੰਜਾਬ ਬਿਜਲੀ ਬੋਰਡ ਦੇ ਲੋਕ ਸੰਪਰਕ ਵਿਭਾਗ 'ਚ ਕੰਮ ਕੀਤਾ ਅਤੇ ਇਸ ਦੇ ਉੱਚ ਅਹੁਦੇ ਤੋਂ ਸੇਵਾ-ਮੁਕਤ ਹੋਏ। 1960ਵਿਆਂ 'ਚ ਜਦੋਂ ਬਿਜਲੀ ਬੋਰਡ ਦਾ ਬਹੁਤ ਪਸਾਰ ਹੋਇਆ ਤਾਂ ਉਸ ਵਕਤ ਬਹੁਤ ਅਫਸਰ ਅਤੇ ਹੋਰ ਸਟਾਫ਼ ਭਰਤੀ ਹੋ ਰਿਹਾ ਸੀ। ਓਹ, ਭਰਤੀ ਹੋਣ ਵਾਲੇ ਉਮੀਦਵਾਰਾਂ ਦੀ ਸਹੀ ਅਤੇ ਨਿਰਪੱਖ ਚੋਣ ਕਰਨ ਲਈ ਬਿਜਲੀ ਬੋਰਡ ਦੇ ਪੁਰਾਣੇ ਕਾਇਦੇ-ਕਾਨੂੰਨਾਂ 'ਚ ਸੁਧਾਰ ਕਰ ਕੇ ਸਮੇਂ ਦੇ ਹਾਣੀ ਬਣਾਉਣ 'ਚ, ਉੱਚ ਅਧਿਕਾਰੀਆਂ ਦੇ ਗ਼ੈਰ-ਰਸਮੀ ਸਲਾਹਕਾਰ ਰਹੇ। ਆਪਣੇ ਸਮੇਂ ਦੇ ਹਰ ਵਰਗ ਦੇ ਨਵੇਂ ਅਫਸਰਾਂ ਨੂੰ ਨੈਤਿਕ-ਕਦਰਾਂ ਕੀਮਤਾਂ ਅਨੁਸਾਰ ਢਾ਼ਲਣ ਅਤੇ ਆਪਣੇ ਪਬਲਿਕ-ਜੀਵਨ ਨੂੰ ਸਵੱਛ ਅਤੇ ਸੁਚੱਜਾ ਬਣਾਉਣ ਲਈ ਪ੍ਰੇਰਣਾ-ਸ੍ਰੋਤ ਰਹੇ। ਇਸ ਤਰ੍ਹਾਂ ਬਿਜਲੀ ਬੋਰਡ ਦੇ ਸਮੁੱਚੇ ਅਕਸ ਨੂੰ ਸੁਧਾਰਨ 'ਚ ਉਨ੍ਹਾਂ ਦਾ ਬਹੁਤ ਯੋਗਦਾਨ ਹੈ।

ਸਾਡੀਆਂ ਸਮਾਜਿਕ ਅਤੇ ਸਰਕਾਰੀ ਸੰਸਥਾਵਾਂ ਦੀ ਸਾਂਝੀ ਊਣਤਾਈ ਹੈ: ਆਪਸੀ ਤਾਲ-ਮੇਲ ਅਤੇ ਸੁਰਤਾਲ ਦੀ ਘਾਟ। ਪੰਜਾਬ ਬਿਜਲੀ ਬੋਰਡ ਇਸ ਬੀਮਾਰੀ ਦਾ ਖਾਸ ਸ਼ਿਕਾਰ ਰਿਹਾ ਹੈ। ਇਸ ਦੇ ਤਕਨੀਕੀ, ਆਰਥਿਕ ਅਤੇ ਪ੍ਰਬੰਧਕੀ ਵਿਭਾਗਾਂ ਦੀ ਖਿੱਚੋ-ਤਾਣ ਨਿੱਤ ਦਾ ਦ੍ਰਿਸ਼ ਸੀ। ਮਿ. ਪ੍ਰਾਣ ਸੱਭਰਵਾਲ ਭਾਵੇਂ ਅਹੁਦੇ ਪੱਖੋਂ ਬਹੁਤ ਵੱਡੇ ਨਹੀਂ ਸਨ ਪਰ ਆਪਣੇ ਗੁਣਾਂ ਕਰਕੇ ਉਨ੍ਹਾਂ ਦਾ ਹਰ ਵਿਭਾਗ ਦੇ ਸੀਨੀਅਰ ਅਫਸਰਾਂ ਨਾ਼ਲ ਜਾਣਾ-ਆਉਣਾ ਸੀ ਅਤੇ ਸਭ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਮਹਿਕਮੇ ਅਤੇ ਸਟਾਫ਼ ਦੇ ਹਰ ਵਰਗ ਦੇ ਲਾਭ ਹਿਤ ਵਧੀਆ ਸਲਾਹਾਂ ਲਈ ਸਭ ਉਨ੍ਹਾਂ 'ਤੇ ਨਿਰਭਰ ਸਨ। ਯੂਨੀਅਨਾਂ ਅਤੇ ਅਫਸਰਾਂ ਅਤੇ ਬੋਰਡ ਦੇ ਝਗੜੇ ਆਮ ਵਰਤਾਰਾ ਸਨ। ਆਪਣੇ ਸਬੰਧਾਂ ਅਤੇ ਸਭ ਦੀ ਭਲਾਈ ਦੇ ਹਾਮੀ ਹੋਣ ਦੇ ਨਾਤੇ, ਸਮਝੌਤੇ ਕਰਨ-ਕਰਵਾਉਣ ਲਈ ਓਹ ਹਮੇਸ਼ਾ ਮੰਗ 'ਚ ਰਹਿੰਦੇ ਸਨ। ਸੱਭਰਵਾਲ ਸਾਹਿਬ ਨੇ ਥੀਏਟਰ ਦੀਆਂ ਆਪਣੀਆਂ ਪ੍ਰਾਪਤੀਆਂ ਦਫ਼ਤਰੀ ਡਿਊਟੀਆਂ ਨਿਭਾਉਣ ਦੇ ਨਾ਼ਲ-ਨਾ਼ਲ ਕੀਤੀਆਂ ਹਨ। ਇਸ ਸਨਮਾਨ ਨੂੰ ਪ੍ਰਾਪਤ ਕਰਨ ਦੀ ਸਟੇਜ 'ਤੇ ਪਹੁੰਚਣ ਵਾਸਤੇ ਕੀਤੀ ਘਾਲਣਾ ਸਦਕਾ ਪੈਦਾ ਹੋਏ ਗੁਣਾਂ ਦਾ ਉਨ੍ਹਾਂ ਨੇ ਹੋਰਾਂ ਦੀ ਭਲਾਈ ਲਈ ਸਦ-ਉਪਯੋਗ ਕੀਤਾ ਹੈ। ਆਪਣੇ ਦਫ਼ਤਰੀ ਰਸੂਖ਼ ਨੂੰ ਇਨ੍ਹਾਂ ਪ੍ਰਾਪਤੀਆਂ ਲਈ ਵਰਤਣ ਦੀ ਬਜਾਇ ਉਨ੍ਹਾਂ ਨੇ ਕਲਾ ਦੇ ਖੇਤਰ ਤੋਂ ਸਿੱਖੇ ਗੁਣਾਂ ਨੂੰ ਮਹਿਕਮੇ ਅਤੇ ਸਮਾਜ ਦੇ ਸੁਧਾਰ ਲਈ ਵਰਤਿਆ ਹੈ।

ਇਹ ਗੁਣ ਸਾਂਝੇ ਕਰਦਿਆਂ ਉਨ੍ਹਾਂ ਨੇ ਕੁਝ ਕੀਮਤੀ ਗੱਲਾਂ ਦੱਸੀਆਂ।

*ਨਾਟਕ ਦੇ ਖੇਡਣ ਤੋਂ ਪਹਿਲਾਂ ਕੀਤੀ ਤਿਆਰੀ ਦਾ ਅਭਿਆਸ ਸਾਨੂੰ ਜੀਵਨ ਦੇ ਹੋਰ ਕੰਮ ਵਾਸਤੇ ਪੂਰੀ ਅਤੇ ਸਹੀ ਤਿਆਰੀ ਕਰਨਾ ਸਿਖਾਉਂਦਾ ਹੈ।

*ਪਾਤਰ ਸਿੱਧੇ ਤੌਰ 'ਤੇ ਦਰਸ਼ਕਾਂ ਨਾ਼ਲ ਜੁੜਿਆ ਹੋਣ ਕਰਕੇ ਉਨ੍ਹਾਂ ਦੇ ਬਦਲ ਰਹੇ ਹਾਵ ਭਾਵਾਂ ਨੂੰ ਸਮਝਣ ਲੱਗ ਜਾਂਦਾ ਹੈ ਅਤੇ ਆਪਣੇ ਅਭਿਨੈ ਨੂੰ ਯਥਾ-ਯੋਗ ਦਰੁਸਤ ਕਰਨਾ ਸਿੱਖ ਜਾਂਦਾ ਹੈ। ਇਸ ਗੁਣ ਦਾ ਜੀਵਨ ਦੇ ਹੋਰ ਪੱਖਾਂ 'ਤੇ ਚੰਗਾ ਅਸਰ ਪੈਂਦਾ ਹੈ। ਓਹ ਸੁਹਿਰਦ ਅਤੇ ਹਮਦਰਦ ਇਨਸਾਨ ਬਣ ਜਾਂਦਾ ਹੈ।

ਅਸੀਂ ਮਿਹਨਤ ਕਰਨਾ ਭੁੱਲੇ ਹੋਏ ਹਾਂ ਕਿਉਂਕਿ ਅਸੀਂ ਸਰੀਰਕ ਪੱਖੋਂ ਥੱਕ ਜਾਂਦੇ ਹਾਂ ਅਤੇ ਦਿਮਾਗੀ ਪੱਖੋਂ ਅੱਕ ਜਾਂਦੇ ਹਾਂ। ਥੱਕਣਾ ਕਿਸੇ ਹੱਦ ਤੱਕ ਜਾਇਜ਼ ਹੈ ਪਰ ਅੱਕਣਾ ਨਹੀਂ। ਨਾਟਕ-ਕਲਾ ਸਾਨੂੰ ਅਕੇਵੇਂ 'ਤੇ ਕਾਬੂ ਪਾਉਣਾ ਸਿਖਾਉਂਦੀ ਹੈ ਕਿਉਂਕਿ ਗੱਲਾਂ ਦੀ ਦੁਹਰਾਈ ਬਹੁਤ ਕਰਨੀ ਪੈਂਦੀ ਹੈ।

ਕਿਉਂਕਿ ਨਾਟਕ ਇੱਕ ਟੀਮ ਦਾ ਕੰਮ ਹੈ। ਹਰ ਛੋਟੇ-ਵੱਡੇ ਦਾ ਆਪਣਾ ਰੋਲ ਹੁੰਦਾ ਹੈ। ਇਸ ਟੀਮ 'ਚ ਕੰਮ ਕਰ ਕੇ ਬੰਦਾ ਮਿਹਨਤ ਕਰਨ, ਤੱਤਾ-ਠੰਡਾ ਜਰਨ ਅਤੇ ਮਿਲ-ਵਰਤਣ ਦੇ ਗੁਣ ਸਿੱਖ ਜਾਂਦਾ ਹੈ।

ਹੋਰਾਂ ਤੋਂ ਮਦਦ ਲੈਣੀ ਅਤੇ ਸੁਹਿਰਦਤਾ ਨਾ਼ਲ ਹੋਰਾਂ ਦੀ ਮਦਦ ਕਰਨੀ ਸਿੱਖ ਜਾਂਦਾ ਹੈ।

ਗੱਲ ਕੀ, ਸ਼੍ਰੀ ਪ੍ਰਾਣ ਸੱਭਰਵਾਲ ਦੀ ਸਮਾਜ ਨੂੰ ਦੇਣ ਅਦੁੱਤੀ ਹੈ ਅਤੇ ਉਹ ਆਪਣੇ ਮਿ਼ਲੇ ਮਾਨਾਂ-ਸਨਮਾਨਾਂ ਦੇ ਪੂਰੇ ਹਾਣ ਦੇ ਹਨ।

---

***(ਪਿਛਲੇ ਸਫੇ ਦੀ ਬਾਕੀ)***

ਨਾਲ ਮਫ਼ਤੂਨ ਦਾ ਮੁਕੱਦਮਾ ਛੇ ਸਾਲ ਚੱਲਦਾ ਰਿਹਾ ਅਤੇ ਮਹਾਰਾਜਾ ਪਟਿਆਲਾ ਨੇ ਵੀ ਉਨ੍ਹਾਂ ਨੂੰ ਆਪਣੇ ਸ਼ਿਕੰਜੇ 'ਚ ਲੈਣ ਦੇ ਅਨੇਕਾਂ ਯਤਨ ਕੀਤੇ। ਇੱਥੋਂ ਤੱਕ ਕਿ ਇੱਕ ਵਾਰ ਝੂਠਾ ਕੇਸ ਵੀ ਪੁਆਇਆ।

ਦੀਵਾਨ ਸਿੰਘ ਮਫ਼ਤੂਨ ਅੰਦਰ ਨਿਪੁੰਨ ਪੱਤਰਕਾਰ ਵਾਂਗ ਘਟਨਾਵਾਂ ਦੀ ਬਾਰੀਕੀ 'ਤੇ ਧਿਆਨ ਦੇਣ ਅਤੇ ਉਨ੍ਹਾਂ 'ਚੋਂ ਸਿੱਟੇ ਕੱਢਣ ਦੀ ਕਾਬਲੀਅਤ ਸੀ। ਉਹ ਜਵਾਨੀ ਪਹਿਰੇ ਹਾਫ਼ਿਜ਼ਾਬਾਦ 'ਚ ਕਿਸੇ ਬਜਾਜ ਦੀ ਹੱਟੀ 'ਤੇ ਨੌਕਰੀ ਕਰਦੇ ਸਨ। ਉੱਥੇ ਇੱਕ ਬਜ਼ੁਰਗ ਮੁਸਲਮਾਨ ਦਰਜ਼ੀ ਬੈਠਦਾ ਸੀ। ਦਰਜ਼ੀ ਨੂੰ ਇੱਕ ਵਾਰ ਕਿਸੇ ਰਿਸ਼ਤੇਦਾਰੀ 'ਚ ਜਾਣਾ ਪਿਆ ਤਾਂ ਪਿੱਛੋਂ ਉਸ ਦੇ ਪੁੱਤਰ ਨੇ ਗਾਹਕ ਦਾ ਹਰੇ ਰੰਗ ਦਾ ਕੋਟ ਚਿੱਟੇ ਧਾਗੇ ਨਾਲ ਸਿਊਂ ਦਿੱਤਾ। ਦਰਜ਼ੀ ਨੇ ਆ ਕੇ ਵੇਖਿਆ ਤਾਂ ਕ੍ਰੋਧ 'ਚ ਪੁੱਤਰ ਨੂੰ ਕਿਹਾ, ''ਕੋਟ ਸਿਵਾਉਣ ਵਾਲੇ ਦਾ ਖ਼ਿਆਲ ਨਾ ਕਰਦੋਂ, ਪਰ ਮਖ਼ਮਲ ਉੱਤੇ ਤਾਂ ਤਰਸ ਖਾਂਦੋਂ, ਬੇੜਾ ਗਰਕ ਕਰ ਦਿੱਤਾ ਈ।'' ਦਰਜ਼ੀ ਨੇ ਕੋਟ ਉਧੇੜ ਕੇ ਮੁੜ ਸੀਤਾ। ਇਸ ਘਟਨਾ ਦਾ ਮਫ਼ਤੂਨ 'ਤੇ ਏਨਾ ਅਸਰ ਪਿਆ ਕਿ ਉਹ ਹਰ ਕੰਮ ਨੂੰ ਬੜੇ ਗੌਰ ਅਤੇ ਨੀਝ ਨਾਲ ਕਰਦੇ ਸਨ।

ਅਕਸਰ ਹੀ ਇਹ ਗੱਲ ਬਹਿਸ ਦਾ ਹਿੱਸਾ ਰਹੀ ਹੈ ਕਿ ਕੀ ਇੱਕ ਪੱਤਰਕਾਰ ਨੂੰ ਹਮੇਸ਼ਾ ਸਰਕਾਰ ਦਾ ਆਲੋਚਕ ਹੋਣਾ ਚਾਹੀਦਾ ਹੈ? ਜਾਂ ਕਦੇ-ਕਦਾਈਂ ਲੋੜ ਪੈਣ 'ਤੇ ਸਰਕਾਰ-ਪੱਖੀ ਵੀ ਹੋਣਾ ਚਾਹੀਦਾ ਹੈ। ਇਸ ਦੇ ਉੱਤਰ ਵਜੋਂ ਬੰਬੇ ਕਰਾਨੀਕਲ ਦੇ ਸੰਪਾਦਕ ਬੀ.ਜੀ. ਹਾਰਨੀਮੈਨ ਦਾ ਇੱਕ ਕਥਨ ਮਫ਼ਤੂਨ ਨੇ ਹਮੇਸ਼ਾ ਆਪਣੇ ਜ਼ਿਹਨ 'ਚ ਰੱਖਿਆ। ਬੀ.ਜੀ. ਹਾਰਨੀਮੈਨ ਦਾ ਕਹਿਣਾ ਸੀ ਕਿ, ''ਅਖ਼ਬਾਰਨਵੀਸ ਦੁਨੀਆ ਵਿਚ ਉਨ੍ਹਾਂ ਦਾ ਸਾਥ ਦੇਣ ਲਈ ਪੈਦਾ ਹੋਇਆ ਹੈ ਜੋ ਮੁਸੀਬਤ ਵਿਚ ਹੋਣ। ਉਨ੍ਹਾਂ ਲੋਕਾਂ ਨਾਲ ਸਾਡਾ ਕੋਈ ਸਬੰਧ ਨਹੀਂ ਜੋ ਐਸ਼ ਆਰਾਮ ਵਿਚ ਹੋਣ।'' ਮਫ਼ਤੂਨ ਨੇ ਇਸ ਕਥਨ 'ਤੇ ਸਦਾ ਪਹਿਰਾ ਦਿੱਤਾ। ਉਨ੍ਹਾਂ ਦੇ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਨਜ਼ਦੀਕੀ ਸਬੰਧ ਸਨ। ਜਦ ਨਾਭਾ ਦੇ ਮਹਾਰਾਜੇ ਨੂੰ ਅੰਗੇਰਜ਼ਾਂ ਨੇ ਗੱਦੀ'" ਲਾਹ ਕੇ ਕੋਡਾਈ ਵਿਖੇ ਨਜ਼ਰਬੰਦ ਕਰ ਦਿੱਤਾ ਤਾਂ ਪਿੱਛੋਂ ਉਸ ਦੀ ਰਾਣੀ ਨੇ ਬਾਗ਼ੀ ਹੋ ਕੇ ਅੰਗਰੇਜ਼ਾਂ ਨਾਲ ਸਬੰਧ ਗੰਢ ਲਏ ਅਤੇ ਆਪਣੇ ਨਾਬਾਲਗ ਪੁੱਤਰ ਨੂੰ ਗੱਦੀ 'ਤੇ ਬਿਠਾਉਣਾ ਮਨਵਾ ਲਿਆ। ਮਹਾਰਾਣੀ ਨਾਭਾ, ਮਫ਼ਤੂਨ ਨੂੰ ਆਪਣਾ ਭਰਾ ਮੰਨਦੀ ਸੀ ਅਤੇ ਉਨ੍ਹਾਂ ਦੀ ਲਿਆਕਤ ਤੋਂ ਵੀ ਜਾਣੂੰ ਸੀ। ਉਸ ਨੇ ਮਫ਼ਤੂਨ ਨੂੰ ਆਪਣੇ ਵੱਲ ਕਰਨ ਅਤੇ ਨਾਭੇ ਚੱਲ ਕੇ ਸਰਕਾਰੀ ਨੌਕਰੀ ਪ੍ਰਵਾਨ ਕਰਨ ਲਈ ਮਨਾਉਣ ਦੇ ਲੱਖਾਂ ਯਤਨ ਕੀਤੇ, ਪਰ ਮੁਸ਼ਕਿਲਾਂ 'ਚ ਘਿਰੇ ਮਹਾਰਾਜੇ ਨਾਲ ਧ੍ਰੋਹ ਕਮਾਉਣ ਦੀ ਜਗ੍ਹਾ ਉਨ੍ਹਾਂ ਨੇ ਇਸ ਪੇਸ਼ਕਸ਼ ਨੂੰ ਠੁਕਰਾਉਣਾ ਮੁਨਾਸਿਬ ਸਮਝਿਆ।


ਨਾਭਾ ਦੇ ਮਹਾਰਾਜੇ ਨਾਲ ਨਜ਼ਦੀਕੀ ਸਬੰਧਾਂ ਦੇ ਬਾਵਜੂਦ ਉਨ੍ਹਾਂ ਦੀ ਕਲਮ ਰਿਆਸਤਾਂ ਦੇ ਕਹਿਰ ਦੀ ਬਾਤ ਪਾਉਂਦਿਆਂ ਆਪਣਾ-ਬੇਗਾਨਾ ਨਹੀਂ ਦੇਖਦੀ ਸੀ। ਮਹਾਰਾਜਾ ਨਾਭਾ ਦੀ ਸ਼ਖ਼ਸੀਅਤ ਵਿਚਲੀਆਂ ਊਣਤਾਈਆਂ ਬਾਰੇ ਉਹ ਲਿਖਦੇ ਹਨ ਕਿ ਇੱਕ ਵਾਰ ਮਹਾਰਾਜੇ ਦੇ ਘਰ ਦੀ ਰਸੋਈ 'ਚੋਂ ਕਾਂਟਾ ਅਤੇ ਚਮਚਾ ਚੋਰੀ ਹੋ ਗਿਆ। ਕੰਨਾਂ ਦੇ ਕੱਚੇ ਮਹਾਰਾਜੇ ਇੱਕ ਬੈਰੇ ਦੀਆਂ ਗੱਲਾਂ 'ਚ ਆ ਕੇ ਬਿਨਾਂ ਦਲੀਲ-ਅਪੀਲ ਦੇ ਬੇਕਸੂਰ ਸ਼ਾਹੀ ਰਸੋਈਏ ਹਰੀ ਸਿੰਘ ਨੂੰ ਲੰਬਾ ਸਮਾਂ ਜੇਲ੍ਹ 'ਚ ਸੁੱਟੀ ਰੱਖਿਆ।

ਆਜ਼ਾਦੀ ਮਗਰੋਂ ਭਾਰਤੀ ਪੱਤਰਕਾਰੀ ਦੇ ਸੁਭਾਅ ਵਿਚ ਵੱਡਾ ਫ਼ਰਕ ਆਇਆ। ਜਨੂੰਨ ਅਖਵਾਉਂਦੇ ਇਸ ਕਿੱਤੇ 'ਚ ਹੌਲੀ-ਹੌਲੀ ਮੁਨਾਫ਼ਾਖੋਰੀ ਅਤੇ ਉਤੇਜਨਾਵਾਦ ਨੇ ਪੈਰ ਜਮਾ ਲਏ। ਇਨ੍ਹਾਂ ਬਦਲੀਆਂ ਫ਼ਿਜ਼ਾਵਾਂ 'ਚ 'ਰਿਆਸਤ' ਵੀ ਬਹੁਤੀ ਦੇਰ ਟਿਕ ਨਾ ਸਕਿਆ ਅਤੇ ਅਖੀਰ ਮਫ਼ਤੂਨ ਹੋਰੀਂ 'ਰਿਆਸਤ' ਦਾ ਬੂਹਾ ਢੋਅ ਕੇ ਸਦਾ ਲਈ ਦੇਹਰਾਦੂਨ ਨੇੜਲੇ ਸ਼ਹਿਰ ਰਾਜਪੁਰ 'ਚ ਜਾ ਵਸੇ। ਉਨ੍ਹਾਂ ਦੇ ਦਿੱਲੀ ਛੱਡ ਜਾਣ ਮਗਰੋਂ ਉਨ੍ਹਾਂ ਦੇ ਪ੍ਰਸ਼ੰਸਕਾਂ ਲਈ ਇਹ ਸ਼ਹਿਰ ਮੁੜ ਉਹੋ ਜਿਹਾ ਨਾ ਰਿਹਾ। ਆਪਣੀ ਇੱਕ ਦਿੱਲੀ ਫੇਰੀ ਤੋਂ ਬਾਅਦ ਉਨ੍ਹਾਂ ਨੂੰ ਖ਼ਤ ਲਿਖਦਿਆਂ ਮਸ਼ਹੂਰ ਸ਼ਾਇਰ ਜ਼ੋਸ਼ ਮਲੀਹਾਬਾਦੀ ਲਿਖਦੇ ਹਨ, ''ਆਪ ਕੀ ਯਾਦ ਮੇਰੇ ਦਿਲ ਮੇਂ ਚੁਟਕੀਆਂ ਲੇਤੀ ਰਹੀ। ਦਿੱਲੀ ਜਬ ਗਿਆ ਥਾ, ਦਿਲ ਸੇ ਯੇਹ ਸੋਚ ਕਰ ਖ਼ੂਨ ਕੀ ਬੂੰਦੇਂ ਟਪਕਨੇ ਲਗੀ ਕਿ ਹੈਂ! ਦੀਵਾਨ ਸਿੰਘ ਅਬ ਇਸ ਨਗਰੀ ਮੇਂ ਨਹੀਂ ਰਹਤਾ।'' ਇਸ ਨੂੰ ਪੰਜਾਬੀਆਂ ਦੀ ਬੇਸਮਝੀ ਕਹਿ ਲਈਏ ਜਾਂ ਅਗਿਆਨਤਾ ਕਿ ਅਸੀਂ ਦੀਵਾਨ ਸਿੰਘ ਵਰਗੇ ਹੀਰੇ ਨੂੰ ਆਪਣੇ ਚੇਤਿਆਂ 'ਚੋਂ ਵਿਸਾਰ ਦਿੱਤਾ ਜਿਨ੍ਹਾਂ ਆਪਣੀ ਆਖ਼ਰੀ ਉਮਰ ਰਾਜਪੁਰ ਵਿਖੇ ਦੋ ਕਮਰਿਆਂ ਦੇ ਮਕਾਨ ਵਿਚ ਮੌਲਾਨਾ ਅਬੁਲ ਕਲਾਮ ਆਜ਼ਾਦ ਵੱਲੋਂ ਲਗਾਈ ਨਿਗੂਣੀ ਪੈਨਸ਼ਨ ਸਹਾਰੇ ਗੁਜ਼ਾਰੀ।

ਕਹਾਣੀ

# ਖਜੂਰਾਂ

**ਪਿਛਲੇ ਦਿਨੀਂ ਕਹਾਣੀਕਾਰ ਸੁਖਜੀਤ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਿਆ। ਉਸ ਨੂੰ ਸਾਲ 2022 ਦਾ ਵੱਕਾਰੀ ਸਾਹਿਤ ਅਕਾਦਮੀ ਇਨਾਮ ਵੀ ਹਾਸਲ ਹੋਇਆ ਸੀ। ਉਹਦੀਆਂ ਰਚਨਾਵਾਂ ਅੰਦਰ ਹਕੀਕਤਾਂ ਦੀ ਝਾਤੀ ਬੜੀ ਜ਼ੋਰਦਾਰ ਹੈ। ਇਹੀ ਗੱਲ ਉਸ ਦੀ ਸਵੈ-ਜੀਵਨੀ 'ਮੈਂ ਜੈਸਾ ਹੂੰ... ਵੈਸਾ ਕਿਉਂ ਹੂੰ' ਬਾਰੇ ਵੀ ਓਨੀ ਹੀ ਸੱਚ ਹੈ। ਇਥੇ ਅਸੀਂ ਉਹਦੀ ਕਹਾਣੀ 'ਖਜੂਰਾਂ' ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ ਜਿਸ ਵਿਚ ਅੱਜ ਦੀ ਸਿਆਸਤ ਦੇ ਨਾਲ-ਨਾਲ ਸਿੱਖਾਂ ਅਤੇ ਕਾਮਰੇਡਾਂ ਵਿਚਕਾਰ ਚਲਾਏ ਜਾ ਰਹੇ ਝੂਠੇ ਬਿਰਤਾਂਤ ਦੀ ਬਾਤ ਵੀ ਬਹੁਤ ਖੂਬਸੂਰਤੀ ਨਾਲ ਪਾਈ ਗਈ ਹੈ। ਇਹ ਕਹਾਣੀ ਉਸ ਨੇ ਜਿਸ ਢੰਗ ਨਾਲ ਵਿਉਂਤੀ ਹੈ, ਉਸ ਨਾਲ ਬਹੁਤ ਸਾਰੀਆਂ ਮਿੱਥਾਂ ਦੇ ਪਰਦੇ ਚਾਕ ਹੋ ਗਏ ਹਨ।**



ਸੁਖਜੀਤ



ਪਿੰਡ ਹਿੱਲ ਗਿਆ ਸੀ, ਚਾਰ ਦਿਨਾਂ 'ਚ ਪੰਜ ਮੌਤਾਂ, ਪੰਜੇ ਗੱਭਰੂ, 20-22 ਸਾਲ ਦੇ। ਪਿੰਡ 'ਚ ਸੋਗ ਨਾਲੋਂ ਸਹਿਮ ਵੱਧ ਸੀ। ਅੱਧਾ ਪਿੰਡ ਪੁਲਾਂ 'ਤੇ ਪਹਿਰਾ ਦਿੰਦਾ ਲਾਸ਼ਾਂ ਲੱਭ ਰਿਹਾ ਸੀ ਤੇ ਅੱਧਾ ਜੁਆਨ ਪੁੱਤਾਂ ਦੀ ਰਾਖੀ ਕਰ ਰਿਹਾ ਸੀ। ਪੁਲ 'ਤੇ ਖੜ੍ਹਾ ਕਾਮਰੇਡ ਕੁੜ੍ਹ ਰਿਹਾ ਸੀ, "ਇਲਾਕੇ ਭਰ ਦੇ ਬਾਬੇ, ਤਾਂਤਰਿਕ ਤੇ ਜੋਤਸ਼ੀ ਪਿੰਡ 'ਚ ਡੇਰਾ ਲਾਈ ਬੈਠੇ ਨੇ, ਇੱਕ ਤਾਂ ਘਰੋਂ ਜੁਆਨ ਪੁੱਤ ਤੁਰਗੇ, ਦੂਜਾ ਇਨ੍ਹਾਂ ਡਰਾ-ਡਰਾ ਕੇ ਲੋਕ ਮਰਨ ਵਾਲੇ ਕੀਤੇ ਪਏ ਨੇ।"

"ਲੋਕਾਂ ਨੂੰ ਡਰਾਉਣ ਲਈ ਤਾਂ ਆਪਣੇ ਪਿੰਡ ਆਲਾ ਭਾਈ ਤੇ ਪੰਡਿਤ ਹੀ ਘੱਟ ਨਹੀਂ, ਹੁਣ ਤਾਂ।" ਖਾਲਸੇ ਨੇ ਹਾਮੀ ਭਰੀ ਤਾਂ ਕਾਮਰੇਡ ਉਹਦੇ ਵੱਲ ਹੋ ਗਿਆ, "ਵੈਸੇ ਇਹ ਥੋਡੇ ਰਾਜ 'ਚ ਹੋ ਕੀ ਰਿਹਾ ਖਾਲਸਾ?"

"ਮੈਂ ਤੈਨੂੰ ਕਿੰਨੀ ਵਾਰੀ ਕਿਹਾ ਕਾਮਰੇਡ ਕਿ ਇਹ ਸਾਡਾ ਰਾਜ ਨਹੀਂ ਹੈਗਾ।" ਇਹ ਦੋਵੇਂ ਜਦੋਂ ਵੀ 'ਕੱਠੇ ਹੁੰਦੇ, ਇਨ੍ਹਾਂ ਦੀ ਝੜ ਜ਼ਰੂਰ ਫਸਦੀ।"

ਚਲੋ ਛੱਡੋ, ਮੌਕਾ ਦੇਖੋ...।" ਦੇਖਣ ਨੂੰ ਤਾਂ ਸਰਪੰਚ ਠੰਢਾ ਛਿੜਕ ਰਿਹਾ ਸੀ ਪਰ ਅੰਦਰੋਂ ਇਨ੍ਹਾਂ ਦੀ ਝੜਪ ਤੋਂ ਖੁਸ਼ ਹੁੰਦਾ। ਕਾਮਰੇਡ ਅਤੇ ਖਾਲਸੇ, ਦੋਹਾਂ ਨੇ ਹੀ ਮੰਤਰੀ ਦੇ ਚਹੇਤੇ ਸਰਪੰਚ ਵੱਲ ਔਖਾ ਜਿਹਾ ਦੇਖਿਆ।

ਪਿੰਡ, ਕਾਮਰੇਡ ਅਤੇ ਖਾਲਸੇ ਦੀ ਜੋੜੀ ਤੋਂ ਹੈਰਾਨ ਹੁੰਦਾ। ਉਹ ਜਦੋਂ ਸਾਹਮਣੇ ਹੁੰਦੇ ਤਾਂ ਸਾਨ੍ਹਾਂ ਵਾਂਗੂੰ ਭਿੜਦੇ ਪਰ ਪਿੱਠ ਪਿੱਛੇ ਇੱਕ ਦੂਜੇ ਦੀ ਪਿੱਠ ਪੂਰਦੇ। ਜੇ ਕੋਈ ਖਾਲਸੇ ਨੂੰ ਕਹਿੰਦਾ, "ਬਈ ਕਾਮਰੇਡ ਬਹੁਤ ਬੋਲਦਾ", ਤਾਂ ਖਾਲਸਾ ਝੱਟ ਕਾਮਰੇਡ ਦੇ ਹੱਕ 'ਚ ਡਟ ਜਾਂਦਾ, "ਨਹੀਂ ਨਹੀਂ, ਉਹ ਬਹੁਤ ਸਿਆਣਾ ਬੰਦਾ, ਬਹੁਤ ਗਿਆਨ ਆ ਉਹਨੂੰ, ਗੁਰਬਾਣੀ ਤੇ ਸਿੱਖ ਇਤਿਹਾਸ ਵੀ ਮੈਥੋਂ ਕਿਤੇ ਵੱਧ ਜਾਣਦਾ।" ਜੇ ਕੋਈ ਕਾਮਰੇਡ ਨੂੰ ਕਹਿੰਦਾ ਕਿ ਖਾਲਸਾ ਕਾਮਰੇਡ ਦੀ ਹਰ ਗੱਲ ਟੋਕਦਾ ਤਾਂ ਕਾਮਰੇਡ ਖਾਲਸੇ ਦਾ ਪੱਖ ਪੂਰਦਾ, "ਬਿਲਕੁਲ ਨਹੀਂ, ਖਾਲਸਾ ਚੰਗਾ ਬੰਦਾ, ਜਿਹੋ ਜਿਹਾ ਇੱਕ ਸਿੱਖ ਨੂੰ ਹੋਣਾ ਚਾਹੀਦਾ, ਮੇਰੇ ਮਨ 'ਚ ਉਹਦੀ ਬਹੁਤ ਕਦਰ ਐ।"

ਪਰ ਮਿਲਦਿਆਂ ਹੀ ਕਾਮਰੇਡ ਨੇ ਖਾਲਸੇ ਨੂੰ ਪੁੱਛਣਾ, "ਖਾਲਸਾ ਕਦੇ ਚਮਕੌਰ ਸਾਹਿਬ ਗਿਆਂ?"

ਖਾਲਸੇ ਨੇ ਔਖਾ ਹੋ ਕੇ ਕਹਿਣਾ, "ਸਤਾਰਾਂ ਵਾਰੀ ਤੂੰ ਇਹੀ ਗੱਲ ਪੁੱਛੀ ਆ ਕਾਮਰੇਡਾ, ਵੀਹ ਵਾਰੀ ਤੈਨੂੰ ਮੈਂ ਦੱਸਿਆ ਕਿ ਸਾਲ 'ਚ ਦੋ ਵਾਰੀ ਜਾਨਾਂ ਦਰਸ਼ਨ ਕਰਨ।"

ਕਾਮਰੇਡ ਨੇ ਕਹਿਣਾ, "ਉਹ ਤਾਂ ਮੈਨੂੰ ਪਤਾ ਬਈ ਤੇਰੇ ਵਰਗੇ ਬਹੁਤ ਨੇ ਜਿਹੜੇ ਕਾਰ ਸੇਵਾ ਵਾਲੇ ਬਾਬਿਆਂ ਦਾ ਲਾਇਆ ਸੰਗਮਰਮਰ ਦੇਖਣ ਜਾਂਦੇ ਨੇ।"

"ਬਾਬਿਆਂ ਨੇ ਮਾੜਾ ਕਰਤਾ ਜੇ ਵਧੀਆ ਗੁਰਦੁਆਰੇ ਬਣਾਤੇ।"

"ਬਣਾ ਤਾਂ ਬਾਬਿਆਂ ਨੇ ਰਾਜਸਥਾਨੀਏ ਦਿੱਤੇ, ਪੱਥਰ ਲਿਆ-ਲਿਆ ਕੇ।"

ਕਾਮਰੇਡ ਗੱਲ ਸੁਣਾਉਂਦਾ, "ਕਹਿੰਦੇ ਕਾਰ ਸੇਵਾ ਵਾਲਿਆਂ ਦੇ ਵਡਾਰੂ ਨੂੰ ਖੁਦਾਈ ਕਰਦਿਆਂ ਪਰਸਰਾਮ ਦਾ ਕੁਹਾੜਾ ਲੱਭ ਗਿਆ, ਹੁਣ ਉਹਦੇ ਨਾਲ ਉਹ ਬੰਦੇ ਤਾਂ ਵੱਢ ਨਹੀਂ ਸੀ ਸਕਦੇ, ਫੇਰ ਉਨ੍ਹਾਂ ਨੇ ਉਹਦੇ ਨਾਲ ਨਾ ਤਾਂ ਕੋਈ ਪੁਰਾਣਾ ਰੁੱਖ ਛੱਡਿਆ, ਨਾ ਕੋਈ ਪੁਰਾਤਨ ਨਿਸ਼ਾਨੀ ਜਿੱਥੋਂ ਖਾਲਸੇ ਨੇ ਸੇਧ ਲੈਣੀ ਸੀ ਜਾਂ ਉਤਸ਼ਾਹ ਮਿਲਣਾ ਸੀ। ਹੁਣ ਪਤਾ ਨਹੀਂ ਬਾਬਿਆਂ ਨੇ ਜਾਣ ਕੇ ਕੀਤਾ ਜਾਂ ਅਣਜਾਣਪੁਣੇ 'ਚ ਜਾਂ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਿਆ ਕਿ ਕੀਹਨੇ ਕਰਾਤਾ ਸਾਰਾ ਕੁਝ?" ਕਾਮਰੇਡ ਭੇਤਭਰੇ ਢੰਗ ਨਾਲ ਕਹਿੰਦਾ ਤਾਂ ਖਾਲਸਾ ਸੋਚੀਂ ਪੈ ਜਾਂਦਾ।

ਕਦੇ ਖਾਲਸਾ ਕਾਮਰੇਡ ਨੂੰ ਛੇੜਦਾ, "ਦੇਖ ਬਈ ਕਾਮਰੇਡਾ, ਮੈਂ ਮੰਨਦਾਂ, ਪਿਛਲੇ ਲੰਬੇ ਸਮੇਂ ਤੋਂ ਦੇਖਿਆ ਕਿ ਪੰਜ ਸਾਲ ਲੋਕਾਂ ਲਈ ਜੇ ਕੋਈ ਲੜਦਾ ਤਾਂ ਉਹ ਤੁਸੀਂ ਓਂ, ਲਾਲ ਝੰਡੇ ਫੜ, ਨਾਅਰੇ ਮਾਰਦੇ ਚੰਡੀਗੜ੍ਹ ਨੂੰ ਜਾਂਦੇ, ਧਰਨੇ ਮੁਜ਼ਾਹਰੇ ਕਰਦੇ, ਕੁੱਟ ਖਾਂਦੇ ਪਰ ਇਹ ਸਮਝ ਨੀ ਲੱਗਦੀ ਕਿ ਲੋਕ ਥੋਨੂੰ ਵੋਟਾਂ ਕਿਉਂ ਨਹੀਂ ਪਾਉਂਦੇ?"

ਕਾਮਰੇਡ ਢੈਲਾ ਪੈ ਕੇ ਕਹਿੰਦਾ, "ਖਾਲਸਾ ਕਿਉਂ ਮੇਰੀ ਦੁਖਦੀ ਰਗ ਛੇੜਦਾਂ, ਸਾਨੂੰ ਮਾਰ ਲਿਆ ਸਾਡੀਓ ਪਾਟੋਧਾੜ ਨੇ, ਬਾਕੀ ਸਰਮਾਏਦਾਰ ਪਾਰਟੀਆਂ ਆਪ ਜਿੱਤਣ ਦੀ ਥਾਂ ਸਾਨੂੰ ਹਰਾਉਣ 'ਤੇ ਵੱਧ ਜ਼ੋਰ ਲਾਉਂਦੀਆਂ, ਚੱਲ ਤੂੰ ਇਹ ਤਾਂ ਮੰਨਦਾ ਬਈ ਅੜਿਆਂ ਥੁੜਿਆਂ ਦੇ ਹੱਕਾਂ ਲਈ ਅਸੀਂਓਂ ਲੜਦੇ ਆਂ।"

ਖਾਲਸਾ ਗੰਭੀਰ ਹੋ ਜਾਂਦਾ।

ਅੱਜ ਤਾਂ ਉਹ ਦੋਵੇਂ ਗੰਭੀਰ ਸਨ, ਖਾਲਸਾ ਵੀ ਤੇ ਕਾਮਰੇਡ ਵੀ।ਘਟਨਾਵਾਂ ਏਨੀ ਤੇਜ਼ੀ ਅਤੇ ਅਜੀਬ ਤਰ੍ਹਾਂ ਵਾਪਰੀਆਂ ਕਿ ਪੂਰੇ ਇਲਾਕੇ 'ਚ ਭੈਅ ਫੈਲ ਰਿਹਾ ਸੀ।

ਵੀਰਵਾਰ ਦੀ ਸਵੇਰ ਤੇਜੀ ਨੇ ਉਂਗਲ 'ਚ ਮੋਟਰਸਾਈਕਲ ਦੀ ਚਾਬੀ ਘੁੰਮਾਉਂਦਿਆਂ ਉੱਚੀ ਕਿਹਾ ਸੀ, "ਮੰਮੀ, ਮੈਨੂੰ ਯਾਦੂ ਵੀਰਾ ਹਾਕਾਂ ਮਾਰਦੈ, ਮੈਂ ਉਹਦੇ ਨਾਲ ਚੱਲਿਆਂ।"

"ਚੰਗਾ ਛੇਤੀ ਆ ਜਾਇਓ।" ਰਸੋਈ 'ਚ ਖੜ੍ਹੀ ਮਾਂ ਦੇ ਮੂੰਹੋਂ ਸੁਤੇ ਸਿੱਧ ਨਿਕਲਿਆ ਪਰ ਜਿਉਂ ਹੀ ਮੋਟਰਸਾਈਕਲ ਗੇਟੋਂ ਬਾਹਰ ਹੋਇਆ, ਮਾਂ ਦੇ ਅੰਦਰ ਧੂਹ ਪਈ, 'ਯਾਦੂ..!' ਉਹਨੂੰ ਘੇਰਨੀ ਜਿਹੀ ਆਈ।ਭਾਂਡਾ ਹੱਥੋਂ ਛੁੱਟ ਗਿਆ, ਉਹ ਸਿਰ-ਮਦਾਨ ਬਾਹਰ ਨੂੰ ਭੋਜੀ, ਗੇਟੋਂ ਬਾਹਰ ਜਾ ਆਵਾਜ਼ ਮਾਰੀ, "ਵੇ ਤੇਜੀ...।" ਗਲੀ ਦੂਰ ਤੱਕ ਸੁੰਨੀ ਪਈ ਸੀ, ਉਸਨੇ ਖੱਬਾ ਹੱਥ ਕਾਲਜੇ ਉੱਤੇ ਰੱਖ, ਸੱਜੇ ਹੱਥ ਨਾਲ ਗੇਟ ਦਾ ਸਹਾਰਾ ਲੈਂਦਿਆਂ ਡਰ ਨਾਲ ਆਲੇ-ਦੁਆਲੇ ਦੇਖਿਆ।ਤੇਜੀ ਦੇ ਚਾਚੇ ਦੇ ਪੁੱਤ ਯਾਦੂ ਨੂੰ ਤਾਂ ਮਹੀਨਾ ਹੋ ਗਿਆ ਸੀ ਸਰਹਿੰਦ ਨਹਿਰ 'ਚ ਮੌਤ ਵਾਲੇ ਪੁਲ ਤੋਂ ਛਾਲ ਮਾਰ ਕੇ ਮਰੇ ਨੂੰ। ਫੋਨ 'ਤੇ ਕੀਤੀ ਮਾਂ ਦੀ ਡੇਢ ਘੰਟੇ ਦੀ ਭੱਜ-ਨੱਠ ਉਦੋਂ ਬੇਕਾਰ ਹੋ ਗਈ ਜਦੋਂ ਬੱਸਾਂ ਵਾਲਿਆਂ ਦੇ ਜੱਗੇ ਨੇ ਆ ਖ਼ਬਰ ਦਿੱਤੀ ਕਿ ਤੇਜੀ ਨਹਿਰ 'ਚ ਛਾਲ ਮਾਰ ਗਿਆ, ਕਟਾਣੀ ਵਾਲੇ ਪੁਲ ਤੋਂ।

ਸ਼ੁੱਕਰਵਾਰ ਇੱਕ ਹੋਰ ਮੁੰਡਾ 'ਯਾਦੂ ਹਾਕਾਂ ਮਾਰਦਾ' ਕਹਿ ਕੇ ਘਰੋਂ ਨਿਕਲਿਆ ਤੇ ਘੰਟੇ ਬਾਅਦ ਉਸਦੀ ਵੀ ਇਹੀ ਖ਼ਬਰ ਪਿੰਡ ਪਹੁੰਚੀ ਕਿ ਕਟਾਣੀ ਵਾਲੇ ਪੁਲ ਤੋਂ...। ਉਂਝ ਦੇਖਣ ਵਾਲੇ ਦੱਸਦੇ ਨੇ ਕਿ ਉਹ ਵੱਡੇ ਗੁਰਦੁਆਰੇ ਗਿਆ, ਦੇਗ ਕਰਾਈ, ਮੱਥਾ ਟੇਕਿਆ ਤੇ ਬੜੇ ਆਰਾਮ ਨਾਲ ਤੁਰ ਕੇ ਪੁਲ 'ਤੇ ਆਇਆ ਤੇ...।ਉਸਦਾ ਮੋਟਰਸਾਈਕਲ ਤੇ ਬੂਟ ਜੁਰਾਬਾਂ ਗੁਰੂ ਘਰੋਂ ਮਿਲੀਆਂ।

ਸ਼ਨੀਵਾਰ ਗਿੱਲਾਂ ਦਾ ਜਿੰਦਰ ਦੋਰਾਹੇ ਨੂੰ ਜਾਂਦੇ ਆਪਣੇ ਚਾਚੇ ਨੂੰ ਕਟਾਣੇ ਵਾਲੇ ਛੋਟੇ ਪੁਲ 'ਤੇ ਮਿਲਿਆ, ਨੰਗੇ ਪੈਰ, ਗੋਡਿਆਂ ਤੱਕ ਚੜ੍ਹਾਈ ਪੈਂਟ, ਰੁਮਾਲ ਨਾਲ ਢਕਿਆ ਸਿਰ, ਗੁਣਗੁਣਾਉਂਦਾ ਤੇ ਤਾੜੀਆਂ ਮਾਰਦਾ ਪੂਰੀ ਮਸਤੀ 'ਚ...। ਚਾਚੇ ਨੇ ਸਕੂਟਰ ਰੋਕ ਪਿੱਛੇ ਵੱਲ ਮੂੰਹ ਘੁੰਮਾ ਦਬਕਿਆ, "ਜਿੰਦਰਾ ਤੂੰ ਕੀ ਕਰਦਾ ਪੁਲ 'ਤੇ?"

"ਕੁਸ਼ ਨੀ ਚਾਚਾ, ਸੇਵਾ ਕਰਨ ਆਏ ਸੀ ਗੁਰੂ ਘਰ, ਮੈਂ ਪਰਸ਼ਾਦਾ ਛਕ ਕੇ ਇੱਧਰ ਨੂੰ ਘੁੰਮਣ ਆ ਗਿਆ। ਤੂੰ ਦੋਰਾਹੇ ਚੱਲਿਆਂ ਚਾਚਾ?"

"ਆਹੋ, ਤੂੰ ਮੁੜ ਹੁਣ ਪਿੱਛੇ, ਜਾਹ ਪਿੰਡ ਨੂੰ।" ਚਾਚੇ ਦੀ ਸੁਰ ਨਰਮ ਸੀ, ਜਿੰਦਰ ਨੂੰ ਇੰਝ ਸਹਿਜ ਭਾਅ ਗੱਲਾਂ ਕਰਦੇ ਵੇਖ ਉਹਦਾ ਸ਼ੱਕ ਜਾਂਦਾ ਰਿਹਾ।

"ਐਂ ਕਰੀਂ ਚਾਚਾ, ਮੇਰੇ ਲਈ ਇੱਕ ਚਾਰਜਰ ਲੈਂਦਾ ਆਈਂ, ਸੌ ਆਲਾ ਨਾ ਲਿਆਈਂ, ਵਧੀਆ ਲੈ ਕੇ ਆਈਂ।"

"ਚੰਗਾ ਚੰਗਾ, ਤੂੰ ਚੱਲ ਹੁਣ।" ਜਿੰਦਰ ਪਿੱਛੇ ਨੂੰ ਮੁੜ ਪਿਆ, ਚਾਚਾ ਤਸੱਲੀ ਦਾ ਸਾਹ ਲੈਂਦਾ ਸਕੂਟਰ ਨੂੰ ਕਿੱਕ ਮਾਰਨ ਲੱਗਾ ਪਰ ਸਕੂਟਰ ਸਟਾਰਟ ਹੋਣ ਤੋਂ ਪਹਿਲਾਂ ਹੀ ਨਹਿਰ 'ਚ ਹੋਈ 'ਛੱਪ' ਨਾਲ ਉਹਦੀਆਂ ਥਾਏਂ ਗਈਆਂ। ਸਕੂਟਰ ਸਿੱਟ ਬਦਹਵਾਸ ਹੋਇਆ ਉਹ ਪੁਲ ਦੇ ਪਾਈਪ ਨੂੰ ਫੜ ਚੀਕਿਆ, "ਜਿੰਦਰਾ...।" ਜਿੰਦਰ ਉਹਨੂੰ ਪਾਣੀ ਥੱਲਿਓਂ ਉੱਪਰ ਆਇਆ ਦਿਸਿਆ ਬਾਏ ਬਾਏ ਕਰਦਾ ਜਿਵੇਂ ਛੋਟਾ ਹੁੰਦਾ ਸਕੂਲ ਜਾਣ ਵੇਲੇ ਕਰਿਆ ਕਰਦਾ ਸੀ। ਚਾਚਾ ਰੌਲਾ ਪਾਉਂਦਾ ਗੁਰੂ ਘਰ ਵੱਲ ਭੱਜਿਆ ਪਰ...।

ਐਤਵਾਰ ਸਵੇਰੇ ਗਿਆਰਾਂ ਕੁ ਵਜੇ ਭੂੰਮ ਪਿੰਡ ਦਾ ਹੀ ਇੱਕ ਹੋਰ ਮੁੰਡਾ ਗੁਰੂ ਘਰ ਆਇਆ, ਕਾਰ ਸੇਵਾ ਵਾਲੇ ਬਾਬੇ ਨੂੰ ਕਹਿਣ ਲੱਗਾ, "ਬਾਬਾ ਜੀ ਮਨ ਸ਼ਾਂਤ ਨਹੀਂ ਰਹਿੰਦਾ, ਭੈੜੇ ਭੈੜੇ ਸੁਪਨੇ ਆਉਂਦੇ ਨੇ।"

ਬਾਬੇ ਨੇ ਕਿਹਾ, "ਐਥੋਂ ਗੁਟਕਾ ਲੈ ਲਾ ਤੇ ਚੌਪਈ ਸਾਹਿਬ ਦਾ ਪਾਠ ਕਰ।"

"ਕਿੰਨੇ ਪਾਠ ਕਰਾਂ ਜੀ?"

"ਜਿੰਨੇ 'ਰਾਮ ਨਾਲ ਹੁੰਦੇ, ਕਰਲਾ।" ਮੁੰਡੇ ਨੇ ਹੱਥ ਮੂੰਹ ਧੋਤਾ, ਸਿਰ ਢਕਿਆ ਤੇ ਬੜੀ ਸ਼ਰਧਾ ਨਾਲ ਗੁਟਕਾ ਫੜ ਬਹਿ ਕੇ ਪਾਠ ਕਰਨ ਲੱਗਾ। ਖਾਸੇ ਚਿਰ ਪਿੱਛੋਂ, ਉਹ ਮੁੜ ਬਾਬੇ ਕੋਲ ਆਇਆ, "ਗਿਆਰਾਂ ਪਾਠ ਕਰਤੇ ਬਾਬਾ ਜੀ।"

"ਹੁਣ ਮਨ ਸ਼ਾਂਤ ਆ ਭਾਈ?"

"ਹਾਂ ਜੀ ਬਾਬਾ ਜੀ।"

"ਲੈਂਟਰ ਬਾਬਾ ਜੀ ਕੱਲ੍ਹ ਨੂੰ ਪੈਣਾ? ਮੈਂ ਸੰਗਤ ਲੈ ਕੇ ਆਊਂਗਾ।"

"ਚੰਗਾ ਭਾਈ ਗੁਰੂ ਭਲਾ ਕਰੇ, ਸਵੱਖਤੇ ਆ ਜਾਇਓ।" ਮੁੰਡੇ ਨੇ ਬੂਟ ਜੁਰਾਬਾਂ ਪਾਏ, ਮੋਟਰਸਾਈਕਲ ਲੈ ਪੁਲ 'ਤੇ ਆਇਆ। ਬੂਟ ਜੁਰਾਬਾਂ, ਬਟੂਆ, ਮੋਬਾਈਲ, ਮੋਟਰਸਾਈਕਲ 'ਤੇ ਰੱਖ, ਗੁਰੂ ਘਰ ਵੱਲ ਮੱਥਾ ਟੇਕ ਨਹਿਰ 'ਚ ਛਾਲ...।

ਓਸੇ ਸ਼ਾਮ ਏਸੇ ਪਿੰਡ ਦੇ ਇੱਕ ਹੋਰ ਮੁੰਡੇ ਨੇ ਵੀ ਲੱਗਭੱਗ ਇੰਝ ਹੀ ਕੀਤਾ। ਬਾਬੇ ਤੋਂ ਪਤਾ ਲੱਗਿਆ ਕਿ ਵੀਰਵਾਰ ਸਵੇਰੇ ਤੇਜੀ ਨੇ ਵੀ ਏਸੇ ਤਰ੍ਹਾਂ....।

ਹੁਣ ਜਿਹੜਾ ਵੀ ਮੁੰਡਾ ਵੱਡੇ ਗੁਰਦੁਆਰੇ ਜਾਣ ਨੂੰ ਕਹਿੰਦਾ, ਘਰ ਦੇ ਨਿਗਰਾਨੀ ਸ਼ੁਰੂ ਕਰ ਦਿੰਦੇ। ਮੋਟਰਸਾਈਕਲਾਂ ਨੂੰ 'ਲੌਕ' ਲਾ ਚਾਬੀਆਂ ਸਾਂਭ ਲਈਆਂ ਗਈਆਂ। 10-11 ਮੁੰਡੇ ਜਿਹੜੇ ਕਹਿੰਦੇ ਸਨ- 'ਯਾਦੂ ਹਾਕਾਂ ਮਾਰਦਾ', 'ਤੇਜੀ ਬੁਲਾਉਂਦਾ', 'ਬਾਹਰ ਜਿੰਦਰ ਖੜ੍ਹਾ' ਜਾਂ ਮਰ ਗਏ ਦੂਜੇ ਮੁੰਡਿਆਂ ਦੇ ਨਾਂ ਲੈਂਦੇ ਨਹਿਰ ਵੱਲ ਭੱਜਦੇ ਸਨ, ਉਨ੍ਹਾਂ ਨੂੰ ਕਮਰਿਆਂ 'ਚ ਬੰਦ ਕੀਤਾ ਹੋਇਆ ਸੀ। ਜੋਤਾਂ, ਧੂਫਾਂ, ਚਿਰਾਗਾਂ ਅਤੇ ਤਾਂਤਰਿਕਾਂ ਦੇ ਮੰਤਰਾਂ ਨੇ ਮਾਹੌਲ ਨੂੰ ਭੈਅਭੀਤ ਤੇ ਫ਼ਿਕਰਮੰਦ ਕੀਤਾ ਹੋਇਆ ਸੀ। ਪਿੰਡ ਦੇ ਗੁਰਦੁਆਰੇ ਦਾ ਭਾਈ ਇੱਕ ਘਰ 'ਚ ਭੋਗ ਪਾ ਦੂਜੇ 'ਚ ਪਾਠ ਰੱਖਦਾ, ਮਾਈਆਂ ਬੀਬੀਆਂ ਨੂੰ ਰੱਖਿਆ ਦੇ ਸ਼ਬਦ ਲਿਖ ਕੇ ਦਿੰਦਿਆਂ, ਉਹਨੂੰ ਵਾਰ ਨਹੀਂ ਸੀ ਆ ਰਹੀ, ਇਹੀ ਹਾਲ ਚਾਲੀਸੇ ਪੜ੍ਹਦੇ ਤੇ ਹਵਨ ਕਰਦੇ ਮੰਦਿਰ ਦੇ ਪੰਡਿਤ ਦਾ ਸੀ।

ਜਿਨ੍ਹਾਂ-ਜਿਨ੍ਹਾਂ ਪੁਲਾਂ ਤੋਂ ਮੁੰਡਿਆਂ ਛਾਲ ਮਾਰੀ ਸੀ, ਉੱਥੇ-ਉੱਥੇ ਕਾਰ ਸੇਵਾ ਵਾਲਾ ਬਾਬਾ ਆਖੰਡ ਪਾਠ ਰੱਖਣ ਲਈ ਕਹਿ ਰਿਹਾ ਸੀ। ਕਾਮਰੇਡ ਨੇ ਖਾਲਸੇ ਨੂੰ ਕਿਹਾ, "ਫੇਰ ਬਾਬਾ ਮੁੰਡਿਆਂ ਨੂੰ ਮੱਥਾ ਟੇਕਣ ਲਈ ਸੱਦੂ, ਜਿਹੜੇ ਮੁੰਡੇ ਪਿੰਡ 'ਚ ਮਸਾਂ ਰੋਕੇ ਹੋਏ ਨੇ, ਉਨ੍ਹਾਂ 'ਚੋਂ ਪੁਲ ਤੋਂ ਕੋਈ ਛਾਲ ਮਾਰ ਗਿਆ ਤਾਂ ਬਾਬੇ ਦਾ ਕੁਸ਼ ਨੀ ਜਾਣਾ, ਕਿਸੇ ਦਾ ਪੁੱਤ ਤੁਰਜੂ। ਜੇ ਮੈਂ ਰੋਕਦਾਂ ਤਾਂ ਕਹਿਣਗੇ ਕਿ ਕਾਮਰੇਡ ਐ, ਤੂੰ ਰੋਕ, ਤੂੰ ਅੰਮ੍ਰਿਤਧਾਰੀ ਐਂ।"

ਖਾਲਸਾ ਬੋਲਿਆ, "ਮੰਨਦਾਂ ਕਾਮਰੇਡ, ਬਈ ਅੰਮ੍ਰਿਤਧਾਰੀ ਕਿੰਨੇ ਕੰਮ ਆਉਂਦੇ ਨੇ। ਹੁਣ ਇਹ ਵੀ ਮੰਨ ਲੈ ਕਿ ਗ਼ਦਰੀ ਬਾਬੇ ਅੰਮ੍ਰਿਤਧਾਰੀ ਸਨ; ਤੇ ਉਨ੍ਹਾਂ ਪ੍ਰੇਰਨਾ ਸਿੱਖ ਇਤਿਹਾਸ 'ਚੋਂ ਲਈ ਸੀ। ਖਾਲਸੇ ਨੇ ਸੁੱਤੀ ਕਲਾ ਜਗਾ ਲਈ। ਕਾਮਰੇਡ ਠਰ੍ਹੰਮੇ ਨਾਲ ਬੋਲਿਆ, "ਦੇਖ ਖਾਲਸਾ, ਗ਼ਦਰੀਆਂ 'ਚ ਅੰਮ੍ਰਿਤਧਾਰੀ ਵੀ ਹੋਣਗੇ ਪਰ ਮੁਸਲਮਾਨ ਤੇ ਹਿੰਦੂ ਵੀ ਸਨ; ਤੇ ਪ੍ਰੇਰਨਾ ਉਹਨਾਂ ਆਇਰਲੈਂਡ ਦੇ ਸੰਘਰਸ਼ ਤੋਂ ਵੀ ਲਈ, ਸਿੱਖ ਇਤਿਹਾਸ ਤੋਂ ਵੀ ਲਈ, ਭਾਰਤੀ ਮਿਥਿਹਾਸ ਤੇ ਪੰਜਾਬੀ ਸਭਿਆਚਾਰ ਤੋਂ ਵੀ ਲਈ।ਤੈਨੂੰ ਮੈਂ ਬਾਬਿਆਂ ਦੀਆਂ ਕਵਿਤਾਵਾਂ ਪੜ੍ਹਾਈਆਂ ਹੋਈਆਂ, ਉਹ ਹੀਰ ਆਜ਼ਾਦੀ ਵਿਆਹੁਣ ਦੀ ਬਾਤ ਪਾਉਂਦੇ ਨੇ, ਹੁਣ ਤੂੰ ਹੀ ਦੱਸ ਹੀਰ ਕੌਣ ਸੀ?"

ਖਾਲਸਾ ਮੱਠਾ ਜਿਹਾ ਹੱਸ ਕੇ ਕਹਿਣ ਲੱਗਾ, "ਠੀਕ ਆ ਬਾਬਾ, ਥੋਨੂੰ ਕਾਮਰੇਡਾਂ ਨੂੰ ਗੱਲਾਂ 'ਚ ਕਿਹੜਾ ਜਿੱਤ ਲੂ? ਮੈਂ ਕਰਦਾਂ ਕਾਰ ਸੇਵਾ ਵਾਲੇ ਬਾਬੇ ਨਾਲ ਗੱਲ...।"

ਪਰ ਕਾਮਰੇਡ ਬੋਲਿਆ, "ਹੋਰ ਸੁਣ, ਸਾਰੇ ਗ਼ਦਰੀ ਬਾਬੇ ਬਾਅਦ 'ਚ ਕਮਿਊਨਿਸਟ ਹੋ ਗਏ ਸੀ।"

ਖਾਲਸਾ, "ਠੀਕ ਐ, ਠੀਕ ਐ, ਕਰਦਾਂ...।" ਫੋਨ ਮਿਲਾਉਣ ਲੱਗਾ।

ਕਾਮਰੇਡ ਦੇ ਬੁਲਾਏ ਤਰਕਸ਼ੀਲ ਵੀ ਆਏ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਅਰਸ਼ ਵੀ ਕਮਰੇ 'ਚ ਬੰਦ ਹੈ ਤਾਂ ਉਨ੍ਹਾਂ ਸਭ ਤੋਂ ਪਹਿਲਾਂ ਉਹਨੂੰ ਮਿਲਣ ਦੀ ਸੋਚੀ। ਅਰਸ਼ ਪਹਿਲਾਂ ਤਰਕਸ਼ੀਲਾਂ ਦੀਆਂ ਮੀਟਿੰਗਾਂ 'ਚ ਵੀ ਆਉਂਦਾ ਹੁੰਦਾ ਸੀ। ਕਮਰੇ 'ਚ ਬੰਦ ਅਰਸ਼ ਦੇ ਰੌਲੇ ਨੇ ਘਰ ਸਿਰ 'ਤੇ ਚੁੱਕਣਾ ਲਿਆ ਸੀ। ਜਿੰਦਾ ਖੁਲ੍ਹਵਾ ਮਾਸਟਰ ਤਰਲੋਚਨ ਤੇ ਦਲਵੀਰ ਅੰਦਰ ਵੜੇ ਤਾਂ ਘਰਦਿਆਂ ਮੁੜ ਬਾਹਰੋਂ ਕੁੰਡਾ ਲਾ ਦਿੱਤਾ। ਅਰਸ਼ ਨੇ ਉਨ੍ਹਾਂ ਨੂੰ ਪਛਾਨਣ 'ਚ ਕੁਝ ਪਲ ਲਾਏ। ਅਰਸ਼ ਅਤੇ ਕਮਰੇ ਦਾ ਕੋਈ ਹਾਲ ਨਹੀਂ ਸੀ। ਦੁਪਹਿਰ ਦੀਆਂ ਦਾਲ-ਰੋਟੀਆਂ ਕੰਧਾਂ ਅਤੇ ਫ਼ਰਸ਼ 'ਤੇ ਖਿਲਰੀਆਂ ਪਈਆਂ ਸਨ। ਅਰਸ਼ ਉਨ੍ਹਾਂ ਦੇ ਗਲ ਲੱਗਦਾ ਬੋਲਿਆ, "ਚੰਗਾ ਹੋ ਗਿਆ ਤੁਸੀਂ ਆ ਗਏ, ਘਰਦਿਆਂ ਨੂੰ ਸਮਝਾਓ, ਮੈਨੂੰ ਹੁਣ ਕੋਈ ਨਹੀਂ ਬਚਾ ਸਕਦਾ।

"ਅਸੀਂ ਤੈਨੂੰ ਬਚਾਉਣ ਆਏ ਆਂ ਅਰਸ਼...।"

"ਤੁਸੀਂ ਵੀ ਭੋਲੇ ਓਂ ਮਾਸਟਰ ਜੀ...।" ਅਰਸ਼ ਹੋਰ ਹੀ ਤਰ੍ਹਾਂ ਬੋਲਿਆ, "ਮੈਂ ਤਾਂ ਕੀ, ਕੋਈ ਮੁੰਡਾ ਵੀ ਨਹੀਂ ਬਚਣਾ।" ਉਹਨੇ ਦੋਏ ਹੱਥ ਡੋਰੂ ਵਾਂਗ ਘੁੰਮਾਏ।

"ਮਸਲਾ ਕੀ ਆ ਅਰਸ਼? ਆਪਾਂ 'ਡਿਸਕਸ' ਕਰਦੇ ਆਂ।"

"ਡਿਸਕਸ...?" ਉਹ ਫੇਰ ਓਪਰਾ ਹਾਸਾ ਹੱਸਿਆ, ਫਿਰ ਉਹਨੇ ਖੱਬਾ ਹੱਥ ਕੰਨ 'ਤੇ ਰੱਖ ਸੱਜੀ ਬਾਂਹ ਚੱਕ ਧਾਰਨਾ ਪੜ੍ਹੀ, "ਉਏ ਤੈਨੂੰ ਰੋਗ ਦਾ ਪਤਾ ਨਹੀਂ ਕੋਈ, ਵੈਦਾ ਮੇਰੀ ਬਾਂਹ ਛੱਡ ਦੇ।"

ਉਹ ਦੋਵੇਂ ਉਹਦੀ ਹਾਲਤ ਦੇ ਸਿਰ ਹੋਣ ਲਈ ਸਿਰ ਹਿਲਾ ਰਹੇ ਸਨ।

"ਦੇਖ ਅਰਸ਼ ਤੂੰ ਸਿਆਣਾ ਮੁੰਡਾ ਏਂ, ਸਾਨੂੰ ਨਹੀਂ ਪਤਾ, ਤੂੰ ਤਾਂ ਸਮਝਾ ਸਕਦਾਂ, ਜੇ ਗੱਲ ਸਾਡੇ ਸਮਝ ਆ ਗਈ ਤਾਂ ਅਸੀਂ ਤੇਰੇ ਨਾਲ ਸਹਿਮਤ ਹੋ ਜਾਂਗੇ।" ਅਰਸ਼ ਨੇ ਕੁਝ ਸੋਚਿਆ ਤਾਂ ਦਲਵੀਰ ਬੋਲਿਆ, "ਬੈਠ ਛੋਟੇ ਭਾਈ, ਆਪਾਂ ਬਹਿ ਕੇ ਗੱਲ ਕਰਦੇ ਆਂ।"

"ਤੁਸੀਂ ਬੈਠੋ, ਮੈਨੂੰ ਕਾਹਲੀ ਆ, ਜਿੰਦਰ ਆਉਣ ਆਲਾ।"

"ਤੂੰ ਤਾਂ ਇਹੋ ਜਿਹਾ ਹੈ ਨਹੀਂ ਸੀ ਅਰਸ਼।" ਤਰਲੋਚਨ ਨੇ ਬਹਿੰਦਿਆਂ ਦੁੱਖ ਨਾਲ ਕਿਹਾ। ਅਰਸ਼ ਨੇ ਠੰਢਾ ਸਾਹ ਭਰਿਆ, ਫਿਰ ਗੋਡਿਆਂ ਭਾਰ ਹੋ ਕੇ ਕਹਿਣ ਲੱਗਾ, "ਮੇਰੇ ਨਾਲ 'ਪਰੌਮਿਸ' ਕਰੋ, ਮੈਂ ਥੋਨੂੰ ਸਾਰੀ ਗੱਲ ਦੱਸ ਦਿੰਨਾਂ,ਫਿਰ ਤੁਸੀਂ ਮੈਨੂੰ ਵੱਡੇ ਗੁਰਦੁਆਰੇ ਲੈ ਕੇ ਜਾਓਗੇ।"

ਤਰਲੋਚਨ ਕੁਝ ਸੋਚਣ ਲੱਗਾ ਤਾਂ ਦਲਵੀਰ ਬੋਲਿਆ, "ਹਾਂ ਪੱਕਾ 'ਪਰੌਮਿਸ', ਤੂੰ ਕੁਛ ਲਕੋਈਂ ਨਾ।"

ਅਰਸ਼ ਕੁਰਸੀ ਖਿੱਚ ਸਾਹਮਣੇ ਬਹਿੰਦਾ ਦੱਬਵੀਂ ਸੁਰ 'ਚ ਬੋਲਿਆ, "ਦੇਖੋ, ਸਮਾਨ ਆਉਂਦਾ ਪਾਕਿਸਤਾਨ ਤੋਂ, ਉੱਥੋਂ ਉਹ ਆਪਣੇ ਮੌਲਵੀਆਂ ਤੋਂ ਕਲਮਾ ਪੜ੍ਹਾ ਕੇ ਭੇਜਦੇ ਨੇ, ਜਿਹਨੇ ਇੱਕ ਵਾਰੀ ਲਾ ਲਿਆ, ਛੱਡ ਤਾਂ ਉਹ ਸਕਦਾ ਹੀ ਨਹੀਂ ਤੇ ਇਹ ਪੱਥਰ 'ਤੇ ਲੀਕ ਆ ਕਿ ਇਹਨੇ ਜਾਨ ਲੈਣੀ ਹੀ ਲੈਣੀ ਆਂ ਤੇ ਦੂਜੀ ਵੀ ਪੱਥਰ 'ਤੇ ਲੀਕ ਆ ਕਿ ਅਗਲੇ ਜਨਮ ਅਸੀਂ ਮੁਸਲਮਾਨ ਬਣ ਕੇ ਜੰਮਣਾ ਵੀ ਪਾਕਿਸਤਾਨ ਆਂ।" ਉਹ ਕੁਝ ਦੇਰ ਚੁੱਪ ਰਿਹਾ, ਫੇਰ ਬੋਲਿਆ, "ਯਾਦੂ ਕਹਿੰਦਾ ਕਿ ਵੱਡੇ ਗੁਰਦੁਆਰੇ ਜਾ ਕੇ ਅਰਦਾਸ ਕਰੋਂਗੇ ਤਾਂ ਪਾਕਿਸਤਾਨ 'ਚ ਨਹੀਂ, ਐਥੇ ਹੀ ਜੰਮੋਗੇ ਮੁੜ ਕੇ...।" ਫੇਰ ਉਹ ਉੱਠਦਾ ਬੋਲਿਆ, "ਹਾਏ ਓਏ, ਉਹ ਐਨੀਆਂ ਹਾਕਾਂ ਮਾਰਦੇ ਨੇ ਕਿ ਬੁਰਾ ਹਾਲ ਆ, ਉਨ੍ਹਾਂ ਦਾ ਵੀ, ਸਾਡਾ ਵੀ।"

ਤਰਲੋਚਨ ਇੱਕਦਮ ਬੋਲਿਆ, "ਹੂੰ, ਆ ਗਈ ਗੱਲ ਸਮਝ। ਹਾਂ ਤੇਰੇ ਨਾਲ ਪੱਕਾ 'ਪਰੌਮਿਸ', ਤੈਨੂੰ ਸਿਰਫ਼ ਵੱਡੇ ਗੁਰਦੁਆਰੇ ਹੀ ਨਹੀਂ, ਸਾਰੇ ਗੁਰੂ ਘਰਾਂ ਦੇ ਦਰਸ਼ਨ ਕਰਵਾਵਾਂਗੇ।"

ਸੱਥ 'ਚ ਕਾਮਰੇਡ ਖਾਲਸੇ ਨੂੰ ਸੁਣਾ ਕੇ ਕਹਿ ਰਿਹਾ ਸੀ, "ਦੇਖਿਆ ਫੇਰ, ਫੜ ਲਈ ਨਾ ਕਾਮਰੇਡਾਂ ਨੇ ਮਸਲੇ ਦੀ ਜੜ੍ਹ।"

"ਅਸਲੀ ਜੜ੍ਹ ਤਾਂ ਵਾਹਿਗੁਰੂ ਹੀ ਜਾਣਦਾ।" ਖਾਲਸੇ ਨੇ ਮੂੰਹ ਚੜ੍ਹਿਆ ਵਾਕ ਬੋਲਿਆ।

"ਵਾਹਿਗੁਰੂ ਤੈਨੂੰ ਤਾਂ ਦੱਸਦਾ ਹੀ ਹੋਊ, ਤੂੰ ਤਾਂ ਉਹਦਾ ਖ਼ਾਸ ਐਂ।" ਕਾਮਰੇਡ ਨੇ ਆਰ ਲਾਈ।

ਖਾਲਸਾ ਕੁਝ ਨਰਮ ਪੈ ਕੇ ਬੋਲਿਆ, "ਮੈਂ ਤਾਂ ਸੁਭਾਵਿਕ ਗੱਲ ਕੀਤੀ ਐ ਕਾਮਰੇਡ, ਬਈ ਅਜੇ ਕਿਹੜਾ ਕੁਝ ਸੌਰ ਗਿਆ।"

"ਮਸਲਾ ਸਮਝ ਤਾਂ ਆਇਆ ਕਿ ਮੁੰਡੇ ਵੱਡੇ ਗੁਰਦੁਆਰੇ ਨੂੰ ਕਿਉਂ ਭੱਜਦੇ ਸੀ।" ਕਾਮਰੇਡ ਨੇ ਗੱਲ ਸਮਝਾਈ।

ਤਰਕਸ਼ੀਲਾਂ ਦੀ ਪੂਰੀ ਟੀਮ ਪਿੰਡ 'ਚ ਪਹੁੰਚ ਚੁੱਕੀ ਸੀ। ਕਾਮਰੇਡ ਦਾ ਪੁੱਤ ਗੋਰਕੀ ਤੇ ਖਾਲਸੇ ਦਾ ਦਲਮੇਘ ਉਨ੍ਹਾਂ ਦੇ ਨਾਲ ਘਰੋ-ਘਰੀ ਜਾ ਰਹੇ ਸਨ। ਕਮਰਿਆਂ 'ਚ ਬੰਦ ਮੁੰਡਿਆਂ ਨੂੰ ਸਮਝਾ-ਬੁਝਾ ਕੇ ਤਰਕਸ਼ੀਲਾਂ ਨੇ ਹਸਪਤਾਲਜਾਣ ਲਈ ਮਨਾ ਲਿਆ ਸੀ। ਪਿੰਡ ਦੇ ਸਿਆਣੇ ਬੰਦਿਆਂ ਨਾਲ ਰਲ ਕਾਮਰੇਡ ਅਤੇ ਖਾਲਸੇ ਨੇ ਸਾਰੇ ਪ੍ਰਬੰਧ ਕਰ ਮੁੰਡਿਆਂ ਨੂੰ ਹਸਪਤਾਲ 'ਚ ਪਹੁੰਚਾ ਦਿੱਤਾ। ਤਰਕਸ਼ੀਲਾਂ ਨੂੰ ਤੋਰ ਜਦੋਂ ਉਹ ਸੱਥ 'ਚ ਆਏ ਤਾਂ ਪਤਾ ਲੱਗਾ ਕਿ ਸਰਪੰਚ, ਭਾਈ ਤੇ ਪੰਡਿਤ ਉਨ੍ਹਾਂ ਦਾ ਅਤੇ ਤਰਕਸ਼ੀਲਾਂ ਦਾ ਵਿਰੋਧ ਕਰ ਰਹੇ ਨੇ।

"ਇਨ੍ਹਾਂ ਤਾਂ ਵਿਰੋਧ ਕਰਨਾ ਹੀ ਐ, ਤੋਰੀ ਫੁਲਕਾ ਜੋ ਬੰਦ ਹੁੰਦਾ।" ਖਾਲਸਾ ਬੋਲਿਆ ਤਾਂ ਕਾਮਰੇਡ ਨੇ ਕਿਹਾ, "ਵਿਰੋਧ ਤਾਂ ਹਾਲੇ ਹੋਣਾ,

(ਬਾਕੀ ਅਗਲੇ ਸਫੇ 'ਤੇ)

# ਸੁਖਜੀਤ ਬਹੁਤ ਛੇਤੀ ਚਲਾ ਗਿਆ

ਸ਼ਰਧਾਂਜਲੀ

ਮੈਂ ਉਹਦੀ ਅੰਤਮ ਅਰਦਾਸ ਵਿਚ ਸ਼ਾਮਲ ਨਹੀਂ ਹੋ ਸਕਣਾ, ਇਸ ਗੱਲ ਦਾ ਗੁਨਾਹ ਵਰਗਾ ਅਹਿਸਾਸ ਖਾਈ ਜਾ ਰਿਹਾ ਹੈ। ਪਹਿਲਾਂ ਮਿਥੇ ਪ੍ਰੋਗਰਾਮ ਅਨੁਸਾਰ ਮੈਨੂੰ ਲਾਹੌਰ ਆਉਣਾ ਪੈ ਗਿਆ। ਅੱਜ ਲਾਹੌਰ ਤੋਂ ਸਵੇਰੇ ਹੋਣ ਵਾਲੀ ਉਹਦੀ ਅੰਤਮ ਅਰਦਾਸ ਵਿਚ ਇਨ੍ਹਾਂ ਸ਼ਬਦਾਂ ਰਾਹੀਂ ਸ਼ਾਮਲ ਹੋ ਰਿਹਾਂ।

...ਜਦੋਂ ਉਹਨੇ ਅਜੇ ਕਹਾਣੀਆਂ ਲਿਖਣੀਆਂ ਸ਼ੁਰੂ ਨਹੀਂ ਸਨ ਕੀਤੀਆਂ, ਮੇਰੀਆਂ ਕਹਾਣੀਆਂ ਪੜ੍ਹ ਕੇ ਮੈਨੂੰ ਲੰਮੀਆਂ ਚਿੱਠੀਆਂ ਲਿਖਦਾ। ਫਿਰ ਕੁਝ ਕੁ ਸਾਲਾਂ ਬਾਅਦ ਉਹਨੇ ਦੱਸਿਆ ਕਿ ਉਹਨੇ ਕੁਝ ਕਹਾਣੀਆਂ ਵੀ ਲਿਖੀਆਂ ਹਨ। ਜਦ ਉਹਨੇ ਆਪਣੀ



**ਵਰਿਆਮ ਸਿੰਘ ਸੰਧੂ**
**ਫੋਨ: 647-535-1539**
**ਵਟਸਐਪ-98726-02296**

ਕਹਾਣੀ 'ਦਾਅ' ਮੈਨੂੰ ਪੜ੍ਹਨ ਲਈ ਦਿੱਤੀ ਤਾਂ ਮੈਂ ਉਹਦੀ ਕਲਾ-ਕੌਸ਼ਲਤਾ ਦਾ ਸਿੱਕਾ ਮੰਨ ਲਿਆ। ਪਰ ਅਜੇ ਉਹਨੇ 'ਅਸਲੀ ਸੁਖਜੀਤ' ਬਣਨਾ ਸੀ। ਉਹਦੀ ਪ੍ਰਤਿਭਾ ਨੂੰ ਹੁਲਾਰਾ ਦੇਣ ਲਈ ਮੈਂ ਉਹਨੂੰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵੱਲੋਂ 'ਕੁਲਵੰਤ ਸਿੰਘ ਵਿਰਕ' ਇਨਾਮ ਦੇ ਕੇ ਸਨਮਾਨਿਆ।

ਉਹ ਮੈਨੂੰ ਆਪਣਾ 'ਬਾਪੂ' ਆਖਦਾ ਸੀ। ਆਖਦਾ ਹੀ ਨਹੀਂ ਸਮਝਦਾ ਵੀ ਸੀ। ਇੱਕ ਵਾਰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣੇ ਦੀਆਂ ਚੋਣਾਂ ਸਨ। ਪੰਜਾਬੀ ਭਵਨ ਦੇ ਪਾਰਕ ਵਿਚ ਘਾਹ ਉੱਤੇ ਸੁਖਜੀਤ ਸਮੇਤ ਮੇਰੇ ਨਾਲ ਪੰਜ-ਸੱਤ ਲੇਖਕ ਬੈਠੇ ਸਨ। ਕੋਈ ਸਿਰਫਿਰਿਆ ਮੈਨੂੰ ਆ ਕੇ ਕਹਿੰਦਾ, "ਲੈ ਕੇ ਬੈਠਾਂ ਏਂ ਇਨ੍ਹਾਂ ਨੂੰ..."


ਉਹ ਕੁਝ ਪੁੱਠੀ ਜਿਹੀ ਗੱਲ ਕਰਨ ਲੱਗਾ ਸੀ। ਗੱਲ ਅਜੇ ਉਹਦੇ ਮੂੰਹ ਵਿਚ ਹੀ ਸੀ ਕਿ ਸੁਖਜੀਤ ਗੁੱਸੇ ਵਿਚ ਉੱਠ ਖਲੋਤਾ, "ਤੈਨੂੰ ਪਤਾ ਨਹੀਂ ਉਏ ਤੂੰ ਕੀਹਦੇ ਨਾਲ ਗੱਲ ਕਰ ਰਿਹਾਂ? ਇਹ ਮੇਰਾ ਪਿਉ ਆ! ਬੋਲਣ ਦੀ ਜਾਚ ਸਿੱਖ ਪਹਿਲਾਂ ਬੰਦੇ ਦਾ ਪੁੱਤ ਬਣ ਕੇ।"

"ਤੂੰ ਕੀ ਕਰ ਲੈਂ ਗਾ?"

ਉਹਨੇ ਏਨਾ ਹੀ ਕਿਹਾ ਕਿ ਸੁਖਜੀਤ ਨੇ ਉਹਨੂੰ ਗਲੂੱਥਾ ਮਾਰਿਆ। ਉਹ ਪਿੱਛੇ ਡਿਗਦਾ ਡਿਗਦਾ ਬਚਿਆ। ਅਗਲਾ ਬਚਾਅ ਕਰਦਾ ਪਿੱਛੇ ਹਟਦਾ ਗਿਆ ਤੇ ਸੁਖਜੀਤ ਉਹਨੂੰ ਗਲੂੱਥੇ ਮਾਰਦਾ ਦਸ ਕਰਮਾਂ ਪਿੱਛੇ ਧੱਕ ਕੇ ਲੈ ਗਿਆ। ਉਹ ਓਨਾ ਚਿਰ ਨਾ ਹਟਿਆ, ਜਿੰਨ੍ਹਾ ਚਿਰ ਅਸੀਂ ਜਾ ਕੇ ਉਹਨੂੰ ਹਟਾਇਆ ਨਾ। ਮੈਂ ਉਹਨੂੰ ਬਾਹੋਂ ਫੜ੍ਹ ਕੇ ਸ਼ਾਂਤ ਹੋਣ ਲਈ ਕਿਹਾ ਤਾਂ ਲਾਗੇ ਆਣ ਖਲੋਤੇ ਤੀਹ ਚਾਲੀ ਜਣਿਆਂ ਸਾਹਮਣੇ ਕਹਿੰਦਾ, "ਮੇਰੇ ਜਿਊਂਦੇ ਜੀਅ ਮੇਰੇ ਬਾਪੂ ਨੂੰ ਕੋਈ ਕੁਝ ਆਖ ਕੇ ਤਾਂ ਵੇਖੇ, ਮੈਂ ਸੁੱਕਾ ਨਾ ਜਾਣ ਦਿਆਂ।"

ਸੁਖਜੀਤ ਚਲਾ ਗਿਆ। ਉਹਦਾ ਬਾਪੂ ਇਕੱਲ੍ਹਾ ਰਹਿ ਗਿਆ।

ਜਿਸ ਦਿਨ ਉਹ ਗੁਜ਼ਰਿਆ, ਉਹਦੇ ਵਾਂਗ ਹੀ ਛੋਟੇ ਭਰਾਵਾਂ ਤੇ ਪੁੱਤਾਂ ਵਰਗੇ ਬਲਵਿੰਦਰ ਗਰੇਵਾਲ ਨੇ ਕਿਹਾ, "ਤੁਸੀਂ ਇਹ ਖ਼ਬਰ ਕਿਵੇਂ



ਸੁਣੀ ਹੋਊ?" ਤੇ ਉਹ ਰੋਣ ਲੱਗ ਪਿਆ। ਗੱਲ ਮੇਰੇ ਕੋਲੋਂ ਵੀ ਨਾ ਹੋਈ, ਮੈਂ ਵੀ ਰੋਣ ਲੱਗਾ ਤੇ ਫ਼ੋਨ ਬੰਦ ਕਰ ਕਰ ਦਿੱਤਾ।

ਉਸ ਦਿਨ ਆਪਣੇ ਹੱਥੀਂ ਉਹਦਾ ਅੰਤਮ ਸੰਸਕਾਰ ਕਰ ਆਏ।

ਪਰ ਅਜੇ ਤਾਂ ਉਹਦੀ ਰੂਹ, ਵਿਚਾਰ ਤੇ ਵਿਹਾਰ ਅੰਦਰ ਜਵਾਨੀ ਦਾ ਜੋਸ਼ ਠਾਠਾਂ ਮਾਰ ਰਿਹਾ ਸੀ। ਅਜੇ ਤਾਂ ਉਹਦੇ ਅੰਦਰ ਤਰਕਸੰਗਤ , ਸੰਤੁਲਤ ਤੇ ਸ਼ਕਤੀਸ਼ਾਲੀ ਸੋਚਾਂ ਦੀ ਲਿਸ਼ਕ ਲਿਸ਼ ਲਿਸ਼ ਲਿਸ਼ਕਾਂ ਮਾਰ ਰਹੀ ਸੀ। ਅਜੇ ਤਾਂ ਉਹਦੇ ਅੰਦਰ ਨੱਕੋ-ਨੱਕ ਭਰਿਆ, ਉਮਲਦਾ-ਉਛਲਦਾ ਤੇ ਬੇਰੋਕ ਵਗਦਾ ਮੁਹੱਬਤ ਦਾ ਦਰਿਆ ਛਲ ਛਲ ਛਲਕਦਾ ਪਿਆ ਸੀ। ਅਜੇ ਤਾਂ ਉਹਦੇ ਬੋਲਾਂ ਵਿਚਲੀ 'ਸੱਚ ਸੁਣਾਇਸੀ ਸੱਚ ਕੀ ਬੇਲਾ' ਵਾਲੀ ਗੜ੍ਹਕ ਜਿਉਂ ਦੀ ਤਿਉਂ ਕਾਇਮ ਸੀ। ਅਜੇ ਤਾਂ ਉਹਦੀ ਕਲਮ ਵਿਚਲੀ ਲੋਹੜੇ ਦੀ ਜਵਾਨੀ ਅੰਗੜਾਈਆਂ ਭਰ ਰਹੀ ਸੀ ਤੇ ਉਹਦੀ ਸ਼ਬਦ-ਸਿਰਜਣਾ ਦਾ ਜਲੌਅ ਦਘ-ਦਘ ਦਘਦਾ ਪਿਆ ਸੀ ਕਿ ਉਹ ਇਹ ਸਾਰਾ ਕੁਝ ਆਪਣੇ ਨਾਲ ਲੈ ਕੇ ਅਚਨਚੇਤ ਅਲੋਪ ਹੋ ਗਿਆ।

ਜਿੱਥੇ ਤੇ ਜਦੋਂ ਵੀ ਕਿਸੇ ਨੂੰ ਮਦਦ ਦੀ ਲੋੜ ਹੁੰਦੀ, ਉਹ ਦਿਲ ਦੇ ਸਾਰੇ ਚਾਅ ਨਾਲ ਉਹਦੇ ਲਈ ਆਪਣਾ ਆਪ ਅਰਪਣ ਕਰ ਦਿੰਦਾ। ਉਹ ਚਾਲੂ ਬੰਦਿਆਂ ਵਾਂਗ ਚਾਬੀ ਵਾਲੇ ਬਾਵੇ ਵਾਂਗ 'ਹਾਂ ਜੀ! ਹਾਂ ਜੀ!' ਵਿਚ ਸਿਰ ਹਿਲਾਉਣੋਂ ਇਨਕਾਰੀ ਸੀ ਤੇ ਜੋ ਉਹਨੂੰ ਠੀਕ ਤੇ ਚੰਗਾ ਲੱਗਦਾ ਸੀ, ਉਹਦੇ ਹੱਕ ਵਿਚ ਗਰਜਵੀਂ ਪਰ ਸਤੁੰਲਤ ਆਵਾਜ਼ ਉਠਾਉਣ ਵਾਲਾ ਨਿੱਕਾ ਜਿਹਾ ਜਰਨੈਲ ਸੀ ਜਿਸਨੇ ਸਦਾ ਆਪਣੀ ਹਿੱਕ ਤੇ ਧੌਣ ਨੂੰ ਵਿਰੋਧੀਆਂ ਦੇ ਵਾਰ ਖਾਣ ਲਈ ਸਿੱਧਾ ਰੱਖਿਆ। ਉਹਦੇ ਵਿਚ ਕੋਈ ਵਿੰਗ ਨਹੀਂ ਸੀ। ਉਹ ਲੋੜਵੰਦਾਂ ਦੀਆਂ ਛੱਤਾਂ ਹੇਠ ਆਸਰਾ ਦੇਣ ਵਾਲਾ ਸਿੱਧਾ ਤਸੋਰ ਸ਼ਤੀਰ ਸੀ।

ਪਿੱਛਲੇ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਸੁਖਜੀਤ ਬਾਰੇ ਲਿਖੀਆਂ ਗਈਆਂ ਟਿੱਪਣੀਆਂ ਵਿਚ ਉਹਦੇ ਬਾਰੇ ਜੋ ਵਿਸ਼ੇਸ਼ਣ ਵਰਤੇ ਗਏ ਨੇ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਹ ਮੇਰੇ ਇਕੱਲ੍ਹੇ ਦਾ ਹੀ ਨਹੀਂ ਸਭਨਾਂ ਦਾ ਕਿੰਨਾਂ ਆਪਣਾ ਸੀ। ਕਿੰਨੇ ਲੋਕਾਂ ਦਾ ਧਿਰ ਅਤੇ ਧਰਵਾਸਾ ਸੀ। ਨਿਮਾਣਿਆਂ ਨਿਤਾਣਿਆਂ ਦਾ ਯਾਰ।

ਸਾਡਾ ਪਿਆਰਾ ਸੁਖਜੀਤ ਆਪਣੀ ਵਿਲਕਦੀ ਲਾਡਲੀ ਧੀ, ਦੁੱਖ ਵਿੱਚ ਪੱਥਰ ਬਣ ਗਈ ਪਿਆਰੀ ਪਤਨੀ, ਹੰਝੂ ਕੇਰਦੇ ਭਰਾਵਾਂ ਤੇ ਸੰਸਾਰ ਭਰ ਵਿਚ ਵੱਸਦੇ ਆਪਣੇ ਸੱਜਣਾ-ਸਨੇਹੀਆਂ ਤੇ ਪਾਠਕਾਂ-ਪ੍ਰਸੰਸਕਾਂ ਦੀਆਂ ਭੀੜਾਂ ਨੂੰ ਅਣਕਿਆਸਿਆ ਦੁੱਖ ਦੇ ਕੇ ਸਦਾ ਲਈ ਅਲਵਿਦਾ ਆਖ ਗਿਆ ਹੈ। ਉੱਬਲਦੇ ਵਿਚਾਰਾਂ ਵਾਲਾ, ਲਟ ਲਟ ਮਘਦੇ ਜਜ਼ਬਿਆਂ ਦਾ ਸੇਕ ਛੱਡਣ ਵਾਲਾ ਖੌਲਦਾ ਸਮੁੰਦਰ ਸਦਾ ਲਈ ਸ਼ਾਂਤ ਹੋ ਗਿਆ ਹੈ। ਇਕ ਦਹਿਕਦਾ ਸੂਰਜ ਬਰਫ਼ ਦੇ ਗੋਲੇ ਦੀ ਕੇਸਰੀ ਟਿੱਕੀ ਵਾਂਗ ਖੁਰ ਕੇ ਅਲੋਪ ਹੋ ਗਿਆ ਤੇ ਆਪਣਾ ਵਿਚਾਰਾਂ ਦਾ ਕਿਰਮਚੀ ਰੰਗ ਬਖ਼ੇਰ ਕੇ ਡੂੰਘੇ ਹਨੇਰਿਆਂ ਵਿਚ ਨਿਵਾਸ ਕਰਨ ਲਈ ਜਾ ਬੈਠਾ ਏ।

ਉਹ ਤਾਂ ਚਲਾ ਗਿਆ ਏ ਪਰ ਕੀ ਸਾਡੇ ਦਿਲਾਂ ਵਿਚੋਂ ਵੀ ਉਹ ਕਿਤੇ ਜਾ ਸਕਦਾ ਏ!

ਲਾ ਕੇ ਇਸ 'ਚੋਂ ਡੁਬਕਣੀ ਪੰਛੀ ਕਦੋਂ ਦਾ ਉੱਡ ਗਿਆ, ਝੀਲ ਦਾ ਪਾਣੀ ਤਾਂ ਪਰ ਕੰਬਦਾ ਰਹੇਗਾ ਦੇਰ ਤੱਕ।

ਉਹ ਬਾਤਾਂ ਪਾਉਂਦਾ ਪਾਉਂਦਾ ਆਪ ਵੀ ਬਾਤ ਹੋ ਗਿਆ।


ਉਹਦੇ ਪ੍ਰਸੰਸਕਾਂ ਦਾ ਏਨਾ ਮੋਕਲਾ ਕਲਾਵਾ ਉਹਦੀ ਬੇਹੱਦ ਲੋਕ-ਪ੍ਰਿਅਤਾ ਦੀ ਦੱਸ ਪਾਉਂਦਾ ਹੈ।

ਬੰਦਾ ਤੁਰ ਜਾਂਦਾ ਹੈ, ਪਿੱਛੇ ਯਾਦਾਂ ਰਹਿ ਜਾਂਦੀਆਂ ਨੇ।

ਤੂੰ ਸਦਾ ਯਾਦ ਰਹੇਂਗਾ ਮੇਰੇ ਹੀਰਿਆ ਹਰਨਾਂ! ਮੇਰੇ ਸੋਹਣਿਆਂ ਯਾਰਾ! ਮੇਰੇ ਛੋਟੇ ਭਰਾ। ਮੈਨੂੰ 'ਬਾਪੂ' ਕਹਿਣ ਵਾਲਿਆ ਮੇਰੇ ਪੁੱਤਰਾ!
ਤੇ ਸਭਨਾਂ ਦੇ ਬੇਲੀਆ!

# 'ਸੁਰਖ਼ ਰਾਹਾਂ ਦੇ ਹਮਸਫ਼ਰ 'ਗਰਮ' ਹਵਾਵਾਂ ਦੀ ਦਾਸਤਾਨ

ਰਵਿੰਦਰ ਸਹਿਰਾਅ ਦੀ ਪੁਸਤਕ 'ਸੁਰਖ਼ ਰਾਹਾਂ ਦੇ ਹਮਸਫ਼ਰ' ਹੁਣੇ-ਹੁਣੇ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਪਹੁੰਚੀ ਹੈ। ਇਸ ਵਿਚ 19 ਸਾਹਿਤਕ ਲੇਖ ਹਨ। ਮੁੱਖ ਤੌਰ 'ਤੇ ਬਹੁਤੇ ਲੇਖ ਉਸਦੀ ਆਪਣੀ ਜ਼ਿੰਦਗੀ ਦੇ ਸੰਘਰਸ਼ੀ ਪਲਾਂ ਦੇ ਬਿਰਤਾਂਤ ਹਨ। ਇਹ ਪੁਸਤਕ ਇਉਂ ਵੀ ਲਗਦੀ ਹੈ ਕਿ ਉਸਦੀ ਆਤਮ ਕਥਾ ਦੇ ਭਾਵ ਪੂਰਤ ਹਿੱਸੇ ਹਨ। ਦੂਸਰੇ ਪਾਸੇ ਇਹ ਪੰਜਾਬ ਵਿਚ ਸੱਤਰਵਿਆਂ ਵਿਚ ਚੱਲੀ ਨਕਸਲਬਾੜੀ ਲਹਿਰ ਦਾ ਗੌਲਣ ਯੋਗ ਇਤਿਹਾਸ ਹੈ। ਇਸ ਪੁਸਤਕ ਦੇ ਸਿਰਲੇਖ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਇਹ ਉਨ੍ਹਾਂ ਜੁਝਾਰੂ ਲੋਕਾਂ ਦੀ ਗਾਥਾ ਹੈ ਜਿਹੜੇ ਰਵਿੰਦਰ ਸਹਿਰਾਅ ਦੇ ਨਾਲ ਜਾਤੀ ਤੇ ਜਮਾਤੀ ਸੰਘਰਸ਼ ਵਿਚ ਜਾਂ ਔਖੇ ਤੇ ਬਿਖੜੇ ਪੈਂਡੇ 'ਚ ਉਨ੍ਹਾਂ ਦੇ ਨਾਲ ਨੰਗੇ ਪੈਰੀਂ ਤੁਰੇ। ਪੰਜਾਬ ਵਿਚ ਨਕਸਲਬਾੜੀ ਸੰਘਰਸ਼ 1968-69 ਤੋਂ ਸ਼ੁਰੂ ਹੋ ਗਿਆ ਸੀ ਜਦਕਿ ਰਵਿੰਦਰ ਸਹਿਰਾਅ ਅਜੇ ਸਕੂਲ ਦਾ ਵਿਦਿਆਰਥੀ ਸੀ। ਸਹਿਰਾਅ ਸਕੂਲੀ ਪੜ੍ਹਾਈ ਦੇ ਨਾਲ ਹੀ ਲੋਕ ਹਿੱਤੂ ਲਹਿਰਾਂ ਵਿਚ ਹਿੱਸਾ ਲੈਣ ਲੱਗ ਪਿਆ। ਕਿਸੇ ਅਲੂੰਏਂ ਜਿਹੇ ਮੁੰਡੇ ਦਾ ਚਾਰ-ਪੰਜ ਸਾਲ ਦੀ ਉਮਰ ਵਿਚ ਹੀ ਬਾਪ ਤੋਂ ਵਿਰਵਾ ਹੋਣਾ, ਦੂਸਰੇ ਪਾਸੇ ਗਰੀਬੀ। ਇਨ੍ਹਾਂ ਤੰਗੀਆਂ ਤੁਰਸ਼ੀਆਂ ਨੇ ਉਨ੍ਹਾਂ ਨੂੰ ਆਮ ਆਦਮੀ ਨਾਲ ਹੁੰਦੀਆਂ ਵਧੀਕੀਆਂ ਅਤੇ ਦੁਸ਼ਵਾਰੀਆਂ ਬਾਰੇ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕੀਤਾ। ਜਦੋਂ ਉਹ ਸਕੂਲ ਤੋਂ ਬਾਅਦ ਰਾਮਗੜ੍ਹੀਆ ਕਾਲਜ ਵਿਚ ਦਾਖਲ ਹੋਇਆ ਤਾਂ ਵਿਦਿਆਰਥੀਆਂ ਦੇ ਹਿੱਤ ਲਈ ਵਿਦਿਆਰਥੀ ਜਥੇਬੰਦੀਆਂ ਵਿੱਚ ਕੰਮ ਕਰਨ ਲੱਗੇ। ਉਸ ਸਮੇਂ ਦੇਸ਼ ਵਿਚ ਐਮਰਜੈਂਸੀ ਲੱਗੀ ਹੋਈ ਸੀ। ਲੋਕਾਂ ਦੇ ਸਾਰੇ ਅਧਿਕਾਰਾਂ 'ਤੇ ਪਾਬੰਦੀ ਲੱਗੀ ਹੋਈ ਸੀ। ਕੋਈ ਵੀ ਇਸ ਦੇ ਵਿਰੋਧ ਵਿਚ ਵਿਚਾਰ ਪ੍ਰਗਟ ਨਹੀਂ ਕਰ ਸਕਦਾ ਸੀ। ਉਸ ਸਮੇਂ ਸਹਿਰਾਅ ਅਤੇ ਇਨ੍ਹਾਂ ਵਰਗੇ ਹੋਰ ਵਿਦਿਆਰਥੀ ਨੌਜਵਾਨਾਂ ਨੇ ਲੋਕ ਹਿੱਤ ਵਿਚ ਹਰ ਘੋਲ ਲੜਨ ਦਾ ਬੀੜਾ ਚੁਕਿਆ। ਇਨ੍ਹਾਂ ਦੀ ਪਹਿਲੀ ਗ੍ਰਿਫਤਾਰੀ ਫਗਵਾੜਾ ਤੋਂ ਹੋਈ ਤੇ ਇਨ੍ਹਾਂ ਨੂੰ ਕਪੂਰਥਲਾ ਜੇਲ੍ਹ ਵਿਚ ਭੇਜਿਆ ਗਿਆ। ਉਸ ਤੋਂ ਬਾਅਦ ਸੰਗਰੂਰ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ। ਉਸ ਸਮੇਂ ਉਨ੍ਹਾਂ ਦੀ ਮਾਤਾ ਨੇ ਦੋ ਗਊਆਂ ਰੱਖੀਆਂ ਹੋਈਆਂ ਸਨ ਤੇ ਉਨ੍ਹਾਂ ਦਾ ਦੁੱਧ ਵੇਚ ਕੇ ਗੁਜ਼ਾਰਾ ਕਰਦੀ ਰਹੀ ਕਿਉਂਕਿ ਇਨ੍ਹਾਂ ਦੀ ਜ਼ਮੀਨ 'ਤੇ ਵੀ ਪਿੰਡ ਦੇ ਕਿਸੇ ਬਦਮਾਸ਼ ਨੇ ਕਬਜ਼ਾ ਕਰ ਲਿਆ ਸੀ। ਬੱਸਾਂ ਵਿਚ ਧੱਕੇ ਖਾ ਕੇ ਪਿੰਡ ਤੋਂ ਸੰਗਰੂਰ ਜੇਲ੍ਹ ਵਿਚ ਮੁਲਾਕਾਤਾਂ ਲਈ ਜਾਂਦੀ ਰਹੀ। ਇਨ੍ਹਾਂ ਹਾਲਾਤਾਂ ਵਿਚ ਮਾਂ ਦੀਆਂ ਇਨ੍ਹਾਂ ਦੇ ਪਰਿਵਾਰ ਲਈ ਕੀਤੀਆਂ ਕੁਰਬਾਨੀਆਂ ਇਸ ਪੁਸਤਕ ਲਈ ਪ੍ਰੇਰਨਾ ਬਣੀਆਂ। ਮਾਂ ਕਿਉਂਕਿ ਸਾਹਿਤ ਨਾਲ ਮੱਸ ਰੱਖਦੀ ਸੀ ਅਤੇ ਉਹ ਉਸ ਸਮੇਂ ਦੇ ਕਰਤਾਰ ਸਿੰਘ ਬਲੱਗਣ ਦਾ ਰਿਸਾਲਾ 'ਕਵਿਤਾ' ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਰਿਸਾਲਾ ਪ੍ਰੀਤਲੜੀ ਪੜ੍ਹਦੀ ਸੀ।




ਇਹੀ ਰੁਝਾਨ ਰਵਿੰਦਰ ਸਹਿਰਾਅ ਨੂੰ ਸਾਹਿਤਕ ਖੇਤਰ ਵਲ ਲੈ ਆਇਆ। ਇਨ੍ਹਾਂ ਦੇ ਘੋਲਾਂ ਕਾਰਨ ਇਨ੍ਹਾਂ ਨੂੰ ਅਮ੍ਰਿੰਤਸਰ ਦੇ ਇੰਟੈਰੋਗੇਸ਼ਨ ਸੈਂਟਰ ਵਿਚ ਵੀ ਕਾਫੀ ਤਸ਼ੱਦਦ ਸਹਿਣਾ ਪਿਆ। ਇਨ੍ਹਾਂ ਸਭ ਘਟਨਾਵਾਂ ਦਾ ਜ਼ਿਕਰ ਇਸ ਪੁਸਤਕ ਵਿਚ ਮਿਲਦਾ ਹੈ। ਉਨ੍ਹਾਂ ਨੇ ਨਕਸਲਬਾੜੀ ਲਹਿਰ ਦੇ ਸਾਰੇ ਸਿਰਕੱਢ ਆਗੂਆਂ ਨਾਲ ਇਸ ਲਹਿਰ ਵਿਚ ਹਿੱਸਾ ਲਿਆ। ਉਨ੍ਹਾਂ ਨੇ ਖਟਕੜ ਭਰਾਵਾਂ (ਦਰਸ਼ਣ ਖਟਕੜ ਤੇ ਜਸਵੰਤ ਖਟਕੜ) ਤੋਂ ਸ਼ੁਰੂ ਕਰ ਕੇ ਪਾਸ਼, ਜੈਮਲ ਪੱਢਾ, ਕੇਵਲ ਕੌਰ, ਸੰਤ ਰਾਮ ਉਦਾਸੀ, ਕਾਮਰੇਡ ਹਾਕਮ ਸਿੰਘ ਸਮਾਓਂ, ਕਮਲਜੀਤ ਸਿੰਘ ਵਿਰਕ, ਪ੍ਰਿਥੀਪਾਲ ਸਿੰਘ ਰੰਧਾਵਾ, ਬਿਕਰ ਕੰਮੇਆਣਾ, ਗੁਰਮੀਤ ਮਾਨ, ਪ੍ਰਮਿੰਦਰ ਜ਼ੈਲਦਾਰ, ਨਰਿੰਦਰ ਚਹਿਲ, ਸੁਖਵਿੰਦਰ ਕੰਬੋਜ, ਜਸਵਿੰਦਰ ਗ਼ਜ਼ਲਗੋ, ਬਲਦੇਵ ਰਹਿਪਾ, ਪਰਮਜੀਤ ਕਾਹਮਾ, ਗੁਰਦਰਸ਼ਣ ਬੀਕਾ ਅਤੇ ਹੋਰ ਬਹੁਤ ਸਾਰੇ ਜੁਝਾਰੂਆਂ ਦਾ ਬਣਦਾ ਜ਼ਿਕਰ ਇਸ ਪੁਸਤਕ ਵਿਚ ਕੀਤਾ ਹੈ।

ਲੇਖਕ ਨੂੰ ਦੁੱਖ ਹੈ ਕਿ ਵਿਦਿਆਰਥੀ ਜਥੇਬੰਦੀਆਂ ਵੀ ਕਾਮਰੇਡਾਂ ਦੇ ਗੁਰੱਪਾਂ ਵਾਂਗ ਹੀ ਵੰਡੀਆਂ ਗਈਆਂ ਸਨ ਕਿਉਂਕਿ ਉਨ੍ਹਾਂ ਦੇ ਪਿਛੇ ਰਾਜਨੀਤਕ ਪਾਰਟੀਆਂ ਹੀ ਕੰਮ ਕਰਦੀਆਂ ਸਨ। ਨਕਸਲਬਾੜੀ ਲਹਿਰ ਦੇ ਆਗੂ ਵੀ ਰੈਡੀ ਗਰੁੱਪ ਤੇ ਸਤਿਆ ਨਰੈਣ ਸਿੰਘ ਗਰੁੱਪਾਂ ਵਿਚ ਵੰਡੇ ਗਏ ਸਨ। ਇਨ੍ਹਾਂ ਤੋਂ ਸਿਵਾਏ ਡਾ: ਜਗਤਾਰ, ਜਸਵਿੰਦਰ ਸਿੰਘ ਗ਼ਜ਼ਲਕਾਰ, ਸੰਤ ਰਾਮ ਉਦਾਸੀ ਅਤੇ ਪਾਕਿਸਤਾਨੀ ਸ਼ਾਇਰ ਜਾਵੇਦ ਬੂਟਾ ਦੀ ਸ਼ਾਇਰੀ ਦਾ ਵਿਸਥਾਰ ਨਾਲ ਭਾਵਪੂਰਤ ਵਰਣਨ ਕੀਤਾ ਹੈ।

ਲੇਖਕ ਨੇ ਪੰਜਾਬ ਟਾਈਮਜ਼ (ਯੂ.ਐਸ.ਏ.) ਦੇ ਸਵਰਗੀ ਮੋਢੀ ਸੰਪਾਦਕ ਸਤਿਕਾਰਤ ਸ. ਅਮੋਲਕ ਸਿੰਘ ਜੰਮੂ ਦੀ ਤੁਲਨਾ ਰੂਸੀ ਨਾਵਲਕਾਰ ਬੋਰਿਸ ਪੋਲੋਵਈ ਦੇ ਨਾਵਲ "ਅਸਲੀ ਇਨਸਾਨ ਦੀ ਕਹਾਣੀ" ਦੇ ਨਾਇਕ ਅਲੈਕੇਸਈ ਮਾਰੇਸੇਯੈਵ ਨਾਲ ਕੀਤੀ ਹੈ। ਲੇਖਕ ਨੇ ਅਮੋਲਕ ਸਿੰਘ ਜੰਮੂ ਵਲੋਂ ਕੀਤੇ ਜ਼ਿੰਦਗੀ ਅਤੇ ਸਾਹਿਤਕ ਪੱਤਰਕਾਰੀ ਲਈ ਸੰਘਰਸ਼ ਦਾ ਵਿਸਥਾਰ ਪੂਰਵਕ ਵਰਣਨ ਕੀਤਾ ਹੈ। ਉਨ੍ਹਾਂ ਨੂੰ ਸਿਰੜ ਤੇ ਸਿਦਕ ਦਾ ਮੁਜੱਸਮਾ ਦੱਸਿਆ ਹੈ। ਇਸ ਤੋਂ ਇਲਾਵਾ ਹੋਰ ਵੀ ਰੋਚਕ ਬਿਰਤਾਂਤ ਮਾਂ ਬਾਰੇ, ਆਮਿਸ਼ ਲੋਕਾਂ ਬਾਰੇ, ਐਮਰਜੈਂਸੀ ਵਿਚ ਲੱਗੇ ਲੋਕ ਮਾਰੂ ਕਾਨੂੰਨ ਮੀਸ਼ਾ ਅਤੇ ਅੰਮ੍ਰਿਤਸਰ ਦੇ ਇੰਟੈਰੋਗੇਸ਼ਨ ਸੈਂਟਰ ਵਿਚ ਦਿਤੇ ਜਾਂਦੇ ਰਹੇ ਤਸੀਹਿਆਂ ਬਾਰੇ ਵਿਸਥਾਰ ਲਿਖੇ ਮਿਲਦੇ ਹਨ। ਇਹ ਪੁਸਤਕ ਆਉਣ ਵਾਲੀਆਂ ਪੀੜ੍ਹੀਆਂ ਲਈ ਗਰਮ ਲਹਿਰਾਂ ਬਾਰੇ ਜਾਣਕਾਰੀ ਲਈ ਜਾਨਦਾਨ ਦਸਤਾਵੇਜ਼ ਹੈ। ਇਹ ਪੁਸਤਕ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਵਲੋਂ ਛਾਪੀ ਗਈ ਹੈ। ਹਰ ਸੰਵੇਦਨਸ਼ੀਲ ਵਿਅਕਤੀ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

***-ਰਵਿੰਦਰ ਚੋਟ***
***ਫੋਨ-9876370***

***(ਪਿਛਲੇ ਸਫੇ ਦਾ ਬਾਕੀ)***

ਵੱਡੀ ਲੜਾਈ ਤਾਂ ਅਜੇ ਆਪਾਂ ਲੜਨੀ ਆਂ।" ਸਭ ਨੇ ਕਾਮਰੇਡ ਵੱਲ ਦੇਖਿਆ। ਉਹ ਕਹਿਣ ਲੱਗਾ, "ਕਿੰਨੇ ਚਿਰ ਤੋਂ ਪਿੰਡ 'ਚ ਰਾਤ ਬਰਾਤੇ ਜਾਂ ਤੜਕੇ ਚੋਰੀ ਛਿਪੇ ਆਉਂਦੇ ਮੋਟਰਸਾਈਕਲਾਂ ਦੇ ਨੰਬਰ ਇੱਕ ਦਿਨ ਮੈਂ ਥਾਣੇ ਦੇ ਆਇਆ...।"

"ਫੇਰ?" ਕਿਸੇ ਨੇ ਕਾਹਲਾ ਪੈ ਕੇ ਪੁੱਛਿਆ।

"ਫੇਰ ਉਹ ਚੋਰੀ ਛਿਪੇ ਦੀ ਥਾਂ ਧੜੱਲੇ ਨਾਲ ਆਉਣ ਲੱਗ ਪਏ।" ਕਾਮਰੇਡ ਦੇ ਬੋਲਾਂ 'ਚ ਤਪਸ਼ ਸੀ।

"ਕੁੱਤੀ ਚੋਰਾਂ ਨਾਲ ਰਲੀ ਹੋਈ ਐ।" ਖਾਲਸੇ ਨੇ ਹਰਖ਼ ਨਾਲ ਕਿਹਾ।

ਸਾਹਮਣਿਓਂ ਗੋਰਕੀ ਅਤੇ ਦਲਮੇਘ ਨੂੰ ਕਾਹਲੀ ਨਾਲ ਆਉਂਦੇ ਦੇਖ ਸਾਰੇ ਉੱਧਰ ਦੇਖਣ ਲੱਗੇ। "ਲਾਲ ਬੱਤੀ ਵਾਲੀ ਗੱਡੀ ਆਈ ਆ, ਵਿਚ ਗੰਨਮੈਨ ਵੀ ਨੇ।" ਦਲਮੇਘ ਨੇ ਦੱਸਿਆ।

"ਨਾਲ ਇੱਕ ਜੀਪ ਆ, ਉਹਦੇ 'ਚ ਉਹ ਮੁੰਡੇ ਵੀ ਨੇ ਜਿਹੜੇ ਮੋਟਰਸਾਈਕਲਾਂ 'ਤੇ ਸਮਾਨ ਦੇ ਕੇ ਜਾਂਦੇ ਨੇ।" ਗੋਰਕੀ ਨੇ ਗੱਲ ਪੂਰੀ ਕੀਤੀ।

"ਮੈਂ ਏਸੇ ਲੜਾਈ ਦੀ ਗੱਲ ਕਰਦਾ ਸੀ।" ਕਾਮਰੇਡ ਨੇ ਕਿਹਾ ਤਾਂ ਸੱਥ ਨੂੰ ਜਿਵੇਂ ਸੱਪ ਸੁੰਘ ਗਿਆ ਪਰ ਖਾਲਸਾ ਬੋਲਿਆ,"ਮੰਤਰੀ ਦੇ ਬੰਦੇ ਨੇ, ਸਾਰਾ ਗੰਦ ਇਨ੍ਹਾਂ ਨੇ ਹੀ ਪਾਇਆ।"

"ਅੱਜ ਕੱਢ ਦਈਏ ਫੇਰ ਗੰਦ ਪਿੰਡ 'ਚੋਂ।" ਕਾਮਰੇਡ ਨੇ ਖਾਲਸੇ ਵੱਲ ਦੇਖਿਆ। ਉਦੋਂ ਹੀ ਸੱਥ ਕੋਲੋਂ ਸਰਪੰਚ, ਭਾਈ, ਪੰਡਿਤ ਤੇ ਤਿੰਨ-ਚਾਰ ਹੋਰ ਬੰਦੇ ਲੰਘੇ, "ਚੱਲੇ ਮੰਤਰੀ ਦੇ ਚਮਚੇ।" ਕੋਈ ਹੌਲੀ ਦੇਣੇ ਬੋਲਿਆ।

"ਆਪਾਂ ਵੀ ਕਰੀਏ ਬੰਦੇ 'ਕੱਠੇ?" ਖਾਲਸੇ ਨੇ ਕਾਮਰੇਡ ਵੱਲ ਦੇਖਿਆ।

"ਬੰਦੇ? ਕਿਹੜੇ ਬੰਦੇ? ਆਪਾਂ ਹੈਗੇ ਆਂ।" ਕਾਮਰੇਡ ਇੱਕ ਟਕ ਖਾਲਸੇ ਵੱਲ ਦੇਖ ਰਿਹਾ ਸੀ।

ਖਾਲਸਾ ਕਹਿਣ ਲੱਗਾ, "ਆਪਾਂ? 'ਕੱਲੇ?"

ਕਾਮਰੇਡ ਨੇ ਖਾਲਸੇ ਦੇ ਮੋਢੇ 'ਤੇ ਹੱਥ ਰੱਖਿਆ, ਬੋਲਿਆ, "ਖਾਲਸਾ ਮੈਂ ਤੈਨੂੰ ਪੁੱਛਦਾ ਹੁੰਦਾ ਸੀ ਨਾ ਕਿ ਚਮਕੌਰ ਸਾਹਿਬ ਗਿਆਂ? ਅੱਜ ਦੱਸਦਾਂ ਕਿਉਂ ਪੁੱਛਦਾ ਸੀ?"

"ਕਿਉਂ?" ਖਾਲਸੇ ਨੇ ਅੱਖਾਂ ਸੁਕੇੜੀਆਂ।

'ਤੂੰ ਚਮਕੌਰ ਸਾਹਿਬ ਦੇ ਆਲੇ-ਦੁਆਲੇ ਕਦੇ ਨਹੀਂ ਘੁੰਮਿਆ, ਮੈਂ ਘੁੰਮਿਆਂ, ਚਾਰੇ ਪਾਸੇ ਬੇਅੰਤ ਖਜੂਰਾਂ ਨੇ।"

"ਫੇਰ...?" ਖਾਲਸਾ ਅਜੇ ਵੀ ਹੈਰਾਨ ਖੜ੍ਹਾ ਸੀ।

"ਇਹ ਖਜੂਰਾਂ ਉੱਥੇ-ਉੱਥੇ ਨੇ ਜਿੱਥੇ-ਜਿੱਥੇ ਕੱਚੀ ਗੜ੍ਹੀ ਨੂੰ ਘੇਰਾ ਪਾ ਕੇ ਮੁਗ਼ਲ ਫ਼ੌਜ ਬੈਠੀ ਸੀ। ਜੰਗ 'ਚ ਸਿੰਘਾਂ ਦੀ ਖ਼ੁਰਾਕ ਸੀ ਭੁੱਜੇ ਛੋਲੇ ਤੇ ਮੁਗਲ ਫ਼ੌਜ ਕੋਲ ਖਜੂਰਾਂ, ਜਿੱਥੇ-ਜਿੱਥੇ ਉਨ੍ਹਾਂ ਨੇ ਗਿਟਕਾਂ ਸਿੱਟੀਆਂ ਉੱਥੇ-ਉੱਥੇ ਖਜੂਰਾਂ ਉੱਗੀਆਂ।

ਹੁਣ ਕੁਝ ਘਟ ਗਈਆਂ ਪਰ ਕਦੇ ਚੱਪੇ-ਚੱਪੇ 'ਤੇ ਸਨ...।"

ਖਾਲਸਾ ਕਾਮਰੇਡ ਦੀ ਸਿਫ਼ਤ 'ਚ ਸਿਰ ਹਿਲਾ ਰਿਹਾ ਸੀ।

ਕਾਮਰੇਡ ਕਹਿ ਰਿਹਾ ਸੀ, "ਏਨੀ ਫ਼ੌਜ ਦੇ ਘੇਰੇ ਹੋਇਆਂ ਵੀ ਉਨ੍ਹਾਂ 'ਸਰੈਂਡਰ' ਨਹੀਂ ਕੀਤਾ, ਆਪਾਂ ਉਨ੍ਹਾਂ ਦੇ ਵਾਰਿਸ ਆਂ; ਤੇ ਜਿਹੜੇ ਗੁਰੂ ਨੇ 'ਕੱਲੇ ਨੇ ਬਾਹਰ ਨਿੱਕਲ ਕੇ ਤਾੜੀ ਮਾਰੀ ਸੀ, ਉਹਦੇ ਸਿੱਖ ਆਂ।"

ਖਾਲਸੇ ਨੇ ਪੂਰੇ ਜੋਸ਼ ਨਾਲ ਜੈਕਾਰਾ ਲਾਉਂਦਿਆਂ ਕਾਮਰੇਡ ਨੂੰ ਕਲਾਵੇ 'ਚ ਘੁੱਟ ਲਿਆ ਤੇ ਉੱਚੀ-ਉੱਚੀ ਬੋਲਿਆ, "ਜੀਅ ਓਏ ਕਾਮਰੇਡਾ ਜੀਅ।"

ਜਦੋਂ ਉਹ ਵੱਖ ਹੋਏ ਤਾਂ ਕਾਮਰੇਡ ਨੇ ਕਿਹਾ, "ਹੋਰ ਸੁਣ ਖਾਲਸਾ, ਆਹ ਹੁਣ ਪੰਜਾਬ ਦੇ ਸੂਬੇਦਾਰ ਦਾ ਪੁੱਤ ਦੁਬਈ ਦੇ ਰੇਗਿਸਤਾਨੀ ਹੋਟਲਾਂ 'ਚ ਖਜੂਰਾਂ ਵੇਖ ਕੇ ਪੰਜਾਬ 'ਚ ਵੀ ਖਜੂਰਾਂ ਲਾ ਕੇ ਆਪਾਂ ਨੂੰ ਸੁਨੇਹਾ ਦਿੰਦਾ ਕਿ ਉਹ ਹੁਣ ਪੰਜਾਬ ਨੂੰ 'ਚਿੱਟਾ ਰੇਗਿਸਤਾਨ' ਬਣਾ ਕੇ ਰਹਿਣਗੇ। ਖਜੂਰਾਂ ਦੇਖ ਕੇ ਮੇਰੇ ਅੰਦਰ ਤਾਂ ਅੱਗ ਲੱਗ ਜਾਂਦੀ ਆ ਖਾਲਸਾ...।"

ਖਾਲਸਾ ਬੋਲਿਆ, "ਅੰਦਰ ਤਾਂ ਹੁਣ ਮੇਰਾ ਵੀ ਮੱਚਦਾ ਕਾਮਰੇਡ, ਚੱਲ ਪਹਿਲਾਂ ਮੰਤਰੀ ਸੰਤਰੀ ਭਜਾਈਏ।"

ਥੋਡੇ ਵੱਲ ਝੰਡੇ ਹੈਗੇ ਗੋਰਕੀ?" ਦਲਮੇਘ ਨੇ ਪੁੱਛਿਆ ਤਾਂ ਗੋਰਕੀ ਬੋਲਿਆ, "ਹੈਗੇ ਪਰ ਸਾਰੇ ਲਾਲ ਰੰਗ ਦੇ ਨੇ।"

ਦਲਮੇਘ ਕਹਿੰਦਾ, "ਰੰਗ ਦਾ ਕੋਈ ਨਹੀਂ, ਵਿਚ ਡਾਂਗ ਤਕੜੀ ਚਾਹੀਦੀ ਆ।"

# ਮੇਰੀ ਖੇਡ ਲੇਖਣੀ ਦੀ ਮੈਰਾਥਨ ਅਜੇ ਜਾਰੀ

ਮੈਂ 1966 ਤੋਂ ਖੇਡਾਂ ਖਿਡਾਰੀਆਂ ਬਾਰੇ ਲਿਖਦਾ ਆ ਰਿਹਾਂ। ਮੇਰੀ ਪਹਿਲੀ ਪੁਸਤਕ ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਅਸਲੀ ਨਾਂ ਧਿਆਨ ਸਿੰਘ ਸੀ। ਉਸ ਨੂੰ ਖੇਡਦਿਆਂ ਰਾਤ ਪੈ ਜਾਂਦੀ। ਪਰ ਉਹ ਰਾਤ ਨੂੰ ਵੀ ਚੰਦ ਚਾਂਦਨੀ 'ਚ ਖੇਡਦਾ ਰਹਿੰਦਾ। ਚੰਦ ਦੇ ਚਾਨਣ ਵਿਚ ਖੇਡਦਾ ਰਹਿਣ ਕਰਕੇ ਉਹਦੇ ਫੌਜੀ ਸਾਥੀ ਉਸ ਨੂੰ ਧਿਆਨ ਚੰਦ ਕਹਿਣ ਲੱਗ ਪਏ ਅਤੇ ਉਸ ਦਾ ਨਾਂ ਹੀ ਧਿਆਨ ਸਿੰਘ ਤੋਂ ਧਿਆਨ ਚੰਦ ਪੱਕ ਗਿਆ...।



ਜੇ ਸੀ ਓਵੇਂਜ ਮਨੁੱਖੀ ਜੁੱਸੇ ਵਿਚ ਤਾਕਤ ਦਾ ਬੰਬ ਸੀ। ਜਦ ਦੌੜਦਾ ਤਾਂ ਲੱਗਦਾ ਜਿਵੇਂ ਉਹਦੇ ਪੈਰਾਂ ਹੇਠ ਅੱਗ ਮੱਚਦੀ ਹੋਵੇ।

**ਪ੍ਰਿੰ. ਸਰਵਣ ਸਿੰਘ**
ਫੋਨ: 647-785-1661
principalsarwansingh@gmail.com

ਉਸ ਨੇ 5 ਮਈ 1935 ਨੂੰ 45 ਮਿੰਟਾਂ 'ਚ ਤਿੰਨ ਵਿਸ਼ਵ ਰਿਕਾਰਡ ਤੋੜੇ ਤੇ ਚੌਥਾ ਬਰਾਬਰ ਕੀਤਾ। ਲੰਮੀ ਛਾਲ ਦਾ ਵਿਸ਼ਵ ਰਿਕਾਰਡ 24 ਸਾਲ ਉਹਦੇ ਨਾਂ ਖੜ੍ਹਾ ਰਿਹਾ! ਉਹਦਾ ਬਚਪਨ ਬੇਸ਼ਕ ਅੰਤਾਂ ਦੀ ਗਰੀਬੀ 'ਚ ਗੁਜ਼ਰਿਆ ਸੀ ਪਰ ਉਹ ਗੋਦੜੀ ਦਾ ਲਾਲ ਸਾਬਤ ਹੋਇਆ...।

ਬਲਬੀਰ ਸਿੰਘ ਸੀਨੀਅਰ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ 'ਗੋਲਡਨ ਹੈਟ ਟ੍ਰਿਕ' ਵਾਲਾ ਬਲਬੀਰ ਵੱਜਦੈ। ਹੈਲਸਿੰਕੀ ਦੀਆਂ ਓਲੰਪਿਕ ਖੇਡਾਂ ਦੇ ਸੈਮੀ ਫਾਈਨਲ ਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ 9 ਗੋਲਾਂ 'ਚੋਂ 8 ਗੋਲ ਉਹਦੀ ਸਟਿੱਕ ਨਾਲ ਹੋਏ। ਹਾਲੈਂਡ ਵਿਰੁੱਧ ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ 'ਚੋਂ ਉਸ ਦੇ 5 ਗੋਲ ਸਨ ਜੋ ਅਜੇ ਵੀ ਓਲੰਪਿਕ ਰਿਕਾਰਡ ਹੈ...।

ਊਧਮ ਸਿੰਘ 'ਉਧੀ' ਨਿੱਕੇ ਕੱਦ ਦਾ ਵੱਡਾ ਖਿਡਾਰੀ ਸੀ। ਉਹ ਪੰਜ ਓਲੰਪਿਕਸ ਖੇਡਣ ਲਈ ਚੁਣਿਆ ਗਿਆ ਸੀ ਪਰ ਦੋ ਉਂਗਲਾਂ ਟੁੱਟ ਜਾਣ ਕਾਰਨ ਚਾਰ ਓਲੰਪਿਕਸ ਹੀ ਖੇਡ ਸਕਿਆ। ਓਲੰਪਿਕ ਖੇਡਾਂ 'ਚੋਂ ਉਸ ਨੇ ਤਿੰਨ ਗੋਲਡ ਮੈਡਲ ਜਿੱਤੇ ਤੇ ਇੱਕ ਸਿਲਵਰ ਜੋ ਹਾਲੇ ਵੀ ਹਾਕੀ ਦਾ ਓਲੰਪਿਕ ਰਿਕਾਰਡ ਹੈ...।

ਕਦੇ ਮੀਲ ਦੀ ਦੌੜ 4 ਮਿੰਟ ਤੋਂ ਘੱਟ ਸਮੇਂ 'ਚ ਦੌੜਨੀ ਅਸੰਭਵ ਮੰਨੀ ਜਾਂਦੀ ਸੀ। ਆਖ਼ਰ ਰੋਜਰ ਬੈਨਿਸਟਰ ਨੇ 6 ਮਈ 1954 ਨੂੰ ਔਕਸਫੋਰਡ ਦੇ ਟ੍ਰੈਕ 'ਚ ਚਾਰ ਮਿੰਟ ਦੀ ਅਸੰਭਵ ਮੰਨੀ ਜਾਂਦੀ ਹੱਦ ਤੋੜ ਦਿੱਤੀ। ਰੋਜਰ ਦਿਮਾਗੀ ਬਿਮਾਰੀਆਂ ਦਾ ਨਾਮਵਰ ਡਾਕਟਰ ਬਣ ਕੇ 89 ਸਾਲ ਜੀਵਿਆ ਤੇ ਔਕਸਫੋਰਡ ਵਿਚ ਹੀ ਪਰਲੋਕ ਸਿਧਾਰਿਆ...।

ਅਬੇਬੇ ਬਕੀਲਾ ਪ੍ਰਥਮ ਦੌੜਾਕ ਸੀ ਜਿਹੜਾ ਲਗਾਤਾਰ ਦੋ ਵਾਰ ਓਲੰਪਿਕ ਖੇਡਾਂ ਦੀ ਮੈਰਾਥਨ ਦੌੜ ਜਿੱਤਿਆ। ਉਹ ਪਹਿਲਾ ਅਫਰੀਕੀ ਅਥਲੀਟ ਸੀ ਜਿਸ ਨੇ ਅਫਰੀਕਾ ਦੇ ਨੌਜੁਆਨਾਂ ਨੂੰ ਓਲੰਪਿਕ ਚੈਂਪੀਅਨ ਬਣਨ ਦੇ ਰਾਹ ਪਾਇਆ। ਕੀਨੀਆ ਦੇ ਦੌੜਾਕਾਂ ਨੇ ਤਾਂ ਜਿਵੇਂ ਮੈਰਾਥਨ ਦੌੜਾਂ ਜਿੱਤਣ ਦਾ ਅਸ਼ਟਾਮ ਹੀ ਆਪਣੇ ਨਾਂ ਕਰਾ ਲਿਆ ਹੋਵੇ...।

ਲਾਰੀਸਾ ਲਤੀਨੀਨਾ ਬਾਰੇ ਲਿਖਣਾ ਲਫ਼ਜ਼ਾਂ ਦੀ ਜਿਮਨਾਸਟਿਕਸ ਕਰਨਾ ਹੈ। ਉਹ 1954 ਤੋਂ 1966 ਤਕ ਆਲਮੀ ਪੱਧਰ 'ਚ ਛਾਈ ਰਹੀ। 'ਫਲਾਈਂਗ ਫਿਸ਼' ਮਾਈਕਲ ਫੈਲਪਸ ਤੋਂ ਪਹਿਲਾਂ ਓਲੰਪਿਕ ਖੇਡਾਂ 'ਚੋਂ ਸਭ ਤੋਂ ਵੱਧ ਤਗਮੇ ਜਿੱਤਣ ਦਾ ਰਿਕਾਰਡ ਸੋਵੀਅਤ ਰੂਸ ਦੀ ਲਾਰੀਸਾ ਲਤੀਨੀਨਾ ਦਾ ਹੀ ਸੀ...।


ਅਮਰੀਕਾ ਦਾ ਅਲ ਓਰਟਰ ਡਿਸਕਸ ਦਾ ਲਾਸਾਨੀ ਸੁਟਾਵਾ ਸੀ। ਉਸ ਨੇ ਮੈਲਬੋਰਨ-56, ਰੋਮ-60, ਟੋਕੀਓ-64 ਤੇ ਮੈਕਸੀਕੋ-68 ਦੀਆਂ ਓਲੰਪਿਕ ਖੇਡਾਂ ਵਿਚੋਂ ਲਗਾਤਾਰ ਚਾਰ ਗੋਲਡ ਮੈਡਲ ਜਿੱਤੇ। ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ। ਚਾਰ ਓਲੰਪਿਕ ਰਿਕਾਰਡਾਂ ਨਾਲ ਉਸ ਨੇ ਚਾਰੇ ਵਾਰ ਨਵੇਂ ਵਿਸ਼ਵ ਰਿਕਾਰਡ ਵੀ ਰੱਖੇ...।

ਵਿਲਮਾ ਰੁਡੋਲਫ ਦੀ ਬਾਤ ਪਾਉਂਦਿਆਂ ਮਨ 'ਚ ਆਉਂਦੈ, "ਕੀ ਇੰਜ ਹੋ ਸਕਦੈ? ਕੋਈ ਅਪਾਹਜ ਬੱਚਾ ਵੀ ਖੇਡ ਅੰਬਰ ਦਾ ਤਾਰਾ ਬਣ ਸਕਦੈ ਤੇ ਇੱਕੋ ਓਲੰਪਿਕਸ ਵਿਚੋਂ ਤਿੰਨ ਗੋਲਡ ਮੈਡਲ ਜਿੱਤ ਸਕਦੈ?" ਪ੍ਰਤੱਖ ਹੈ ਕਿ ਜੋ ਕੁਝ ਵਿਲਮਾ ਨੇ ਕਰ ਵਿਖਾਇਐ ਉਹ ਹੋਰ ਬੱਚੇ ਵੀ ਕਰ ਸਕਦੇ ਹਨ ਬਸ਼ਰਤੇ ਉਹ ਵਿਲਮਾ ਵਾਂਗ ਹਿੰਮਤੀ ਬਣਨ...।

ਬ੍ਰਾਜ਼ੀਲ ਦੇ ਪੇਲੇ ਨੂੰ 1999 ਵਿੱਚ ਫੀਫਾ ਨੇ ਸ਼ਤਾਬਦੀ ਦਾ ਸਰਬੋਤਮ ਫੁੱਟਬਾਲ ਖਿਡਾਰੀ ਐਲਾਨਿਆ। ਉਸ ਨੇ ਪਹਿਲੇ ਦਰਜੇ ਦੇ 1363 ਮੈਚ ਖੇਡਦਿਆਂ 1283 ਗੋਲ ਕਰਨ ਦਾ ਰਿਕਾਰਡ ਰੱਖਿਆ! ਉਹ ਵੀਹ ਵਰ੍ਹੇ ਉੱਚ ਪੱਧਰੀ ਫੁੱਟਬਾਲ ਖੇਡਿਆ ਤੇ ਤਿੰਨ ਵਿਸ਼ਵ ਕੱਪ ਜਿੱਤੇ। ਬ੍ਰਾਜ਼ੀਲ ਦਾ ਉਹ 'ਕਾਲਾ ਮੋਤੀ' ਸੀ ਜੀਹਨੂੰ ਅਨੇਕ ਖ਼ਿਤਾਬਾਂ ਨਾਲ ਸਨਮਾਨਿਆ ਗਿਆ...।

ਮੁਹੰਮਦ ਅਲੀ ਬਾਰੇ ਲਿਖਣਾ ਲਫ਼ਜ਼ਾਂ ਨਾਲ ਘੁਲਣਾ ਹੈ। ਉਸ ਨੇ ਧਰਮ ਬਦਲਿਆ, ਨਾਂ ਬਦਲਿਆ, ਸ਼ੌਕ ਬਦਲੇ ਤੇ ਪਤਨੀਆਂ ਬਦਲ ਕੇ ਚਾਰ ਵਿਆਹ ਕੀਤੇ। ਤਿੰਨ ਵਾਰ ਮੁੱਕੇਬਾਜ਼ੀ ਦਾ ਵਿਸ਼ਵ ਚੈਂਪੀਅਨ ਤੇ ਨੌਂ ਬੱਚਿਆਂ ਦਾ ਬਾਪ ਬਣਿਆ। ਆਖ਼ਰ ਪਾਰਕਿਨਸਨ ਦੀ ਬਿਮਾਰੀ ਦਾ ਸ਼ਿਕਾਰ ਹੋਇਆ ਤੇ 74 ਸਾਲ ਦੀ ਉਮਰ ਵਿਚ ਅੱਲਾ ਨੂੰ ਪਿਆਰਾ ਹੋ ਗਿਆ...।

ਵਾਸਿਲੀ ਅਲੈਕਸੀਏਵ ਵੇਟਲਿਫਟਿੰਗ ਦੇ 80 ਵਿਸ਼ਵ ਰਿਕਾਰਡ ਤੋੜੇ! ਪ੍ਰੈਕਟਿਸ ਕਰਦਿਆਂ ਉਸ ਨੇ ਏਨਾ ਵਜ਼ਨ ਚੁੱਕਿਆ ਜੋ ਰੇਲ ਦੇ ਇੰਜਣ ਤੋਂ ਵੀ ਨਾ ਖਿਚਿਆ ਜਾ ਸਕੇ। ਜਿਵੇਂ ਬਕੀਲੇ ਬਾਰੇ ਕਿਹਾ ਜਾਂਦੈ ਕਿ ਉਸ ਨੇ ਲੱਖ ਮੀਲ ਤੋਂ ਵੱਧ ਦੌੜਨ ਦਾ ਅਭਿਆਸ ਕੀਤਾ ਹੋਵੇਗਾ ਉਵੇਂ ਅਲੈਕਸੀਏਵ ਨੇ ਵੀ ਬਾਲੇ ਕੱਢਦਿਆਂ ਲੱਖ ਟਨ ਤੋਂ ਵੱਧ ਵਜ਼ਨ ਉਠਾਇਆ ਹੋਵੇਗਾ...।




ਨਿਕੋਲਾਈ ਆਂਦਰੀਆਨੋਵ 20ਵੀਂ ਸਦੀ ਦਾ ਸਰਬੋਤਮ ਜਿਮਨਾਸਟ ਸੀ। ਬਚਪਨ ਵਿਚ ਉਹ ਵਿਗੜਿਆ ਬੱਚਾ ਸੀ। ਚੰਗਾ ਕੋਚ ਮਿਲ ਜਾਣ ਨਾਲ ਜਿਮਨਾਸਟਿਕਸ ਦਾ ਜਾਦੂਗਰ ਬਣ ਗਿਆ। ਉਸ ਨੇ ਮੌਂਟਰੀਅਲ ਦੀਆਂ ਓਲੰਪਿਕ ਖੇਡਾਂ 'ਚੋਂ 7 ਤਗਮੇ ਜਿੱਤੇ। ਪੁਰਸ਼ਾਂ 'ਚੋਂ 15 ਮੈਡਲ ਜਿੱਤਣ ਦਾ ਉਹਦਾ ਓਲੰਪਿਕ ਰਿਕਾਰਡ 1980 ਤੋਂ 2008 ਤਕ ਕਾਇਮ ਰਿਹਾ...।

ਵਲੇਰੀ ਬਰੂਮਲ ਨੂੰ ਸਾਇਬੇਰੀਆ ਦਾ 'ਉਡਣਾ ਪੰਛੀ' ਕਿਹਾ ਜਾਂਦਾ ਸੀ। 1961-63 ਦੌਰਾਨ ਉਸ ਨੇ ਉੱਚੀ ਛਾਲ ਦੇ ਛੇ ਵਾਰ ਵਿਸ਼ਵ ਰਿਕਾਰਡ ਤੋੜੇ। ਉਹਦਾ 7 ਫੁੱਟ ਪੌਣੇ 6 ਇੰਚ ਦਾ ਆਖ਼ਰੀ ਵਿਸ਼ਵ ਰਿਕਾਰਡ 8 ਸਾਲ ਕਾਇਮ ਰਿਹਾ। ਜੇਕਰ ਉਹਦਾ ਐਕਸੀਡੈਂਟ ਨਾ ਹੁੰਦਾ ਤਾਂ ਸੰਭਵ ਸੀ ਉਹ ਹੋਰ ਵੀ ਉੱਚੇ ਵਿਸ਼ਵ ਰਿਕਾਰਡ ਰੱਖਦਾ...।

ਵਿਕਟਰ ਸਨੇਯੇਵ ਤੀਹਰੀ ਛਾਲ ਦਾ ਹੀਰਾ ਹਿਰਨ ਸੀ। ਉਸ ਨੇ ਸੋਵੀਅਤ ਰੂਸ ਵੱਲੋਂ ਚਾਰ ਓਲੰਪਿਕਸ ਵਿਚ ਭਾਗ ਲਿਆ ਤੇ ਚਾਰੇ ਵਾਰ ਜਿੱਤ ਮੰਚ 'ਤੇ ਚੜ੍ਹਿਆ। ਮੈਕਸੀਕੋ-68, ਮਿਊਨਿਖ-72 ਤੇ ਮੌਂਟਰੀਅਲ-76 ਦੀਆਂ ਓਲੰਪਿਕ ਖੇਡਾਂ 'ਚ ਹੈਟ ਟ੍ਰਿਕ ਮਾਰਦਿਆਂ ਸੋਨੇ ਦੇ ਤਿੰਨ ਤਗਮੇ ਜਿੱਤੇ। ਮਾਸਕੋ-1980 ਦੀਆਂ ਓਲੰਪਿਕ ਖੇਡਾਂ 'ਚੋਂ ਚਾਂਦੀ ਦਾ ਤਗਮਾ ਜਿੱਤਿਆ...।

ਮਾਰਕ ਸਪਿਟਜ਼ 22 ਸਾਲ ਦੀ ਉਮਰ ਤਕ ਤੈਰਿਆ ਤੇ 23ਵੇਂ ਸਾਲ ਤੈਰਨ ਤਲਾਅ ਨੂੰ ਅਲਵਿਦਾ ਆਖ ਦਿੱਤੀ। ਉਸ ਨੇ ਮਿਊਨਿਖ ਦੀਆਂ ਓਲੰਪਿਕ ਖੇਡਾਂ 'ਚੋਂ ਸੱਤ ਤਾਰੀਆਂ ਦੇ ਸੱਤੇ ਸੋਨ ਤਗਮੇ ਜਿੱਤੇ ਤੇ ਸੱਤੇ ਨਵੇਂ ਵਿਸ਼ਵ ਰਿਕਾਰਡ ਰੱਖੇ! ਉਸ ਦਾ 7 ਗੋਲਡ ਮੈਡਲ ਜਿੱਤਣ ਦਾ ਓਲੰਪਿਕ ਰਿਕਾਰਡ 36 ਸਾਲ ਕਾਇਮ ਰਿਹਾ...।

ਫਲੋਰੈਂਸ ਗ੍ਰਿਫ਼ਿਥ ਜੋਏਨਰ ਨੂੰ 'ਫਲੋਅ ਜੋਅ' ਕਿਹਾ ਜਾਂਦਾ ਸੀ। ਉਸ ਨੇ ਓਲੰਪਿਕ ਖੇਡਾਂ 'ਚੋਂ ਤਿੰਨ ਸੋਨੇ ਤੇ ਦੋ ਚਾਂਦੀ ਦੇ ਤਗਮੇ ਜਿੱਤੇ। ਉਸ ਦੇ 100 ਤੇ 200 ਮੀਟਰ ਦੌੜਾਂ ਦੇ ਓਲੰਪਿਕ ਤੇ ਵਿਸ਼ਵ ਰਿਕਾਰਡ 1988 ਤੋਂ 2020 ਤੱਕ ਕਾਇਮ ਰਹੇ। ਫੈਸ਼ਨਾਂ ਕਰਕੇ ਉਹ ਬੇਹੱਦ ਚਰਚਿਤ ਰਹੀ ਤੇ 38 ਸਾਲ ਦੀ ਉਮਰੇ ਉਹਦੀ ਨੀਂਦ 'ਚ ਹੋਈ ਮੌਤ ਰਹੱਸ ਬਣ ਗਈ...।

ਕਾਰਲ ਲੇਵਿਸ ਨੂੰ ਅਮਰੀਕਾ ਦਾ ਕਾਲਾ ਮੋਤੀ ਕਿਹਾ ਜਾਂਦੈ। ਉਸ ਨੇ ਚਾਰ ਓਲੰਪਿਕਸ ਵਿਚੋਂ ਨੌਂ ਗੋਲਡ ਮੈਡਲ ਜਿੱਤੇ ਤੇ ਇੱਕ ਸਿਲਵਰ। ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਵਿਚੋਂ ਵੀ ਦਸ ਮੈਡਲ ਜਿੱਤੇ ਜਿਨ੍ਹਾਂ 'ਚ ਅੱਠ ਗੋਲਡ ਮੈਡਲ ਹਨ। 1984, 88, 92, 96 ਦੀਆਂ ਓਲੰਪਿਕ ਖੇਡਾਂ ਵਿਚ ਉਹ ਲੰਮੀ ਛਾਲ ਦਾ ਲਗਾਤਾਰ ਚੈਂਪੀਅਨ ਬਣਦਾ ਰਿਹਾ...।

ਨਾਦੀਆ ਕੋਮੈਂਸੀ ਜਿਮਨਾਟਿਕਸ ਦੀ ਮਲਕਾ ਹੈ। ਉਹ ਵਿਸ਼ਵ ਦੀ ਪਹਿਲੀ ਜਿਮਨਾਸਟ ਹੈ ਜਿਸ ਨੇ ਮੌਂਟਰੀਅਲ ਦੀਆਂ ਓਲੰਪਿਕ ਖੇਡਾਂ 'ਚ ਸੱਤ ਵਾਰ ਪ੍ਰਫੈਕਟ 10 ਅੰਕ ਹਾਸਲ ਕੀਤੇ। ਇਸ ਕ੍ਰਿਸ਼ਮੇ ਨਾਲ ਉਹ ਚੌਦਾਂ ਸਾਲਾਂ ਦੀ ਕੁੜੀ ਏਨੀ ਪ੍ਰਸਿੱਧ ਹੋਈ ਕਿ ਕਰੋੜਾਂ ਅੱਖਾਂ ਦਾ ਕੇਂਦਰ ਬਣ ਗਈ! ਵਿਸ਼ਵ ਭਰ ਦੇ ਲੱਖਾਂ ਕਰੋੜਾਂ ਲੋਕ ਉਹਦੇ ਦੀਵਾਨੇ/ਮਸਤਾਨੇ ਹੋ ਗਏ...।

ਹਰਜੀਤ ਬਾਜਾਖਾਨਾ ਕਬੱਡੀ ਦਾ ਰੁਸਤਮ-ਏ-ਜ਼ਮਾਂ ਸੀ। ਉਸ ਮਹਾਨ ਧਾਵੀ ਦਾ ਨਾਂ ਮੈਂ 'ਕਬੱਡੀ ਦਾ ਚੜ੍ਹਦਾ ਸੂਰਜ' ਰੱਖਿਆ ਸੀ। ਉਦੋਂ ਕੀ ਪਤਾ ਸੀ ਕਿ ਸਾਡਾ ਚੜ੍ਹਦਾ ਸੂਰਜ ਸਿਖਰ ਦੁਪਹਿਰੇ ਹੀ ਛਿਪ ਜਾਵੇਗਾ। ਉਹਦੀ ਹਰ ਥਾਂ ਬੱਲੇ-ਬੱਲੇ ਹੁੰਦੀ ਸੀ। ਉਹ ਕੇਵਲ 27 ਸਾਲ ਦੀ ਜੁਆਨ ਉਮਰੇ ਸੜਕ ਹਾਦਸੇ ਦੀ ਭੇਟ ਚੜ੍ਹ ਗਿਆ...।

ਅਭਿਨਵ ਬਿੰਦਰਾ ਨਿਸ਼ਾਨੇਬਾਜ਼ੀ ਦਾ ਅਰਜਨ ਹੈ। ਕਿਸੇ ਵਿਅਕਤੀਗਤ ਖੇਡ ਦਾ ਪਹਿਲਾ ਭਾਰਤੀ ਓਲੰਪਿਕ ਚੈਂਪੀਅਨ। ਓਲੰਪਿਕ ਖੇਡਾਂ, ਵਿਸ਼ਵ ਚੈਂਪੀਅਨਸ਼ਿਪਾਂ, ਵਿਸ਼ਵ ਕੱਪਾਂ, ਕਾਮਨਵੈੱਲਥ ਖੇਡਾਂ, ਏਸ਼ਿਆਈ ਖੇਡਾਂ ਤੇ ਏਸ਼ਿਆਈ ਚੈਂਪੀਅਨਸ਼ਿਪਾਂ ਵਿੱਚੋਂ ਉਸ ਨੇ 6 ਸੋਨੇ, 3 ਚਾਂਦੀ ਤੇ 3 ਕਾਂਸੀ ਦੇ ਤਗਮੇ ਜਿੱਤੇ। ਉਹ ਪੰਜਾਬ ਦਾ ਮਾਣ ਹੈ ਤੇ ਭਾਰਤ ਦੀ ਸ਼ਾਨ...।

ਮਾਈਕਲ ਫੈਲਪਸ ਨੇ ਚਾਰ ਓਲੰਪਿਕ ਖੇਡਾਂ 'ਚੋਂ 23 ਸੋਨੇ, 3 ਚਾਂਦੀ, 2 ਕਾਂਸੀ, ਕੁਲ 28 ਤਗਮੇ ਜਿੱਤੇ! ਉਸ ਨੇ ਵਰਲਡ ਚੈਂਪੀਅਨਸ਼ਿਪਾਂ, ਓਲੰਪਿਕ ਖੇਡਾਂ, ਪੈਨ ਅਮਰੀਕਨ ਖੇਡਾਂ 'ਚੋਂ 83 ਮੈਡਲ ਜਿੱਤਣ ਨਾਲ 39 ਵਿਸ਼ਵ ਰਿਕਾਰਡ ਨਵਿਆਏ। ਬੀਜਿੰਗ ਓਲੰਪਿਕਸ 'ਚੋਂ 8 ਗੋਲਡ ਮੈਡਲਾਂ ਨਾਲ 7 ਵਿਸ਼ਵ ਰਿਕਾਰਡ ਨਵਿਆ ਕੇ ਦੁਨੀਆ ਦੰਗ ਕਰ ਦਿੱਤੀ...।

ਓਸੈਨ ਬੋਲਟ ਨੂੰ 'ਲਾਈਟਨਿੰਗ ਬੋਲਟ' ਵੀ ਕਿਹਾ ਜਾਂਦੈ। ਉਸ ਨੇ ਓਲੰਪਿਕ ਖੇਡਾਂ 'ਚੋਂ 8 ਗੋਲਡ ਮੈਡਲ ਜਿੱਤੇ। ਉਹਦੀ ਸਪੀਡ ਪ੍ਰਤੀ ਘੰਟਾ 44.72 ਕਿਲੋਮੀਟਰ ਰਿਕਾਰਡ ਕੀਤੀ ਗਈ। ਬਰਲਿਨ ਦੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ 'ਚ ਉਹ 100 ਮੀਟਰ ਦੌੜ 9.58 ਸੈਕਿੰਡ 'ਚ ਲਾ ਗਿਆ ਤੇ 200 ਮੀਟਰ 19.19 ਸੈਕਿੰਡ 'ਚ ਲਾਈ! ਉਸ ਨੇ ਵਿਸ਼ਵ ਚੈਂਪੀਅਨਸ਼ਿਪਾਂ 'ਚੋਂ ਵੀ 8 ਸੋਨੇ ਤੇ 2 ਚਾਂਦੀ ਦੇ ਤਗਮੇ ਜਿੱਤੇ...।

ਇਸ ਪੁਸਤਕ ਵਿਚ ਤੀਹ ਕੁ ਜੱਗ ਜੇਤੂਆਂ ਦੇ ਸ਼ਬਦ-ਚਿੱਤਰ ਹਨ। ਇਸ ਨੂੰ ਪੀਪਲਜ਼ ਫੋਰਮ ਬਰਗਾੜੀ ਨੇ ਪ੍ਰਕਾਸ਼ਿਤ ਕੀਤਾ ਹੈ ਜਿਨ੍ਹਾਂ ਦਾ ਫੋਨ 98729-89313 ਹੈ। ਪੁਸਤਕ 9 ਮਾਰਚ 2024 ਨੂੰ ਅਕਾਲ ਡਿਗਰੀ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਮਸਤੂਆਣਾ ਸਾਹਿਬ ਸੰਗਰੂਰ ਵਿਖੇ ਪਹਿਲੇ ਪੰਜਾਬੀ ਖੇਡ ਸਾਹਿਤ ਮੇਲੇ ਵਿਚ ਲੋਕ ਅਰਪਣ ਕੀਤੀ ਜਾਵੇਗੀ। 'ਜੱਗ ਜੇਤੂਆਂ ਦੀ ਗਾਥਾ' ਦਾ ਇਹ ਪਹਿਲਾ ਭਾਗ ਹੈ। ਇਸ ਦਾ ਦੂਜਾ ਭਾਗ ਵੀ ਛੇਤੀ ਹੀ ਪਾਠਕਾਂ ਦੇ ਦਰਾਂ 'ਤੇ ਦਸਤਕ ਦੇਵੇਗਾ। ਮੇਰੀ ਖੇਡ ਲੇਖਣੀ ਦੀ ਮੈਰਾਥਨ ਅਜੇ ਜਾਰੀ ਹੈ।

# ਸ਼ਤਰੰਜ ਕੇ ਖਿਲਾੜੀ

ਮੈਂ ਰੇਡੀਓ, ਟੀਵੀ, ਥਿਏਟਰ, ਫਿਲਮ, ਸਾਹਿਤ, ਇੰਟਰਨੈਟ ਆਦਿ ਦਾ ਵਿਦਿਆਰਥੀ ਵੀ ਹਾਂ, ਪ੍ਰੇਮੀ ਵੀ ਅਤੇ ਉਤਸ਼ਾਹੀ ਵੀ। ਇਨ੍ਹਾਂ ਖੇਤਰਾਂ ਚ ਮੇਰੀ ਪਸੰਦ ਵੀ ਅਵਲ ਤੇ ਵੱਖਰੀ ਰਹੀ ਹੈ। ਸ਼ੁਰੂ ਤੋਂ। ਰੇਡੀਓ ਮੇਰੇ ਕੋਲ ਹਮੇਸ਼ਾ ਚਲਦਾ ਰਹਿੰਦਾ ਹੈ। ਕਹਿ ਸਕਦੇ ਕੰਨ ਰਸੀਆਂ ਵੀ ਹਾਂ, ਅੱਖਾਂ ਸੇਕਣ ਅਤੇ ਸੋਚਣ ਮੰਥਨ ਦੇ ਨਾਲ ਨਾਲ। ਕਿਤਾਬਾਂ ਮੇਰੇ ਮੰਜੇ ਦੇ ਆਸਪਾਸ ਰਹਿੰਦੀਆਂ ਹਨ। ਮੈਂ ਘਰ ਤੋਂ ਨਿਕਲਿਆ ਸੀ ਸੁਪਨਾ ਲੈ ਕੇ

**ਗੁਰਪ੍ਰੀਤ ਸਿੰਘ ਬਿਲਿੰਗ**

ਡਾਇਰੈਕਟਰ ਬਣਨ ਦਾ। ਭਾਵ ਹਦਾਇਤਕਾਰ ਦਾ। ਭਾਵ ਨਿਰਦੇਸ਼ਕ ਦਾ। ਨਾਲ ਨਾਲ ਸਨ ਟੀਚਰ, ਰਿਪੋਰਟਰ ਦੇ ਸੁਪਨੇ, ਜੋ ਪੂਰੇ ਵੀ ਕਰ ਲਏ ਕੁਝ ਹੱਦ ਤੱਕ, ਪਰ ਬਹੁਤ ਕੁਝ ਬਾਕੀ ਹੈ। ਬਸ ਜ਼ਿੰਦਗੀ ਦੀ ਫਿਲਮ ਨੇ ਹਾਦਸੇ ਬਹੁਤ ਦਿੱਤੇ, ਦੇ ਰਹੀ ਹੈ। ਬਲੈਕਮੇਲ ਕਰ ਰਹੀ ਹੈ। ਪਰ ਸਚਾਈ ਤੇ ਸੰਜੀਦਗੀ ਨਹੀਂ ਛੱਡੀ, ਜ਼ਿੰਦਗੀ ਦੀ ਤਲਖ ਸਚਾਈ 'ਚ। ਓ ਹੋ ਮੈਂ ਆਰਟ ਫਿਲਮਾਂ ਵਾਂਗ ਸੰਜੀਦਾ ਵਹਿ ਗਿਆ। ਰੁੱਖਾ ਹੀ।

ਅਸਲ 'ਚ ਇਹ ਫਿਲਮ ਮੇਰੀ ਮਨ ਪਸੰਦ ਫਿਲਮਾਂ 'ਚੋਂ ਇਕ ਹੈ। ਦੋ ਵਾਰ ਮੈਂ ਇਹ ਫਿਲਮ ਬਚਪਨ ਚ ਦੇਖੀ। ਸਲੋਰਾ ਟੀਵੀ ਰਾਹੀਂ ਦੂਰਦਰਸ਼ਨ ਡੀਡੀ 1 'ਤੇ। ਇਕ ਵਾਰ ਲਾਈਟ ਦਾ ਕੱਟ ਲਗ ਗਿਆ ਸੀ। ਸਾਡੇ ਵਰਗੇ 90 ਤੇ 20 ਵਾਲਿਆਂ ਨੂੰ ਇਕ ਸੁਧਰੀ ਸਾਊ ਲੁਗਾਈ ਦੀ ਭਾਲ ਮਾਰ ਗਈ, ਇਕ ਲੈਟ ਕੱਟ ਦੀ।

ਇਸ ਫਿਲਮ 'ਚ ਵੀ ਸਰਕਾਰ ਤੇ ਸਮਾਜ ਵਰਗੇ ਦੋ ਬੇਫਿਕਰ ਸ਼ਤਰੰਜ ਦੇ ਸ਼ੌਕੀਨ ਅਵਧ ਦੇ ਨਵਾਬ ਜਗੀਰਦਾਰ ਹਨ। ਇਕ ਵੱਡਾ ਨੀਰੋ ਵਰਗਾ ਅਵਧ ਦਾ ਨਵਾਬ ਅਮਜ਼ਦ ਖ਼ਾਨ ਹੈ, ਜੋ ਆਪਣੀ ਮੌਜ 'ਚ ਵਹਿੰਦਾ ਜਾ ਰਿਹਾ ਹੈ। ਜਿਵੇਂ ਅੱਜ ਆਪਣੇ ਮੁਲਕ ਦੇ ਨਵਾਬ ਅਵਧ ਅੰਗਰੇਜ਼ਾਂ ਦੇ ਹੱਥ ਜਾਣ ਲਈ ਲੀਲਾ ਰਚਾਈ ਬੈਠੇ ਹਨ। ਫਿਲਮ 'ਚ ਦੇਖਦੇ ਦੇਖਦੇ ਅਵਧ ਪੂਰਾ ਬਰਤਾਨੀਆ ਦੇ ਰਾਜ ਹੇਠ ਆ ਜਾਂਦਾ ਹੈ। ਪਰ ਦੋ ਸ਼ਤਰੰਜ ਦੇ ਸ਼ੌਕੀਨ ਖਿਡਾਰੀ ਕਿਸੀ ਸੁੰਨਸਾਨ ਥਾਂ ਢਹਿ-ਢੇਰੀ ਮਸਜਿਦ ਦੀ ਥਾਂ 'ਤੇ ਬੜੇ ਆਰਾਮ ਨਾਲ ਬੈਠੇ ਸ਼ਤਰੰਜ ਖੇਡ ਰਹੇ ਹਨ। ਹੈ ਨਾ ਅੱਜ ਦੇ ਲੋਕਾਂ ਤੇ ਲੀਡਰਾਂ ਦਾ ਚਲਨ ਉਨ੍ਹਾਂ ਅਵਧ ਦੇ ਨਵਾਬਾਂ ਵਰਗਾ?

ਫਿਲਮ ਦੀ ਕਹਾਣੀ ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ ਸ਼ਤਰੰਜ ਕੇ ਖਿਲਾੜੀ ਉਤੇ ਹੀ ਆਧਾਰਿਤ ਹੈ। ਫਿਲਮ ਦੇਖਣ ਯੋਗ ਹੈ। ਜੇ ਗੰਭੀਰ ਬੈਠ ਕੇ, ਗੰਭੀਰ ਕਲਪਨਾ, ਸਾਹਿਤਕ ਰੁਚੀ ਨਾਲ ਦੇਖ ਸਕਦੇ ਹੋ, ਤਾਂ ਇਕ ਵਾਰ ਯੂਟਿਊਬ 'ਤੇ ਜਾ ਕੇ ਜ਼ਰੂਰ ਦੇਖਣਾ। ਬਾਕੀ ਦੱਸੋ ਮੇਰੀ ਵਾਰਤਕ ਨੂੰ ਕੀ ਕੋਹੋਗੇ। ਵਿਧਾ, ਨੰਬਰ ਵੀ ਦੱਸਣਾ।

ਸ਼ਤਰੰਜ ਕੇ ਖਿਲਾੜੀ 1977 ਦੀ ਇੱਕ ਭਾਰਤੀ ਫ਼ਿਲਮ ਹੈ, ਜੋ ਕਿ ਮੁਨਸ਼ੀ ਪ੍ਰੇਮ ਚੰਦ ਦੀ ਇਸੇ ਨਾਂ ਦੀ ਕਹਾਣੀ 'ਤੇ ਆਧਾਰਿਤ ਹੈ। ਇਸ ਦੀ



ਕਹਾਣੀ ਈਸਟ ਇੰਡੀਆ ਕੰਪਨੀ ਵਲੋਂ ਅਵਧ ਦੇ ਰਾਜ ਨੂੰ ਆਪਣੇ ਅਧੀਨ ਕਰਨ ਦੀ ਇਤਿਹਾਸਕ ਘਟਨਾ ਨਾਲ ਸਬੰਧਤ ਹੈ। ਫ਼ਿਲਮ ਵਿਚ ਅਵਧ ਦੇ ਨਵਾਬ-ਜਗੀਰਦਾਰ ਸ਼ਤਰੰਜ ਖੇਡਣ ਵਿਚ ਇਸ ਤਰ੍ਹਾਂ ਮਸਤ ਦਿਖਾਏ ਗਏ ਹਨ ਕਿ ਉਨ੍ਹਾਂ ਨੂੰ ਆਪਣੇ ਘਰ ਅਤੇ ਰਾਜ ਦੇ ਕਿਸੇ ਵੀ ਕੰਮ ਵਿਚ ਕੋਈ ਦਿਲਚਸਪੀ ਨਹੀਂ। ਉਹ ਜ਼ਿੰਦਗੀ ਵਿਚ ਖਾਦੇ-ਪੀਂਦੇ ਹਨ ਅਤੇ ਸ਼ਤਰੰਜ ਖੇਡਦੇ ਹਨ। ਜਦੋਂ ਉਹ ਇਹ ਖੇਡ ਨਹੀਂ ਖੇਡ ਰਹੇ ਹੁੰਦੇ, ਉਦੋਂ ਵੀ ਉਹ ਇਸ ਬਾਰੇ ਸੋਚ ਰਹੇ ਹੁੰਦੇ ਹਨ ਅਤੇ ਨਵੀਆਂ ਚਾਲਾਂ ਘੜ ਰਹੇ ਹੁੰਦੇ ਹਨ ਤਾਂ ਕਿ ਅਗਲੀ ਬਾਜ਼ੀ ਵਿਚ ਆਪਣੇ ਵਿਰੋਧੀ ਨੂੰ ਹਰਾਇਆ ਜਾ ਸਕੇ।

ਪੰਜਾਬ, ਭਾਰਤ, ਪਾਕਿਸਤਾਨ ਦੇ ਲੀਡਰਾਂ ਤੇ ਆਵਾਮ ਦਾ ਇਹੀ ਹਾਲ ਹੈ। ਸੋਚ ਕੇ ਦੇਖੋ ਜ਼ਰਾ ਕਹਾਣੀ ਦੇ ਐਂਗਲ ਤੋਂ ਦੇਖੋ। ਸੁਣੋ ਕਹਾਣੀ ਅਵਧ ਦਾ ਸੁਲਤਾਨ ਨਵਾਬ ਵਾਜਿਦ ਅਲੀ ਖ਼ਾਨ ਆਪਣਾ ਜ਼ਿਆਦਾ ਵਕਤ ਪੰਜ ਵੇਲੇ ਦੀ ਨਮਾਜ਼ ਪੜ੍ਹਨ, ਆਪਣੀਆਂ 400 ਰਖੇਲਾਂ ਦੇ ਸਾਥ ਵਿਚ ਆਨੰਦ ਮਾਣਨ, ਪਤੰਗ ਉਡਾਉਣ ਅਤੇ ਸ਼ਿਅਰੋ ਸ਼ਾਇਰੀ ਕਰਨ ਵਿਚ ਗੁਜ਼ਾਰਦਾ ਹੈ। ਉਸ ਨੂੰ ਆਪਣਾ ਰਾਜ-ਭਾਗ ਚਲਾਉਣ ਵਿਚ ਕੋਈ ਦਿਲਚਸਪੀ ਨਹੀਂ। ਅਵਧ ਦੇ ਆਮ ਲੋਕ ਫਿਰ ਵੀ ਉਸ ਨੂੰ ਪਿਆਰ ਕਰਦੇ ਹਨ। ਉਨ੍ਹਾਂ ਨੂੰ ਸੁਲਤਾਨ ਵਿਰੁੱਧ ਕੋਈ ਸ਼ਿਕਾਇਤ ਨਹੀਂ। ਉਹ ਵੀ ਆਪਣਾ ਸਮਾਂ ਕੁੱਕੜਾਂ ਅਤੇ ਭੇਡੂਆਂ ਦੀਆਂ ਲੜਾਈਆਂ ਦਾ ਤਮਾਸ਼ਾ ਦੇਖਦੇ ਹੋਏ ਗੁਜ਼ਾਰਦੇ ਹਨ। ਹਰ ਪਾਸੇ ਆਨੰਦ ਮੰਗਲ ਹੈ। ਇਸ ਤਰ੍ਹਾਂ ਦੇ ਮਾਹੌਲ ਵਿਚ ਕੰਪਨੀ ਬਹਾਦਰ (ਈਸਟ ਇੰਡੀਆ ਕੰਪਨੀ) ਅਵਧ ਨੂੰ ਹੜੱਪਣ ਦੇ ਮਨਸੂਬੇ ਬਣਾ ਰਹੀ ਹੈ। ਉਹ ਅਵਧ ਰਾਜ ਨਾਲ ਕੀਤੇ ਅਹਿਦਨਾਮੇ ਵਿਚ ਮੋਰੀਆਂ ਲੱਭ ਰਹੀ ਹੈ ਤਾਂ ਕਿ ਉਸ ਅਹਿਦਨਾਮੇ ਤੋਂ ਮੁੱਕਰਿਆ ਜਾ ਸਕੇ ਅਤੇ ਅਵਧ ਨੂੰ "ਚੈਰੀ" ਵਾਂਗ ਤੋੜ ਕੇ ਆਪਣੇ ਮੂੰਹ ਵਿਚ ਪਾਇਆ ਜਾ ਸਕੇ। ਜਦੋਂ ਕੰਪਨੀ ਦੇ ਮਨਸੂਬਿਆਂ ਦੀਆਂ ਖ਼ਬਰਾਂ ਅਵਧ ਦੇ ਸੁਲਤਾਨ, ਅਵਧ ਦੇ ਨਵਾਬਾਂ/ਜਗੀਰਦਾਰਾਂ ਤੱਕ ਪਹੁੰਚਦੀਆਂ ਹਨ ਤਾਂ ਉਹ ਇਸ ਉੱਤੇ ਯਕੀਨ ਨਹੀਂ ਕਰਦੇ। ਉਹ ਇਨ੍ਹਾਂ ਨੂੰ ਅਫਵਾਹਾਂ ਸਮਝਦੇ ਹਨ। ਸੁਲਤਾਨ ਇਨ੍ਹਾਂ ਅਫਵਾਹਾਂ ਫੈਲਾਉਣ ਵਾਲਿਆਂ ਨੂੰ ਰਾਜ ਵਿਰੋਧੀ ਗਰਦਾਨਦਾ ਹੈ। ਸ਼ਤਰੰਜ ਦੀ ਖੇਡ ਵਿਚ ਮਸਤ ਰਹਿਣ ਵਾਲਾ ਇੱਕ ਨਵਾਬ ਦੂਸਰੇ ਨਵਾਬ ਨੂੰ ਬੜੀ ਮਾਸੂਮੀਅਤ ਨਾਲ ਪੁੱਛਦਾ ਹੈ, ਕਿ "ਇਹ ਲੋਕ ਅਜਿਹੀਆਂ ਅਫਵਾਹਾਂ ਕਿਉਂ ਫੈਲਾਉਂਦੇ ਹਨ?" ਅਖੀਰ 7 ਫਰਵਰੀ 1856 ਨੂੰ ਕੰਪਨੀ ਬਹਾਦਰ ਬਿਨਾਂ ਕੋਈ ਗੋਲੀ ਚਲਾਇਆਂ ਅਵਧ ਨੂੰ ਆਪਣੇ ਅਧੀਨ ਕਰਨ ਵਿਚ ਕਾਮਯਾਬ ਹੋ ਜਾਂਦੀ ਹੈ। ਕਿਸੇ ਪਾਸੇ ਕੋਈ ਵਿਰੋਧ ਨਹੀਂ ਹੁੰਦਾ, ਕੋਈ ਸਵਾਲ ਨਹੀਂ ਪੁੱਛਿਆ ਜਾਂਦਾ। ਸਿਰਫ ਇੱਕ 13-14 ਸਾਲਾਂ ਦਾ ਮੁੰਡਾ ਸਵਾਲ ਕਰਦਾ ਹੈ ਕਿ ਅਵਧ 'ਤੇ ਅੰਗਰੇਜ਼ਾਂ ਦਾ ਰਾਜ ਹੋ ਗਿਆ ਪਰ ਕਿਤੇ ਕੋਈ ਗੋਲੀ ਨਹੀਂ ਚੱਲੀ।

# ਟੁੱਟੇ ਵਾਅਦਿਆਂ ਦੀ ਦਾਸਤਾਨ ਵਿਸ਼ਵ ਭਰ ਦਾ ਕਿਸਾਨ ਅੰਦੋਲਨ

ਪਿਛਲੇ ਕੁਝ ਦਿਨਾਂ 'ਚ ਫਰਾਂਸ, ਇਟਲੀ, ਰੋਮਾਨੀਆ, ਪੋਲੈਂਡ, ਗਰੀਸ, ਜਰਮਨੀ, ਪੁਰਤਗਾਲ, ਨੀਦਰਲੈਂਡ ਅਤੇ ਅਮਰੀਕਾ ਦੇ ਕਿਸਾਨ ਸੜਕਾਂ ਉਤੇ ਵਿਰੋਧ ਪ੍ਰਦਰਸ਼ਨ ਕਰਦੇ ਵੇਖੇ ਗਏ। ਫਰਾਂਸ ਵਿਚ ਤਾਂ ਸੜਕਾਂ ਠੱਪ ਕਰਨ ਤੋਂ ਬਾਅਦ ਯੂਕਰੇਨ ਦੂਤਾਵਾਸ ਉਤੇ ਮਸ਼ੀਨਾਂ ਨਾਲ ਗੋਹੇ ਦੀ ਬੁਛਾੜ ਕਿਸਾਨਾਂ ਨੇ ਕੀਤੀ। ਭਾਰਤ ਵਿਚ ਵੀ ਕਿਸਾਨਾਂ ਦਾ ਅੰਦੋਲਨ ਭਖਿਆ ਪਿਆ ਹੈ। ਕਿਸਾਨਾਂ ਨੂੰ ਰਾਜਧਾਨੀ ਦਿੱਲੀ ਜਾਣੋਂ ਰੋਕਣ ਲਈ ਹਰਿਆਣਾ ਦੀ ਸਰਹੱਦ ਉਤੇ



**ਗੁਰਮੀਤ ਸਿੰਘ ਪਲਾਹੀ**
**ਫੋਨ: +91-98158-02070**

ਵੱਡੀਆਂ ਰੋਕਾਂ ਅਤੇ ਸੁਰੱਖਿਆ ਬਲ ਲਗਾਏ ਹੋਏ ਹਨ। ਅੱਥਰੂ ਗੈਸ ਦੇ ਗੋਲੇ ਛੱਡੇ ਜਾ ਰਹੇ ਹਨ।

ਤਤਕਾਲੀ ਮੰਗਾਂ ਤਾਂ ਭਾਵੇਂ ਵੱਖੋ-ਵੱਖਰੇ ਦੇਸ਼ ਦੇ ਕਿਸਾਨਾਂ ਦੀਆਂ ਕੁਝ ਵੀ ਹੋਣ, ਪਰ ਕਿਸਾਨਾਂ ਦੇ ਹੱਕਾਂ ਦੀ ਲੜਾਈ ਸਿਰਫ਼ ਉਨ੍ਹਾਂ ਦੀ ਰੋਟੀ ਕਮਾਉਣ ਦੀ ਰੱਖਿਆ ਦੀ ਹੀ ਨਹੀਂ ਹੈ, ਉਹ ਸਾਡੇ ਸਮੂਹਿਕ ਖਾਧ ਭਵਿੱਖ ਦੀ ਸਮੱਸਿਆ ਲਈ ਵੀ ਹੈ। ਉਨ੍ਹਾਂ ਦੀਆਂ ਮੰਗਾਂ ਸਿਰਫ਼ ਆਰਥਿਕ ਸੁਰੱਖਿਆ ਲਈ ਹੀ ਨਹੀਂ ਹਨ, ਉਹ ਇੱਕ ਨਿਆਂਪੂਰਨ ਅਤੇ ਟਿਕਾਊ ਖਾਧ ਪ੍ਰਣਾਲੀ ਦਾ ਪ੍ਰਤੀਨਿਧਤ ਕਰਦੀਆਂ ਹਨ, ਜੋ ਕਿਸਾਨਾਂ ਦੀ ਜ਼ਮੀਨ ਦੇ ਪ੍ਰਬੰਧਕ ਦੇ ਰੂਪ ਵਿਚ ਮਹੱਤਵਪੂਰਨ ਹਨ। ਦੁਨੀਆ ਦਾ ਪੇਟ ਪਾਲਣ ਵਿਚ ਕਿਸਾਨਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ।

ਅੱਜ ਦੁਨੀਆ ਭਰ ਵਿਚ ਕਿਸਾਨਾਂ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੀ ਰੋਜ਼ੀ-ਰੋਟੀ ਖਤਰੇ ਵਿਚ ਹੈ, ਉਨ੍ਹਾਂ ਦੇ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ। ਭਾਰਤ ਵਿਚ ਅੱਜ ਵੀ ਦੇਸ਼ ਦੇ ਲੱਖਾਂ ਕਿਸਾਨ ਦਿੱਲੀ ਦੀਆਂ ਸਰਹੱਦਾਂ ਨੂੰ ਘੇਰਨ ਲਈ ਘਰੋਂ ਨਿਕਲ ਚੁੱਕੇ ਹਨ। ਸੱਤਾ ਦੇ ਗਲਿਆਰਿਆਂ ਵਿਚ ਉਨ੍ਹਾਂ ਦੀ ਆਵਾਜ਼ ਗੂੰਜਦੀ ਹੈ। ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਦੀ ਮੰਗ ਵੀ ਉਠ ਰਹੀ ਹੈ। ਕਿਸਾਨਾਂ ਦੇ ਹੱਕਾਂ ਦੀ ਲੜਾਈ ਲਈ ਭਾਰਤ ਦੇ ਮੈਦਾਨਾਂ ਤੋਂ ਲੈ ਕੇ ਯੂਰਪ ਦੀਆਂ ਉਪਜਾਊ ਘਾਟੀਆਂ ਤੱਕ ਕਿਸਾਨ ਇਕਜੁੱਟ ਹੋ ਰਹੇ ਹਨ। ਪੈਦਾਵਾਰ ਦੀਆਂ ਡਿਗਦੀਆਂ ਕੀਮਤਾਂ, ਫਸਲਾਂ ਉਗਾਉਣ ਲਈ ਵਧਦੀ ਲਾਗਤ, ਕਰਜ਼ੇ ਦਾ ਬੋਝ, ਪੌਣ-ਪਾਣੀ ਬਦਲੀ, ਤਾਕਤਵਾਰ ਕਾਰੋਬਾਰੀਆਂ ਵਲੋਂ ਉਨ੍ਹਾਂ ਦੀ ਲੁੱਟ ਅਤੇ ਉਨ੍ਹਾਂ ਦੀ ਜ਼ਮੀਨ ਹਥਿਆਉਣ ਜਾਂ ਇਕਵਾਇਰ ਕਰਨ ਦੀਆਂ ਕਰਵਾਈਆਂ ਕਿਸਾਨਾਂ 'ਚ ਵੱਡੀ ਅਸੰਤੁਸ਼ਟੀ ਪੈਦਾ ਕਰਦੀਆਂ ਹਨ।

ਭਾਰਤ ਵਿਚ ਕਿਸਾਨ, ਸਾਰੀਆਂ ਫਸਲਾਂ (23) ਦੇ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਰੰਟੀ ਲਈ ਸੜਕਾਂ 'ਤੇ ਮੁੜ ਆਏ ਹਨ। ਤਿੰਨ ਸਾਲ ਪਹਿਲਾਂ ਉਨ੍ਹਾਂ ਨੇ ਕੇਂਦਰ ਸਰਕਾਰ ਵਲੋਂ ਬਣਾਏ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਵੱਡੀ ਲੜਾਈ ਜਿੱਤੀ ਸੀ। ਸਮਰਥਨ ਮੁੱਲ ਦੀ ਮੰਗ ਉਸ ਵੇਲੇ ਤੋਂ ਹੀ ਲਟਕਦੀ ਆ ਰਹੀ ਹੈ। ਜਿਸ ਸਬੰਧੀ ਕੇਂਦਰ ਸਰਕਾਰ ਨੇ ਟਾਲ ਮਟੋਲ ਦੀ ਨੀਤੀ ਅਪਨਾਈ ਰੱਖੀ ਵਾਅਦੇ ਕੀਤੇ ਜੋ ਕਦੇ ਵੀ ਵਫ਼ਾ ਨਾ ਹੋਏ। ਯੂਰਪ ਵਿਚ ਡੱਚ ਡੇਅਰੀ ਕਿਸਾਨਾਂ ਨੇ ਆਪਣਾ "ਦੁੱਧ ਵਿਰੋਧ ਪ੍ਰਦਰਸ਼ਨ" ਕਰਦੇ ਹੋਏ ਰਾਜਮਾਰਗਾਂ ਅਤੇ ਸੁਪਰ ਬਜ਼ਾਰਾਂ ਵਿਚ ਵਿਰੋਧ ਪ੍ਰਗਟ ਕੀਤਾ ਅਤੇ ਦੁੱਧ ਕੀਮਤਾਂ ਨੂੰ ਨਕਾਰਿਆ ਅਤੇ ਆਪਣੇ ਵਾਜਿਬ ਮਿਹਨਤਾਨੇ ਲਈ ਮੁਆਵਜ਼ੇ ਦੀ ਮੰਗ ਕੀਤੀ। ਭਾਰਤ ਵਾਂਗਰ ਫਰਾਂਸ ਵਿਚ ਵੀ ਲੱਖਾਂ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਦੇ ਵਿਰੋਧ 'ਚ ਆਏ। ਹਵਾਈ ਅੱਡਿਆਂ ਤੱਕ ਦੀ ਘੇਰਾਬੰਦੀ ਕਰਦਿਆਂ ਉਨ੍ਹਾਂ ਉਥੋਂ ਦੀ ਰਾਜਧਾਨੀ ਪੈਰਿਸ ਨੂੰ ਵੀ ਘੇਰ ਲਿਆ।

ਐਟਲਾਂਟਿਕ ਦੇ ਪਾਰ, ਬ੍ਰਾਜ਼ੀਲ ਵਿਚ ਸਵਦੇਸ਼ੀ ਸਮੁਦਾਏ ਅਤੇ ਛੋਟੇ ਕਿਸਾਨ, ਪੂੰਜੀਵਾਦੀ ਕਾਰਪੋਰੇਟ ਧੁਰੰਤਰਾਂ ਦੇ ਖ਼ਿਲਾਫ ਇੱਕਜੁੱਟ ਹਨ, ਉਨ੍ਹਾਂ ਦਾ ਸੰਘਰਸ਼ ਆਪਣੀਆਂ ਜ਼ਮੀਨਾਂ ਕਾਰਪੋਰੇਟਾਂ ਹੱਥ ਜਾਣ ਤੋਂ ਬਚਾਉਣਾ ਹੈ। ਜੰਗਲਾਂ ਦੀ ਕਟਾਈ ਅਤੇ ਕਾਰਪੋਰੇਟਾਂ ਵਲੋਂ ਜ਼ਮੀਨ ਹਥਿਆਉਣ ਲਈ ਕੀਤੇ ਘਿਨੌਣੇ ਯਤਨਾਂ ਦਾ ਵਿਰੋਧ ਕਿਸਾਨਾਂ ਦੇ ਸੰਘਰਸ਼ਾਂ ਦੀ ਕਹਾਣੀ ਵਿਚ ਇੱਕ ਨਵੀਂ ਪਰਤ ਜੋੜ ਰਿਹਾ ਹੈ, ਜੋ ਵਾਤਾਵਰਨ ਸੁਰੱਖਿਆ ਅਤੇ ਸਮਾਜਿਕ ਨਿਆਂ ਦੀ ਕਹਾਣੀ ਬੁਣਦਾ ਹੈ।

ਦੁਨੀਆ ਭਰ ਵਿਚ ਕਿਸਾਨਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਮੁੱਦਿਆਂ ਵਿਚ ਲਗਭਗ ਸਮਾਨਤਾ ਹੈ। ਉਨ੍ਹਾਂ ਦੇ ਸੰਘਰਸ਼ ਦਾ ਤਾਣਾ-ਬਾਣਾ, ਲੁੱਟ-ਖਸੁੱਟ, ਹਾਸ਼ੀਏ 'ਤੇ ਜਾਣ ਅਤੇ ਟੁੱਟੇ ਵਾਇਦਿਆਂ ਦੇ ਧਾਗਿਆਂ ਨਾਲ ਬੁਣਿਆ ਗਿਆ ਹੈ। ਜਦੋਂ ਅਸਥਿਰ ਬਾਜ਼ਾਰ ਉਨ੍ਹਾਂ ਕੀਮਤਾਂ ਵਿਚ ਉਤਾਰ-ਚੜ੍ਹਾਅ ਪ੍ਰਤੀ ਸੰਵੇਦਨਸ਼ੀਲਤਾ ਬਣਾ ਦਿੰਦੇ ਹਨ ਤਾਂ ਇਹੋ ਜਿਹੇ 'ਚ ਉਨ੍ਹਾਂ ਦੀ ਪੈਦਾਵਾਰ ਲਈ ਬਹੁਤ ਘੱਟ ਮੁੱਲ ਮਿਲਦਾ ਹੈ। ਲੁੱਟ-ਖਸੁੱਟ ਵਾਲਾ ਬਾਜ਼ਾਰ ਕਿਸਾਨਾਂ ਨੂੰ ਅਜਿਹੀ ਸਥਿਤੀ 'ਚ ਨਿਚੋੜਦਾ ਹੈ, ਜਿਸ ਵਿਚ ਉਨ੍ਹਾਂ ਦੀ ਫਸਲ ਦੀ ਲਾਗਤ ਕੀਮਤ ਵੀ ਕਈ ਹਾਲਾਤਾਂ 'ਚ ਨਹੀਂ ਮਿਲਦੀ। ਇਸ ਸਬੰਧੀ ਆਕਸਫੈਮ ਨੇ ਇੱਕ ਰਿਪੋਰਟ ਛਾਇਆ ਕੀਤੀ ਹੈ, ਜਿਸ ਮੁਤਾਬਿਕ ਕਿਸਾਨਾਂ ਨੂੰ ਭੋਜਨ ਦੇ ਅੰਤਿਮ ਖੁਦਰਾ ਮੁੱਲ ਦਾ ਕੇਵਲ ਇੱਕ ਤੋਂ ਅੱਠ ਫੀਸਦੀ ਮਿਲਦਾ ਹੈ।

ਕਾਰਨ ਜੇ ਜਾਣੀਏ ਤਾਂ ਬੱਸ ਇਕੋ ਹੈ, ਉਹ ਇਹ ਕਿ ਤਕੜਾ ਕਾਰਪੋਰੇਟ, ਸੱਤਾ ਦੀ ਤਾਕਤ ਕੁਝ ਹੱਥਾਂ ਵਿਚ ਸੌਂਪ ਦਿੰਦਾ ਹੈ। ਇਹੀ ਸੱਤਾਧਾਰੀ ਲੋਕ ਕਾਰਪੋਰੇਟ ਸੈਕਟਰ ਦੇ ਹਿੱਤਾਂ ਦੀ ਰਾਖੀ ਕਰਦੇ ਹਨ। ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣਾ, ਉਨ੍ਹਾਂ ਦੀ ਉਪਜ ਉਤੇ ਕੰਟਰੋਲ ਕਰਨਾ, ਛੋਟੇ ਕਿਸਾਨਾਂ ਨੂੰ ਬਾਜ਼ਾਰ ਵਿਚੋਂ ਬਾਹਰ ਕਰਨਾ, ਇਨ੍ਹਾਂ ਧਨ ਕੁਬੇਰਾਂ ਦਾ ਮੰਤਵ ਹੈ, ਜੋ ਕਿਸਾਨਾਂ ਦੀਆਂ ਸਮੱਸਿਆਵਾਂ ਦੀ ਮੂਲ ਜੜ੍ਹ ਬਣਦਾ ਹੈ।

ਅੱਜ ਕਿਸਾਨਾਂ ਦੀ ਸਥਿਤੀ ਇਹ ਹੈ ਕਿ ਉਹ ਕਰਜ਼ੇ ਨਾਲ ਮੜ੍ਹੇ ਪਏ ਹਨ। ਵਾਤਾਵਰਨ 'ਚ ਬਦਲਾਅ ਨੇ ਉਨ੍ਹਾਂ ਦੀ ਫਸਲ 'ਚ ਅਨਿਸ਼ਚਿਤਤਾ ਵਧਾ ਦਿੱਤੀ ਹੋਈ ਹੈ। ਭਾਰਤ ਵਿਚ ਕਿਸਾਨਾਂ ਦੇ ਮੰਦੇ ਹਾਲਾਤ ਇਥੋਂ ਤੱਕ ਹਨ ਕਿ ਉਹ ਖੁਦਕੁਸ਼ੀਆਂ ਕਰ ਰਹੇ ਹਨ। ਉੱਚੀ ਲਾਗਤ ਅਤੇ ਬਾਜ਼ਾਰੀ ਕੀਮਤਾਂ ਕਾਰਨ ਅਕਸਰ ਕਿਸਾਨ ਕਰਜ਼ੇ ਹੇਠ ਦੱਬੇ ਜਾ ਰਹੇ ਹਨ। ਵਿਸ਼ਵ ਬੈਂਕ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਵਿਸ਼ਵ ਪੱਧਰ 'ਚ ਪੰਜ ਕਰੋੜ ਛੋਟੇ ਕਿਸਾਨ ਕਰਜ਼ੇ ਦੇ ਚੱਕਰ 'ਚ ਫਸੇ ਹੋਏ ਹਨ।

ਵਿਸ਼ਵ ਭਰ 'ਚ ਉਦਯੋਗਿਕਰਨ ਵਧ ਰਿਹਾ ਹੈ ਅਤੇ ਹਰ ਦੇਸ਼ 'ਚ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾ ਰਿਹਾ ਹੈ। ਇਸ ਨਾਲ ਕਿਸਾਨਾਂ ਦੀ ਜ਼ਮੀਨ ਤੋਂ ਬੇਦਖਲੀ ਹੋ ਰਹੀ ਹੈ, ਜੋ ਇਨ੍ਹਾਂ ਅੰਨ ਦਾਤਿਆਂ ਲਈ ਵੱਡੀ ਸਮੱਸਿਆ ਬਣੀ ਹੋਈ ਹੈ। ਦੇਸ਼ ਦੀਆਂ ਸਥਾਨਕ ਸਰਕਾਰਾਂ ਕਾਰਪੋਰੇਸ਼ਨਾਂ ਅਤੇ ਸਰਕਾਰਾਂ ਵਲੋਂ ਜ਼ਮੀਨ ਪ੍ਰਾਪਤ ਕਰਨ ਲਈ ਹਰ ਦਿਨ ਬਿਨਾਂ ਕਿਸੇ ਪੁਨਰਵਾਸ ਦੇ, ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਹੈ, ਇਹ ਉਸ ਲਈ ਰੋਜ਼ੀ-ਰੋਟੀ ਦਾ ਮਸਲਾ ਪੈਦਾ ਕਰ ਰਿਹਾ ਹੈ। "ਲੈਂਡ ਮੈਟਰਿਕਸ ਇਨੀਸ਼ੀਏਟਿਵ" ਦੇ ਅਨੁਸਾਰ 2016 ਤੋਂ 2020 ਦੇ ਵਿਚਕਾਰ ਵਿਸ਼ਵ ਪੱਧਰ 'ਤੇ ਕਿਸਾਨਾਂ ਦੀ 10 ਲੱਖ ਹੈਕਟੇਅਰ ਜ਼ਮੀਨ ਹੜੱਪ ਲਈ ਗਈ।

ਔੜ, ਹੜ੍ਹ ਅਤੇ ਅਨਿਯਮਤ ਮੌਸਮ ਕਿਸਾਨਾਂ ਦੀ ਫਸਲ ਉਜਾੜ ਦਿੰਦਾ ਹੈ। ਇਹ ਵਿਸ਼ਵ-ਵਿਆਪੀ ਵਰਤਾਰਾ ਹੈ। ਇਹ ਸਥਿਤੀਆਂ ਜਿਥੇ ਖੁਰਾਕ ਸੁਰੱਖਿਆ ਨੂੰ ਖ਼ਤਰੇ 'ਚ ਪਾਉਂਦੀਆਂ ਹਨ, ਉਥੇ ਕਿਸਾਨਾਂ ਨੂੰ ਗਰੀਬੀ ਵੱਲ ਧਕੇਲਦੀਆਂ ਹਨ। ਵਿਸ਼ਵ ਬੈਂਕ ਦਾ ਅੰਦਾਜ਼ਾ ਹੈ ਕਿ ਮੌਸਮੀ ਬਦਲੀ 2030 ਤੱਕ 2.6 ਕਰੋੜ ਹੋਰ ਲੋਕਾਂ ਨੂੰ ਗਰੀਬੀ ਵੱਲ ਧੱਕ ਦੇਵੇਗੀ, ਖ਼ਾਸ ਤੌਰ 'ਤੇ ਪੇਂਡੂ ਖੇਤਰਾਂ ਵਿਚ। ਛੋਟੇ ਕਿਸਾਨਾਂ ਕੋਲ ਪਾਣੀ, ਕਰਜ਼ਾ ਅਤੇ ਸੂਚਨਾ ਜਿਹੇ ਜ਼ਰੂਰੀ ਸਾਧਨਾਂ ਤੱਕ ਪਹੁੰਚ ਦੀ ਘਾਟ ਉਨ੍ਹਾਂ ਦੀਆਂ ਫਸਲਾਂ ਦੇ ਪੈਦਾਵਾਰ ਅਤੇ ਲਚੀਲੇਪਨ ਵਿਚ ਪੁੱਠਾ ਅਸਰ ਪਾਉਂਦੇ ਹਨ।

ਸਰਕਾਰਾਂ ਨੂੰ ਕਿਸਾਨਾਂ ਦੇ ਵਿਸ਼ਵ ਵਿਦਰੋਹ ਨੂੰ ਨਜ਼ਰਅੰਦਾਜ ਨਹੀਂ ਕਰਨਾ ਚਾਹੀਦਾ, ਨਾ ਹੀ ਦਬਾਉਣਾ ਚਾਹੀਦਾ ਹੈ, ਜਿਵੇਂ ਕਿ ਭਾਰਤ ਵਿਚ ਦਬਾਇਆ ਜਾ ਰਿਹਾ ਹੈ। ਭਾਰਤ ਵਿਚ ਕਿਸਾਨਾਂ ਦੀ ਗਿਣਤੀ ਕਿਉਂਕਿ ਵੱਧ ਹੈ, ਉਨ੍ਹਾਂ ਦੀ ਜਦੋਂ ਸੁਣਵਾਈ ਨਹੀਂ ਹੁੰਦੀ, ਉਨ੍ਹਾਂ ਦੇ ਅੰਦੋਲਨ ਨੂੰ ਕੁਚਲਿਆ ਜਾਂਦਾ ਹੈ, ਤਾਂ ਉਨ੍ਹਾਂ 'ਚ ਗੁੱਸਾ ਹੋਰ ਜ਼ਿਆਦਾ ਭੜਕਦਾ ਹੈ। ਉਹ ਰੋਕਾਂ ਤੋੜਦੇ ਹਨ, ਆਪਣੀ ਗੱਲ ਵਿਸ਼ਵ ਪੱਧਰ 'ਤੇ ਪਹੁੰਚਾਉਣ ਲਈ ਯਤਨ ਕਰਦੇ ਹਨ।

ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਕਿਸਾਨਾਂ-ਮਜ਼ਦੂਰਾਂ ਨੇ ਲੁੱਟ-ਖਸੁੱਟ ਦੇ ਵਿਰੁੱਧ ਇਕੱਠੇ ਹੋ ਕੇ ਸੱਤਾ ਦੇ ਵਿਰੁੱਧ ਹੁੰਕਾਰ ਭਰੀ ਹੈ, ਉਨ੍ਹਾਂ ਨੇ ਸੱਤਾ ਪਲਟਾਉਣ ਦਾ ਕੰਮ ਕੀਤਾ ਹੈ।



ਸਾਲ 1917 'ਚ ਰੂਸ 'ਚ ਇਨਕਲਾਬ ਆਇਆ, ਮਾਓ ਜੇ ਤੁੰਗ ਦੀ ਅਗਵਾਈ ਵਿਚ ਚੀਨ 'ਚ ਕ੍ਰਾਂਤੀ ਆਈ ਜਾਂ ਭਾਰਤ ਵਿਚ ਕਿਸਾਨ ਅੰਦੋਲਨ, ਤਿੰਨ ਮੁੱਦਿਆਂ ਗਰੀਬੀ, ਜ਼ਮੀਨ ਹਥਿਆਉਣ ਦੇ ਮੁੱਦਿਆਂ ਅਤੇ ਗੁਲਾਮੀ ਨੂੰ ਲੈ ਕੇ ਕਿਸਾਨਾਂ ਦਾ ਵਿਰੋਧ ਵੱਡਾ ਰਿਹਾ। ਇਹ ਪੇਂਡੂ ਖਿੱਤਿਆਂ 'ਚ ਮੁੱਖ ਤੌਰ 'ਤੇ ਵੇਖਣ ਨੂੰ ਮਿਲਿਆ। ਇਹ ਤਿੰਨੇ ਅੰਦੋਲਨ ਸੱਤਾਧਾਰੀਆਂ ਦੇ ਵਿਰੋਧ 'ਚ ਪੈਦਾ ਹੋਏ।

ਹਰੇਕ ਅੰਦੋਲਨ ਨੇ ਤਬਦੀਲੀ ਦੀ ਵਕਾਲਤ ਕਰਨ ਵਾਲੀ ਵਿਚਾਰਧਾਰਾ ਤੋਂ ਪ੍ਰੇਰਨਾ ਲਈ। ਰੂਸ ਵਿਚ ਬਾਲਸ਼ਵਿਕਾਂ ਨੇ ਜ਼ਮੀਨ ਦੀ ਵੰਡ ਬਰਾਬਰੀ ਦਾ ਵਾਅਦਾ ਕਰਦਿਆਂ ਸਮਾਜਵਾਦ ਨੂੰ ਅਪਨਾਇਆ। ਮਾਓ ਜੇ ਤੁੰਗ ਦੀ ਕ੍ਰਾਂਤੀ ਮਾਓਵਾਦ ਤੋਂ ਪ੍ਰੇਰਿਤ ਸੀ ਜੋ ਮਾਰਕਸਵਾਦ ਅਤੇ ਖੇਤੀ ਸਮਾਜਵਾਦ ਦਾ ਮਿਸ਼ਰਣ ਸੀ। ਜਦ ਕਿ ਹੁਣ ਵਾਲਾ ਭਾਰਤੀ ਅੰਦੋਲਨ ਵੀ ਸਮਾਜਿਕ ਨਿਆਂ ਅਤੇ ਉਚਿਤ ਵਤੀਰੇ ਦੇ ਵਿਚਾਰਾਂ ਨੂੰ ਪ੍ਰਗਟਾਉਂਦਾ ਹੈ। ਕਿਸਾਨ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦੀ ਗੱਲ ਵੀ ਕਰਦੇ ਹਨ, ਉਹ ਆਪਣੀ ਮਨੁੱਖੀ ਹੱਕਾਂ ਦੀ ਗੱਲ ਕਰਦੇ ਹਨ ਅਤੇ ਆਪਣੀਆਂ ਮੰਗਾਂ ਦੇ ਹੱਕ 'ਚ ਦ੍ਰਿੜਤਾ ਨਾਲ ਖੜ੍ਹੇ ਹਨ। ਉਹ ਦੇਸ਼ 'ਚ ਨਿੱਜੀਕਰਨ ਦੇ ਵਾਧੇ ਦਾ ਵਿਰੋਧ ਵੀ ਕਰਦੇ ਹਨ। ਆਪਣੀ ਜ਼ਮੀਨ ਦੀ ਰੱਖਿਆ ਤਾਂ ਉਨ੍ਹਾਂ ਦਾ ਮੁੱਖ ਮੰਤਵ ਹੈ। ਉਨ੍ਹਾਂ ਦੀ ਪ੍ਰੇਸ਼ਾਨੀ ਵੀ ਵਿਸ਼ਵ ਦੇ ਕਿਸਾਨਾਂ ਦੀ ਪ੍ਰੇਸ਼ਾਨੀ ਵਰਗੀ ਹੈ। ਸਰਕਾਰ ਦੀਆਂ ਨੀਤੀਆਂ ਕਾਰਨ ਉਨ੍ਹਾਂ ਸਿਰ ਕਰਜ਼ਾ ਵਧ ਰਿਹਾ ਹੈ। ਇਹ ਸਤੰਬਰ 2016 ਤੱਕ 12.80 ਲੱਖ ਕਰੋੜ ਸੀ। 1995 ਤੋਂ 2013 ਤੱਕ ਤਿੰਨ ਲੱਖ ਤੋਂ ਵਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਸਨ। ਇਹ ਕਿਸੇ ਵੀ ਕੁਦਰਤੀ ਆਫ਼ਤ 'ਚ ਹੋਈਆਂ ਮੌਤਾਂ ਤੋਂ ਵੱਧ ਗਿਣਤੀ ਹੈ।

ਜਿੰਨੇ ਵੀ ਵਿਸ਼ਵ ਭਰ ਵਿਚ ਇਨਕਲਾਬ ਹੋਏ ਹਨ, ਉਨ੍ਹਾਂ ਸਾਰਿਆਂ 'ਚ ਕਿਸਾਨਾਂ, ਮਜ਼ਦੂਰਾਂ, ਲੇਖਕਾਂ, ਬੁੱਧੀਜੀਵੀਆਂ ਅਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਨੇ ਹਿੰਮਤ ਨਾਲ ਭੂਮਿਕਾ ਨਿਭਾਈ। ਕਿਸਾਨਾਂ, ਮਜ਼ਦੂਰਾਂ ਦਾ ਅੰਦੋਲਨ ਸਿਰਫ਼ ਵਿਰੋਧ ਪ੍ਰਦਰਸ਼ਨ ਹੜਤਾਲਾਂ ਤੱਕ ਹੀ ਸੀਮਤ ਨਹੀਂ ਹੈ। ਜੇਕਰ ਸਮਾਂ ਰਹਿੰਦਿਆਂ ਕਿਸਾਨਾਂ ਦੀਆਂ ਸਮੱਸਿਆਵਾਂ ਜੋ ਬਹੁਤ ਵੱਡੀਆਂ ਹਨ, ਦਾ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ 'ਚ ਇਸ ਦੇ ਗੰਭਿਰ ਸਿੱਟੇ ਨਿਕਲਣਗੇ। ਭਾਰਤ ਵਿਚ ਹੁਣ ਦੇ ਅੰਦੋਲਨ ਨਾਲ ਸਖ਼ਤੀ, ਜਾਂ ਕੁਝ ਕੁ ਰਿਆਇਤਾਂ ਦੇਣ ਦੇ ਬਿਆਨ ਜਾਂ ਕਿਸਾਨਾਂ ਨੂੰ ਤੁਛ ਜਿਹੀ ਰਾਸ਼ੀ ਸਬਸਿਡੀ ਦੇਣ ਨਾਲ ਇਹ ਅੰਦੋਲਨ ਮੱਠਾ ਪੈਣ ਵਾਲਾ ਨਹੀਂ ਜਾਪਦਾ।

ਹੁਣ ਸਮਾਂ ਆ ਗਿਆ ਹੈ ਕਿ ਵਿਸ਼ਵ ਪੱਧਰ 'ਤੇ ਕਿਸਾਨਾਂ ਦੇ ਮਸਲਿਆਂ ਸਬੰਧੀ ਗੱਲਬਾਤ ਹੋਵੇ ਅਤੇ ਅਜਿਹਾ ਭਵਿੱਖ ਬਣਾਉਣ ਲਈ ਮਿਲ ਕੇ ਕੰਮ ਕੀਤਾ ਜਾਵੇ। ਜਿੱਥੇ ਕਿਸਾਨ ਵਧਣ-ਫੁੱਲਣ, ਇਨ੍ਹਾਂ ਨੂੰ ਸਹੀ ਸਹੂਲਤਾਂ ਮਿਲਣ ਅਤੇ ਕਿਸਾਨ ਧਰਤੀ ਦੀ ਦੇਖਭਾਲ ਕਰ ਸਕਣ।

ਸਰਕਾਰਾਂ ਲਈ ਅੱਜ ਇਹ ਸਮਾਂ ਹੈ ਕਿ ਜਿਹੜੇ ਸ਼ਕਤੀਸ਼ਾਲੀ ਸਵਾਰਥੀ ਧਨ ਕੁਬੇਰ ਨਿਆਂ ਦੇ ਰਸਤਿਆਂ ਵਿਚ ਖੜ੍ਹੇ ਹਨ, ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾਵੇ। ਮਜ਼ਬੂਤ ਕਿਸਾਨੀ ਨੀਤੀਆਂ ਅਤੇ ਪ੍ਰਣਾਲੀਆਂ ਵਿਕਸਤ ਕੀਤੀਆਂ ਜਾਣ। ਇਹੋ ਜਿਹੇ ਨਿਆਂਸੰਗਤ ਸਮਾਜ ਦੀ ਕਲਪਨਾ, ਕਿਸਾਨ ਦੇ ਆਤਮ ਸਨਮਾਨ ਅਤੇ ਉਨ੍ਹਾਂ ਦੇ ਬਿਹਤਰ ਜੀਵਨ ਲਈ ਚੰਗੇਰੀ ਹੋਏਗੀ।

---

# ਆਪੁ ਗਵਾਈਐ ਤਾ ਸਹੁ ਪਾਈਐ

ਹਸਤੀ ਹੀ ਹੋਂਦ ਹੈ। ਜਾਂ ਇਉਂ ਕਹਿ ਲਓ ਕਿ ਹੋਂਦ ਹੀ ਹਸਤੀ ਹੈ। ਹੋਣ ਦਾ ਹੱਕ ਅਦਾ ਕਰਨਾ ਪੈਂਦੈ-'ਸਿਰਫ ਹੋਨੇ ਸੇ ਕੁਛ ਨਹੀਂ ਹੋਤਾ/ ਅਪਨੇ ਹੋਨੇ ਕਾ ਹਕ ਅਦਾ ਕੀਜੇ' (ਵਸੀਮ ਬਰੇਲਵੀ)। ਇਸ ਦਾ ਮਤਲਬ ਕਿ ਆਪਣੀ ਹੋਂਦ ਨੂੰ ਜਤਾਉਣਾ ਆਪਣੀ ਹਸਤੀ ਦੇ ਹੋਣ ਦਾ ਐਲਾਨ ਕਰਨਾ ਹੈ।



ਹੋਂਦ ਜਤਾਈ ਕਿਵੇਂ ਜਾ ਸਕਦੀ ਹੈ? ਆਪਣੀ ਵੱਖਰੀ ਪਹਿਚਾਣ ਬਣਾ ਕੇ;

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਕੁਛ ਵਿਲੱਖਣ ਕਰਕੇ; ਵੱਖਰੇ ਰਾਹਾਂ 'ਤੇ ਤੁਰ ਕੇ, ਓਹੀ ਜਿਨ੍ਹਾਂ ਬਾਰੇ ਪ੍ਰਸਿੱਧ ਪੰਜਾਬੀ ਸ਼ਾਇਰ ਸੁਰਜੀਤ ਪਾਤਰ ਕਹਿੰਦੈ-'ਮੈਂ ਰਾਹਾਂ 'ਤੇ ਨਹੀਂ ਤੁਰਦਾ ਮੈਂ ਤੁਰਦਾ ਹਾਂ ਤਾਂ ਰਾਹ ਬਣਦੇ'! ਓਹੀ ਜਿਨ੍ਹਾਂ ਬਾਰੇ ਅੰਗਰੇਜ਼ੀ ਦਾ ਮਸ਼ਹੂਰ ਕਵੀ ਰੌਬਰਟ ਫਰੌਸਟ ਆਪਣੀ ਕਵਿਤਾ 'ਦਾ ਰੋਡ ਨਾਟ ਟੇਕਨ' (ਅਣਅਪਣਾਈ ਸੜਕ) ਵਿਚ ਲਿਖਦੈ-'ਇਕ ਪੀਲੇ ਰੰਗ ਦੇ ਜੰਗਲ 'ਚ ਦੋਰਾਹਾ ਆਇਆ/ਤੇ ਮੈਂ ਘੱਟ ਚਲਿਆ ਰਾਹ ਅਪਣਾਇਆ ਅਤੇ ਇਸ (ਚੋਣ) ਨੇ ਹੀ ਸਾਰਾ ਫਰਕ ਪਾਇਆ'!

ਹਸਤੀ ਰੁਤਬਾ, ਰੁਪਿਆ-ਪੈਸਾ, ਪਾਵਰ, ਪਦਵੀ, ਪੁਜ਼ੀਸ਼ਨ, ਰੋਹਬ-ਦਾਬ ਰਾਹੀਂ ਵੀ ਦਰਸਾਈ ਜਾਂਦੀ ਹੈ। ਬਲਕਿ ਇਹ ਸਾਧਨ ਵਧੇਰੇ ਅਪਣਾਏ ਜਾਂਦੇ ਹਨ। ਹਸਤੀ ਜਤਾਉਣ ਦੇ ਨਾਂਹ-ਪੱਖੀ ਪਹਿਲੂ ਵੀ ਹੁੰਦੇ ਹਨ। ਗੁੰਡਾਗਰਦੀ, ਗੈਂਗਵਾਦ, ਗੰਨ-ਕਲਚਰ ਆਦਿ ਇਨ੍ਹਾਂ ਵਿਚ ਸ਼ਾਮਲ ਹਨ। ਸਵਾਲ ਪੈਦਾ ਹੁੰਦੈ ਕਿ ਜੇ ਹਸਤੀ ਐਨੀਂ ਮਹੱਤਵਪੂਰਨ ਹੁੰਦੀ ਹੈ ਤਾਂ ਫਿਰ ਇਸ ਨੂੰ ਮਿਟਾਉਣ ਦੀ ਕੀ ਲੋੜ ਹੈ? ਫਿਰ ਇਹ ਕਿਉਂ ਕਿਹਾ ਜਾਂਦੈ ਕਿ 'ਮਿਟਾ ਦੇ ਅਪਨੀ ਹਸਤੀ ਕੋ ਅਗਰ ਕੁਛ ਮਰਤਬਾ ਚਾਹੇ/ਕਿ ਦਾਨਾ ਖਾਕ ਮੇਂ ਮਿਲ ਕਰ ਗੁਲ-ਓ-ਗੁਲਜ਼ਾਰ ਹੋਤਾ ਹੈ'(ਸੱਈਅਦ ਹਸ਼ਮਤ ਸੋਹੈਲ)। ਜਾਂ ਫਿਰ ਇਹ ਨਸੀਹਤ ਕਿਉਂ ਕੀਤੀ ਜਾਂਦੀ ਹੈ ਕਿ "ਆਪੁ ਗਵਾਈਐ ਤਾ ਸਹੁ ਪਾਈਐ" ਜਾਂ 'ਰੰਗ ਲਾਤੀ ਹੈ ਹਿਨਾ ਪੱਥਰ ਪੇ ਪਿਸ ਜਾਨੇ ਕੇ ਬਾਦ'!

ਜਦ ਹਸਤੀ ਹੀ ਨਾ ਰਹੀ ਤਾਂ ਫਿਰ ਰੁਤਬਾ ਕੀ ਕਰਨਾਂ ਭ਼ਲਾ? ਹੋਂਦ ਹੀ ਮਿਟ ਗਈ ਤਾਂ ਹੈਸੀਅਤ ਕਾਹਦੀ? ਡਾ. ਬਸ਼ੀਰ ਬਦਰ ਤਾਂ ਸਾਵਧਾਨ ਕਰਦੈ-'ਬੜੇ ਲੋਗੋਂ ਸੇ ਮਿਲਨੇ ਮੇਂ ਹਮੇਸ਼ਾ ਫਾਸਲਾ ਰਖਨਾ/ ਜਹਾਂ ਦਰਿਯਾ ਸਮੁੰਦਰ ਸੇ ਮਿਲਾ ਦਰਿਯਾ ਨਹੀਂ ਰਹਿਤਾ'।

ਬੋਹੜ ਹੇਠ ਉੱਗੇ ਬਿਰਖ ਝਾੜ-ਬੂਟ ਬਣ ਕੇ ਸਿਮਟ ਜਾਂਦੇ ਹਨ, ਫੈਲਦੇ-ਫੁਲਦੇ-ਫਲਦੇ ਨਹੀਂ। ਮੌਲਣ-ਵਿਗਸਣ ਲਈ ਤਾਂ ਆਪਣੇ ਹਿੱਸੇ ਦੀ ਧਰਤ ਚਾਹੀਦੀ ਹੈ। ਵੱਡਿਆਂ ਤੋਂ ਕੀ ਲੈਣਾ? 'ਬੜਾ ਹੂਆ ਤੋ ਕਯਾ ਹੂਆ ਜੈਸੇ ਪੇੜ ਖਜੂਰ/ਪੰਖੀ ਕੋ ਛਾਇਆ ਨਹੀਂ ਫਲ ਲਾਗੇ ਅਤ ਦੂਰ'। ਗੁਰਬਾਣੀ ਵਿਚ ਤਾਂ ਆਉਂਦੈ 'ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥(ਅੰਗ 470)

ਨਿੱਕੇ ਦੀ ਮਸਤੀ ਦੀ ਆਪਣੀ ਮੜਕ ਹੁੰਦੀ ਹੈ। ਬਸ਼ੀਰ ਬਦਰ ਤਾਂ ਇਥੋਂ ਤਕ ਕਹਿੰਦੈ-'ਕਹਿ ਦੇਨਾ ਸਮੁੰਦਰ ਸੇ ਹਮ ਓਸ ਕੇ ਮੋਤੀ ਹੈਂ/ਦਰਿਆ ਕੀ ਤਰਹ ਤੁਝ ਸੇ ਮਿਲਨੇ ਨਹੀਂ ਆਏਂਗੇ"। ਅੰਗਰੇਜ਼ੀ ਕਵੀ ਜਾਨ ਮਿਲਟਨ ਦੀ ਇਕ ਸ਼ਾਹਕਾਰ ਰਚਨਾ ਹੈ-ਗੁਆਚਾ ਸੁਰਗ (ਪੈਰਾਡਾਈਜ਼ ਲੌਸਟ)। ਇਸ ਵਿਚ ਸ਼ੈਤਾਨ ਨਰਕ ਵਿਚ ਹੋ ਕੇ ਵੀ ਆਪਣੀ ਹਸਤੀ ਦੀ ਸਰਦਾਰੀ ਦੀ ਮਹਿਮਾ ਕਰਦੈ-'ਸੁਰਗ ਦੀ ਗੁਲਾਮੀ ਨਾਲੋਂ ਨਰਕ ਦਾ ਰਾਜ-ਭਾਗ ਬਿਹਤਰ'!

ਧਰਮ ਵਿਚ 'ਮੈਂ' ਮਾਰਨੀ ਪੈਂਦੀ ਹੈ; ਹਉਮੈ ਹਾਰਨੀ ਹੁੰਦੀ ਹੈ; ਹਸਤੀ ਖੋਰਨੀ ਪੈਂਦੀ ਹੈ। ਫਿਰ ਕਿਧਰੇ ਬਾਤ ਬਣਦੀ ਹੈ-'ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ'॥ (ਸ੍ਰੀ ਗੁਰੂ ਗ੍ਰੰਥ ਸਾਹਿਬ-ਅੰਗ 657)। ਬਾਪ ਦੀ ਉਂਗਲ ਫੜੀਏ ਤਾਂ ਭਰੋਸਾ ਵੀ ਚਾਹੀਦੈ ਕਿ ਉਂਗਲ ਫੜਨ ਵਾਲਾ ਹੱਥ ਮਜ਼ਬੂਤ ਹੈ, ਅਧਵਾਟੇ ਨਹੀਂ ਛਡਦਾ। ਪਰਮ-ਪਿਤਾ ਦੇ ਲੜ ਲਗਿਆਂ ਵੀ ਯਕੀਨ ਹੋਣਾ ਚਾਹੀਦੈ ਕਿ ਬੇੜੀ ਭਵਜਲ ਪਾਰ ਲਾਊ, ਭੰਵਰ ਵਿਚ ਨਹੀਂ ਡੋਬਦਾ। ਲਿੱਸਾ ਭਰੋਸਾ ਜਾਂ ਚਲਾਕੀ-ਚੁਸਤੀ ਕਿਸੇ ਬੰਨੇ-ਕੰਢੇ ਨਹੀਂ ਲਾਉਂਦੇ। 'ਚਤੁਰਾਈ ਨ ਚਤਰਭੁਜੁ ਪਾਈਐ'॥(ਅੰਗ 324)।

ਜਿੰਨ੍ਹਾ ਨੂੰ ਵਰਖਾ ਲਈ ਕੀਤੀ ਅਰਦਾਸ ਉਪਰ ਭਰੋਸਾ ਹੁੰਦੈ ਉਹ ਘਰੋਂ ਛਤਰੀ ਲੈ ਕੇ ਨਿਕਲਦੇ ਹਨ! ਬੇਭਰੋਸਗੀ ਵਾਲੇ ਭਟਕਣ ਵਿਚ ਹੀ ਟੱਕਰਾਂ ਮਾਰਦੇ ਰਹਿੰਦੇ ਐ।

'ਤੂੰ' ਵਿਚ 'ਮੈਂ' ਵੀ ਹੈ, ਜਿਵੇਂ 'ਅਸੀਂ ਵਿਚ ਆਪਾਂ 'ਸਭ' ਹਾਂ!

ਬੂੰਦ ਸਮੁੰਦਰ ਵਿਚ ਮਿਲ ਕੇ ਸਮੁੰਦਰ ਦੀ ਵਿਸ਼ਾਲਤਾ ਦਾ ਹਿੱਸਾ ਬਣ ਜਾਂਦੀ ਹੈ, ਇਕ ਬਿੰਦੂ ਦਾ ਵਿਸਥਾਰ ਹੋ ਜਾਂਦੈ!

'ਮੈਂ' ਮਿਲਾਪ ਵਿਚ ਦੀਵਾਰ ਹੈ; ਮਿਲਣ ਵਿਚ ਬੈਰੀਕੇਡ; ਇੱਕ-ਮਿਕਤਾ ਵਿਚ ਰੁਕਾਵਟ!

ਇਸ ਲਈ 'ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ'॥ (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 722)।

ਤਾਂ ਫਿਰ ਦੀਵਾਰ ਢਾਹ 'ਤੇ ਢਹਿ ਪਉ ਦੁਆਰੈ, ਕਿਉਂਕਿ 'ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥ ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ'॥(ਸ੍ਰੀ ਗੁਰੂ ਗ੍ਰੰਥ ਸਾਹਿਬ -ਅੰਗ 1375)।

# ਕਿਸਾਨ ਮਸਲੇ, ਕਿਸਾਨ ਅੰਦੋਲਨ ਅਤੇ ਸਰਕਾਰਾਂ

ਦਿੱਲੀ ਕਿਸਾਨ ਅੰਦੋਲਨ ਵਾਂਗ ਕਿਸਾਨਾਂ ਨੂੰ ਬੈਰੀਕੇਡਾਂ ਨਾਲ ਫਿਰ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਕਿਸਾਨਾਂ ਸਿਰ ਕਰਜ਼ਾ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਇਹ ਸਤੰਬਰ 2016 ਤੱਕ 12.60 ਲੱਖ ਕਰੋੜ ਰੁਪਏ ਕਰਜ਼ਾ ਹੋ ਚੁੱਕਾ ਸੀ। 1995 ਤੋਂ 2013 ਤੱਕ ਤਿੰਨ ਲੱਖ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਸਨ। ਦੁਨੀਆ ਦੇ 8 ਹਜ਼ਾਰ ਸਾਲ ਦੇ ਖੇਤੀਬਾੜੀ ਦੇ ਇਤਿਹਾਸ ਵਿਚ ਮਹਾਮਾਰੀਆਂ ਜਾਂ



ਮੋਹਨ ਸਿੰਘ (ਡਾ.)
ਫੋਨ: +91-78883-27695

ਕਾਲਾਂ ਨਾਲ ਕਿਸਾਨ ਮਰਦੇ ਤਾਂ ਸੁਣੇ ਸਨ ਪਰ ਇੰਨੀ ਵੱਡੀ ਪੱਧਰ 'ਤੇ ਖੁਦਕੁਸ਼ੀਆਂ ਨਾਲ ਮਰਦੇ ਨਹੀਂ ਸੁਣੇ।

ਮੁਲਕ ਵਿਚ ਕਿਸਾਨੀ ਦੀ ਇਸ ਭਿਆਨਕ ਤਸਵੀਰ ਦੇ ਬਾਵਜੂਦ ਆਗੂਆਂ ਨੂੰ ਕਿਸਾਨਾਂ ਨਾਲ ਹਮਦਰਦੀ ਤਾਂ ਕੀ ਹੋਣੀ ਹੈ ਸਗੋਂ ਕਾਰਪੋਰੇਟ ਮੀਡੀਆ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਲਈ ਕਿਸਾਨਾਂ ਦੁਆਰਾ ਵਿਆਹਾਂ, ਪਾਰਟੀਆਂ ਅਤੇ ਫਜ਼ੂਲ ਖ਼ਰਚੀ ਕਰਨ ਵਾਲੇ ਬੇਪ੍ਰਵਾਹ ਜੱਟਬੂਟ ਗਰਦਾਨ ਕੇ ਉਨ੍ਹਾਂ ਨੂੰ ਹੀ ਜ਼ਿੰਮੇਵਾਰ ਠਹਿਰਾ ਰਿਹਾ ਹੈ। ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਆਗੂ ਸ਼ਿਵਰਾਜ ਚੌਹਾਨ ਜਿਹੜਾ ਖ਼ੁਦ ਨੂੰ ਕਿਸਾਨਾਂ ਦਾ 'ਪੁੱਤ' ਅਖਵਾਉਂਦਾ ਸੀ, ਨੇ ਕਿਹਾ ਸੀ ਕਿ ਕਿਸਾਨ ਕਰਜ਼ੇ ਕਾਰਨ ਨਹੀਂ, ਸ਼ਰਾਬ ਪੀਣ ਕਾਰਨ ਖੁਦਕੁਸ਼ੀਆਂ ਕਰ ਰਹੇ ਹਨ। ਭਾਜਪਾ ਪੱਖੀ ਅਰਥ ਸ਼ਾਸਤਰੀ ਅਰਵਿੰਦ ਪਨਗੜ੍ਹੀਆ ਅਤੇ ਜਗਦੀਸ਼ ਭਗਵਤੀ ਕਹਿ ਰਹੇ ਸਨ ਕਿ ਭਾਰਤ ਵਰਗੇ ਵੱਡੇ ਦੇਸ਼ ਵਿਚ ਤਿੰਨ ਲੱਖ ਖੁਦਕੁਸ਼ੀਆਂ ਕੋਈ ਵੱਡਾ ਅੰਕੜਾ ਨਹੀਂ। ਸਭ ਤੋਂ ਵੱਧ ਖੁਦਕੁਸ਼ੀਆਂ ਉਨ੍ਹਾਂ ਰਾਜਾਂ ਵਿਚ ਹੋ ਰਹੀਆਂ ਹਨ ਜਿੱਥੇ ਜ਼ਿਆਦਾ ਨਗਦ ਫ਼ਸਲਾਂ ਹੁੰਦੀਆਂ ਹਨ ਅਤੇ ਕਰਜ਼ਾ ਚੁੱਕ ਕੇ ਖੇਤੀ ਕੀਤੀ ਜਾਂਦੀ ਹੈ। ਖੁਦਕੁਸ਼ੀਆਂ ਦੇ ਜ਼ਿਆਦਾ ਕੇਸ ਹਰੇ ਇਨਕਲਾਬ ਦੇ ਪਿਤਾਮਾ ਕਹੇ ਜਾਂਦੇ ਪੰਜਾਬ, ਰਾਜਸਥਾਨ, ਮਹਾਰਾਸ਼ਟਰ, ਕੇਰਲ, ਆਂਧਰਾ ਪ੍ਰਦੇਸ਼, ਤਿਲੰਗਾਨਾ, ਕਰਨਾਟਕ, ਉੜੀਸਾ ਤੇ ਮੱਧ ਪ੍ਰਦੇਸ਼ 'ਚ ਹਨ।

ਡਾ. ਐੱਮ.ਐੱਸ. ਸਵਾਮੀਨਾਥਨ ਨੇ ਖੁਦਕੁਸ਼ੀਆਂ ਦੀ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਨਜਿੱਠਣ ਨੂੰ ਮੁੱਖ ਟੀਚਾ ਬਣਾਇਆ ਸੀ। ਯੂ.ਪੀ.ਏ. ਸਰਕਾਰ ਦੌਰਾਨ 18 ਨਵੰਬਰ 2004 ਨੂੰ ਡਾ. ਸਵਾਮੀਨਾਥਨ ਦੀ ਅਗਵਾਈ ਵਿਚ ਬਣਾਏ 'ਕਿਸਾਨਾਂ ਲਈ ਕੌਮੀ ਕਮਿਸ਼ਨ' ਨੇ ਡੂੰਘੀ ਖੋਜ ਪੜਤਾਲ ਕਰ ਕੇ ਜ਼ਰਈ ਸੰਕਟ ਨਜਿੱਠਣ ਲਈ ਅਕਤੂਬਰ 2006 ਵਿਚ ਆਪਣੀਆਂ ਨੌਂ ਨੁਕਾਤੀ ਸਿਫ਼ਾਰਸ਼ਾਂ ਪੇਸ਼ ਕੀਤੀਆਂ ਸਨ। ਹੋਰ ਸੁਝਾਵਾਂ 'ਤੇ ਇਲਾਵਾ ਉਸ ਨੇ ਕਿਸਾਨਾਂ ਨੂੰ ਬਚਾਉਣ ਲਈ ਫ਼ਸਲਾਂ ਦੀ ਉਤਪਾਦਕਤਾ ਵਿਚ ਵਾਧੇ ਦੇ ਸੁਧਾਰ ਨਾਲ ਮੰਡੀਯੋਗ ਵਾਧੂ ਉਪਜ ਨੂੰ ਯਕੀਨੀ ਬਣਾ ਕੇ ਲਾਭਕਾਰੀ ਮੰਡੀ ਮੌਕਿਆਂ ਨਾਲ ਜੋੜਨ, ਫ਼ਸਲ ਆਧਾਰਿਤ ਕਿਸਾਨ ਕੋਆਪਰੇਟਿਵ ਬਣਾਉਣ, ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਲਾਗੂ ਕਰਨ 'ਚ ਸੁਧਾਰ ਕਰ ਕੇ ਕਣਕ ਅਤੇ ਝੋਨੇ ਤੋਂ ਅੱਗੇ ਹੋਰ ਫ਼ਸਲਾਂ ਵੀ ਇਸ ਦੇ ਘੇਰੇ ਵਿਚ ਲਿਆਉਣ, ਬਾਜਰਾ ਤੇ ਹੋਰ ਮੋਟੇ ਪੌਸ਼ਟਿਕ ਅਨਾਜਾਂ ਨੂੰ ਵੀ ਪੱਕੇ ਤੌਰ 'ਤੇ ਜਨਤਕ ਵੰਡ ਪ੍ਰਣਾਲੀ 'ਚ ਸ਼ਾਮਲ ਕਰਨ, ਖੇਤੀਬਾੜੀ ਪੈਦਾਵਾਰ ਮੰਡੀਕਰਨ ਕਾਨੂੰਨ (ਏ.ਪੀ.ਐੱਮ.ਸੀ.ਏ.) ਨੂੰ ਹੋਰ ਅਸਰਕਾਰੀ ਬਣਾਉਣ ਦੇ ਸੁਝਾਅ ਦਿੱਤੇ ਸਨ। ਉਸ ਦਾ ਸਭ ਤੋਂ ਅਹਿਮ ਸੁਝਾਅ ਘੱਟੋ-ਘੱਟ ਸਮਰਥਨ ਮੁੱਲ ਸੀ2 ਪਲੱਸ ਫ਼ਸਲਾਂ ਦੀ ਲਾਗਤ ਦਾ 50 ਪ੍ਰਤੀਸ਼ਤ ਵੱਧ ਦੇਣ ਬਾਰੇ ਸੀ।

ਵੱਖ ਵੱਖ ਸਰਕਾਰਾਂ ਨੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦਰਕਨਾਰ ਕਰਦਿਆਂ ਖੇਤੀ ਅਤੇ ਫ਼ਸਲਾਂ ਦੇ ਵਪਾਰ ਨੂੰ ਦੇਸੀ-ਵਿਦੇਸ਼ੀ ਵੱਡੀਆਂ ਕੰਪਨੀਆਂ ਦੇ ਹਵਾਲੇ ਕੀਤਾ ਹੈ। ਸਿਫ਼ਾਰਿਸ਼ਾਂ ਅਨੁਸਾਰ ਬਾਜਰੇ ਅਤੇ ਹੋਰ ਮੋਟੇ ਪੌਸ਼ਟਿਕ ਅਨਾਜ ਨੂੰ ਜਨਤਕ ਵੰਡ ਪ੍ਰਣਾਲੀ (ਪੀ.ਡੀ.ਐੱਸ.) 'ਚ ਸ਼ਾਮਲ ਕਰਨ ਦੀ ਬਜਾਇ ਇਸ ਪ੍ਰਣਾਲੀ ਦਾ ਹੀ ਭੋਗ ਪਾਉਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ। ਇਸੇ ਕਰ ਕੇ ਕਿਸਾਨ, ਸੰਸਾਰ ਵਪਾਰ ਸੰਸਥਾ ਵਿਚੋਂ ਬਾਹਰ ਆਉਣ ਦੀ ਮੰਗ ਕਰ ਰਹੇ ਹਨ। ਸਰਕਾਰਾਂ ਖੇਤੀ ਦੀ ਉਤਪਾਦਕਤਾ ਵਧਾਉਣ ਅਤੇ ਫ਼ਸਲਾਂ ਵਿਚ ਵੰਨ-ਸਵੰਨਤਾ ਦੀਆਂ ਗੱਲਾਂ ਤਾਂ ਕਰ ਰਹੀਆਂ ਹਨ ਪਰ ਅਜਿਹਾ ਕਰਨ ਲਈ ਕਿਸਾਨਾਂ ਅੱਗੇ ਕੋਈ ਠੋਸ ਨੀਤੀਆਂ ਨਹੀਂ ਰੱਖ ਰਹੀਆਂ। ਪੰਜਾਬ ਦੀ ਖੇਤੀ ਉਤਪਾਦਕਤਾ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਦੀ ਹੈ। ਪੰਜਾਬ ਵਿਚ ਫ਼ਸਲੀ ਤੀਬਰਤਾ ਲਗਭਗ 1.90% ਹੈ ਅਤੇ ਪੰਜਾਬ ਦਾ 99% ਤੋਂ ਵੱਧ ਰਕਬਾ ਸਿੰਜਾਈ ਅਧੀਨ ਹੈ। ਮੌਜੂਦਾ ਤਕਨੀਕਾਂ ਨਾਲ ਨਾ ਪੰਜਾਬ ਦੀ ਫ਼ਸਲੀ ਤੀਬਰਤਾ, ਨਾ ਸਿੰਜਾਈ ਖੇਤਰ, ਨਾ ਰਸਾਇਣਾਂ ਅਤੇ ਮਸ਼ੀਨਰੀ ਦੀ ਹੋਰ ਵਰਤੋਂ ਨਾਲ ਅਤੇ ਨਾ ਹੀ ਜ਼ਮੀਨੀ ਸੁਧਾਰ ਕਰ ਕੇ ਖੇਤੀ ਫ਼ਸਲਾਂ ਦੀ ਉਤਪਾਦਕਤਾ ਵਧਾ ਕੇ ਹੋਰ ਝਾੜ ਵਧਾਇਆ ਜਾ ਸਕਦਾ ਹੈ। ਇਸ ਪੂੰਜੀਵਾਦੀ-ਸਾਮਰਾਜੀ ਵਿਵਸਥਾ ਵਿਚ ਇਹ ਵੱਧ ਤੋਂ ਵੱਧ ਹੋ ਚੁੱਕਾ ਹੈ। ਇਸ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਸਿਰ ਇਕ ਲੱਖ ਕਰੋੜ ਰੁਪਏ ਬੈਂਕਿੰਗ ਕਰਜ਼ਾ ਹੈ ਜੋ ਭਾਰਤ ਦੇ ਸਾਰੇ ਰਾਜਾਂ ਨਾਲੋਂ ਵੱਧ ਹੈ; ਸ਼ਾਹੂਕਾਰਾਂ ਦਾ ਕਰਜ਼ਾ ਇਸ ਤੋਂ ਵੱਖਰਾ ਹੈ। ਇੱਥੋਂ ਦੇ ਕਿਸਾਨ-ਮਜ਼ਦੂਰ ਵੱਡੀ ਪੱਧਰ 'ਤੇ ਖੁਦਕੁਸ਼ੀਆਂ ਕਰ ਰਹੇ ਹਨ। ਅੰਕੜਿਆਂ ਅਨੁਸਾਰ, 16600 ਤੋਂ ਵੱਧ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ। ਕਿਹਾ ਜਾ ਰਿਹਾ ਹੈ ਕਿ ਕਿਸਾਨਾਂ ਨੂੰ ਖੇਤੀ ਵੰਨ-



ਸਵੰਨਤਾ ਅਪਣਾਉਣੀ ਚਾਹੀਦੀ ਹੈ ਪਰ ਪੰਜਾਬ ਦੇ ਕਿਸਾਨਾਂ ਨੇ ਅੰਗੂਰ, ਕਿੰਨੂ, ਆਲੂ, ਸੂਰਜਮੁਖੀ, ਬਾਸਮਤੀ, ਗੋਭੀ, ਮੱਕੀ, ਫਲ, ਫੁੱਲ ਆਦਿ ਬੀਜ ਕੇ ਵੰਨ-ਸਵੰਨਤਾ ਕਰ ਕੇ ਦੇਖ ਲਈ ਹੈ; ਫ਼ਸਲਾਂ ਦੇ ਵਾਧੂ ਉਤਪਾਦਨ ਸਮੇਂ ਉਨ੍ਹਾਂ ਨੂੰ ਫ਼ਸਲਾਂ ਨਾ ਵਿਕਣ ਕਾਰਨ ਕਦੇ ਆਲੂ, ਕਦੇ ਅੰਗੂਰ, ਕਦੇ ਗੋਭੀ ਤੇ ਕਦੇ ਕਿੰਨੂ ਸੜਕਾਂ 'ਤੇ ਸੁੱਟਣ ਲਈ ਮਜਬੂਰ ਹੋਣਾ ਪਿਆ ਹੈ। ਭਾਰਤ ਕੋਲ ਕੁੱਲ ਖੇਤੀ ਉਤਪਾਦ ਨੂੰ ਸਟੋਰ ਕਰਨ ਦੀ ਸਿਰਫ਼ 65% ਸਮਰੱਥਾ ਦੇ ਬਾਵਜੂਦ ਕੇਂਦਰ ਸਰਕਾਰ ਭਾਰਤੀ ਖੁਰਾਕ ਨਿਗਮ (ਐੱਫ.ਸੀ.ਆਈ.) ਵਰਗੀਆਂ ਸਰਕਾਰੀ ਏਜੰਸੀਆਂ ਦਾ ਭੋਗ ਪਾ ਰਹੀ ਹੈ ਅਤੇ ਸੰਸਾਰ ਵਪਾਰ ਸੰਸਥਾ ਦੀਆਂ ਹਦਾਇਤਾਂ ਅਨੁਸਾਰ ਸ਼ਾਂਤਾ ਕਮੇਟੀ ਦੀਆਂ ਸਿਫ਼ਾਰਸ਼ਾਂ ਰਾਹੀਂ ਸਰਕਾਰੀ ਮੰਡੀਆਂ ਤੇ ਪੀ.ਡੀ.ਐੱਸ. ਤੋੜਨ ਦੀਆਂ ਵਿਉਂਤਾਂ ਬਣਾ ਰਹੀ ਹੈ। ਕੇਂਦਰ ਸਰਕਾਰ ਸਾਉਣੀ ਅਤੇ ਹਾੜ੍ਹੀ ਦੀਆਂ 23 ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰ ਕੇ ਖ਼ਰੀਦ ਸਿਰਫ਼ ਪੰਜਾਬ ਅਤੇ ਹਰਿਆਣੇ ਵਿਚ ਝੋਨੇ ਅਤੇ ਕਣਕ ਦੀ ਹੀ ਕਰਦੀ ਹੈ। ਕਿਸਾਨਾਂ ਦੀਆਂ 94% ਫ਼ਸਲਾਂ ਪ੍ਰਾਈਵੇਟ ਵਪਾਰੀ ਖ਼ਰੀਦਦੇ ਹਨ ਅਤੇ ਇਹ ਫ਼ਸਲਾਂ ਆਮ ਤੌਰ 'ਤੇ ਘੱਟੋ-ਘੱਟ ਸਮਰਥਨ ਮੁੱਲ ਤੋਂ ਵੀ ਥੱਲੇ ਵਿਕਦੀਆਂ ਹਨ। ਜਦੋਂ ਵੀ ਫ਼ਸਲਾਂ ਦੀ ਥੋੜ੍ਹੀ ਜਿਹੀ 'ਵਾਧੂ ਪੈਦਾਵਾਰ' ਹੋ ਜਾਂਦੀ ਹੈ ਤਾਂ ਇਹ ਰੁਲ ਜਾਂਦੀਆਂ ਹਨ ਜਾਂ ਕੌਡੀਆਂ ਦੇ ਭਾਅ ਖ਼ਰੀਦੀਆਂ ਜਾਂਦੀਆਂ ਹਨ।

ਕੇਂਦਰ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਲਈ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ (ਸੀ.ਏ.ਸੀ.ਪੀ.) ਬਣਾਇਆ ਹੋਇਆ ਹੈ। ਇਹ ਕਮਿਸ਼ਨ ਖੇਤੀ ਲਾਗਤਾਂ ਨੂੰ ਤਿੰਨ ਮੱਦਾਂ ਅਧੀਨ ਲੈਂਦਾ ਹੈ: (1) ਬੀਜ, ਖਾਦ, ਰਸਾਇਣ, ਵਹਾਈ ਆਦਿ; (2) ਪਰਿਵਾਰਕ ਅਤੇ ਹੋਰ ਖ਼ਰੀਦੀ ਗਈ ਲੇਬਰ; (3) ਜ਼ਮੀਨ ਦਾ ਲਗਾਨ ਅਤੇ ਖ਼ਰਚ ਕੀਤੀਆਂ ਲਾਗਤਾਂ 'ਤੇ ਪੈਣ ਵਾਲਾ ਵਿਆਜ। ਇਸ ਤੋਂ ਇਲਾਵਾ ਕੁਝ ਫ਼ਸਲਾਂ 'ਤੇ ਬੋਨਸ ਦਿੱਤਾ ਜਾਂਦਾ ਹੈ ਪਰ ਕਮਿਸ਼ਨ ਆਮ ਤੌਰ 'ਤੇ ਫ਼ਸਲਾਂ ਦੀਆਂ ਕੀਮਤਾਂ ਖੇਤੀ ਲਾਗਤਾਂ ਤੋਂ ਘੱਟ ਤੈਅ ਕਰਦਾ ਹੈ। ਕਮਿਸ਼ਨ ਨੇ 2017-18 ਦੇ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੇ ਐਲਾਨ ਅਨੁਸਾਰ ਨਰਮੇ ਦਾ ਲਾਗਤ ਖ਼ਰਚਾ 4376 ਰੁਪਏ ਪ੍ਰਤੀ ਕੁਇੰਟਲ, ਰਾਗੀ ਦਾ 2351 ਰੁਪਏ ਅਤੇ ਜਵਾਰ ਦਾ ਲਾਗਤ ਖ਼ਰਚਾ 2089 ਰੁਪਏ ਪ੍ਰਤੀ ਕੁਇੰਟਲ ਗਿਣਿਆ ਸੀ। ਇਸ ਦੇ ਬਾਵਜੂਦ ਇਸ ਨੇ ਨਰਮੇ ਦਾ ਘੱਟੋ-ਘੱਟ ਸਮਰਥਨ ਮੁੱਲ 4020 ਰੁਪਏ, ਰਾਗੀ ਦਾ 1900 ਰੁਪਏ ਅਤੇ ਜਵਾਰ ਦਾ 1700 ਰੁਪਏ ਪ੍ਰਤੀ ਕੁਇੰਟਲ ਐਲਾਨ ਕੀਤਾ ਸੀ। ਇਉਂ ਜੇ ਕਿਸਾਨਾਂ ਦੀ ਫ਼ਸਲ ਘੱਟੋ-ਘੱਟ ਸਮਰਥਨ ਮੁੱਲ ਉੱਪਰ ਵਿਕ ਵੀ ਜਾਵੇ ਤਾਂ ਵੀ ਨਰਮੇ 'ਤੇ 356 ਰੁਪਏ, ਰਾਗੀ 'ਤੇ 451 ਰੁਪਏ ਅਤੇ ਜਵਾਰ 'ਤੇ 389 ਰੁਪਏ ਕੁਇੰਟਲ ਦਾ ਘਾਟਾ ਪਿਆ। ਇਹ ਵਰਤਾਰਾ 2017-18 ਤੱਕ ਹੀ ਸੀਮਤ ਨਹੀਂ। ਡਾ. ਐੱਮ.ਐੱਸ. ਸਵਾਮੀਨਾਥਨ ਨੇ ਫ਼ਸਲਾਂ ਦੇ ਸੀ-2 ਲਾਗਤ ਖ਼ਰਚੇ 'ਤੇ 50 ਪ੍ਰਤੀਸ਼ਤ ਮੁਨਾਫ਼ੇ ਦੀ ਸਿਫ਼ਾਰਸ਼ ਕੀਤੀ ਹੈ। ਯੂ.ਪੀ.ਏ. ਸਰਕਾਰ ਨੇ ਖ਼ੁਦ ਸਵਾਮੀਨਾਥਨ ਕਮਿਸ਼ਨ ਬਣਾ ਕੇ ਇਸ ਦੀਆਂ ਸਿਫ਼ਾਰਸ਼ਾਂ ਲਾਗੂ ਨਹੀਂ ਕੀਤੀਆਂ। ਉਲਟਾ ਇਸ ਨੇ ਸਿਫ਼ਾਰਸ਼ਾਂ ਨੂੰ ਖੁੱਲ੍ਹੇ ਮੁਕਾਬਲੇ ਵਿਚ ਵਿਘਨ ਪਾਉਣ ਵਾਲਾ ਕਹਿ ਕੇ ਕਮਿਸ਼ਨ ਤੋੜਨ ਲਈ ਰਮੇਸ਼ ਚੰਦ ਕਮੇਟੀ ਬਣਾ ਦਿੱਤੀ ਪਰ ਰਮੇਸ਼ ਚੰਦ ਕਮੇਟੀ ਨੇ ਯੂ.ਪੀ.ਏ. ਸਰਕਾਰ ਦੀ ਇੱਛਾ ਦੇ ਉਲਟ ਕਿਸਾਨਾਂ ਦੀ ਮਾੜੀ ਹਾਲਤ ਦੇਖ ਕੇ ਕਮਿਸ਼ਨ ਤੋੜਨ ਦੀ ਬਜਾਇ ਇਸ ਨੂੰ ਹੋਰ ਕੁਸ਼ਲ ਬਣਾਉਣ, ਖੇਤੀ ਜੋਖ਼ਮ ਭਰਿਆ ਧੰਦਾ ਹੋਣ ਕਰ ਕੇ ਖੇਤੀ ਲਾਗਤ 'ਤੇ 10% ਪ੍ਰੀਮੀਅਮ ਦੇਣ, ਸਮੱਰਥਨ ਮੁੱਲ ਤੋਂ ਘੱਟ 'ਤੇ ਵਿਕਣ ਦੀ ਕਮੀ ਨੂੰ ਪੂਰਾ ਕਰਨ ਲਈ ਇਵਜ਼ਾਨਾ ਦੇਣ, ਘਰ ਦੇ ਸੀਨੀਅਰ ਜੀਅ ਨੂੰ ਤਕਨੀਕੀ ਲੇਬਰ ਦੇ ਰੁਤਬੇ ਅਨੁਸਾਰ ਖੇਤੀ ਲਾਗਤਾਂ ਵਿਚ ਗਿਣਨ, ਵਢਾਈ ਬਾਅਦ ਦੇ ਖ਼ਰਚਿਆਂ ਨੂੰ ਖੇਤੀ ਲਾਗਤਾਂ ਵਿਚ ਸ਼ਾਮਿਲ ਕਰਨ, ਜ਼ਮੀਨ ਦਾ ਲਗਾਨ ਪ੍ਰਚਲਿਤ ਮੰਡੀ ਰੇਟ ਅਨੁਸਾਰ ਵਿਆਜ ਨੂੰ ਮੌਲਿਕ ਆਧਾਰ 'ਤੇ ਗਿਣਨ, ਕਮਿਸ਼ਨ ਨੂੰ ਲਾਗਤਾਂ ਤੇ ਕੀਮਤਾਂ ਤੋਂ ਅੱਗੇ ਖੇਤੀ ਖੇਤਰ ਲਈ ਨੀਤੀਆਂ ਘੜਨ ਵਾਲੇ ਅਦਾਰੇ ਦੇ ਤੌਰ 'ਤੇ ਬਣਾ ਕੇ ਇਸ ਦਾ ਨਾਂ 'ਖੇਤੀ ਲਾਗਤਾਂ, ਕੀਮਤਾਂ ਅਤੇ ਖੇਤੀ ਨੀਤੀ ਕਮਿਸ਼ਨ' ਬਣਾਉਣ ਦੀਆਂ ਸਿਫ਼ਾਰਸ਼ਾਂ ਕੀਤੀਆਂ ਸਨ। ਇਸ ਤੋਂ ਇਲਾਵਾ ਸਿਫ਼ਾਰਸ਼ਾਂ ਵਿਚ ਕਮਿਸ਼ਨ ਨੂੰ ਹਰ ਸਾਲ ਖੇਤੀ ਲਾਗਤਾਂ ਅਤੇ ਕੀਮਤਾਂ ਦਾ ਰਿਵਿਊ ਪਾਰਲੀਮੈਂਟ 'ਚ ਅਤੇ ਤਿਮਾਹੀ ਬਾਅਦ ਕੈਬਨਿਟ ਅੱਗੇ ਰੱਖਣ, ਖੇਤੀ ਮਸ਼ੀਨਰੀ ਦੀ ਘਸਾਈ ਖੇਤੀ ਲਾਗਤਾਂ 'ਚ ਸ਼ਾਮਿਲ ਕਰਨ, ਜ਼ਮੀਨ ਵਿਕਸਿਤ ਕਰਨ ਲਈ ਪੂੰਜੀ ਨਿਵੇਸ਼ ਨੂੰ ਖੇਤੀ ਲਾਗਤਾਂ ਵਿਚ ਗਿਣਨ ਆਦਿ ਸੁਝਾਅ ਸ਼ਾਮਿਲ ਕੀਤੇ ਸਨ। ਸਰਕਾਰਾਂ ਸਵਾਮੀਨਾਥਨ ਦੀਆਂ ਸਿਫ਼ਾਰਸ਼ਾਂ ਤੋਂ ਖਹਿੜਾ ਛੁਡਾਉਣਾ ਚਾਹੁੰਦੀਆਂ ਸਨ ਪਰ ਰਮੇਸ਼ ਚੰਦ ਕਮੇਟੀ ਦੀਆਂ ਸਿਫ਼ਾਰਸ਼ਾਂ ਨੇ ਭਾਰਤੀ ਸਰਕਾਰ ਦੀ ਸਾਮਰਾਜੀ ਦੇਸ਼ਾਂ ਅਤੇ ਸੰਸਾਰ ਵਪਾਰ ਸੰਸਥਾ ਅੱਗੇ ਜਵਾਬਦੇਹੀ ਲਈ ਹਾਲਤ ਹੋਰ ਕਸੂਤੀ ਬਣਾ ਦਿੱਤੀ।

ਡਾ. ਸਵਾਮੀਨਾਥਨ ਨੇ ਖੇਤੀ ਵਸਤਾਂ ਦੀਆਂ ਜ਼ਿਆਦਾ ਕੀਮਤਾਂ ਮਿਥਣ ਦੀਆਂ ਸਿਫ਼ਾਰਸ਼ਾਂ ਬਾਰੇ ਪੁੱਛਣ 'ਤੇ ਕਿਹਾ ਸੀ, "ਮੈਂ ਕੇਵਲ 50% ਦੀ ਹੀ ਸਿਫ਼ਾਰਿਸ਼ ਕੀਤੀ ਹੈ ਪਰ ਦਵਾਈ ਕੰਪਨੀਆਂ 500% ਤੋਂ ਵੱਧ ਮੁਨਾਫ਼ੇ ਲੈਂਦੀਆਂ ਹਨ। ਕੋਈ ਵੀ ਕਾਰੋਬਾਰ 50% ਮੁਨਾਫ਼ੇ ਤੋਂ ਘੱਟ 'ਤੇ ਚੱਲ ਨਹੀਂ ਸਕਦਾ। ਇਸ ਲਈ ਸਾਰਾ ਕਸ਼ਟ ਕਿਸਾਨ ਕਿਉਂ ਝੱਲਣ?"

ਕਿਸਾਨ ਪਰਿਵਾਰਾਂ ਨੂੰ ਮਹਿੰਗਾਈ ਦੇ ਦੌਰ ਅੰਦਰ ਭੋਜਨ, ਕੱਪੜੇ, ਘਰ ਬਣਾਉਣ, ਘਰਾਂ ਦੀ ਮੁਰੰਮਤ, ਖੇਤੀ ਧੰਦਾ ਵਿਕਸਤ ਕਰਨ ਲਈ ਨਿਵੇਸ਼, ਸਮਾਜਿਕ ਜ਼ਿੰਦਗੀ ਜਿਊਣ, ਸਿੱਖਿਆ, ਸਿਹਤ ਆਦਿ ਉੱਪਰ ਖ਼ਰਚ ਲਈ ਫ਼ਸਲਾਂ ਦੀ ਲਾਭਕਾਰੀ ਵਾਜਿਬ ਕੀਮਤ ਚਾਹੀਦੀ ਹੈ ਅਤੇ ਬੱਚਿਆਂ ਦੀ ਪੜ੍ਹਾਈ ਲਈ ਯੋਗ ਖ਼ਰਚੇ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਸਾਰੇ ਖ਼ਰਚਿਆਂ ਲਈ ਕਿਸਾਨਾਂ ਲਈ 50% ਆਮਦਨ ਵਿਚ ਵਾਧਾ ਵਾਜਿਬ ਹੈ ਪਰ ਬਦਲ ਬਦਲ ਕੇ ਬਣ ਰਹੀਆਂ ਸਰਕਾਰਾਂ ਕਾਰਪੋਰੇਟ ਪੱਖੀ ਨੀਤੀਆਂ 'ਤੇ ਚੱਲ ਰਹੀਆਂ ਹਨ। ਇਨ੍ਹਾਂ ਨੀਤੀਆਂ 'ਤੇ ਚੱਲ ਕੇ ਇਹ ਮੁਲਕ ਦੇ ਕਾਰਪੋਰੇਟਾਂ ਪੱਖੀ ਨੀਤੀਆਂ ਅਪਨਾ ਰਹੀਆਂ ਹਨ। ਇਹ ਨੀਤੀਆਂ ਮਜ਼ਦੂਰਾਂ ਅਤੇ ਕਿਸਾਨਾਂ ਦੇ ਉਲਟ ਭੁਗਤ ਰਹੀਆਂ ਹਨ।

2021 ਦੇ ਕਿਸਾਨ ਅੰਦੋਲਨ ਨੇ ਮੁਲਕ ਅੰਦਰ ਕਿਸਾਨੀ ਨੂੰ ਜਾਗ ਲਾ ਦਿੱਤੀ ਹੈ। ਦਿੱਲੀ ਕਿਸਾਨ ਅੰਦੋਲਨ ਸਾਰੇ ਭਾਰਤ ਦੇ ਕਿਸਾਨਾਂ ਲਈ ਆਪਣੀਆਂ ਮੰਗਾਂ ਮਨਵਾਉਣ ਲਈ ਮਾਡਲ ਬਣ ਗਿਆ ਹੈ। ਕਿਸਾਨਾਂ ਨੂੰ ਆਪਣੀਆਂ ਹੱਕੀ ਮੰਗਾਂ ਲਈ ਇਸੇ ਪੈਟਰਨ 'ਤੇ ਇਕੱਠੇ ਹੋਣਾ ਪਵੇਗਾ। ਇਸੇ ਅੰਦੋਲਨ ਤੋਂ ਮਾਰਗ ਦਰਸ਼ਨ ਲੈ ਕੇ ਕਿਸਾਨ ਫਿਰ ਅੰਦੋਲਨ ਕਰਨ ਲਈ ਨਿਤਰੇ ਹਨ।

# ਫਸਲਾਂ 'ਤੇ ਐੱਮ.ਐੱਸ.ਪੀ. ਲਾਜ਼ਮੀ ਕਿਉਂ

ਜੌਹਨ ਐਫ. ਕੈਨੇਡੀ ਦੇ ਕਥਨ ਅਨੁਸਾਰ ਮੌਜੂਦਾ ਅਰਥਚਾਰੇ ਵਿਚ 'ਕਿਸਾਨ ਹੀ ਅਜਿਹਾ ਆਦਮੀ ਹੈ ਜੋ ਹਰ ਚੀਜ਼ ਖ਼ਰੀਦਦਾ ਪ੍ਰਚੂਨ ਵਿਚ ਹੈ ਪਰ ਵੇਚਦਾ ਥੋਕ ਵਿਚ ਹੈ, ਤੇ ਦੋਵੇਂ ਤਰ੍ਹਾਂ ਕਰ ਭੁਗਤਾਨ ਕਰਦਾ ਹੈ।'

ਖੇਤੀਬਾੜੀ ਸਾਰੇ ਮਨੁੱਖੀ ਸਭਿਆਚਾਰਾਂ ਅਤੇ ਮਨੁੱਖ ਦੁਆਰਾ ਬਣਾਏ ਉਤਪਾਦਨ ਦੇ ਸਾਰੇ ਢੰਗਾਂ ਦੀ ਮਾਂ ਹੈ। ਖੇਤੀਬਾੜੀ ਉਤਪਾਦਨ ਅਤੇ ਇਸ ਦੀ ਖਪਤ ਮੁੱਖ ਤੌਰ 'ਤੇ ਮਨੁੱਖੀ ਹੋਂਦ, ਸਿਹਤ ਅਤੇ

ਪ੍ਰੋ. ਸੁਖਦੇਵ ਸਿੰਘ
ਫੋਨ: +91-94642-25655

ਕਲਿਆਣ ਦੇ ਮੁੱਲਾਂ ਦੁਆਰਾ ਸੇਧਿਤ ਹੁੰਦੇ ਹਨ; ਦੂਜੇ ਬੰਨੇ, ਆਧੁਨਿਕ ਮੰਡੀ ਅਰਥਚਾਰਾ ਕਿਸਾਨ ਅਤੇ ਖੇਤੀ ਪੈਦਾਵਾਰ ਉੱਤੇ ਮੁਨਾਫ਼ੇ ਦੀਆਂ ਕਦਰਾਂ-ਕੀਮਤਾਂ ਭਾਰੂ ਕਰਦੀ ਹੈ। ਖੇਤੀਬਾੜੀ ਬਹੁਤ ਸਾਰੇ ਕਿਸਾਨਾਂ ਲਈ ਨਾ ਸਿਰਫ਼ ਆਮਦਨ ਅਤੇ ਰੋਜ਼ੀ-ਰੋਟੀ ਦਾ ਸਾਧਨ ਹੈ ਸਗੋਂ ਜੀਵਨ ਜਾਚ ਅਤੇ ਪਛਾਣ ਦਾ ਸੂਚਕ ਵੀ ਹੈ। ਖੇਤੀਬਾੜੀ ਸਮਾਜ ਲਈ ਭੋਜਨ ਸੁਰੱਖਿਆ, ਪੇਂਡੂ ਵਿਕਾਸ, ਸਭਿਆਚਾਰਕ ਵਿਰਾਸਤ ਅਤੇ ਲੈਂਡਸਕੇਪ ਦੀ ਸੰਭਾਲ ਲਈ ਮਨੁੱਖ ਦਾ ਕੁਦਰਤ ਨਾਲ ਸੰਵਾਦ ਹੈ। ਉੱਤਰ-ਉਦਯੋਗਿਕ ਮੰਡੀ ਵਿਵਸਥਾ ਖੇਤੀ ਦੇ ਆਰਥਿਕ ਅਤੇ ਸਮਾਜਿਕ ਉਦੇਸ਼ਾਂ ਵਿਚਕਾਰ ਟਕਰਾਅ ਪੈਦਾ ਕਰਦੀ ਹੈ ਜਿਸ ਕਰ ਕੇ ਇਸ ਨੂੰ ਕਾਨੂੰਨੀ ਸੁਰੱਖਿਆ ਦੀ ਜ਼ਰੂਰਤ ਹੈ। ਸਮਾਜ ਲਈ 'ਭੋਜਨ ਸੁਰੱਖਿਆ' ਅਤੇ ਕਿਸਾਨਾਂ ਦੀ ਆਪਣੀ 'ਰੋਜ਼ੀ-ਰੋਟੀ ਸੁਰੱਖਿਆ' ਦੇ ਉਦੇਸ਼, ਭਾਰਤੀ ਕਿਸਾਨਾਂ ਦੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨੀ ਗਾਰੰਟੀ ਲਈ ਅੰਦੋਲਨ ਨੂੰ ਜਾਇਜ਼ ਠਹਿਰਾਉਂਦੇ ਹਨ।

ਭਾਰਤ ਵਿਚ ਭੋਜਨ ਦੀ ਘਾਟ ਪੂਰੀ ਕਰਨ ਲਈ ਕਿਸਾਨਾਂ ਨੂੰ ਅਨਾਜ ਦੀ ਪੈਦਾਵਾਰ ਵਧਾਉਣ ਵੱਲ ਹੱਲਾਸ਼ੇਰੀ ਦੇਣ ਲਈ 1966 ਵਿਚ ਭਾਰਤ ਸਰਕਾਰ ਨੇ ਕਣਕ ਅਤੇ ਚੌਲਾਂ ਦੀਆਂ ਦੋ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਪ੍ਰਣਾਲੀ ਸ਼ੁਰੂ ਕੀਤੀ। ਇਸ ਨਾਲ ਅਨਾਜ ਵਿਚ ਤਾਂ ਆਤਮ-ਨਿਰਭਰਤਾ ਹੋ ਗਈ ਪਰ ਇਸ ਨੇ ਫਸਲੀ ਵੰਨ-ਸਵੰਨਤਾ ਦਾ ਸੰਤੁਲਨ ਵਿਗਾੜ ਦਿੱਤਾ ਹੈ। ਖੇਤੀਬਾੜੀ ਨੂੰ ਧਨਾਢ ਇਜਾਰੇਦਾਰੀ ਤੋਂ ਬਚਾਉਂਦੇ ਹੋਏ ਇਸ ਵਿਚ ਦਰੁਸਤੀ ਲਈ ਕਣਕ ਅਤੇ ਚੌਲਾਂ ਤੋਂ ਇਲਾਵਾ ਹੋਰ ਫਸਲਾਂ ਦੇ ਵੀ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਅਤੇ ਇਸ ਨੂੰ ਕਾਨੂੰਨੀ ਬਣਾਉਣ ਦੀ ਬਜਾਇ ਧਨਾਢ ਵਪਾਰੀ ਅਤੇ ਸੰਸਾਰ ਵਪਾਰ ਸੰਗਠਨ ਦੇ ਅਸਰ ਹੇਠ ਭਾਰਤ ਸਰਕਾਰ ਖੇਤੀਬਾੜੀ ਨੂੰ ਉਦਯੋਗ ਮੰਨਦੇ ਹੋਏ ਖੁੱਲ੍ਹੀ ਮੰਡੀ ਹਵਾਲੇ ਛੱਡਣ ਦੀ ਤਜਵੀਜ਼ ਰੱਖਦੀ ਹੈ; ਦੂਜੇ ਪਾਸੇ ਭਾਰਤੀ ਕਿਸਾਨ ਖੇਤੀ ਦੇ ਉਦਯੋਗਿਕ-ਵਪਾਰਕ ਪੱਖ ਨਾਲੋਂ ਇਸ ਦੇ ਸਮਾਜਿਕ ਪੱਖ ਨੂੰ ਅਹਿਮ ਮੰਨਦੇ ਹੋਏ ਇਸ ਦੀ ਸੁਰੱਖਿਆ ਲਈ ਅੰਦੋਲਨ ਕਰ ਰਹੇ ਹਨ। ਵਰਨਣਯੋਗ ਹੈ ਕਿ ਨਾ ਸਿਰਫ 1.42 ਅਰਬ ਤੋਂ ਵੱਧ ਭਾਰਤੀ ਆਬਾਦੀ ਲਈ ਭੋਜਨ ਸੁਰੱਖਿਆ ਸਗੋਂ ਇਸ ਦੇ 58 ਫੀਸਦੀ ਹਿੱਸੇ ਦੀ ਜੀਵਕਾ ਖੇਤੀਬਾੜੀ ਉੱਤੇ ਨਿਰਭਰ ਹੈ।

ਭਾਰਤ ਵਿਚ ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ ਹੌਲੀ-ਹੌਲੀ ਵਿਕਸਤ ਹੋਈ ਹੈ ਜਿਸ ਲਈ ਅਜੇ ਵੀ ਸੁਧਾਰ ਅਤੇ ਜ਼ਿਆਦਾ ਸਮਰਥਨ ਦੀ ਲੋੜ ਹੈ। ਵਰਤਮਾਨ ਵਿਚ ਭਾਰਤ ਸਰਕਾਰ ਦੁਆਰਾ ਗਠਿਤ ਖੇਤੀ ਲਾਗਤਾਂ ਅਤੇ ਕੀਮਤਾਂ ਲਈ ਕਮਿਸ਼ਨ (ਸੀ.ਏ.ਸੀ.ਪੀ.) 23 ਫਸਲਾਂ ਲਈ ਬੀਜਾਂ, ਖਾਦਾਂ, ਕੀਟਨਾਸ਼ਕਾਂ, ਮਨੁੱਖੀ ਮਜ਼ਦੂਰੀ, ਮਸ਼ੀਨੀ ਭਾੜੇ, ਠੇਕੇ 'ਤੇ ਜ਼ਮੀਨ ਦੇ ਕਿਰਾਏ ਆਦਿ ਸਬੰਧੀ ਨਕਦ ਅਦਾ ਕੀਤੇ ਖ਼ਰਚਿਆਂ (ਏ2) ਵਿਚ ਬਿਨਾਂ ਅਦਾਇਗੀ ਕੀਤੇ ਪਰਿਵਾਰਕ ਮਜ਼ਦੂਰੀ ਖ਼ਰਚੇ (ਐਫ.ਐਲ.) ਜੋੜ ਕੇ ਕੁੱਲ ਰਕਮ ਦਾ 1.5 (ਡੇਢ ਗੁਣਾ) ਰਕਮ ਨੂੰ ਘੱਟੋ-ਘੱਟ ਸਮਰਥਨ ਕੀਮਤ ਵਜੋਂ ਸਿਫ਼ਾਰਸ਼ ਕਰਦਾ ਹੈ। ਇਸ ਉਪਰੰਤ, ਉਤਪਾਦਨ ਲਾਗਤਾਂ, ਕਿਸਾਨਾਂ ਲਈ ਵਾਜਿਬ ਮਿਹਨਤਾਨਾ ਅਤੇ ਖਪਤਕਾਰਾਂ ਦੀ ਸਮਰੱਥਾ ਅਤੇ ਬਾਜ਼ਾਰ ਦੀਆਂ ਸਥਿਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ, ਖੇਤੀ ਲਾਗਤਾਂ ਅਤੇ ਕੀਮਤਾਂ ਲਈ ਕਮਿਸ਼ਨ (ਸੀ.ਏ.ਸੀ.ਪੀ.) ਦੀ ਸਿਫ਼ਾਰਸ਼ ਨੂੰ ਭਾਰਤ ਦੀ ਸੰਸਦ ਦੁਆਰਾ ਬਿਜਾਈ ਦੇ ਸੀਜ਼ਨ ਤੋਂ ਪਹਿਲਾਂ ਵਿਚਾਰ ਉਪਰੰਤ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਨਿਰਧਾਰਿਤ ਘੱਟੋ-ਘੱਟ ਸਮਰਥਨ ਕੀਮਤ ਤੈਅ ਕਰਦੇ ਹੋਏ ਸੀ.ਏ.ਸੀ.ਪੀ. ਮਾਲਕੀ ਵਾਲੀ ਜ਼ਮੀਨ ਦੇ ਕਿਰਾਏ ਅਤੇ ਸੰਦਾਂ ਦੀ ਘਸਾਈ ਕਾਰਨ ਘਟਦੀ ਕੀਮਤ ਨੂੰ ਨਹੀਂ ਜੋੜਦਾ ਜਿਸ ਦੀ ਪ੍ਰਦਰਸ਼ਨਕਾਰੀ ਕਿਸਾਨ ਮੰਗ ਕਰ ਰਹੇ ਹਨ।

ਕਿਸਾਨ ਅੰਦੋਲਨ ਦਾ ਸਭ ਤੋਂ ਵੱਡਾ ਕਾਰਨ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਕੀਮਤ 'ਤੇ ਫਸਲ ਵੇਚਣ ਦਾ ਅਧਿਕਾਰ ਮੁਹੱਈਆ ਕਰਨ ਵਾਲੇ ਕਾਨੂੰਨ ਦੀ ਮੰਗ ਹੈ ਜਿਸ ਦਾ ਸੁਝਾਅ ਸੀ.ਏ.ਸੀ.ਪੀ. ਨੇ ਖੁਦ ਆਪਣੀ ਕੀਮਤ ਨੀਤੀ ਰਿਪੋਰਟ- 2018-19 ਵਿਚ ਦਿੱਤਾ ਸੀ। ਕਿਸਾਨ ਆਪਣੀ ਪੈਦਾਵਾਰ ਲਈ ਉਸੇ ਕਾਨੂੰਨੀ ਅਧਿਕਾਰ ਦੀ ਮੰਗ ਕਰ ਰਹੇ ਹਨ ਜੋ ਇਨ੍ਹਾਂ ਦੀ ਪੈਦਾਵਾਰ ਨੂੰ ਮੰਡੀ ਦੇ ਮੰਗ ਅਤੇ ਪੂਰਤੀ (ਡਿਮਾਂਡ ਤੇ ਸਪਲਾਈ) ਦਬਾਅ ਦੇ ਵਿਰੁੱਧ ਤਾਕਤ ਦੇਵੇ ਕਿਉਂਕਿ ਬਾਜ਼ਾਰ ਨੂੰ ਵਪਾਰੀ ਅਤੇ ਕਾਰਪੋਰੇਟ ਆਪਣੀ ਮਰਜ਼ੀ ਮੁਤਾਬਿਕ ਪ੍ਰਭਾਵਿਤ ਕਰ ਸਕਦੇ ਹਨ; ਇਹ ਚਿੰਤਾ ਸੀ.ਏ.ਸੀ.ਪੀ. ਨੇ ਵੀ ਆਪਣੀ 2018-19 ਦੀ ਰਿਪੋਰਟ ਵਿਚ ਸਾਂਝੀ ਕੀਤੀ ਹੈ।

ਫ਼ਸਲ ਉਤਪਾਦਨ ਨੂੰ ਉਦਯੋਗਿਕ ਉਤਪਾਦਨ ਵਾਂਗ ਮੰਡੀ ਮੁਤਾਬਿਕ ਅਸਾਨੀ ਨਾਲ ਕੰਟਰੋਲ ਨਹੀਂ ਕੀਤਾ ਜਾ ਸਕਦਾ; ਫ਼ਸਲੀ ਚੱਕਰ ਅਤੇ ਵਕਤ ਨੂੰ ਬਦਲਣਾ ਇੰਨਾ ਆਸਾਨ ਨਹੀਂ ਹੁੰਦਾ। ਫ਼ਸਲ ਇੱਕ ਵਾਰ ਬੀਜੀ ਗਈ ਤਾਂ ਇਸ ਦੀ ਪੱਕਣ ਪ੍ਰਕਿਰਿਆ ਨੂੰ ਟਾਲਿਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਨੂੰ ਰੁਕ-ਰੁਕ ਕੇ ਪਕਾਇਆ ਜਾ ਸਕਦਾ ਹੈ; ਇਸ ਦਾ ਸਮਾਂ ਤੈਅ ਹੈ। ਖੇਤੀਬਾੜੀ ਉਪਜ ਆਪਣੀ ਜੈਵਿਕ ਪ੍ਰਕਿਰਤੀ ਕਾਰਨ ਇੱਕ ਪਾਸੇ ਤਾਂ ਅਣਅਨੁਮਾਨਿਤ ਬੇਕਾਬੂ ਮੌਸਮੀ ਹਾਲਾਤ, ਸੁੰਡੀਆਂ ਤੇ ਬਿਮਾਰੀਆਂ ਦਾ ਸ਼ਿਕਾਰ ਹੁੰਦੀ ਹੈ; ਦੂਜੇ ਪਾਸੇ ਇਸ ਦੀ 'ਇੱਕੋ ਵਾਰ ਇਕੱਠੀ' ਉਪਜ ਇਸ ਨੂੰ ਮੰਡੀ ਦੇ ਖਿਡਾਰੀਆਂ ਸਾਹਮਣੇ ਕਮਜ਼ੋਰ ਬਣਾਉਂਦੀ ਹੈ। ਮੰਡੀ ਦਾ ਨਕਾਰਾਤਮਕ ਅਤੇ ਵਿਧੀਵਤ ਅਸਰ ਰੋਕਣ ਲਈ ਘੱਟੋ-ਘੱਟ ਸਮਰਥਨ ਕੀਮਤ ਦੀ ਕਾਨੂੰਨੀ ਗਰੰਟੀ ਜ਼ਰੂਰੀ ਹੈ।

ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਪੂਰੀ ਫ਼ਸਲ ਸਰਕਾਰ ਦੁਆਰਾ ਖ਼ਰੀਦਣ ਦੀ ਗਾਰੰਟੀ ਨਹੀਂ ਸਗੋਂ ਇਹ ਹੈ ਕਿ ਕੋਈ ਵੀ ਇਸ ਨੂੰ ਐਲਾਨੀ ਘੱਟੋ-ਘੱਟ ਕੀਮਤ ਜਾਂ ਇਸ ਤੋਂ ਵੱਧ ਮੁੱਲ 'ਤੇ ਹੀ ਖ਼ਰੀਦੇ। ਕਾਨੂੰਨੀ ਗਰੰਟੀ ਦੀ ਅਣਹੋਂਦ ਵਿਚ ਵਪਾਰੀ ਖੇਤੀ ਉਪਜ ਨੂੰ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਮੁੱਲ 'ਤੇ ਖ਼ਰੀਦਦੇ ਹਨ; ਫਿਰ ਵੀ ਉਹ ਖਪਤਕਾਰਾਂ ਨੂੰ ਲਾਭ ਪਹੁੰਚਾਏ ਬਿਨਾਂ ਇਸ ਨੂੰ ਘੱਟੋ-ਘੱਟ ਸਮਰਥਨ ਮੁੱਲ ਤੋਂ ਕਿਤੇ ਵੱਧ ਮੁੱਲ 'ਤੇ ਵੇਚਦੇ ਹਨ। ਅਸਲ ਵਿਚ ਖੇਤੀ ਪੈਦਾਵਾਰ ਮਨੁੱਖ ਦੇ ਤੰਦਰੁਸਤ ਜੀਵਨ ਲਈ ਮੁੱਖ ਲੋੜ ਹੈ ਅਤੇ ਇਹ ਕਦੇ ਵੀ ਵਾਧੂ ਨਹੀਂ ਹੁੰਦੀ, ਇਹ ਸਿਰਫ ਕਿਸਾਨ ਦੀਆਂ ਹੋਰ ਲੋੜਾਂ ਦੀ ਪੂਰਤੀ ਅਤੇ ਉਸ ਕੋਲ ਪੈਦਾਵਾਰ ਨੂੰ ਇੰਨੀ ਮਿਕਦਾਰ ਵਿਚ ਸਟੋਰ ਨਾ ਕਰ ਸਕਣ ਦੀ ਸਮਰੱਥਾ ਕਰ ਕੇ ਵਾਧੂ ਹੋਣ ਦਾ ਪ੍ਰਭਾਵ ਦਿੰਦੀ ਹੈ ਜਿਸ ਦਾ ਫਾਇਦਾ ਵਪਾਰੀ ਲੈਂਦਾ ਹੈ। ਇਸ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਹੋਣੀ ਲਾਜ਼ਮੀ ਹੈ।

ਸਾਰੇ ਰਾਜਾਂ ਵਿਚ ਸਾਰੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ 'ਜੈਵਿਕ ਖੇਤੀ ਅਤੇ ਫ਼ਸਲ ਵੰਨ-ਸਵੰਨਤਾ' ਲਈ ਸਾਧਨ ਵਜੋਂ ਕੰਮ ਕਰ ਸਕਦੀ ਹੈ ਕਿਉਂਕਿ ਕਿਸਾਨਾਂ ਨੂੰ ਕੀਮਤਾਂ ਦੇ ਵਿਧੀਵਤ ਢੰਗ ਨਾਲ ਡਿੱਗਣ ਦੀ ਅਸੁਰੱਖਿਆ ਨਹੀਂ ਹੋਵੇਗੀ। ਖੇਤੀਬਾੜੀ ਉਪਜ ਜੀਵਨ ਲਈ ਹੈ; ਹੋਰ ਸਾਰੇ ਉਦਯੋਗਿਕ ਜਾਂ ਸੇਵਾ ਉਤਪਾਦ ਵਾਧੂ ਆਰਾਮ ਲਈ ਹਨ। ਜੇ ਇਸ ਨੂੰ ਮੰਡੀ ਦੇ 'ਮੰਗ ਅਤੇ ਪੂਰਤੀ' ਸਿਧਾਂਤ ਆਸਰੇ ਛੱਡ ਦਿੱਤਾ ਜਾਂਦਾ ਹੈ ਤਾਂ ਇਹ ਭੋਜਨ ਦੀ ਅਸੁਰੱਖਿਆ ਦਾ ਕਾਰਨ ਬਣ ਸਕਦਾ ਹੈ ਅਤੇ ਖੇਤੀਬਾੜੀ ਵਿਚ ਮੌਜੂਦ ਸਮਾਜਿਕ ਕਦਰਾਂ-ਕੀਮਤਾਂ ਨਾਲ ਸਮਝੌਤਾ ਹੋ ਸਕਦਾ ਹੈ। ਖੇਤੀ ਨੂੰ ਖੁੱਲ੍ਹੀ ਮੰਡੀ ਹਵਾਲੇ ਕਰਨਾ ਨਾ ਤਾਂ ਫਾਇਦੇਮੰਦ ਹੈ ਅਤੇ ਨਾ ਹੀ ਦੇਸ਼ ਪੱਖੀ; ਇਹ ਸਿਰਫ ਕਾਰਪੋਰੇਟ ਪੱਖੀ ਹੈ।

# ਸਿੱਖਿਆ ਲਈ ਫੰਡ ਦੇ ਦਾਅਵੇ ਅਤੇ ਹਕੀਕਤਾਂ

ਆਪਣੇ ਅੰਤਰਿਮ ਬਜਟ ਭਾਸ਼ਣ ਦੌਰਾਨ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਨਵੀਂ ਸਿੱਖਿਆ ਨੀਤੀ-2020 ਅਨੁਸਾਰ ਸਿੱਖਿਆ ਪ੍ਰਣਾਲੀ ਵਿਚ ਰੂਪਾਂਤਰਣ 'ਤੇ ਜ਼ੋਰ ਦਿੱਤਾ। ਉਂਝ, ਜਾਪਦਾ ਹੈ ਕਿ ਹਕੀਕਤ ਅਤੇ ਦਾਅਵਿਆਂ ਵਿਚਕਾਰ ਤਾਲਮੇਲ ਦੀ ਘਾਟ ਹੈ। ਸਿੱਖਿਆ ਖੇਤਰ ਦੇ ਬਜਟ (1.2 ਲੱਖ ਕਰੋੜ) ਦਾ ਅਕਾਰ ਰੱਖਿਆ ਖੇਤਰ ਦੇ ਬਜਟ (6 ਲੱਖ ਕਰੋੜ) ਦੇ ਮੁਕਾਬਲੇ ਪੰਜ ਗੁਣਾ ਘੱਟ ਹੈ। ਇਸ ਸਾਲ ਦੇ ਸਿੱਖਿਆ ਬਜਟ ਵਿਚ ਪਿਛਲੇ ਸਾਲ ਦੇ ਮੁਕਾਬਲੇ ਵਾਧਾ 7% ਹੈ; ਰੱਖਿਆ ਬਜਟ ਵਿਚ ਇਹ ਵਾਧਾ 10% ਹੈ। ਕੀ ਇਹ ਭਾਰਤ ਦੇ ਸ਼ਾਸਤਰੀਕਰਨ ਵਲ ਉਡਾਣ ਹੈ? ਕਿਸੇ ਵੀ ਸਭਿਅਕ ਸਮਾਜ ਵਿਚ ਸਿੱਖਿਆ ਦਾ ਸਥਾਨ ਹਥਿਆਰਾਂ ਨਾਲੋਂ ਕਿਤੇ ਉੱਪਰ ਹੁੰਦਾ ਹੈ। ਇਸ ਪ੍ਰਸੰਗ ਨੂੰ ਧਿਆਨ ਵਿਚ ਰੱਖਦਿਆਂ ਸਕੂਲ ਅਤੇ ਉੱਚ ਸਿੱਖਿਆ ਦੇ ਵੱਖੋ-ਵੱਖ ਪਹਿਲੂਆਂ ਬਾਰੇ ਚਰਚਾ ਕੀਤੀ ਗਈ ਹੈ।



**ਡਾ. ਮਨਜੀਤ**
ਫੋਨ: +91-94174-35080

ਉਚੇਰੀ ਸਿੱਖਿਆ ਲਈ ਤਜਵੀਜ਼ਾਂ: ਰੁਝਾਨਾਂ ਤੋਂ ਸਪਸ਼ਟ ਹੈ ਕਿ ਸਰਕਾਰ ਨੇ ਵਿੱਤੀ ਘਾਟਾ ਕਾਬੂ ਹੇਠ ਕਰਨ ਲਈ ਉਚੇਰੀ ਸਿੱਖਿਆ ਦੀ ਕੁਰਬਾਨੀ ਲਈ ਹੈ। ਉੱਚ ਸਿੱਖਿਆ ਲਈ ਬਜਟ ਵਿਚ 47244 ਕਰੋੜ ਰੁਪਏ ਰਾਖਵੇਂ ਰੱਖੇ ਹਨ ਜੋ ਪਿਛਲੇ ਸਾਲ ਦੇ 57244 ਕਰੋੜ ਤੋਂ ਲਗਭਗ 9600 ਕਰੋੜ ਰੁਪਏ ਘੱਟ ਹਨ; ਭਾਵ, 16% ਕਮੀ। ਆਰਥਿਕ ਸੰਕਟ ਨਾਲ ਜੂਝ ਰਿਹਾ ਸਿੱਖਿਆ ਖੇਤਰ ਬਜਟ ਦੀ ਘੱਟ ਵੰਡ (ਐਲੋਕੇਸ਼ਨ) ਕਾਰਨ ਪਤਨ ਵੱਲ ਹੀ ਜਾਵੇਗਾ। ਸਭ ਤੋਂ ਵੱਧ ਕਮੀ ਯੂ.ਜੀ.ਸੀ. ਫੰਡਾਂ ਵਿਚ ਕੀਤੀ ਹੈ। ਪਿਛਲੇ ਸਾਲ ਯੂ.ਜੀ.ਸੀ. ਫੰਡਾਂ ਲਈ ਬਜਟ ਤਜਵੀਜ਼ 6400 ਕਰੋੜ ਰੁਪਏ ਸੀ ਪਰ ਇਸ ਵਿਚੋਂ ਕੇਵਲ 2500 ਕਰੋੜ ਰੁਪਏ ਹੀ ਦਿੱਤੇ ਗਏ ਸਨ। 61% ਦੀ ਇਹ ਕਮੀ ਪਿਛਲੇ ਪੰਜ ਸਾਲਾਂ ਦੀ ਸਭ ਤੋਂ ਘੱਟ ਵੰਡ ਹੈ। ਯੂ.ਜੀ.ਸੀ. ਨੂੰ ਉਚੇਰੀ ਸਿੱਖਿਆ ਲਈ (ਮੈਡੀਕਲ ਤੇ ਇੰਜਨੀਅਰਿੰਗ ਛੱਡ ਕੇ) ਨਿਗਰਾਨ ਅਤੇ ਗ੍ਰਾਂਟ ਦੇਣ ਵਾਲੀ ਸੰਸਥਾ ਵਜੋਂ ਉਸਾਰਿਆ ਗਿਆ ਸੀ ਪਰ ਘੱਟ ਫੰਡਾਂ ਕਾਰਨ ਇਹ ਹੌਲੀ ਹੌਲੀ ਸਿਰਫ਼ ਨਿਗਰਾਨ ਸੰਸਥਾ ਬਣ ਕੇ ਰਹਿ ਗਈ।

ਸਰਕਾਰ ਦੀ ਘੱਟ ਵੰਡ ਕਾਰਨ ਜਿੱਥੇ ਯੂਨੀਵਰਸਿਟੀਆਂ ਵਿਚ ਫੈਲੋਸ਼ਿਪ ਨਾਲ ਖੋਜ ਕਰ ਰਹੇ ਵਿਦਿਆਰਥੀਆਂ ਦੀ ਗਿਣਤੀ ਵਿਚ ਕਮੀ ਆਵੇਗੀ ਅਤੇ ਖੋਜ ਕਰਤਾਵਾਂ ਦੀ ਗੁਣਵੱਤਾ ਉਪਰ ਨਕਾਰਾਤਮਕ ਅਸਰ ਪਵੇਗਾ, ਉੱਥੇ ਯੂਨੀਵਰਸਿਟੀਆਂ ਵੀ ਅਜਿਹੇ ਕੋਰਸ (ਸੈਲਫ ਫਾਇਨਾਂਸ) ਸ਼ੁਰੂ ਕਰਨ ਲਈ ਮਜਬੂਰ ਹੋ ਜਾਣਗੀਆਂ। ਆਪਣੇ ਖਰਚੇ ਪੂਰੇ ਕਰਨ ਖਾਤਰ ਸਰਕਾਰੀ ਯੂਨੀਵਰਸਿਟੀਆਂ ਨੂੰ ਉਹ ਕੋਰਸ ਸ਼ੁਰੂ ਕਰਨੇ ਪੈਣਗੇ ਜਿਸ ਨਾਲ ਇਹ ਆਪਣੇ ਆਮਦਨ ਦੇ ਸਰੋਤ ਪੈਦਾ ਕਰ ਸਕਣ। ਨਾਲ ਹੀ ਯੂਨੀਵਰਸਿਟੀਆਂ ਵਿਚ ਠੇਕੇ 'ਤੇ ਨਿਯੁਕਤੀਆਂ ਦਾ ਰੁਝਾਨ ਵੀ ਵਧੇਗਾ। ਇਉਂ ਰੁਜ਼ਗਾਰ ਦੀ ਸਥਿਤੀ ਆਮ ਤੌਰ 'ਤੇ ਅਤੇ ਭਾਰਤ ਦੀ ਆਰਥਿਕ ਤਰੱਕੀ ਖਾਸ ਤੌਰ 'ਤੇ ਬਹੁਤ ਜ਼ਿਆਦਾ ਪ੍ਰਭਾਵਿਤ ਹੋਵੇਗੀ। ਯੂਨੀਵਰਸਿਟੀਆਂ ਨੂੰ ਫੀਸਾਂ ਵਿਚ ਭਾਰੀ ਵਾਧਾ ਕਰਨਾ ਪਵੇਗਾ ਜਿਸ ਕਾਰਨ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਉੱਚ ਸਿੱਖਿਆ ਤੋਂ ਵਾਂਝਾ ਹੋਣ ਦਾ ਖ਼ਦਸ਼ਾ ਹੈ। ਯੂਨੀਵਰਸਿਟੀਆਂ ਦੀ ਖ਼ੁਦਮੁਖਤਾਰੀ ਤੇ ਆਰਥਿਕ ਸੰਕਟ ਹੋਰ ਗਹਿਰਾ ਹੋਵੇਗਾ ਅਤੇ ਉਹ ਉਚੇਰੀ ਸਿੱਖਿਆ ਵਿੱਤ ਏਜੰਸੀ (ਹਾਇਰ ਐਜੂਕੇਸ਼ਨ ਫਾਇਨਾਂਸਿੰਗ ਏਜੰਸੀ) ਤੋਂ ਕਰਜ਼ੇ ਲੈਣ ਲਈ ਮਜਬੂਰ ਹੋਣਗੀਆਂ। ਜਦੋਂ ਇੱਕ ਮਹਿੰਗਾਈ ਦੇ ਬੱਦਲ ਸਿਰ 'ਤੇ ਮੰਡਰਾ ਰਹੇ ਹਨ, ਧਨ-ਦੌਲਤ ਦੀ ਅਸਾਵੀਂ ਵੰਡ ਗਹਿਰੀ ਹੋ ਰਹੀ ਹੈ, ਅਜਿਹੇ ਸਮੇਂ ਵਿਚ ਸਿੱਖਿਆ ਬਜਟ ਵਿਚ ਕਮੀ ਬਹੁਤ ਮਾਰੂ ਸਾਬਤ ਹੋ ਸਕਦੀ ਹੈ। ਇਸ ਦਾ ਅਸਰ ਕੌਮਾਂਤਰੀ ਪੱਧਰ 'ਤੇ ਵੀ ਸਾਨੂੰ ਹਿੰਦੋਸਤਾਨ ਦੀ ਮਨੁੱਖੀ ਪੂੰਜੀ ਦੇ ਘੱਟ ਵਿਕਾਸ ਦੇ ਰੂਪ ਵਿਚ ਭੁਗਤਣਾ ਪਵੇਗਾ।



ਮੈਨੇਜਮੈਂਟ ਸਿੱਖਿਆ ਦੇ ਗੜ੍ਹ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (ਆਈ.ਆਈ.ਐੱਮ.) ਵੀ ਗ੍ਰਾਂਟਾਂ ਦੇ ਘਾਟੇ ਦਾ ਸ਼ਿਕਾਰ ਹੋਏ ਹਨ। ਆਈ.ਆਈ.ਐੱਮ. ਵਿਚ ਦਾਖਲਾ ਲੈਣਾ ਕਿਸੇ ਵੀ ਵਿਦਿਆਰਥੀ ਦਾ ਸੁਫ਼ਨਾ ਹੁੰਦਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਇਨ੍ਹਾਂ ਦੀ ਗਿਣਤੀ ਵਿਚ ਵੀ ਇਜ਼ਾਫਾ ਦੇਖਣ ਨੂੰ ਮਿਲਿਆ ਹੈ। ਇਨ੍ਹਾਂ ਦੀ ਸੰਖਿਆ ਹੁਣ 21 ਹੋ ਚੁੱਕੀ ਹੈ ਅਤੇ ਜਿਸ ਨੂੰ ਮੌਜੂਦਾ ਸਰਕਾਰ ਆਪਣੀਆਂ ਖਾਸ ਪ੍ਰਾਪਤੀਆਂ ਵਿਚ ਸ਼ਾਮਲ ਕਰਦੀ ਹੈ ਪਰ ਸਿੱਕੇ ਦੇ ਦੂਜੇ ਪਹਿਲੂ ਵਾਂਙ ਸਰਕਾਰ ਨੇ ਇਨ੍ਹਾਂ ਲਈ ਵੰਡ ਲਗਾਤਾਰ ਦੂਜੇ ਸਾਲ ਘੱਟ ਰੱਖੀ ਹੈ। ਪਿਛਲੇ ਵਿੱਤੀ ਵਰ੍ਹੇ ਦੌਰਾਨ ਆਈਆਈਐੱਮਜ਼ ਲਈ 608 ਕਰੋੜ ਰੁਪਏ ਦੀ ਤਜਵੀਜ਼ ਸੀ, (ਅਸਲ ਵੰਡ ਕੇਵਲ 300 ਕਰੋੜ ਰੁਪਏ ਦੀ ਹੋਈ), ਐਤਕੀਂ ਇਸ ਨੂੰ ਘਟਾ ਕੇ 212 ਕਰੋੜ ਰੁਪਏ ਕਰ ਦਿੱਤਾ ਗਿਆ। ਆਈ.ਆਈ.ਐੱਮ. ਕੌਮਾਂਤਰੀ ਪੱਧਰ 'ਤੇ ਪ੍ਰਸਿੱਧ ਸੰਸਥਾਵਾਂ ਹਨ ਅਤੇ ਇਨ੍ਹਾਂ ਵਿਚੋਂ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਕੌਮਾਂਤਰੀ ਤੇ ਘਰੇਲੂ ਕਾਰਪੋਰੇਟ ਖੇਤਰ ਵਿਚ ਵੱਡੇ ਪੈਕੇਜਾਂ 'ਤੇ ਰੁਜ਼ਗਾਰ ਮਿਲਦਾ ਹੈ।

ਜਿਸ ਤਰ੍ਹਾਂ ਮੈਨੇਜਮੈਂਟ ਦੇ ਵਿਦਿਆਰਥੀਆਂ ਲਈ ਆਈ.ਆਈ.ਐੱਮ. ਦੇ ਕਾਲਜ ਉੱਚਤਮ ਮੁਕਾਮ ਹਨ, ਉਸੇ ਤਰ੍ਹਾਂ ਇੰਜਨੀਅਰਿੰਗ ਦੇ ਵਿਦਿਆਰਥੀਆਂ ਲਈ ਆਈ.ਆਈ.ਟੀ. (ਇੰਡੀਅਨ ਇੰਸਟਿਚਿਊਟ ਆਫ ਟੈਕਨੋਲੋਜੀ) ਉੱਚਤਮ ਸਿਖਰ ਹਨ। ਮੌਜੂਦਾ ਸਰਕਾਰ ਨੇ ਭਾਵੇਂ ਆਪਣੇ ਕਾਰਜਕਾਲ ਦੌਰਾਨ ਆਈ.ਆਈ.ਟੀਜ਼ ਦੀ ਗਿਣਤੀ ਵਧਾਈ ਹੈ (2023 ਵਿਚ 23) ਪਰ ਬਜਟ ਅੰਕੜੇ ਜ਼ਾਹਿਰ ਕਰਦੇ ਹਨ ਕਿ ਇਨ੍ਹਾਂ ਦੀ ਵੰਡ ਵਿਚ ਮਾਮੂਲੀ ਜਿਹਾ ਵਾਧਾ ਹੀ ਕੀਤਾ ਗਿਆ ਹੈ। ਪਿਛਲੇ ਸਾਲ ਦੇ ਸੋਧੇ ਹੋਏ ਅੰਕੜਿਆਂ ਦੇ ਮੁਕਾਬਲੇ ਇਨ੍ਹਾਂ ਆਈ.ਆਈ.ਟੀਜ਼ ਨੂੰ ਸਗੋਂ 60 ਕਰੋੜ ਰੁਪਏ ਘੱਟ ਪ੍ਰਾਪਤ ਹੋਏ ਹਨ। ਪਿਛਲੇ ਸਾਲ ਦੇ ਬਜਟ ਵਿਚ ਇਨ੍ਹਾਂ ਨੂੰ 10384 ਕਰੋੜ ਰੁਪਏ ਪ੍ਰਾਪਤ ਹੋਏ ਸਨ; ਇਸ ਸਾਲ ਦੇ ਬਜਟ ਵਿਚ ਇਨ੍ਹਾਂ ਲਈ 10324 ਕਰੋੜ ਰੁਪਏ ਦੀ ਤਜਵੀਜ਼ ਹੈ। ਇੰਜਨੀਅਰਿੰਗ ਅਤੇ ਮੈਨੇਜਮੈਂਟ ਦੀਆਂ ਵੱਕਾਰੀ ਸੰਸਥਾਵਾਂ ਦਾ ਬਜਟ ਘਟਾਉਣਾ ਸਰਕਾਰ ਦੀ ਦੂਰ-ਅੰਦੇਸ਼ੀ ਦੀ ਕਮੀ ਉਜਾਗਰ ਕਰਦਾ ਹੈ।

ਅੰਤਰਿਮ ਬਜਟ ਵਿਚ ਭਾਵੇਂ ਕੇਂਦਰੀ ਯੂਨੀਵਰਸਿਟੀਆਂ (12000 ਕਰੋੜ ਤੋਂ 15472 ਕਰੋੜ ਰੁਪਏ) ਅਤੇ ਇੰਸਟੀਚਿਊਟ ਆਫ ਐਕਸੀਲੈਂਸ (1200 ਕਰੋੜ ਤੋਂ 1500 ਕਰੋੜ) ਦੇ ਫੰਡਾਂ ਵਿਚ ਪਿਛਲੇ ਸਾਲ ਦੇ ਮੁਕਾਬਲੇ ਕੁਝ ਵਾਧਾ ਕੀਤਾ ਗਿਆ ਹੈ ਪਰ ਜਿਸ ਪ੍ਰਕਾਰ ਯੂ.ਜੀ.ਸੀ., ਆਈ.ਆਈ.ਐੱਮ. ਅਤੇ ਆਈ.ਆਈ.ਟੀ. ਫੰਡਾਂ ਵਿਚ ਕਟੌਤੀ ਕੀਤੀ ਗਈ ਹੈ, ਇਹ ਮਾਮੂਲੀ ਵਾਧਾ ਭਰਪਾਈ ਕਰਨ ਵਿਚ ਸਮਰਥ ਨਹੀਂ।

ਸਕੂਲ ਸਿੱਖਿਆ ਲਈ ਬਜਟ: ਕਰੋਨਾ ਮਹਾਮਾਰੀ ਤੋਂ ਬਾਅਦ ਸਕੂਲ ਸਿੱਖਿਆ ਦੀ ਹਾਲਤ ਬਦਤਰ ਹੋ ਚੁੱਕੀ ਹੈ। ਕੇਂਦਰ ਸਰਕਾਰ ਦਾ ਭਾਵੇਂ ਇਹ ਦਾਅਵਾ ਹੈ ਕਿ ਸਕੂਲੀ ਸਿੱਖਿਆ ਮੰਤਰਾਲੇ ਨੂੰ ਇਸ ਵਾਰ ਬਜਟ ਦੀ ਵੰਡ ਪਿਛਲੇ ਸਾਲ ਨਾਲੋਂ 20% ਜ਼ਿਆਦਾ ਹੈ ਪਰ ਅੰਕੜੇ ਦੱਸਦੇ ਹਨ ਕਿ ਪਿਛਲੇ ਵਿੱਤ ਵਰ੍ਹੇ ਦੇ ਮੁਕਾਬਲੇ ਇਸ ਵਾਰ ਸਕੂਲੀ ਸਿੱਖਿਆ ਮੰਤਰਾਲੇ ਨੂੰ ਕੇਵਲ 700 ਕਰੋੜ ਰੁਪਏ ਵੱਧ ਮਿਲੇ ਹਨ। ਪਿਛਲੇ ਸਾਲ ਸੋਧੇ ਹੋਏ ਅਨੁਮਾਨਾਂ ਅਨੁਸਾਰ ਸਕੂਲੀ ਸਿੱਖਿਆ ਮੰਤਰਾਲੇ ਨੂੰ ਵੰਡ 72247 ਕਰੋੜ ਰੁਪਏ ਦੀ ਸੀ, ਐਤਕੀਂ ਇਹ 73000 ਕਰੋੜ ਰੁਪਏ ਦੀ ਹੈ। ਪਿਛਲੇ ਬਜਟ ਵਿਚ ਐਲਾਨੇ ਨਵੇਂ ਏਕਲਵਿਆ ਸਕੂਲਾਂ ਦੇ ਨਾਲ ਨਾਲ ਪ੍ਰੀ ਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਉਂ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨੂੰ ਵਿੱਦਿਆ ਤੋਂ ਮਰਹੂਮ ਰੱਖਿਆ ਜਾ ਰਿਹਾ ਹੈ।

ਇਸੇ ਪ੍ਰਕਾਰ ਪੀ.ਐੱਮ. ਪੋਸ਼ਣ ਸਕੀਮ ਜਿਸ ਵਿਚ ਵਿਦਿਆਰਥੀਆਂ ਨੂੰ ਦੁਪਹਿਰ ਦਾ ਖਾਣਾ ਮਿਲਦਾ ਹੈ, ਵਿਚ 800 ਕਰੋੜ ਰੁਪਏ ਵਾਧਾ ਹੋਇਆ ਹੈ ਜੋ ਲਾਭਪਾਤਰੀ ਵਿਦਿਆਰਥੀਆਂ ਦੇ ਆਕਾਰ ਅਨੁਸਾਰ ਮਾਮੂਲੀ ਹੀ ਹੈ। ਜਿੱਥੇ ਇਹ ਸਕੀਮ ਬੱਚਿਆਂ ਦੀ ਸਕੂਲ ਛੱਡਣ ਦੀ ਦਰ ਘਟਾਉਂਦੀ ਹੈ, ਉੱਥੇ ਕੁਪੋਸ਼ਣ ਨਾਲ ਜੂਝ ਰਹੇ ਬੱਚਿਆਂ ਲਈ ਦਵਾਈ ਦਾ ਕੰਮ ਵੀ ਕਰਦੀ ਹੈ ਪਰ ਹੁਣ ਫੰਡਾਂ ਦੀ ਅਣਹੋਂਦ ਵਿਚ ਇਹ ਸਕੀਮ ਕੇਵਲ ਕਾਗਜ਼ਾਂ ਵਿਚ ਹੀ ਅਸਰਦਾਰ ਦਿਸਦੀ ਹੈ। ਪੀ.ਐੱਮ. ਪੋਸ਼ਣ ਅਤੇ ਸਮੱਗਰ ਸਿੱਖਿਆ ਸਕੀਮ (ਜਿਸ ਅਧੀਨ ਸਰਵ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਮਾਧਿਆਮਿਕ ਸਿੱਖਿਆ ਅਭਿਆਨ ਆਉਂਦੇ ਹਨ) ਨੂੰ ਕੋਰੋਨਾ ਤੋਂ ਪਹਿਲਾਂ ਦੇ ਸਾਲਾਂ ਦੇ ਮੁਕਾਬਲੇ ਘਟ ਫੰਡ ਮਿਲੇ ਹਨ। ਕੋਠਾਰੀ ਕਮਿਸ਼ਨ ਦੀ ਸਿੱਖਿਆ ਖੇਤਰ ਲਈ ਸਿਫ਼ਾਰਿਸ਼ਾਂ ਅਨੁਸਾਰ ਵਿੱਦਿਆ ਖੇਤਰ 'ਤੇ ਜੀ.ਡੀ.ਪੀ. ਦੇ 6% ਦਾ ਖਰਚ ਹੋਣਾ ਚਾਹੀਦਾ ਹੈ ਪਰ ਬਜਟ ਵਿਚ ਉਸ ਦਿਸ਼ਾ ਵੱਲ ਜਾਣ ਲਈ ਕੋਈ ਕਦਮ ਨਹੀਂ ਚੁੱਕੇ ਗਏ।

ਜ਼ਾਹਿਰ ਹੈ ਕਿ ਕਿਸੇ ਮੁਲਕ ਦੀ ਕਿਰਤ ਸ਼ਕਤੀ ਦਾ ਹੁਨਰ ਵਿਕਾਸ ਅਤੇ ਮਾਨਵੀ ਪੂੰਜੀ ਦਾ ਵਿਕਾਸ ਸਕੂਲ ਸਿੱਖਿਆ ਪੱਧਰ 'ਤੇ ਨਿਰਭਰ ਕਰਦਾ ਹੈ। ਹੁਣ ਜਦੋਂ ਸਾਡੀ ਕਿਰਤ ਸ਼ਕਤੀ ਦਾ ਹੁਨਰ ਵਿਕਾਸ, ਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਪਹਿਲਾਂ ਹੀ ਘੱਟ ਹੈ, ਸਕੂਲ ਸਿੱਖਿਆ ਫੰਡਾਂ ਵਿਚ ਘਾਟ ਆਉਣ ਵਾਲੀਆਂ ਪੀੜ੍ਹੀਆਂ ਲਈ ਘਾਤਕ ਹੈ। ਜਿੱਥੋਂ ਤਕ ਸੰਭਵ ਹੋਵੇ, ਉੱਚ ਪੱਧਰ ਦੀ ਸਿੱਖਿਆ ਕੇਵਲ ਸਰਕਾਰ ਦੁਆਰਾ ਹੀ ਮੁਹੱਈਆ ਹੋਣੀ ਚਾਹੀਦੀ ਹੈ ਜਿਸ ਨੂੰ ਸਿੱਖਿਆ ਮਾਹਿਰ 'ਵਨ ਸਕੂਲ ਸਿਸਟਮ' ਕਹਿੰਦੇ ਹਨ। ਪੀ.ਐੱਮ. ਸ੍ਰੀ ਸਕੀਮ ਤਹਿਤ 6500 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ ਪਰ ਇਹ ਯੂਨੀਫਾਰਮ ਜਾਂ ਕਾਮਨ ਸਕੂਲ ਸਿਸਟਮ ਦੇ ਬਦਲ ਦੇ ਉਲਟ ਹੈ; ਇੱਥੋਂ ਤਕ ਕਿ ਇਹ 'ਸਬ ਕਾ ਸਾਥ, ਸਬ ਕਾ ਵਿਕਾਸ' ਦੇ ਸੰਕਲਪ ਦੇ ਵਿਰੁੱਧ ਹੈ।

ਇਸ ਵਿਸ਼ਲੇਸ਼ਣ ਤੋਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਵਿੱਦਿਆ ਦਾ ਸੰਦੇਸ਼ ਸਿਰਫ਼ ਭਾਸ਼ਣਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ। ਸਾਨੂੰ ਵਿਕਸਿਤ ਦੇਸ਼ਾਂ ਤੋਂ ਸਬਕ ਲੈਣ ਦੀ ਲੋੜ ਹੈ ਤਾਂ ਜੋ ਬਜਟ ਵਿਚ ਸਿੱਖਿਆ ਫੰਡ ਵਧਾ ਕੇ ਅਸੀਂ ਅਸਲ ਸ਼ਬਦਾਂ ਵਿਚ ਵਿਸ਼ਵ ਗੁਰੂ ਬਣ ਜਾਈਏ।

# ਸੰਸਾਰ ਮੰਡੀ ਦੀ ਸਿਆਸਤ

ਭਾਰਤ 1947 ਵਿਚ ਅੰਗਰੇਜ਼ਾਂ ਦੀ ਚੁੰਗਲ 'ਚੋਂ ਨਿਕਲਿਆ ਅਤੇ ਭਾਰਤ ਦੀ ਆਜ਼ਾਦੀ ਤੋਂ ਦੋ ਸਾਲਾਂ ਬਾਅਦ 1949 ਵਿਚ ਜਦੋਂ ਚੀਨ ਦੀ ਕਮਿਊਨਿਸਟ ਪਾਰਟੀ ਨੇ ਆਪਣੇ ਦੇਸ਼ ਦੀ ਵਾਗਡੋਰ ਸੰਭਾਲੀ ਸੀ ਤਾਂ ਉਦੋਂ ਦੁਨੀਆ ਦੇ ਵੱਡੇ ਦੇਸ਼ਾਂ 'ਚੋਂ ਚੀਨ ਸਭ ਤੋਂ ਵੱਧ ਗ਼ਰੀਬ ਦੇਸ਼ ਗਿਣਿਆ ਜਾਂਦਾ ਸੀ; ਭਾਰਤ ਦੂਜਾ ਸਭ ਤੋਂ ਵੱਧ ਗ਼ਰੀਬ ਮੁਲਕ ਸੀ। 1990 ਤੱਕ ਭਾਰਤ ਦੀ ਪ੍ਰਤੀ ਜੀਅ ਆਮਦਨ 367 ਡਾਲਰ

**ਅਰੁਣ ਮੈਰਾ**

ਸੀ ਅਤੇ ਚੀਨ ਦੀ 317 ਡਾਲਰ; ਭਾਵ, ਦੋਵੇਂ ਦੇਸ਼ਾਂ ਦੀ ਤਰੱਕੀ ਦੀ ਦਰ ਲਗਭਗ ਇਕੋ ਜਿਹੀ ਸੀ। 2022 ਤੱਕ ਆਉਂਦਿਆਂ ਚੀਨ ਦੀ ਪ੍ਰਤੀ ਜੀਅ ਆਮਦਨ 12720 ਡਾਲਰ 'ਤੇ ਪਹੁੰਚ ਗਈ; ਭਾਰਤ ਦੀ ਪ੍ਰਤੀ ਜੀਅ ਆਮਦਨ 2388 ਡਾਲਰ ਹੀ ਹੋ ਸਕੀ; ਭਾਵ, ਪੰਜ ਗੁਣਾ ਤੋਂ ਵੀ ਜ਼ਿਆਦਾ ਅੰਤਰ ਆ ਗਿਆ।

1991 ਨੂੰ ਆਰਥਿਕ ਵਿਚਾਰਧਾਰਾ ਦੇ ਇਤਿਹਾਸ ਵਿਚ ਵੱਡਾ ਮੋੜ ਗਿਣਿਆ ਜਾਂਦਾ ਹੈ। ਫਰਾਂਸਿਸ ਫੁਕੂਯਾਮਾ ਨੇ ਇਸ ਨੂੰ ਵਿਚਾਰਧਾਰਾਵਾਂ ਦੇ ਇਤਿਹਾਸ ਦਾ ਅੰਤ ਕਰਾਰ ਦਿੱਤਾ ਸੀ। ਉਨ੍ਹਾਂ ਇਹ ਵੀ ਕਿਹਾ ਸੀ ਕਿ ਸੋਵੀਅਤ ਸੰਘ ਦੇ ਖੇਰੂੰ-ਖੇਰੂੰ ਹੋਣ ਨਾਲ ਪੱਛਮੀ ਪੂੰਜੀਵਾਦ ਦੀ ਸੋਵੀਅਤ ਸਮਾਜਵਾਦ ਉੱਪਰ ਜਿੱਤ ਹੋ ਗਈ ਹੈ। ਪੱਛਮ ਦੇ ਸਿਧਾਏ ਅਰਥ ਸ਼ਾਸਤਰੀਆਂ ਨੇ ਦੁਨੀਆ ਦੇ ਬਾਕੀ ਹਿੱਸਿਆਂ 'ਚ ਪਹੁੰਚ ਕਰ ਕੇ ਉੱਥੋਂ ਦੀਆਂ ਸਰਕਾਰਾਂ ਨੂੰ ਮੰਡੀਆਂ ਖੋਲ੍ਹਣ ਅਤੇ ਪ੍ਰਾਈਵੇਟ ਉੱਦਮਾਂ ਤੋਂ ਬੰਦਿਸ਼ਾਂ ਹਟਾਉਣ ਦੀਆਂ ਨਸੀਹਤਾਂ ਦਿੱਤੀਆਂ। ਅਮਰੀਕੀ ਸਲਾਹਕਾਰਾਂ ਨੇ ਰੂਸੀ ਆਗੂਆਂ ਨੂੰ ਮੰਡੀ ਸੁਧਾਰ ਲਾਗੂ ਕਰਨ, ਸਰਕਾਰੀ ਅਦਾਰੇ ਬੰਦ ਕਰਨ ਅਤੇ ਉਨ੍ਹਾਂ ਦੇ ਅਸਾਸੇ ਪ੍ਰਾਈਵੇਟ ਨਾਗਰਿਕਾਂ ਦੇ ਸਪੁਰਦ ਕਰਨ ਲਈ ਮਨਾ ਲਿਆ।

ਉਂਝ, ਇਸ ਮਾਮਲੇ ਵਿਚ ਚੀਨੀ ਆਗੂਆਂ ਨੇ ਪੈਰ ਅੜਾਈ ਰੱਖੇ ਅਤੇ ਉਨ੍ਹਾਂ ਮੰਡੀ ਦੀਆਂ ਖ਼ਾਸੀਅਤਾਂ ਵਾਲਾ ਚੀਨੀ ਤਰਜ਼ ਦਾ ਸਮਾਜਵਾਦੀ ਰਾਹ ਅਪਣਾਇਆ। ਮੰਡੀਕਰਨ ਦੇ ਦੋ ਵੱਖਰੇ ਮਾਡਲ ਲਾਗੂ ਹੋਣ ਤੋਂ ਬਾਅਦ ਆਲਮੀ ਅਰਥਚਾਰੇ ਵਿਚ ਰੂਸ ਅਤੇ ਚੀਨ ਦੀਆਂ ਪੁਜ਼ੀਸ਼ਨਾਂ ਵਿਚ ਪੂਰੀ ਤਰ੍ਹਾਂ ਵੱਡੀ ਰੱਦੋਬਦਲ ਆ ਗਈ। ਆਲਮੀ ਕੁੱਲ ਘਰੇਲੂ ਪੈਦਾਵਾਰ ਵਿਚ ਰੂਸ ਦੀ ਹਿੱਸੇਦਾਰੀ ਘਟ ਕੇ ਅੱਧੀ ਰਹਿ ਗਈ; ਭਾਵ, 1990 ਵਿਚ ਇਹ 3.7 ਫ਼ੀਸਦੀ ਸੀ ਜੋ 2017 ਵਿਚ ਕਰੀਬ 2 ਫ਼ੀਸਦੀ ਰਹਿ ਗਈ ਸੀ। ਇਸੇ ਅਰਸੇ ਦੌਰਾਨ ਚੀਨ ਦੀ ਹਿੱਸੇਦਾਰੀ 2.2 ਫ਼ੀਸਦੀ ਤੋਂ ਵਧ ਕੇ ਕਰੀਬ 13 ਫ਼ੀਸਦੀ ਹੋ ਗਈ; ਭਾਵ, ਛੇ ਗੁਣਾ ਵਾਧਾ ਹੋ ਗਿਆ। ਚੀਨ ਦੀ ਸਰਕਾਰ ਅਤੇ ਉੱਥੋਂ ਦੇ ਅਰਥ ਸ਼ਾਸਤਰੀ ਬਹੁਤ ਤੇਜ਼ੀ ਨਾਲ ਸਿੱਖਦੇ ਹਨ। ਚੀਨ ਨੇ ਪਿਛਲੇ 25 ਸਾਲਾਂ 'ਚ ਇੱਕ ਅਰਬ ਲੋਕਾਂ ਨੂੰ ਗ਼ਰੀਬੀ 'ਚੋਂ ਕੱਢਿਆ ਜੋ ਅਰਥ ਸ਼ਾਸਤਰੀਆਂ ਲਈ ਚਮਤਕਾਰ ਤੋਂ ਘੱਟ ਨਹੀਂ। ਉਨ੍ਹਾਂ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਅਰਥਚਾਰਾ ਹੀ ਨਹੀਂ ਸਿਰਜਿਆ ਸਗੋਂ ਆਲਮੀ ਦਰਜੇ ਦੀਆਂ ਤਕਨਾਲੋਜੀਆਂ ਵੀ ਵਿਕਸਤ ਕੀਤੀਆਂ ਹਨ ਜਿਨ੍ਹਾਂ ਤੋਂ ਅਮਰੀਕਾ ਬਹੁਤ ਤ੍ਰਹਿੰਦਾ ਹੈ।

ਆਰਥਿਕ ਇਤਿਹਾਸਕਾਰ ਇਸਾਬੈਲਾ ਐੱਮ ਵੈੱਬਰ ਨੇ ਆਪਣੀ ਕਿਤਾਬ 'ਹਾਓ ਚਾਈਨਾ ਐਸਕੇਪਡ ਸ਼ੌਕ ਥੈਰੇਪੀ: ਦਿ ਮਾਰਕਿਟ ਰਿਫਾਰਮ ਡਿਬੇਟ' ਵਿਚ ਇਸ ਗੱਲ ਦਾ ਖੁਲਾਸਾ ਕੀਤਾ ਹੈ ਕਿ ਚੀਨ ਨੇ ਪੱਛਮੀ ਦੇਸ਼ਾਂ ਦੇ ਦਬਾਓ ਦਾ ਮੁਕਾਬਲਾ ਕਿੰਝ ਕੀਤਾ। ਚੀਨੀ ਵੱਡੇ ਸਿੱਖਣਹਾਰ ਤੇ ਖੁੱਲ੍ਹੇ ਮਨ ਨਾਲ ਤਜਰਬੇ ਕਰਨ ਵਾਲੇ ਹਨ। ਕਮਿਊਨਿਸਟ ਪਾਰਟੀ ਅੰਦਰ ਉੱਭਰਦੇ ਅਤੇ ਆਤਮ-ਵਿਸ਼ਵਾਸੀ ਆਗੂਆਂ ਨੂੰ ਦੂਰ ਦਰਾਜ਼ ਖੇਤਰਾਂ ਵਿਚ 'ਅਸਲ ਲੋਕਾਂ' ਕੋਲ ਰਹਿਣ ਲਈ ਭੇਜ ਦਿੱਤਾ ਜਾਂਦਾ ਹੈ ਤਾਂ ਜੋ ਉਹ ਉਨ੍ਹਾਂ ਦੇ ਤਜਰਬਿਆਂ ਅਤੇ ਜੀਵਨ ਤੋਂ ਸਬਕ ਸਿੱਖ ਸਕਣ। ਚੀਨੀ ਉਨ੍ਹਾਂ ਹਕੀਕਤਾਂ ਦੇ ਸਿਧਾਂਤਾਂ 'ਤੇ ਬਹੁਤ ਨਿੱਠ ਕੇ ਵਿਚਾਰ ਚਰਚਾ ਕਰਦੇ ਸਨ। ਵਿਦੇਸ਼ੀ ਅਤੇ ਕਿਤਾਬੀ ਅਰਥ ਸ਼ਾਸਤਰੀਆਂ ਦੀ ਫ਼ਰਮਾਬਰਦਾਰੀ ਕਰਨ ਦੀ ਬਜਾਇ ਉਨ੍ਹਾਂ ਦਾ ਸੁਧਾਰਾਂ ਦਾ ਰਾਹ ਇਹ ਸੀ ਕਿ 'ਆਪਣੇ ਪੈਰਾਂ ਹੇਠ ਪੱਥਰਾਂ ਦੀ ਚੋਭ ਮਹਿਸੂਸ ਕਰਦੇ ਹੋਏ ਨਦੀ ਪਾਰ ਕਰੋ' (ਜਿਸ ਤਨ ਲਾਗੇ, ਸੋ ਤਨ ਜਾਣੇ)।

1991 ਭਾਰਤ ਦੇ ਆਰਥਿਕ ਇਤਿਹਾਸ ਦਾ ਵੀ ਫ਼ੈਸਲਾਕੁਨ ਮੋੜ ਸੀ। ਭਾਰਤ ਉੱਪਰ ਆਪਣੀਆਂ ਅੰਦਰੂਨੀ ਅਤੇ ਬਾਹਰੀ ਮੰਡੀਆਂ ਪ੍ਰਾਈਵੇਟ ਇਕਾਈਆਂ ਲਈ ਖੋਲ੍ਹਣ ਲਈ ਕੌਮਾਂਤਰੀ ਮੁਦਰਾ ਕੋਸ਼ (ਆਈ.ਐੱਮ.ਐੱਫ.) ਅਤੇ ਸੰਸਾਰ ਬੈਂਕ ਦਾ ਦਬਾਓ ਸੀ। ਭਾਰਤ ਨੇ ਸਾਰੀਆਂ ਸ਼ਰਤਾਂ ਮੰਨ ਲਈਆਂ। ਇਸ ਦੇ ਅਰਥਚਾਰੇ ਨੇ ਤਰੱਕੀ ਕੀਤੀ, ਭਾਵੇਂ ਇਸ ਦੀ ਰਫ਼ਤਾਰ ਓਨੀ ਨਹੀਂ ਸੀ ਜਿੰਨੀ ਚੀਨ ਦੀ ਸੀ। ਭਾਰਤ ਦੇ ਮੰਡੀ ਸੁਧਾਰਵਾਦੀਆਂ ਦਾ ਕਹਿਣਾ ਹੈ ਕਿ ਦੇਸ਼ ਇਸ ਕਰ ਕੇ ਬਹੁਤੀ ਤਰੱਕੀ ਨਹੀਂ ਕਰ ਸਕਿਆ ਕਿਉਂਕਿ ਮੰਡੀ ਸੁਧਾਰ ਚੋਖੇ ਰੂਪ 'ਚ ਨਹੀਂ ਹੋ ਸਕੇ। ਉਨ੍ਹਾਂ ਦੇ ਸ਼ਬਦਕੋਸ਼ ਵਿਚ 'ਸੁਧਾਰ' ਦਾ ਅਰਥ ਹੈ ਵਪਾਰ ਤੇ ਸਨਅਤ ਉੱਪਰ ਸਰਕਾਰੀ ਕੰਟਰੋਲ 'ਚ ਹੋਰ ਕਟੌਤੀ ਤਾਂ ਕਿ ਮੰਡੀ ਖੁੱਲ੍ਹਮ-ਖੁੱਲ੍ਹੇ ਢੰਗ ਨਾਲ ਵਿਚਰ ਸਕੇ।

ਚੀਨ ਲਈ ਆਪਣੇ ਆਰਥਿਕ ਸੁਧਾਰਾਂ ਦੇ ਸਮੁੱਚੇ ਅਮਲ ਦੌਰਾਨ ਕੀਮਤਾਂ ਦਾ ਪ੍ਰਬੰਧਨ ਸਰੋਕਾਰ ਬਣਿਆ ਰਿਹਾ ਹੈ। ਕਮਿਊਨਿਸਟ ਪਾਰਟੀ ਪਿਛਲੀ ਸਦੀ ਵਿਚ ਚੀਨੀ ਸਮਾਜ ਦੇ ਆਰਥਿਕ ਅਤੇ ਸਿਆਸੀ ਖੰਡਰਾਂ 'ਚੋਂ ਉੱਠੀ ਸੀ। ਇਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਲੋਕਾਂ ਦੀ ਹਮਾਇਤ ਹਾਸਿਲ ਕਰਨ ਲਈ ਸਮਾਜ ਅੰਦਰ ਸਥਿਰਤਾ ਜ਼ਰੂਰੀ ਹੈ। ਇਹ ਪੱਛਮੀ ਉਦਾਰਵਾਦੀ ਅਰਥ ਸ਼ਾਸਤਰੀਆਂ ਦੇ ਇਸ ਪ੍ਰਚਾਰ ਦੇ ਪ੍ਰਭਾਵ ਹੇਠ ਨਹੀਂ ਆਈ ਕਿ ਵਾਜਿਬ ਕੀਮਤਾਂ ਨਿਰਧਾਰਤ ਕਰਨ ਲਈ ਮੰਡੀਆਂ ਖੋਲ੍ਹਣਾ ਜ਼ਰੂਰੀ ਹੈ। ਚੀਨੀ ਆਗੂਆਂ ਨੂੰ ਗ਼ਰੀਬ ਅਤੇ ਸਭ ਤੋਂ ਨਿਤਾਣੇ ਲੋਕਾਂ ਦੀਆਂ ਹਾਲਤਾਂ ਦਾ ਫਿਕਰ ਸੀ ਜੋ ਥੋੜ੍ਹੀ ਕਮਾਈ ਕਰਦੇ ਸਨ ਤੇ ਥੋੜ੍ਹਾ ਜਿਹਾ ਹੀ ਖਰੀਦਦੇ ਸਨ। ਖ਼ੁਰਾਕ ਅਤੇ ਕੱਪੜੇ ਦੀਆਂ ਵਾਜਿਬ ਅਤੇ ਸਥਿਰ ਕੀਮਤਾਂ ਹੋਣਾ ਇਨ੍ਹਾਂ ਲੋਕਾਂ ਲਈ ਬਹੁਤ ਅਹਿਮੀਅਤ ਰੱਖਦਾ ਸੀ।

ਉਦਾਰਵਾਦੀ ਮੰਡੀ ਅਰਥ ਸ਼ਾਸਤਰੀ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਲੋਕ ਜੋ ਕੁਝ ਉਪਜਾਉਂਦੇ ਜਾਂ ਖਰੀਦਦੇ ਹਨ, ਉਨ੍ਹਾਂ ਉੱਪਰ ਕੋਈ ਕੰਟਰੋਲ ਨਹੀਂ ਹੋਣਾ ਚਾਹੀਦਾ ਅਤੇ ਅਜਿਹੀ ਖੁੱਲ੍ਹੀ ਮੰਡੀ ਹੀ ਸਹੀ ਬਾਜ਼ਾਰੀ ਕੀਮਤ ਅਤੇ ਮੰਗ ਤੇ ਪੂਰਤੀ ਦਾ ਤਵਾਜ਼ਨ ਬਰਕਰਾਰ ਰੱਖਣ ਦਾ ਇਕਮਾਤਰ ਰਾਹ ਹੈ। ਉਨ੍ਹਾਂ ਦੇ ਸਿਧਾਂਤ ਮੁਤਾਬਿਕ ਸਪਲਾਇਰਾਂ ਅਤੇ ਖਰੀਦਦਾਰਾਂ ਵਿਚਕਾਰਾਂ ਕੀਮਤ ਦੇ ਸੂਤਰ ਸਿੱਧੇ ਹੋਣੇ ਬਹੁਤ ਜ਼ਰੂਰੀ ਹਨ ਜਿਨ੍ਹਾਂ ਵਿਚ ਕਿਸੇ ਵਿਚੋਲੇ ਨੂੰ ਨਹੀਂ ਪਾਇਆ ਜਾਣਾ ਚਾਹੀਦਾ। ਉਂਝ, ਮੰਡੀ ਵਿਚ ਉਤਪਾਦਕ ਅਤੇ ਖਪਤਕਾਰ ਵਿਚਕਾਰ ਸਿੱਧਾ ਲੈਣ ਦੇਣ ਨਹੀਂ ਹੁੰਦਾ। ਵਪਾਰੀ ਉਤਪਾਦਕਾਂ ਕੋਲੋਂ ਮਾਲ ਖਰੀਦ ਲੈਂਦੇ ਹਨ ਅਤੇ ਖਪਤਕਾਰਾਂ ਨੂੰ ਉਦੋਂ ਵੇਚਦੇ ਹਨ ਜਦੋਂ ਉਨ੍ਹਾਂ ਨੂੰ ਲੋੜ ਹੁੰਦੀ ਹੈ। ਵਪਾਰੀ ਭੰਡਾਰਨ ਸਹੂਲਤਾਂ ਮੁਹੱਈਆ ਕਰਾਉਂਦੇ ਹਨ ਜਿਨ੍ਹਾਂ ਨਾਲ ਮੰਡੀ ਚਲਦੀ ਰਹਿੰਦੀ ਹੈ।

ਪ੍ਰਾਈਵੇਟ ਵਪਾਰੀ ਇਹ ਜਨਤਕ ਸੇਵਾ ਭਾਵ ਨਾਲ ਅਜਿਹਾ ਨਹੀਂ ਕਰਦੇ। ਉਹ ਜਦੋਂ ਵੀ ਮਾਲ ਖਰੀਦਦੇ ਹਨ ਤਾਂ ਨਿਵੇਸ਼ ਕਰਦੇ ਹਨ ਅਤੇ ਭੰਡਾਰ ਕਰ ਕੇ ਰੱਖਦੇ ਹਨ। ਉਹ ਜੋਖ਼ਮ ਲੈ ਕੇ ਮਾਲ ਵੇਚਣ ਦਾ ਫ਼ੈਸਲਾ ਕਰਦੇ ਹਨ ਤਾਂ ਕਿ ਜ਼ਿਆਦਾ ਮੁਨਾਫ਼ਾ ਕਮਾ ਸਕਣ। ਉਹ ਧਨ ਦੇ ਰੂਪ 'ਚ ਮੰਡੀ ਵਿਚ ਸਰੋਤ ਲੈ ਕੇ ਆਉਂਦੇ ਹਨ। ਕਿਸਾਨਾਂ ਦੀ ਖੇਤੀ ਉਪਜ ਜਾਂ ਖਪਤਕਾਰਾਂ ਦੀ ਖ਼ੁਰਾਕ ਦੀ ਭੁੱਖ ਬਹੁਤੀ ਦੇਰ ਤੱਕ ਉਡੀਕ ਨਹੀਂ ਕਰ ਸਕਦੇ; ਧਨ ਖਰੀਦ ਕਰਨ ਅਤੇ ਮੁਨਾਫ਼ੇ ਨੂੰ ਵੇਚਣ ਲਈ ਉਡੀਕ ਕਰ ਸਕਦਾ ਹੈ।

ਭਾਰਤ ਸਰਕਾਰ ਖੇਤੀ ਜਿਣਸਾਂ ਦੀਆਂ ਕੀਮਤਾਂ ਦੇ ਸਵਾਲ ਦਾ ਪਾਏਦਾਰ ਅਤੇ ਨਿਆਂਪੂਰਨ ਹੱਲ ਕੱਢਣ ਲਈ ਜੂਝ ਰਹੀ ਹੈ। ਸਰਕਾਰ ਨੂੰ ਆਪਣੇ ਕਾਰਪੋਰੇਟ ਅਤੇ ਉਦਾਰ ਮੰਡੀ ਪੱਖੀ ਸਲਾਹਕਾਰਾਂ ਦੇ ਝਾਂਸੇ ਵਿਚ ਨਹੀਂ ਆਉਣਾ ਚਾਹੀਦਾ। ਭਾਰਤ ਦੇ ਕਿਸਾਨ ਮੰਡੀ ਵਿਰੋਧੀ ਨਹੀਂ ਹਨ ਭਾਵੇਂ ਉਦਾਰ ਮੰਡੀ ਪੱਖੀ ਅਰਥ ਸ਼ਾਸਤਰੀ ਉਨ੍ਹਾਂ ਨੂੰ ਇੰਝ ਦਿਖਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਸਾਡੇ ਕਿਸਾਨ ਸਮਝਦੇ ਹਨ ਕਿ ਮੰਡੀਆਂ ਦੀ ਤਾਕਤ ਕਿੱਥੇ ਵਸਦੀ ਹੈ। ਉਹ ਗਾਰੰਟੀਸ਼ੁਦਾ ਨੀਤੀਗਤ ਹੱਲ ਚਾਹੁੰਦੇ ਹਨ ਜਿਸ ਕਰ ਕੇ ਉਨ੍ਹਾਂ ਨੂੰ ਆਪਣੀਆਂ ਫ਼ਸਲਾਂ ਦਾ ਮੁੱਲ ਲੈਣ ਲਈ ਪ੍ਰਾਈਵੇਟ ਮੰਡੀਆਂ ਦੇ ਲਾਲਚ ਦੇ ਰਹਿਮੋ-ਕਰਮ 'ਤੇ ਨਾ ਰਹਿਣਾ ਪਵੇ।


ਆਓ, ਅਰਥਚਾਰੇ ਦੇ ਪੱਛਮੀ ਵਿਚਾਰਾਂ ਦੇ ਬਹਿਕਾਵੇ ਵਿਚ ਆਉਣ ਦੀ ਬਜਾਇ ਪੂਰਬ ਦੇ ਅਰਥ ਸ਼ਾਸਤਰੀਆਂ ਤੋਂ ਸਬਕ ਲਈਏ। ਜਦੋਂ ਚੀਨ ਨੇ 1990ਵਿਆਂ ਵਿਚ ਆਪਣਾ ਅਰਥਚਾਰਾ ਖੋਲ੍ਹਿਆ ਸੀ ਤਾਂ ਉਸ ਨੇ ਬਹੁਤ ਸਾਰੇ ਆਰਥਿਕ ਖੇਤਰਾਂ ਵਿਚ ਸਰਕਾਰੀ ਹਿੱਸੇਦਾਰੀ ਘਟਾ ਦਿੱਤੀ ਸੀ। ਉਂਝ, ਉਸ ਨੇ ਜ਼ਰੂਰੀ ਜਿਣਸਾਂ ਦੇ ਵਪਾਰ ਦੇ ਚੈਨਲਾਂ 'ਤੇ ਕੰਟਰੋਲ ਅਤੇ ਚੋਖੀ ਮਾਲਕੀ ਬਣਾ ਕੇ ਰੱਖੀ। ਚੀਨੀਆਂ ਨੇ ਉਦਾਰਵਾਦੀ ਮੰਡੀ ਅਰਥ ਸ਼ਾਸਤਰੀਆਂ ਦੇ ਵਿਚਾਰਧਾਰਕ ਦਬਾਵਾਂ ਦਾ ਡਟ ਕੇ ਮੁਕਾਬਲਾ ਕੀਤਾ ਜਿਹੜੇ ਇਸ ਗੱਲ 'ਤੇ ਜ਼ੋਰ ਪਾ ਰਹੇ ਸਨ ਕਿ ਮੰਡੀ ਦਾ ਅਦਿੱਖ ਹੱਥ ਹੀ ਹੈ ਜੋ ਕੀਮਤਾਂ ਸਥਿਰ ਕਰਨ ਦਾ ਇਕੋ-ਇਕ ਰਾਹ ਹੈ।

ਚੀਨੀ ਅਰਥ ਸ਼ਾਸਤਰ ਦੇ ਇਨ੍ਹਾਂ ਮੂਲ ਸਿਧਾਂਤਾਂ ਨੂੰ ਸਮਝਦੇ ਹਨ: ਜੋ ਲੋਕ ਛੇਤੀ ਨਸ਼ਟ ਨਾ ਹੋਣ ਵਾਲੀ ਜਿਣਸ (ਧਨ) ਨੂੰ ਕੰਟਰੋਲ ਕਰਦੇ ਹਨ, ਉਨ੍ਹਾਂ ਕੋਲ ਮੰਡੀ ਵਿਚ ਖ਼ੁਰਾਕ ਅਤੇ ਕਿਰਤ ਜਿਹੀਆਂ ਛੇਤੀ ਖਪਤ ਕਰਨ ਯੋਗ ਚੀਜ਼ਾਂ ਨੂੰ ਕੰਟਰੋਲ ਕਰਨ ਦੀ ਵਧੇਰੇ ਸ਼ਕਤੀ ਹੁੰਦੀ ਹੈ ਅਤੇ ਗ਼ਰੀਬਾਂ ਕੋਲ ਇਹੀ ਦੋ ਚੀਜ਼ਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਉਹ ਮੰਡੀ ਵਿਚ ਖਰੀਦ ਜਾਂ ਵੇਚ ਸਕਦੇ ਹਨ।

# ...ਜਦੋਂ ਮੈਨੂੰ ਵੀ ਸਾਹਿਤਕ ਚੋਣ ਲੜਨ ਦਾ 'ਹੀਂਗਣਾਂ' ਉਠਿਆ

ਵਿਅੰਗ

...ਵੈਸੇ ਤਾਂ ਕੁਰਸੀ ਦਾ ਲਾਲਚ ਹਰ ਇੱਕ ਨੂੰ ਹੁੰਦੈ... ਪਰ 'ਪ੍ਰਧਾਨਗੀ' ਦਾ ਨਾਂ ਸੁਣ ਕੇ ਸਾਡੇ ਵੀ ਲੂਹਰੀਆਂ ਉਠੀਆਂ... ਜਿੱਤ ਦੇ ਨਾਂ ਨੂੰ ਕੁਤਕੁਤੀਆਂ ਨਿਕਲ਼ੀਆਂ... ਸੋਚਿਆ, ਜੇ ਮੈਂ ਚੋਣਾਂ ਜਿੱਤ ਗਿਆ, 'ਪੜ੍ਹੇ-ਲਿਖੇ' ਸਲੂਟਾਂ ਮਾਰਿਆ ਕਰਨਗੇ ਤੇ ਮੈਨੂੰ "ਪ੍ਰਧਾਨ ਜੀ - ਪ੍ਰਧਾਨ ਜੀ" ਕਰਦਿਆਂ ਦਾ ਮੂੰਹ ਸੁੱਕਿਆ ਕਰੇਗਾ... ਤੇ ਮੇਰੀ ਮੂਲ਼ੀ ਵਰਗੀ ਧੌਣ, ਬੋਹੜ ਦੇ ਮੁੱਛ ਵਰਗੀ ਹੋ ਜਾਊ... ਮੈਂ ਪੈਰਾਂ ਨਾਲ਼ 'ਖੁਰਗੋ' ਪੱਟੀ ਅਤੇ ਫਿਰ ਮਿੱਟੀ ਪਿਛਾਂਹ ਨੂੰ ਸੁੱਟੀ... ਗਰਦੋਗੋਰ ਹੋ ਗਈ ਦਿਸੀ... ਮੇਰਾ ਮਨ 'ਗਦ-ਗਦ' ਹੋ ਗਿਆ... ਕਿ ਮੇਰੇ ਦੋ ਪੈਰਾਂ ਦੀ ਮਿੱਟੀ ਨੇ ਹੀ 'ਗਰਦੋਗੋਰ' ਕਰ ਮਾਰੀ... ਪੰਜ-ਸੱਤ ਪੈਰ ਕੀ ਕਰਨਗੇ...? ਉਹ ਤਾਂ ਲਿਆ ਦੇਣਗੇ 'ਨ੍ਹੇਰੀ...! ਮੈਂ ਸੋਚਿਆ, ਅਜੇ ਤਾਂ ਰੱਬ ਨੇ ਮੇਰੇ



**ਸ਼ਿਵਚਰਨ ਜੱਗੀ ਕੁੱਸਾ**

ਸਿੰਗ ਨਹੀਂ ਲਾਏ, ਜੇ ਲਾਏ ਹੁੰਦੇ, ਤਾਂ ਸਿੰਗ ਮਿੱਟੀ ਜ਼ਰੂਰ ਚੁੱਕਦਾ...। ...ਮੈਂ ਵੀ ਪ੍ਰਧਾਨੀ ਦੀਆਂ ਚੋਣਾਂ ਲੜਨ ਦਾ ਤਹੱਈਆ ਕਰ ਲਿਆ..।

-"... ਤੈਨੂੰ ਤਾਂ ਤੇਰੇ ਜੁਆਕਾਂ ਨੇ ਵੋਟ ਨੀ ਪਾਉਣੀ... ਆਹ ਕੀ ਪੰਗਾ ਲੈ ਕੇ ਬਹਿ ਗਿਆ...?" ਮੇਰੇ ਘਰਵਾਲ਼ੀ ਬੋਲੀ... ਘਰ ਦਾ ਜੋਗੀ ਜੋਗੜਾ..ਤੇ ਬਾਹਰਲਾ ਜੋਗੀ ਸਿੱਧ .. ਇਹ ਗੱਲ ਲੋਕ ਐਵੇਂ ਨੀ ਆਖ ਗਏ.. ਸੋਚ ਕੇ ਮੈਂ ਚੋਣ ਲੜਨ ਦਾ ਐਲਾਨ ਕਰ ਦਿੱਤਾ...

-"ਕਦੇ ਘਰ ਦਾ ਡੱਕਾ ਤਾਂ ਸੰਵਾਰਿਆ ਨੀ, ਸਾਹਿਤਕ ਖੇਤਰ 'ਚ ਕੀ ਲੱਲ੍ਹਰ ਲਾ ਦੇਵੇਂਗਾ...? ਉਨ੍ਹਾਂ ਦੀਆਂ ਬੇੜੀਆਂ 'ਚ ਵੀ ਵੱਟੇ ਪਾਵੇਂਗਾ..।" ਉਹ ਫ਼ਿਰ ਬੋਲੀ..। ਮੇਰਾ ਦਿਲ ਕਰੇ ਮੱਥੇ 'ਚ ਇੱਟ ਮਾਰ ਕੇ 'ਟੀਕ' ਚਲਾ ਦਿਆਂ। ... ਮੇਰੀ ਸਿਰ-ਧੜ ਦੀ ਬਾਜ਼ੀ ਲੱਗੀ ਪਈ ਆ, ਤੇ ਇਹ...? ...ਇਹ ਗੱਲਾਂ ਕਰ-ਕਰ ਮੇਰੀ ਰੂਹ 'ਤੇ 'ਲੱਲ੍ਹੇ' ਪਾਈ, ਤੇ ਮੇਰਾ ਲਹੂ ਸੁਕਾਈ ਜਾ ਰਹੀ ਆ...।... ਲੱਗਦੀ ਜੁੱਤੀ, ਨਾਰ ਕੁਪੱਤੀ ਦੇਵਣ ਦੁੱਖ ਹਮੇਸ਼ਾ...। ਯਮਲ੍ਹੇ ਬਾਬੇ ਦਾ ਗੀਤ ਸੋਚ ਕੇ ਚੁੱਪ ਵੱਟ ਲਈ...।

ਨਾਲ਼ੇ ਮੈਨੂੰ ਮਾਂ-ਬੋਲੀ ਨਾਲ਼ ਕੋਈ ਲਾਕਾ-ਦੇਕਾ ਹੈਨ੍ਹੀ...। ਮੈਂ ਤਾਂ ਮਾਂ-ਬੋਲੀ ਨੂੰ ਹਮੇਸ਼ਾ 'ਟਿੱਚ' ਸਮਝਿਐ...। ਬੱਸ ਮਾਂ-ਬੋਲੀ ਦੇ 'ਗੀਝੇ 'ਚ ਹੱਥ ਜ਼ਰੂਰ ਪਾਈ ਰੱਖਿਐ... ਮਤਲਬ ਪੂਰਾ 'ਲਾਹਾ' ਲਿਐ...। ਲਾਹਾ ਲਵਾਂ ਵੀ ਕਿਉਂ ਨ੍ਹਾ...? ਸਾਡੀ ਮਾਂ-ਬੋਲੀ ਜਿਉਂ ਹੋਈ...! ਜਦੋਂ 'ਸਾਹਿਤਕ ਚੋਣਾਂ' ਆਉਂਦੀਆਂ ਨੇ, ਤਾਂ ਮੈਨੂੰ ਮਾਂ-ਬੋਲੀ ਦੇ 'ਮਾੜੇ ਭਾਗਾਂ' ਦੀ 'ਯਾਦ' ਜਿਹੀ ਆਉਂਦੀ ਐ... ਇਸ ਦਾ ਹੇਜ ਜਿਹਾ 'ਜਾਗਦੈ'...। ..ਵੈਸੇ ਤਾਂ ਮੈਂ ਅਹੁਦੇ ਨੂੰ ਜੱਫਾ ਮਾਰ ਕੇ ਕਿਸੇ ਵੀ 'ਵਰਗ' ਨੂੰ ਨਖਰੇ ਹੇਠ ਨਹੀਂ ਲਿਆਉਂਦਾ...। ਪਰ ਚੋਣਾਂ ਵੇਲ਼ੇ ਪਤਾ ਨਹੀਂ ਇਹ ਵਰਗ ਕਿਉਂ ਮੈਨੂੰ 'ਆਪਣੇ-ਆਪਣੇ' ਜਿਹੇ 'ਲੱਗਣ' ਲੱਗ ਜਾਂਦੇ ਨੇ...? ਸਾਡੇ 'ਪੜ੍ਹਿਆਂ-ਲਿਖਿਆਂ' ਦੇ ਕੀ ਕਹਿਣੇ...? ਉਹ ਤਾਂ ਛੋਟੇ-ਮੋਟੇ ਅਹੁਦੇ ਦੇ ਲਾਲਚ 'ਚ ਆ ਕੇ ਮੇਰੇ ਵਰਗੇ ਦੇ 'ਔਗੁਣ' ਭੁੱਲ ਜਾਂਦੇ ਨੇ, ਤੇ ਉਸਤਤ ਦੇ ਅੰਬਾਰ ਲਾਉਂਦੇ ਰਹਿੰਦੇ ਨੇ...। ਕਿੱਧਰੇ ਲੇਖ, ਕਿੱਧਰੇ ਪੋਸਟਾਂ... ਕਿੱਧਰੇ ਮਸ਼ਹੂਰੀਆਂ... ਲਟਰਮ ਪਟਰਮ...। 'ਸਹਿਯੋਗੀ' ਜਿਉਂ ਹੋਏ...? ਮੈਂ ਲੋਹੇ ਦੇ ਥਣ ਵਾਂਗੂੰ ਆਕੜਿਆ ਰਹਿੰਨੈ...। ਬਿੱਲੀ ਦੇ ਭਾਗਾਂ ਨੂੰ ਮਸਾਂ ਤਾਂ ਛਿੱਕੂ ਟੁੱਟਿਐ...।

...ਕਈ ਗੱਲਾਂ ਸੋਚ-ਸੋਚ ਕੇ ਮੇਰਾ ਢਿੱਡ ਹੱਸਦੈ... ਕਿ ਕਿੰਨਾਂ ਸਮਾਂ ਹੋ ਗਿਆ ਮੈਨੂੰ ਅਹੁਦੇ ਮਾਣਦਿਆਂ... ਪਰ ਪ੍ਰਵਾਸੀ ਭਰਾਵਾਂ ਦਾ ਮੈਨੂੰ ਹੁਣ ਤੱਕ ਚੇਤਾ ਨੀ ਆਇਆ... ਤੇ ਨਾ ਮੈਂ ਕਿਸੇ ਪ੍ਰਵਾਸੀ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤੈ... ਨਾ ਮੈਂ ਅੱਜ ਤੱਕ ਪੰਜਾਬ ਦੇ ਮਸਲਿਆਂ ਬਾਰੇ ਬੋਲਿਆ... ਤੇ ਨਾ ਪੰਜਾਬ ਦੇ ਹੱਕਾਂ ਬਾਰੇ ਮੂੰਹ ਖੋਲ੍ਹਿਆ... ਨਾ ਕਦੇ ਪੰਜਾਬ 'ਚ ਵਿਕਦੇ ਨਸ਼ਿਆਂ ਬਾਰੇ ਇਕ ਲਫ਼ਜ਼ ਲਿਖਿਆ... ਤੇ ਨਾ ਭ੍ਰਿਸ਼ਟਾਚਾਰ ਬਾਰੇ ਚੁੱਪ ਤੋੜੀ... ਨਾ ਰੇਤ ਮਾਫ਼ੀਆ ਬਾਬਤ ਮੌਨ ਵਰਤ ਭੰਗ ਕੀਤਾ... ਤੇ ਨਾ 'ਭੂ-ਮਾਫ਼ੀਆ' ਖ਼ਿਲਾਫ਼ ਲਿਖਣ ਦੀ ਜੁਅਰਤ ਕੀਤੀ...ਨਾ ਮੈਂ ਦਾਜ ਦੀ ਲਾਹਣਤ ਦਾ ਵਿਰੋਧ ਕੀਤਾ, ਤੇ ਨਾ ਕੁੱਖ 'ਚ ਮਰਨ ਵਾਲ਼ੀਆਂ ਧੀਆਂ ਪ੍ਰਤੀ ਕਾਗਜ਼ ਦੀ ਹਿੱਕ 'ਤੇ ਇੱਕ ਹੰਝੂ ਕੇਰਿਆ....। ... ਸਾਡੇ ਹਸਪਤਾਲ਼ਾਂ ਵਿਚ ਕੀ-ਕੀ ਨਹੀਂ ਹੁੰਦਾ..? ਦੁਨੀਆਂ ਨੂੰ ਪਤੈ...! ਪਰ ਮਜ਼ਾਲ ਐ ਅਸੀਂ ਇੱਕ ਲਾਈਨ ਵੀ ਲਿਖੀ ਹੋਵੇ...? ਜਾਂ ਕੁਛ ਬੋਲਿਆ ਹੋਵੇ...! ਕੀ ਕਰਾਂ...? ਕਿਵੇਂ ਬੋਲਾਂ..?? ਮੇਰਾ ਮੂੰਹ 'ਚੋਗ' ਨਾਲ਼ ਭਰਿਆ ਹੁੰਦੈ... ਮਨ ਕੁਰਸੀ ਰਾਣੀ 'ਤੇ ਮਰਿਆ ਹੁੰਦੈ...। ... ਕਿਸਾਨ ਮਰਨ, ਚਾਹੇ ਪੰਜਾਬੀ, ਮੈਂ ਕਾਹਤੋਂ ਬੋਲਾਂ...?? ਮੈਂ ਕਿਸਾਨਾਂ ਦਾ ਥੋੜ੍ਹੋ ਖਾਨੈਂ...? ਅਸੀਂ ਤਾਂ 'ਆਕਿਆਂ' ਦਾ




ਖਾਈਦੈ... ਤੇ ਉਨ੍ਹਾਂ ਦਾ ਗੁਣ ਗਾਈਦੈ...। ਜੀਹਦੀ ਖਾਈਏ ਬਾਜਰੀ - ਉਸੇ ਦੀ ਭਰੀਏ ਹਾਜ਼ਰੀ...।

ਪਰ ਜਦੋਂ ਚੋਣਾਂ ਦਾ ਮੌਸਮ ਆਉਂਦੈ... ਤਾਂ ਸਹੁੰ ਮਾਤਾ ਦੀ, ਮੈਨੂੰ ਤਾਂ 'ਹੀਂਗਣਾਂ' ਛੁੱਟ ਪੈਂਦੈ...। ਮਸਤ ਊਠ ਵਾਂਗ ਤੜਾਫਾ ਜਿਹਾ ਮਾਰਨ ਨੂੰ ਦਿਲ ਕਰਦੈ...। ਉਤਨੇ ਜੋੜ-ਤੋੜ ਤਾਂ ਮੇਰੀ ਬੇਬੇ ਤਾਣਾ ਬੁਣਨ ਵੇਲ਼ੇ ਨੀ ਸੀ ਕਰਦੀ, ਜਿੰਨੇ ਜੋੜ-ਤੋੜ ਮੈਂ ਸਾਹਿਤਕ ਚੋਣਾਂ ਵੇਲ਼ੇ ਕਰਦੈਂ...। ਚੋਣਾਂ ਵੇਲ਼ੇ ਤਾਂ ਮੈਨੂੰ ਵਾਹਿਗੁਰੂ, ਅੱਲਾਹ, ਰਾਮ, ਹਾਲੇ ਲੂਈਆ ਭੁੱਲ ਜਾਂਦੇ ਨੇ... ਮੈਨੂੰ ਤਾਂ ਬੱਸ 'ਵੋਟ ਮੈਨੂੰ - ਵੋਟ ਮੈਨੂੰ' ਹੀ ਚੇਤੇ ਰਹਿ ਜਾਂਦੇ ਨੇ...ਤੇ ਮੈਂ "ਮਾਣਸ-ਬੂ - ਮਾਣਸ-ਬੂ" ਕਰਦਾ ਘਰੋਂ ਨਿਕਲ਼ ਤੁਰਦਾ ਹਾਂ...। ਬੱਸ, ਇੱਕ ਵਾਰੀ ਅਹੁਦਾ ਤੇ ਕੁਰਸੀ ਹੱਥ ਆ ਜਾਵੇ... ਫੇਰ ਛੱਡਣੀ ਕਿਹੜੇ ਭੜੂਏ ਨੇ ਹੈ...? ਸਿਆਸੀ ਲੀਡਰ ਤਾਂ ਅਣਪੜ੍ਹ ਅਤੇ ਭੋਲ਼ੇ-ਭਾਲ਼ੇ ਲੋਕਾਂ ਨੂੰ ਬੇਵਕੂਫ਼ ਬਣਾਉਂਦੇ ਨੇ.. ਤੇ ਸਾਡੇ ਵੱਲ ਦੇਖ ਲਵੋ ... ਅਸੀਂ 'ਪੜ੍ਹਿਆਂ-ਲਿਖਿਆਂ' ਨੂੰ 'ਵਖ਼ਤ' ਪਾਇਆ ਪਿਐ...। ਬੱਸ ਜੀ, ਅਸੀਂ ਐਲਾਨ ਕਰ ਦਿੱਤੈ... ਤੇ ਹੁਣ ਤਾਂ ਬੱਸ ਘੜਮੱਸ ਪਾਉਣਾ ਹੀ ਬਾਕੀ ਰਹਿ ਗਿਆ...। ਇੱਕ ਨਾਅਰਾ ਹੀ ਮਾਰਨੈਂ, ਕਿ ਭਾਈ, ਸਾਡੇ ਵਰਗਾ ਕੋਈ ਭਲਾ ਆਦਮੀਂ ਨਹੀਂ... ਜੇ ਆਪਦੀ ਪੰਜਾਬੀ ਮਾਂ-ਬੋਲੀ ਬਚਾਉਣੀ ਆਂ, ਤਾਂ ਵੋਟ ਸਾਨੂੰ ਪਾਇਓ...! ... ਜੇ ਲੋਕ ਦੁਚਿੱਤੀ 'ਚ ਹੋਏ, ਤਾਂ ਅਸੀਂ ਜ਼ਾਤ-ਪਾਤ ਵਾਲ਼ਾ 'ਪੱਤਾ' ਖੇਲਣੋਂ ਵੀ ਬਾਜ਼ ਨਹੀਂ ਆਵਾਂਗੇ... ਹੁਣ ਵਿਰੋਧੀ ਤਾਂ ਵਜਾਉਣਗੇ ਤੂਤੀ, ਤੇ ਅਸੀਂ ਖੜਕਾਵਾਂਗੇ ਨਗਾਰਾ...।... ਅੱਧੀ ਆਂ ਗ਼ਰੀਬ ਜੱਟ ਦੀ, ਅੱਧੀ ਤੇਰੀ ਆਂ ਮੁਲ੍ਹਾਜੇਦਾਰਾ... ਇਹ ਗੱਲ ਅਸੀਂ ਸਿਆਸੀ ਲੋਕਾਂ ਦੇ ਕੰਨ ਵਿਚ ਕਹਿੰਦੇ ਤੁਰੇ ਜਾਂਦੇ ਹਾਂ...

ਮਾਂ-ਬੋਲੀ, ਤੇ ਪੰਜਾਬ ਦੇ ਸਿਧਾਂਤਾਂ ਤੋਂ ਅਸੀਂ ਬੱਕਲ਼ ਲੈਣੇ ਆਂ...? ਖਾਣ ਖਸਮਾਂ ਨੂੰ... ਸਾਡੀ ਜਾਣਦੀ ਆ ਜੁੱਤੀ....। ਇਹ ਗੱਲਾਂ ਸੋਚ ਅਸੀਂ ਮੋਟਾ ਪੈੱਗ ਚਾੜ੍ਹ ਲਿਆ... ਮੀਕਣ ਵਿਸਕੀ ਟੁੱਟਦੇ ਤਾਰੇ ਵਾਂਗ ਲੀਕ ਜਿਹੀ ਪਾਉਂਦੀ ਥੱਲੇ ਨੂੰ ਉੱਤਰੀ... ਤੇ ਸਾਡੇ ਅੰਦਰ ਨਿੱਘ ਜਿਹਾ ਭਰ ਗਿਆ... ਸਰੂਰ ਨਾਲ਼ ਸਾਨੂੰ ਸੁਰਗਾਂ ਦੇ ਝੂਟੇ ਆਉਣ ਲੱਗ ਪਏ ਅਤੇ ਰੁਮਕਦੀ ਪੌਣ ਸਾਨੂੰ ਲੋਰੀਆਂ ਦਿੰਦੀ ਲੱਗੀ....ਸ਼ੇ

ਸ਼ੇਕਸਪੀਅਰ ਬਾਬੇ ਦਾ ਕਥਨ ਯਾਦ ਆਇਆ... "ਜੇ ਤੁਸੀਂ ਮੈਨੂੰ ਮੁਹੱਬਤ ਕਰਦੇ ਹੋ, ਤਾਂ ਤੁਸੀਂ ਹਮੇਸ਼ਾ ਮੇਰੇ ਦਿਲ ਵਿਚ ਵਸੋਂਗੇ...। ਜੇ ਤੁਸੀਂ ਮੈਨੂੰ ਘ੍ਰਿਣਾ ਕਰਦੇ ਹੋ, ਤਾਂ ਮੈਂ ਹਮੇਸ਼ਾ ਤੁਹਾਡੇ ਦਿਮਾਗ ਉੱਪਰ ਛਾਇਆ ਰਹਾਂਗਾ...!" ਬੱਸ ਫ਼ਿਰ ਕੀ ਸੀ...? ਇੱਕ ਪੈੱਗ ਹੋਰ ਲਾ ਕੇ... ਬਾਬਾ ਵੇ ਕਲਾ ਮਰੋੜ... ਨੀ ਨਿੱਕੀਏ ਲਾ ਦੇ ਜ਼ੋਰ... ਵਾਲ਼ਾ ਗੀਤ ਸਾਡੇ ਮਨ 'ਚ ਖੌਰੂ ਪਾਉਣ ਲੱਗ ਪਿਆ...ਤੇ ਅਸੀਂ ਢੀਚਕ ਜਿਹਾ ਮਾਰਦੇ ਘਰੋਂ ਨਿਕਲ਼ ਤੁਰੇ ਅਤੇ ਅਗਲੀ 'ਯੁੱਧਨੀਤੀ' ਬਾਰੇ ਵਿਚਾਰ ਕਰਨ ਲਈ ਆਪਣੇ ਮਿੱਤਰ ਦਾ ਦਰਵਾਜ਼ਾ ਜਾ ਖੜਕਾਇਆ...। ਅੱਗਿਉਂ ਉਹ ਦੋ ਪੈੱਗ ਲਾ ਕੇ 'ਬਾਬੂ' ਬਣਿਆਂ ਬੈਠਾ ਸੀ... ਬੱਸ ਤੂੰ ਜਿੱਤ ਤੋਂ ਪਹਿਲਾਂ ਹੀ ਇਨਾਮਾਂ ਦਾ ਐਲਾਨ ਕਰ ਦੇ, ਤੈਨੂੰ ਇੱਕਵੰਜਾ ਹਜ਼ਾਰ ਦਾ...ਤੈਨੂੰ ਇੱਕ ਲੱਖ ਦਾ... ਦੇਖ ਤੈਨੂੰ ਕਿਵੇਂ ਧੜੱਲੇ ਨਾਲ਼ ਜਿਤਾਉਂਦੇ ਆ... ਉਸ ਦੀ 'ਉਸਾਰੂ ਸਕੀਮ' ਸੁਣ ਕੇ ਅਸੀਂ ਮੁਫ਼ਤ ਦਾ ਇੱਕ ਹੋਰ ਪੈੱਗ ਅੰਦਰ ਸੁੱਟਿਆ ਅਤੇ ਇਨਾਮ ਅਭਿਲਾਸ਼ੀਆਂ ਦੀ ਲਿਸਟ ਤਿਆਰ ਕਰਨੀ ਸ਼ੁਰੂ ਕਰ ਦਿੱਤੀ...ਹੁਣ ਮੇਰਾ ਮਨ ਬੱਕਰਾ ਬੁਲਾਉਣ ਨੂੰ ਕਰਦਾ ਸੀ... ਪਤਾ ਨਹੀਂ ਮੈਨੂੰ ਕਿਸ ਗੱਲ ਦਾ ਚਾਅ ਜਿਹਾ ਚੜ੍ਹਦਾ ਜਾ ਰਿਹਾ ਸੀ..? ਮੇਰਾ ਯਾਰ ਮੇਰੇ ਸਾਹਮਣੇ ਗੰਧਾਲ਼ੇ ਵਾਂਗ ਗੱਡਿਆ ਬੈਠਾ ਸੀ...। ਮੈਂ ਇਨਾਮ ਅਭਿਲਾਸ਼ੀ ਦਾ ਨਾਂ ਲਿਸਟ ਉਪਰ ਲਿਖਦਾ ਅਤੇ ਉਹ 'ਬਹੁਤ ਖ਼ੂਬ' ਆਖ ਕੇ ਮੈਨੂੰ 'ਥਾਪੜਾ' ਦਿੰਦਾ...। ਜਦੋਂ ਨੂੰ ਲਿਸਟ ਤਿਆਰ ਹੋਈ, ਉਦੋਂ ਨੂੰ ਸਾਨੂੰ ਦੋਵਾਂ ਨੂੰ ਇੱਕ ਦੇ ਦੋ-ਦੋ ਨਜ਼ਰ ਆਉਣ ਲੱਗ ਪਏ ਸਨ.. "ਚੋਣ ਜ਼ਿੰਦਾਬਾਦ ਬਾਈ... ਤੇ ਆਈ ਲਵ ਯੂ...!" ਆਖ ਕੇ ਮੈਂ ਮਾੜੇ ਕੱਟਰੂ ਵਾਂਗ ਕੁਰਸੀ 'ਤੇ ਟੇਢਾ ਹੋ ਗਿਆ...। ਮੇਰਾ ਦੋਸਤ ਮੈਨੂੰ ਕੁਝ ਆਖ ਰਿਹਾ ਸੀ...। ਪਰ ਮੈਨੂੰ ਸਿਰਫ਼ ਉਸ ਦੀ ਵੱਡੀ ਸਾਰੀ ਹਿੱਲਦੀ ਉਂਗਲ਼ ਹੀ ਦਿਖਾਈ ਦੇ ਰਹੀ ਸੀ, ਸੁਣ ਕੱਖ ਵੀ ਨਹੀਂ ਰਿਹਾ ਸੀ...।

# ਪੱਤਣਾਂ ਦੇ ਤਾਰੂ... !

ਵਿਅੰਗ

ਭਗਤ ਜਨੋ! ਜਦ ਬੇਰ ਪੱਕੇ ਹੋਣ, ਹੋਣ ਵੀ 'ਮੇਡ ਇਨ ਇੰਡੀਆ', ਫਿਰ ਖਾਣ 'ਚ ਭਲਾ ਕਾਹਦਾ ਹਰਜ। ਕਾਹਲੇ ਨਾ ਪਓ, ਚੋਣਾਂ ਦੀ ਮੁਨਿਆਦੀ ਹੋਣ ਵਾਲੀ ਐ। ਕੋਈ ਪ੍ਰੇਮੀ-ਜਨ ਗੁਣਗੁਣਾ ਰਿਹੈ, 'ਬੇਰੀਆਂ ਦੇ ਬੇਰ ਪੱਕ ਗਏ, ਰੁੱਤ ਯਾਰੀਆਂ ਲਾਉਣ ਦੀ ਆਈ', ਪਰ ਅਸਾਂ ਤਾਂ ਗੱਲ ਵੋਟਾਂ ਆਲੇ ਬੇਰ ਦੀ ਕਰੇਂਦੇ ਪਏ ਹਾਂ। ਤਾਹੀਂ ਤਾਂ ਕਿਤੇ ਜੋੜ ਤੋੜ, ਕਿਤੇ ਮੇਲ ਜੋਲ ਤੇ ਕਿਤੇ ਗੱਠਜੋੜ, ਸਭ ਇਹ ਸੋਚ ਕੇ ਬਣਾ ਰਹੇ ਨੇ ਜਿਵੇਂ 'ਕੱਲ੍ਹ ਹੋ ਨਾ ਹੋ।' ਵੋਟਰ ਪਾਤਸ਼ਾਹ ਆਖਦੇ ਪਏ ਨੇ, 'ਭਾਗ ਮਿਲਖਾ ਭਾਗ'। ਪਿਆਰੇ! ਏਹ ਸਿਆਸੀ ਪ੍ਰਜਾਤੀ ਹੈ, ਚੋਣਾਂ ਮੌਕੇ ਬੇਰ ਹੀ ਛਕਦੀ ਹੈ।

'ਭੁੱਲ ਗਈ ਨਮਾਜ਼, ਮਾਰੀ ਭੁੱਖ ਦੀ'। ਪਿੰਡਾਂ ਆਲੇ ਮੋਠੂ ਆਜੜੀ ਕੋਲ ਤਾਂ ਲੰਮਾ ਢਾਂਗਾ

**ਚਰਨਜੀਤ ਭੁੱਲਰ**

ਹੁੰਦੈ, ਜਦੋਂ ਦਿਲ ਕਰੇ, ਬੇਰ ਝਾੜ ਲੈਂਦੈ। ਰਾਜਸੀ ਲਾਣੇ ਨੂੰ 'ਆਜੜੀ ਦਲ' ਬਣਾਉਣਾ ਪੈਂਦੈ, ਵਣ ਵਣ ਦੀ ਲੱਕੜੀ 'ਕੱਠੀ ਕਰ ਕੇ। ਵੋਟਾਂ ਦੇ ਬੇਰ ਕਹੋ, ਚਾਹੇ ਟੀਸੀ ਦਾ ਬੇਰ, ਜਿਹਨੂੰ ਲਾਹੁਣ ਲਈ ਇੱਕ ਦੂਜੇ ਦੇ ਮੋਢਿਆਂ 'ਤੇ ਖੜ੍ਹਨਗੇ, ਐਨ ਲੰਮਾ ਸਿਆਸੀ ਢਾਂਗਾ ਬਣਨਗੇ। ਨਿਤੀਸ਼ ਕੁਮਾਰ ਦੇ ਮੋਢਿਆਂ 'ਤੇ ਏਕਨਾਥ ਸ਼ਿੰਦੇ ਚੜ੍ਹੇਗਾ, ਸ਼ਿੰਦੇ ਦੇ ਮੋਢਿਆਂ 'ਤੇ ਜਯੰਤ ਚੌਧਰੀ, ਚੌਧਰੀ ਦੇ ਮੋਢਿਆਂ 'ਤੇ ਅਜੀਤ ਪਵਾਰ, ਉਸ ਤੋਂ ਉਪਰ ਅਮਰਿੰਦਰ ਤੇ ਢੀਂਡਸੇ, ਆਖ਼ਰ ਮੋਢਿਆਂ ਦੇ ਸਿਖਰ 'ਤੇ ਹੋਣਗੇ ਨਰੇਂਦਰ ਭਾਈ।

ਭਾਈ ਸਾਹਿਬ ਉਪਰ ਬੇਰ ਛਕਣਗੇ। ਲੋਕ ਰਾਜ ਹੇਠਾਂ ਬੈਠਾ ਸਰਦੂਲ ਸਿਕੰਦਰ ਦਾ ਆਹ ਗਾਣਾ ਸੁਣੇਗਾ, 'ਸਾਨੂੰ ਗਿਟਕਾਂ ਗਿਣਨ 'ਤੇ ਹੀ ਰੱਖ ਲੈ, ਨੀਂ ਬੇਰੀਆਂ ਦੇ ਬੇਰ ਖਾਣੀਏ।' ਜ਼ਿੱਦ ਤਾਂ ਰਾਹੁਲ ਗਾਂਧੀ ਦੀ ਵੀ ਬੇਰ ਖਾਣ ਦੀ ਐ। ਇਸੇ ਚੱਕਰ 'ਚ ਵਿਆਹ ਆਲਾ ਲੱਡੂ ਖਾਣਾ ਭੁੱਲਿਐ। ਜਦੋਂ ਤੋਂ ਕਾਂਗਰਸ (ਆਈ), ਕਾਂਗਰਸ 'ਗਈ' ਵਿੱਚ ਬਦਲੀ ਐ, ਦਰਬਾਰੀ 'ਹਇਸ਼ਾ' ਆਖ ਦਿਲ ਧਰਾਉਂਦੇ ਨੇ, 'ਲਗੇ ਰਹੋ ਮੁੰਨਾ ਭਾਈ।' ਦਾਦੀ ਇੰਦਰਾ ਆਖਦੀ ਸੀ, 'ਗ਼ਰੀਬੀ ਹਟਾਓ', ਹੁਣ ਪੋਤਾ ਆਖਦੈ, 'ਅਮੀਰੀ ਹਟਾਓ।' ਅਸਲ ਵਿਚ ਸਿਆਸਤ ਹੈ ਹੀ ਗੁੜ ਦਾ ਕੜਾਹਾ, ਜਿਹਦਾ ਸੁਆਦ ਨੇਤਾ ਉਵੇਂ ਲੈਂਦੇ ਨੇ, ਜਿਵੇਂ ਹੀਰ ਦੀਆਂ ਮੱਝੀਆਂ ਚਾਰ ਕੇ ਰਾਂਝਾ ਲੈਂਦਾ ਸੀ।

ਰਾਹੁਲ ਦੀ ਸੱਜਣੀ ਵੀ ਕਿਤੇ ਬੈਠੀ ਸਿਆਸੀ ਗੱਡੀ ਨੂੰ ਉਲਾਂਭੇ ਦਿੰਦੀ ਹੋਵੇਗੀ, 'ਨੀਂ ਟੁੱਟ ਜਾਏ ਰੇਲ ਗੱਡੀਏ, ਤੂੰ ਰੋਕ ਲਿਆ ਚੰਨ ਮੇਰਾ।' ਆਤਮ ਵਿਸ਼ਵਾਸ ਦਾ ਸਿਖਰ ਦੇਖੋ, ਰਾਹੁਲ ਆਖਦਾ ਪਿਐ, 'ਹਸੀਨਾ ਮਾਨ ਜਾਏਗੀ।' ਨਾਲੇ ਇਹ ਕਾਕਾ ਜੀ ਕਿਸੇ ਗੱਡੀ 'ਚ ਨਹੀਂ, ਕੋਲੰਬਸ ਵਾਂਗੂੰ ਪੈਦਲ ਯਾਤਰਾ 'ਤੇ ਨਿਕਲੇ ਨੇ, ਸਿਖਰਲੀ ਕੁਰਸੀ ਲੱਭਣੀ ਕਿਤੇ ਸੌਖੀ ਐ, ਉੱਤਰੀ ਧਰੁਵ ਲੱਭਣ ਜੇਡਾ ਕੰਮ ਐ, ਬੇਸ਼ੱਕ ਨਵਜੋਤ ਸਿੱਧੂ ਨੂੰ ਪੁੱਛ ਲਓ। ਕਾਦਰ ਖ਼ਾਨ ਨੇ ਠੀਕ ਲੱਖਣ ਲਾਇਐ, 'ਸਿਆਸਤਦਾਨ ਏਕ ਕਿਸਾਨ ਕੀ ਤਰਹ ਹੋਤਾ ਹੈ, ਜਿਤਨਾ ਬੋਓਗੇ, ਉਸਕਾ ਹਜ਼ਾਰ ਗੁਣਾ ਪਾਓਗੇ।' ਹੁਣ ਚੋਣ ਮੇਲਾ ਸਜਣ ਵਾਲਾ ਹੈ। ਲਲਕਾਰੇ ਤਾਂ ਵੱਜਣ ਵੀ ਲੱਗੇ ਨੇ, ਕੋਈ ਗੱਠਜੋੜ ਬਣਾ ਰਿਹੈ, ਕੋਈ ਮਹਾਂ ਗੱਠਜੋੜ।

ਔਹ ਦੇਖੋ, ਬਾਬਾ ਖੜਗੇ ਕਿਵੇਂ ਖੜਕੀ ਹੋਈ ਬੱਸ 'ਤੇ ਕੱਪੜਾ ਮਾਰ ਰਹੇ ਨੇ। ਅਖੇ ਸੋਨੀਆ ਦੇ ਕਾਕੇ ਨੂੰ ਡਰਾਈਵਰ ਬਣਾ ਕੇ ਛੱਡੂੰ। 'ਇੰਡੀਆ ਬਲਾਕ' ਦੀ ਬੱਸ 'ਚ ਅਖਿਲੇਸ਼ ਯਾਦਵ ਬੈਠਾ, 'ਸਾਈਕਲ' ਛੱਤ 'ਤੇ ਰੱਖਿਆ। ਕਾਮਰੇਡ ਅਗਲੀ ਸੀਟ 'ਤੇ ਬੈਠੇ ਨੇ, ਕੋਲ 'ਦਾਤੀ ਹਥੌੜੈ'। ਕੇਜਰੀਵਾਲ ਡਰਾਈਵਰ ਸੀਟ ਦੇ ਪਿੱਛੇ ਸਜੇ ਨੇ, 'ਝਾੜੂ' ਸੀਟ ਹੇਠਾਂ ਰੱਖਿਐ। ਲਾਲੂ ਯਾਦਵ ਵਿਚਾਲੇ ਬੈਠੈ, ਹੱਥ ਵਿਚ 'ਲਾਲਟੈਨ' ਐ। ਬੀਬੀ ਮਮਤਾ ਕਦੇ ਬੱਸ 'ਚ ਚੜ੍ਹ ਜਾਂਦੀ ਐ, ਕਦੇ ਉਤਰ ਜਾਂਦੀ ਹੈ। ਨਿਤੀਸ਼ ਕੁਮਾਰ ਝਕਾਨੀ ਦੇ ਕੇ ਟਿੱਭ ਗਿਆ। ਕਮਲ ਨਾਥ ਨੂੰ ਝੱਗਾ ਫੜ ਕੇ ਰੋਕਿਐ। ਰਾਜਾ ਵੜਿੰਗ ਨੇ ਵਿਸਲ ਮਾਰੀ, ਰਾਹੁਲ ਗਾਂਧੀ ਨੇ ਅੱਖ। ਪ੍ਰਿਅੰਕਾ ਗਾਂਧੀ ਨੇ ਹੱਥ ਜੋੜ ਖੜਗੇ ਨੂੰ ਠੀਕ ਉਵੇਂ ਅਰਜੋਈ ਕੀਤੀ ਜਿਵੇਂ ਕਿਸੇ ਗੀਤ 'ਚ ਕੋਈ ਬੀਬਾ ਆਖਦੀ ਏ, 'ਬਾਬਾ ਵੇ ਕਲਾ ਮਰੋੜ', ਅੱਗਿਓ ਬਾਬਾ ਆਖਦੈ, 'ਨੀ ਨਿੱਕੀਏ ਲਾ'ਦੇ ਜ਼ੋਰ।'

ਸ਼ੇਖ਼ ਸ਼ਾਅਦੀ ਆਖਦੇ ਨੇ, 'ਜੇ ਚਿੜੀਆਂ ਏਕਾ ਕਰ ਲੈਣ ਤਾਂ ਸ਼ੇਰ ਦੀ ਖੱਲ ਉਧੇੜ ਦਿੰਦੀਆਂ ਨੇ।' ਓਧਰ ਦੇਖੋ, ਭਾਜਪਾਈ ਜੌਂਗਾ ਭਜਾਈ ਫਿਰਦੇ ਨੇ, ਜ਼ਰੂਰ ਬਾਦਲ ਆਲੇ ਮਨਪ੍ਰੀਤ ਨੇ ਗਿਫ਼ਟ ਕੀਤਾ ਹੋਊ। ਚਲਾ ਨਰੇਂਦਰ ਭਾਈ ਰਹੇ ਨੇ, ਨਾਲ ਅਮਿਤ ਸ਼ਾਹ ਬੈਠਾ। ਵਿਚਾਲੇ ਨਿਤੀਸ਼ ਕੁਮਾਰ, ਪਿੱਛੇ ਦੁਸ਼ਯੰਤ ਚੌਟਾਲਾ, ਚਿਰਾਗ਼ ਪਾਸਵਾਨ, ਅਸ਼ੋਕ ਚਵਾਨ, ਅਮਰਿੰਦਰ, ਮਨਪ੍ਰੀਤ, ਜਾਖੜ ਤੇ ਦੱਖਣ ਆਲੇ ਵੀ ਬੈਠੇ ਨੇ। ਜੌਂਗੇ 'ਚ ਗਾਣਾ ਵੱਜਿਆ, 'ਮੇਰਾ ਜੂਤਾ ਹੈ ਜਾਪਾਨੀ, ਯੇਹ ਪਤਲੂਨ ਇੰਗਲਿਸ਼ਤਾਨੀ, ਸਰ ਪੇ ਲਾਲ ਟੋਪੀ ਰੂਸੀ, ਫਿਰ ਭੀ ਦਿਲ ਹੈ ਹਿੰਦੁਸਤਾਨੀ।' ਗੱਠਜੋੜੀ ਜੌਂਗੇ 'ਚ ਸਭ ਰੰਗ-ਬਰੰਗੇ ਤੇ ਵੰਨ-ਸੁਵੰਨੇ ਤਸ਼ਰੀਫ਼ ਆਲਾ ਟੋਕਰਾ ਰੱਖੀ ਬੈਠੇ ਸਨ। ਰਾਜ ਕਪੂਰ ਦੇ ਗਾਣੇ ਵਾਂਗੂੰ, ਜੁੱਤਾ ਕਿਤੋਂ ਦਾ ਤੇ ਧੋਤੀ ਕਿਤੋਂ ਦੀ। ਨਿਤਿਨ ਗਡਕਰੀ ਭਾਈਵਾਲਾਂ ਨੂੰ ਅਕਲ ਦਾ ਪਰਸ਼ਾਦਾ ਵੰਡਣ ਲੱਗੇ, ਅਕਲਬੰਦੀਓ! ਆਹ ਰਾਜ ਕਪੂਰ ਤੋਂ ਸਿੱਖੋ, ਤੁਸੀਂ ਉੱਪਰੋਂ ਜੋ ਮਰਜ਼ੀ ਪਹਿਨੋ ਪਰ ਨਿੱਕਰ ਨਾਗਪੁਰੀ ਬਰਾਂਡ ਦੀ ਪਾਉਣੀ ਐ। ਅਰਥਾਤ ਤੁਸਾਂ ਦੇ ਦਿਲ 'ਚ ਭਾਜਪਸਤਾਨ ਧੜਕਣਾ ਚਾਹੀਦੈ।


ਜੌਂਗੇ ਦੇ ਅੱਗੇ 'ਛੋਟਾ ਹਾਥੀ' (ਟੈਂਪੂ) ਪੈਲਾਂ ਪਾਉਂਦਾ ਜਾ ਰਿਹਾ ਸੀ। ਚਲਾ ਭੈਣ ਮਾਇਆਵਤੀ ਰਹੀ ਹੈ, ਨਾਲ ਛੋਟਾ ਭਰਾ ਜਥੇਦਾਰ ਸੁਖਬੀਰ ਸਿੰਘ ਬਾਦਲ ਬੈਠਾ ਹੈ। ਪਿਛਾਂਹ ਦੇਖਿਆ ਤਾਂ ਭਾਜਪਾਈ ਜੌਂਗਾ ਦੇਖ ਜਥੇਦਾਰ ਬਾਦਲ ਦੇ ਚੇਤਿਆਂ 'ਚ ਪੁਰਾਣੇ ਦਿਨ ਗੂੰਜ ਉਠੇ, 'ਜਾਨੇ ਕਹਾਂ ਗਏ ਵੋ ਦਿਨ, ਕਹਿਤੇ ਥੇ ਤੇਰੀ ਰਾਹੋਂ ਮੇਂ ਨਜ਼ਰੋਂ ਕੋਂ ਹਮ ਬਿਛਾਏਂਗੇ।' ਜਥੇਦਾਰ ਜੀ ਸੋਚਣ ਲੱਗੇ ਕਿ ਬਈ! ਜੇ ਬੇਰ ਖਾਣੇ ਨੇ ਤਾਂ ਜੌਂਗਾ ਸਵਾਰ ਹੀ ਬਣਨਾ ਪਊ। ਭੈਣ ਮਾਇਆਵਤੀ ਨੇ ਗੱਡੀ ਰੋਕੀ ਤਾਂ ਜਥੇਦਾਰ ਜੀ ਅੱਖ ਬਚਾ ਕੇ ਛਾਲ ਮਾਰ ਗਏ ਅਤੇ ਜੌਂਗੇ ਨੂੰ ਹੱਥ ਦੇਣ ਲੱਗੇ। ਭਾਜਪਾਈ ਜੌਂਗੇ ਦੀਆਂ ਬਰੇਕਾਂ ਵੱਜੀਆਂ। ਹਾਲੇ ਜਥੇਦਾਰ ਸੁਖਬੀਰ ਜੌਂਗੇ ਨੂੰ ਹੱਥ ਪਾਉਣ ਹੀ ਲੱਗੇ ਸਨ, ਪਿੱਛਿਓਂ ਸ਼ੰਭੂ ਬਾਰਡਰ 'ਤੇ ਕਿਸਾਨਾਂ ਨੇ ਜੈਕਾਰੇ ਛੱਡ ਦਿੱਤੇ। ਭਾਜਪਾਈ ਜੌਂਗਾ ਭਜਾ ਲੈ ਗਏ, ਮਾਇਆਵਤੀ ਨੇ ਦੂਰੋਂ ਬਾਏ-ਬਾਏ ਆਖ'ਤੀ।

ਜਥੇਦਾਰ ਬਾਦਲ ਟੇਸ਼ਨ 'ਤੇ ਖੜ੍ਹੇ ਰਹਿ ਗਏ, ਫਿਰ ਗਾਣਾ ਤਾਂ ਵੱਜਣਾ ਹੀ ਸੀ, 'ਕੱਚੀ ਟੁੱਟ ਗਈ ਜਿਨ੍ਹਾਂ ਦੀ ਯਾਰੀ, ਪੱਤਣਾਂ 'ਤੇ ਰੋਣ ਖੜ੍ਹੀਆਂ।' ਚੰਦੂਮਾਜਰੇ ਨੇ ਢਾਰਸ ਦਿੱਤੀ, ਸੁਖਬੀਰ ਜੀ! ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਵੋਟਾਂ ਆਲੇ ਬੇਰ ਛਕਣੇ ਨੇ ਤਾਂ ਕਿਸਾਨਾਂ ਦੀ ਜੈ ਬੋਲੋ। ਅੰਗੀ ਸਾਥੀ ਜਿਹੜੇ ਭਾਜਪਾ ਦੇ ਜੌਂਗੇ 'ਚ ਬੈਠਣ ਨੂੰ ਕਾਹਲੇ ਸੀ, ਉਹ ਹੁਣ ਕਿਸਾਨਾਂ ਦੇ ਛੈਣੇ ਖੜਕਾ ਰਹੇ ਨੇ। ਆਮਿਰ ਖ਼ਾਨ ਵੀ ਸਮਝਾ ਰਿਹਾ ਹੈ, 'ਦੰਗਲ ਲੜਨੇ ਸੇ ਪਹਿਲੇ ਡਰ ਸੇ ਲੜਨਾ ਪੜਤਾ ਹੈ।'

ਘਾਹੀਆਂ ਦੇ ਪੁੱਤ ਮੋਠੂ ਆਜੜੀ ਨੂੰ ਪੁੱਛਦੇ ਪਏ ਨੇ, ਏਹ ਜੌਂਗਿਆਂ ਵਾਲੇ, ਬੱਸਾਂ ਵਾਲੇ ਤੇ ਵੈਨਾਂ ਵਾਲੇ ਕਿਧਰ ਚੱਲੇ ਨੇ। ਬੱਕਰੀਆਂ ਆਲੇ ਨੇ ਪਾਰਲੀਮੈਂਟ ਦੀ ਨਵੀਂ ਬਣੀ ਇਮਾਰਤ ਵੱਲ ਢਾਂਗਾ ਕਰ ਕੇ ਆਖਿਆ, ਓਸ 'ਚ ਬੈਠਣ ਖ਼ਾਤਰ, ਬੇਰੀਆਂ ਆਲੇ ਖੇਤ ਮਤਲਬ ਵੋਟਾਂ ਆਲਾ ਬੇਰ ਖਾਣ ਚੱਲੇ ਨੇ। ਜਿਹੜੇ ਜੌਂਗੇ ਅਤੇ ਬੱਸਾਂ 'ਚ ਬੈਠੇ ਨੇ, ਇਹ ਗੱਠਜੋੜਾਂ ਦਾ ਢਾਂਗੈ। ਕੋਲ ਖੜ੍ਹੇ ਲੋਕ-ਰਾਜ ਨੇ ਸੁਆਲ ਕੀਤਾ, ਏਹ ਜਾਂਦੀ ਉਮਰੇ ਅਮਰਿੰਦਰ ਕਿਉਂ ਜੌਂਗਾ ਸਵਾਰ ਬਣਿਐ। ਜੁਆਬ ਨਾਨਾ ਪਾਟੇਕਰ ਤੋਂ ਸੁਣੋ, 'ਬੜੀ ਅਜੀਬ ਚੀਜ਼ ਹੈ ਯੇ ਸਿਆਸਤਦਾਨ, ਖ਼ੁਦ ਸੇ ਚਲਾ ਨਹੀਂ ਜਾਤਾ, ਦੇਸ਼ ਕੋ ਚਲਾ ਰਹੇ ਹੈਂ।' ਔਹ ਆਜੜੀ ਨੂੰ ਦੇਖ ਆਪਣਾ ਚੰਨੀ ਯਾਦ ਆਇਐ, ਪਹਿਲਾਂ ਦੱਸਦੇ ਤਾਂ ਚੰਨੀ ਸਾਹਿਬ ਤੋਂ ਬੱਕਰੀ ਦੇ ਥਣ 'ਚੋਂ ਸਿੱਧੀਆਂ ਦੁੱਧ ਦੀਆਂ ਧਾਰਾਂ ਜਮਹੂਰੀਅਤ ਦੇ ਮੂੰਹ 'ਤੇ ਮਰਵਾ ਦਿੰਦੇ, ਕੀ ਪਤੈ ਮੂੰਹ ਮੱਥਾ ਹੀ ਸੰਵਰ ਜਾਂਦਾ।

ਅਸਾਨੂੰ ਸੰਤੋਖ ਸਿੰਘ ਧੀਰ ਦੀ ਕਹਾਣੀ 'ਕੋਈ ਇੱਕ ਸਵਾਰ' ਦੇ ਪਾਤਰ ਬਾਰੂ ਤਾਂਗੇ ਵਾਲੇ 'ਚੋਂ ਜਮਹੂਰੀਅਤ ਸਿੰਘ ਦਾ ਝਉਲਾ ਪੈਂਦੈ ਜਿਹੜਾ ਹਾਕਾਂ ਮਾਰਦਾ ਰਹਿ ਜਾਂਦੈ ਤੇ ਪੱਤਣਾਂ ਦੇ ਤਾਰੂ, ਮੇਰੀ ਮੁਰਾਦ ਬੇਰਾਂ ਦੇ ਸ਼ੌਕੀਨਾਂ ਤੋਂ ਹੈ, ਜਿਹੜੇ ਆਨੀਆਂ ਬਾਨੀਆਂ ਦੀ ਵੋਲਵੋ 'ਚ ਬੈਠ ਪੱਤਰੇ ਵਾਚ ਜਾਂਦੇ ਨੇ। ਧੰਨ ਜਿਗਰਾ ਵੋਟਰ ਪਾਤਸ਼ਾਹ ਦਾ, ਜਿਹੜਾ ਫੇਰ ਵੀ ਹੇਕਾਂ ਲਾ ਰਿਹੈ, 'ਮੈਂ ਹੂੰ ਮਰਦ ਤਾਂਗੇ ਵਾਲਾ, ਮੁਝੇ ਦੁਸ਼ਮਣ ਕਿਆ ਮਾਰੇਗਾ, ਮੇਰਾ ਦੋਸਤ ਉਪਰ ਵਾਲਾ।'

# ਕਸ਼ਮੀਰ ਦੀਆਂ ਫਿਲਮੀ ਕਹਾਣੀਆਂ








*ਖੱਬਿਓਂ: ਫਿਲਮ 'ਆਰਟੀਕਲ 370' ਦਾ ਪੋਸਟਰ ਤੇ ਇਕ ਦ੍ਰਿਸ਼, ਯਾਮੀ ਗੌਤਮ ਅਤੇ (ਐਨ ਸੱਜੇ) ਫਿਲਮ 'ਦਿ ਕਸ਼ਮੀਰ ਫਾਈਲਜ਼' ਦਾ ਪੋਸਟਰ।*

**ਕੁਦਰਤ ਕੌਰ**

ਅਰਬ ਮੁਲਕਾਂ ਵਿਚ ਫਿਲਮ 'ਆਰਟੀਕਲ 370' ਦਿਖਾਉਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਇਸ ਪਾਬੰਦੀ ਦਾ ਸਿੱਧਾ ਅਸਰ ਫਿਲਮ ਦੀ ਕਮਾਈ 'ਤੇ ਪਿਆ ਹੈ। ਇਹ ਫਿਲਮ ਚੰਗੀ ਕਾਰਗੁਜ਼ਾਰੀ ਦਿਖਾ ਰਹੀ ਸੀ ਅਤੇ ਵੱਖ-ਵੱਖ ਦਰਸ਼ਕਾਂ ਵੱਲੋਂ ਤਾਰੀਫ ਕਰਨ 'ਤੇ ਹੋਰ ਦਰਸ਼ਕ ਇਹ ਫਿਲਮ ਦੇਖਣ ਲਈ ਸਿਨੇਮਾ ਘਰਾਂ ਵਿਚ ਜਾ ਰਹੇ ਸਨ। ਯਾਦ ਰਹੇ ਕਿ ਅਰਬ ਮੁਲਕਾਂ ਵਿਚ ਹਿੰਦੀ ਫਿਲਮਾਂ ਦੀ ਵੱਡੀ ਮਾਰਕੀਟ ਹੈ। ਮਨੋਰੰਜਨ ਨਾਲ ਜੁੜੀ ਇਸ ਮਾਰਕੀਟ ਵਿਚ ਹਿੰਦੀ ਫਿਲਮਾਂ ਦਾ ਵੱਡਾ ਦਖਲ ਹੈ। 'ਆਰਟੀਕਲ 370' ਤੋਂ ਪਹਿਲਾਂ ਰਿਤਿਕ ਰੌਸ਼ਨ ਅਤੇ ਦੀਪਿਕਾ ਪਾਦੂਕੋਣ ਦੀ ਫਿਲਮ 'ਫਾਈਟਰ' ਉਤੇ ਵੀ ਅਰਬ ਮੁਲਕਾਂ ਵਿਚ ਪਾਬੰਦੀ ਲਾ ਦਿੱਤੀ ਗਈ ਸੀ। ਫਿਲਮ 'ਫਾਈਟਰ' ਵਿਚ 2019 ਵਿਚ ਭਾਰਤ ਵਿਚ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਹੋਏ ਪੁਲਵਾਮਾ ਅਤੇ ਬਾਲਾਕੋਟ ਹਮਲਿਆਂ ਦਾ ਵੱਡਾ ਜ਼ਿਕਰ ਹੈ। ਇਹ ਫਿਲਮ ਸਿਧਾਰਥ ਆਨੰਦ ਦੇ ਨਿਰਦੇਸ਼ਨ ਹੇਠ ਬਣਾਈ ਗਈ ਸੀ।

ਫਿਲਮ 'ਆਰਟੀਕਲ 370' ਜੰਮੂ ਕਸ਼ਮੀਰ ਦੇ ਵਿਸ਼ੇਸ਼ ਅਧਿਕਾਰ ਖਤਮ ਕਰਦਿਆਂ ਸੰਵਿਧਾਨ ਦੀ ਧਾਰਾ (ਆਰਟੀਕਲ) 370 ਹਟਾਉਣ ਦੇ ਫੈਸਲੇ 'ਤੇ ਆਧਾਰਿਤ ਹੈ। ਫਿਲਮ ਵਿਚ ਯਾਮੀ ਗੌਤਮ ਨੇ ਇੰਟੈਲੀਜੈਂਸ ਅਧਿਕਾਰੀ ਦੀ ਭੂਮਿਕਾ ਨਿਭਾਈ ਹੈ। ਯਾਮੀ ਇਸ ਫਿਲਮ ਵਿਚ ਐੱਨ.ਆਈ.ਏ. ਜੁਆਇਨ ਕਰ ਕੇ ਵਿਸ਼ੇਸ਼ ਮੁਹਿੰਮ ਤਹਿਤ ਜੰਮੂ ਜਾਂਦੀ ਹੈ। ਫਿਲਮ ਵਿਚ ਯਾਮੀ ਗੌਤਮ ਤੋਂ ਇਲਾਵਾ ਪ੍ਰਿਯਾਮਣੀ, ਸਕੰਦ ਠਾਕੁਰ, ਅਸ਼ਵਨੀ ਕੌਲ, ਵੈਭਵ ਤਤਵਾਵਾਦੀ, ਅਰੁਣ ਗੋਵਿਲ ਅਤੇ ਕਿਰਨ ਕਰਮਾਰਕਰ ਨੇ ਅਹਿਮ ਕਿਰਦਾਰ ਨਿਭਾਏ ਹਨ। ਇਹ ਫਿਲਮ 23 ਫਰਵਰੀ ਨੂੰ ਰਿਲੀਜ਼ ਹੋਈ ਸੀ ਅਤੇ ਇਸ ਨੇ ਪਹਿਲੇ ਪੰਜ ਦਿਨਾਂ ਦੌਰਾਨ 30 ਕਰੋੜ ਤੋਂ ਵੱਧ ਰੁਪਏ ਦੀ ਕਮਾਈ ਕਰ ਲਈ ਸੀ। ਇਸ ਫਿਲਮ ਵਿਚ ਯਾਮੀ ਗੌਤਮ ਦੀ ਅਦਾਕਾਰੀ ਦੀ ਖੂਬ ਤਾਰੀਫ ਹੋਈ ਹੈ ਪਰ ਨਾਲ ਹੀ ਇਸ ਫਿਲਮ ਦੀ ਇਸ ਪੱਖੋਂ ਨੁਕਤਾਚੀਨੀ ਵੀ ਹੋ ਰਹੀ ਹੈ ਕਿ ਇਸ ਫਿਲਮ ਵਿਚ ਤੱਥਾਂ ਨੂੰ ਬਹੁਤ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਫਿਲਮ ਦੇਖਦਿਆਂ ਜਾਪਦਾ ਇਸ ਤਰ੍ਹਾਂ ਹੈ ਜਿਵੇਂ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦਾ ਪ੍ਰਚਾਰ ਚੱਲ ਰਿਹਾ ਹੋਵੇ।

ਇਸ ਤੋਂ ਪਹਿਲਾਂ ਮਾਰਚ 2022 ਵਿਚ ਰਿਲੀਜ਼ ਹੋਈ ਫਿਲਮ 'ਦਿ ਕਸ਼ਮੀਰ ਫਾਈਲਜ਼' ਵਿਚ ਵੀ ਕਸ਼ਮੀਰ ਮਸਲੇ ਨੂੰ ਆਪਣੇ ਹੀ ਢੰਗ ਨਾਲ ਪੇਸ਼ ਕੀਤਾ ਗਿਆ ਸੀ। ਇਸ ਫਿਲਮ ਨੂੰ ਵਪਾਰਕ ਪੱਧਰ 'ਤੇ ਬਹੁਤ ਸਫ਼ਲਤਾ ਹਾਸਿਲ ਹੋਈ ਪਰ ਨਾਲ ਹੀ ਇਹ ਵਿਵਾਦਾਂ ਵਿਚ ਵੀ ਘਿਰੀ ਰਹੀ। ਫਿਲਮ ਦੀ ਕਹਾਣੀ 1990ਵਿਆਂ 'ਚ ਕਸ਼ਮੀਰ ਵਾਦੀ 'ਚੋਂ ਕਸ਼ਮੀਰੀ ਪੰਡਤਾਂ ਦੀ ਹਿਜਰਤ ਅਤੇ ਉਨ੍ਹਾਂ ਦੀਆਂ ਹੱਤਿਆਵਾਂ ਦੁਆਲੇ ਘੁੰਮਦੀ ਹੈ। ਉਸ ਸਮੇਂ ਹੋਏ ਘਟਨਾਕ੍ਰਮ ਬਾਰੇ ਸਿਆਸੀ ਮਾਹਿਰਾਂ ਦੀ ਰਾਏ ਵੱਖੋ-ਵੱਖਰੀ ਹੈ। ਇਕ ਪਾਸੇ ਜਿੱਥੇ ਉਸ ਤ੍ਰਾਸਦਿਕ ਸਮੇਂ ਨੂੰ ਦਿਲ ਨੂੰ ਧੂਹ ਪਾਉਣ ਵਾਲੇ ਢੰਗ ਨਾਲ ਪੇਸ਼ ਕੀਤੇ ਜਾਣ ਕਰ ਕੇ ਫਿਲਮ ਦੀ ਪ੍ਰਸ਼ੰਸਾ ਕੀਤੀ ਗਈ, ਦੂਜੇ ਪਾਸੇ ਤੱਥਾਂ ਨੂੰ ਅਣਗੌਲਣ ਤੇ ਫਿਰਕੂ ਭਾਵਨਾਵਾਂ ਨਾਲ ਖਿਲਵਾੜ ਕੀਤੇ ਜਾਣ ਕਾਰਨ ਆਲੋਚਨਾ ਵੀ ਹੋਈ। ਭਾਜਪਾ ਵੱਲੋਂ ਫਿਲਮ ਦਾ ਵੱਡੇ ਪੱਧਰ 'ਤੇ ਸਮਰਥਨ ਕੀਤੇ ਜਾਣ ਨਾਲ ਇਸ ਬਾਰੇ ਬਹਿਸ 'ਤੇ ਸਿਆਸੀ ਅਤੇ ਵੰਡਪਾਊ ਰੰਗ ਚੜ੍ਹ ਗਿਆ। ਫਿਲਮ ਦਾ ਨਿਰਦੇਸ਼ਕ ਵਿਵੇਕ ਅਗਨੀਹੋਤਰੀ ਸ਼ਰੇਆਮ ਭਾਰਤੀ ਜਨਤਾ ਪਾਰਟੀ ਦਾ ਪੱਖ ਪੂਰਨ ਤੱਕ ਚਲਾ ਗਿਆ। 2014 ਤੋਂ ਬਾਅਦ ਕੱਟੜ ਸਿਆਸਤ ਦੀ ਗੱਲ ਕਰਨ ਵਾਲੇ ਫਿਲਮਾਂ ਵਾਲਿਆਂ ਵਿਚ ਵਿਵੇਕ ਅਗਨੀਹੋਤਰੀ ਦਾ ਨਾਂ ਸਭ ਤੋਂ ਉਪਰ ਆਉਂਦਾ ਹੈ।

ਹਾਂ, 'ਹੈਦਰ' ਫਿਲਮ ਹੋਰ ਸਾਰੀਆਂ ਫਿਲਮਾਂ ਤੋਂ ਵੱਖਰੀ ਸੀ। ਇਹ ਫਿਲਮ ਫਿਲਮਸਾਜ਼ ਤੇ ਸੰਗੀਤਕਾਰ ਵਿਸ਼ਾਲ ਭਾਰਦਵਾਜ ਨੇ ਬਣਾਈ ਸੀ। ਇਸ ਫਿਲਮ ਦੀ ਕਹਾਣੀ ਉਘੇ ਅੰਗਰੇਜ਼ੀ ਲਿਖਾਰੀ ਸ਼ੇਕਸਪੀਅਰ ਦੇ ਨਾਟਕ 'ਹੈਮਲਟ' ਤੋਂ ਲਈ ਗਈ ਸੀ ਪਰ ਇਸ ਨੂੰ ਕਸ਼ਮੀਰ ਦੇ ਹਾਲਾਤ ਮੁਤਾਬਿਕ ਢਾਲ ਕੇ ਪੇਸ਼ ਕੀਤਾ ਗਿਆ ਸੀ। ਇਸ ਫਿਲਮ ਦੀ ਕਹਾਣੀ ਵਿਸ਼ਾਲ ਭਾਰਦਵਾਜ ਅਤੇ ਉਘੇ ਕਸ਼ਮੀਰੀ ਪੱਤਰਕਾਰ ਬਸ਼ਰਤ ਪੀਰ ਨੇ ਰਲ ਕੇ ਲਿਖੀ ਸੀ। ਇਸ ਤੋਂ ਪਹਿਲਾਂ ਬਸ਼ਰਤ ਪੀਰ ਆਪਣੀ ਪੁਸਤਕ 'ਕਰਫਿਊ ਨਾਈਟਸ' ਕਰ ਕੇ ਆਪਣੀ ਚਰਚਾ ਕਰਵਾ ਚੁੱਕਾ ਸੀ। ਫਿਲਮ ਦੀ ਕਹਾਣੀ 1995 ਦੇ ਨੇੜੇ-ਤੇੜੇ ਵਾਪਰਦੀ ਹੈ।

ਆਮਿਰ ਖਾਨ ਦੀ ਫਿਲਮ 'ਫਨਾਹ' ਵੀ ਕਸ਼ਮੀਰ ਦੀ ਕਹਾਣੀ 'ਤੇ ਆਧਾਰਿਤ ਸੀ। ਇਸ ਫਿਲਮ ਵਿਚ ਆਮਿਰ ਖਾਨ ਤੋਂ ਇਲਾਵਾ ਕਾਜੋਲ, ਰਿਸ਼ੀ ਕਪੂਰ, ਕਿਰਨ ਖੇਰ, ਤੱਬੂ, ਸ਼ਰਤ ਸਕਸੈਨਾ, ਗੌਤਮੀ ਕਪੂਰ, ਸਤੀਸ਼ ਸ਼ਾਹ, ਜਸਪਾਲ ਭੱਟੀ ਦਾ ਅਹਿਮ ਕਿਰਦਾਰ ਸਨ। ਫਿਲਮ ਦੇ ਨਿਰਦੇਸ਼ਕ ਕੁਨਾਲ ਕੋਹਲੀ ਸਨ ਅਤੇ ਨਿਰਮਤਾਤਾ ਅਦਿੱਤਿਆ ਚੋਪੜਾ ਤੇ ਯਸ਼ ਚੋਪੜਾ। ਇਸ ਫਿਲਮ ਦੀ ਨਾਇਕਾ ਨੇਤਰਹੀਣ ਹੈ ਅਤੇ ਉਹ ਸੈਲਾਨੀਆਂ ਦੇ ਟੂਰ ਗਾਈਡ ਨਾਲ ਮੁਹੱਬਤ ਕਰ ਬੈਠਦੀ ਹੈ ਜਿਸ ਦੇ ਸਬੰਧ ਅਗਾਂਹ ਦਹਿਸ਼ਤਗਰਦਾਂ ਨਾਲ ਹਨ। 'ਰੋਜ਼ਾ' ਫਿਲਮ ਵਿਚ ਵੀ ਕਸ਼ਮੀਰ ਦਾ ਹਾਲ ਬਿਆਨ ਕੀਤਾ ਗਿਆ ਹੈ। ਫਿਲਮ ਮਣੀ ਰਤਨਮ ਨੇ ਬਣਾਈ ਸੀ ਅਤੇ ਇਸ ਵਿਚ ਮੁੱਖ ਭੂਮਿਕਾਵਾਂ ਅਰਵਿੰਦ ਸਵਾਮੀ ਤੇ ਮਧੂ ਨੇ ਨਿਭਾਈਆਂ ਸਨ। ਇਹ ਤਾਮਿਲ ਨਾਡੂ ਦੇ ਇਕ ਪਿੰਡ ਦੀ ਅਜਿਹੀ ਕੁੜੀ ਦੀ ਕਹਾਣੀ ਹੈ ਜੋ ਆਪਣੇ ਪਤੀ ਦੀ ਤਲਾਸ਼ ਵਿਚ ਦਰ-ਦਰ ਭਟਕਦੀ ਹੈ। ਉਸ ਦੇ ਪਤੀ ਨੂੰ ਦਹਿਸ਼ਤਗਰਦਾਂ ਨੇ ਅਗਵਾ ਕਰ ਲਿਆ ਸੀ। ਫਿਲਮ 'ਮਿਸ਼ਨ ਕਸ਼ਮੀਰ' ਦੀ ਕਹਾਣੀ ਵੀ ਇਸੇ ਤਰ੍ਹਾਂ ਦੀ ਹੈ। ਇਸ ਫਿਲਮ ਵਿਚ ਮੁੱਖ ਰਿਕਦਾਰ ਰਿਤਿਕ ਰੌਸ਼ਨ, ਸੰਜੇ ਦੱਤ, ਪ੍ਰੀਟੀ ਜ਼ਿੰਟਾ, ਸੋਨਾਲੀ ਕੁਲਕਰਨੀ ਅਤੇ ਜੈਕੀ ਸਰੌਫ ਨੇ ਨਿਭਾਏ ਸਨ। ਫਿਲਮ ਵਿਧੂ ਵਿਨੋਦ ਚੋਪੜਾ ਨੇ ਨਿਰਦੇਸ਼ਤ ਕੀਤੀ ਸੀ। ਇਸ ਵਿਚ ਦਹਿਸ਼ਤਗਰਦੀ ਦੇ ਬੱਚਿਆਂ ਉਤੇ ਪੈ ਰਹੇ ਅਸਰਾਂ ਬਾਰੇ ਦੱਸਿਆ ਗਿਆ ਹੈ। 'ਐਲ.ਓ.ਸੀ: ਕਾਰਗਿਲ' ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਈ ਕਾਰਗਿਲ ਜੰਗ ਦੇ ਵੇਰਵੇ ਹਨ ਜੋ ਕਸ਼ਮੀਰ ਦੇ ਇਲਾਕੇ ਵਿਚ ਹੋਈ ਸੀ। ਇਹ ਫਿਲਮ ਜੇ.ਪੀ. ਦੱਤਾ ਨੇ ਬਣਾਈ ਸੀ।

ਕਸ਼ਮੀਰ ਬਾਰੇ ਫਿਲਮ 'ਆਜ਼ਾਦੀ' ਪਾਕਿਸਤਾਨ ਵਿਚ ਬਣੀ ਅਤੇ ਇਹ 2018 ਵਿਚ ਰਿਲੀਜ਼ ਹੋਈ। ਇਹ ਫਿਲਮ ਇਮਰਾਨ ਮਲਿਕ ਨੇ ਲਿਖੀ ਅਤੇ ਨਿਰਦੇਸ਼ਤ ਕੀਤੀ ਸੀ। ਇਸ ਵਿਚ ਮੁਆਮਾਰ ਰਾਣਾ, ਸੋਨੀਆ ਹੁਸੈਨ ਅਤੇ ਨਦੀਮ ਬੇਗ ਨੇ ਮੁੱਖ ਕਿਰਦਾਰ ਨਿਭਾਏ ਸਨ। ਪਾਕਿਸਤਾਨ ਵਿਚ ਬਣੀ ਇਹ ਪਹਿਲੀ ਫਿਲਮ ਸੀ ਜੋ ਇੰਨੇ ਵੱਡੇ ਪੱਧਰ ਉਤੇ ਬਣੀ ਸੀ ਅਤੇ ਇਸ ਵਿਚ ਕਸ਼ਮੀਰ ਦਾ ਮਸਲਾ ਲਿਆ ਗਿਆ ਸੀ। ਇਹ ਫਿਲਮ ਕਮਾਈ ਪੱਖੋਂ ਸਫਲ ਰਹੀ ਸੀ।

ਇਨ੍ਹਾਂ ਤੋਂ ਇਲਾਵਾ 'ਰਾਜ਼ੀ', 'ਅਸੰਭਵ', 'ਧੋਖਾ', 'ਧੁਪ', 'ਹਾਫ ਵਿਡੋਅ', 'ਹਮੀਦ', 'ਹਿਨਾ', 'ਆਈ ਲਵ ਇੰਡੀਆ', 'ਜਾਲ', 'ਜੀਆ ਜਾਏ', 'ਕਸ਼ਮੀਰਮ', 'ਕੀਰਤੀ ਚੱਕਰ', 'ਕੁਰੂਕਸ਼ੇਤਰ', 'ਲਕਸ਼ਯਾ', 'ਲਮਹਾ', 'ਮਾਸ ਲੀਡਰ', 'ਮੇਰਾ ਫੌਜੀ', 'ਨੋਟਬੁੱਕ', 'ਪਰਵਾਨਾ' ਆਦਿ ਫਿਲਮਾਂ ਵਿਚ ਵੀ ਕਸ਼ਮੀਰ ਹਾਜ਼ਰ ਨਾਜ਼ਰ ਰਹਿੰਦਾ ਹੈ।

# ਦਾਦੀ ਪੋਤੀ ਦੀਆਂ ਗੱਲਾਂ

**ਆਮਨਾ ਕੌਰ**

ਅਦਾਕਾਰਾ ਸ਼ਰਮੀਲਾ ਟੈਗੋਰ ਅਤੇ ਸਾਰਾ ਅਲੀ ਖਾਨ ਦੀ ਤਸਵੀਰਾਂ ਇੰਟਰਨੈੱਟ ਉਤੇ ਵਾਇਰਲ ਹੋਈਆਂ। ਇਨ੍ਹਾਂ ਤਸਵੀਰਾਂ ਵਿਚ ਦੋਹਾਂ ਦਾ ਹੇਅਰ ਸਟਾਈਲ ਲਗਭਗ ਇਕੋ ਤਰ੍ਹਾਂ ਦਾ ਹੈ। ਨਾਲ ਹੀ ਟਿੱਪਣੀਆਂ ਹਨ ਕਿ ਦਾਦੀ ਪੋਤੀ ਇਕ ਦੂਜੀ ਨਾਲ ਕਿੰਨੀਆਂ ਮਿਲਦੀਆਂ-ਜੁਲਦੀਆਂ ਹਨ। ਸ਼ਰਮੀਲਾ ਟੈਗੋਰ ਦਾ ਫਿਲਮੀ ਦੁਨੀਆ ਵਿਚ ਆਪਣਾ ਵੱਖਰਾ ਮੁਕਾਮ ਹੈ। ਉਸ ਦੀ ਪੋਤੀ ਅਤੇ ਸੈਫ ਅਲੀ ਖਾਨ ਤੇ ਅੰਮ੍ਰਿਤਾ ਸਿੰਘ ਦੀ ਧੀ ਸਾਰਾ ਅਲੀ ਖਾਨ ਆਪਣਾ ਮੁਕਾਮ ਬਣਾਉਣ ਲਈ ਅਜੇ ਫਿਲਮੀ ਦੁਨੀਆ ਵਿਚ ਜੂਝ ਰਹੀ ਹੈ। ਸਪਸ਼ਟ ਕਾਰਨ ਹੈ ਕਿ ਸਾਰਾ ਅਲੀ ਖਾਨ ਦੇ ਆਪਣਾ ਕਰੀਅਰ ਅਗਾਂਹ ਲਿਜਾਣ ਲਈ ਹੁਣ ਦਾਦੀ ਸ਼ਰਮੀਲਾ ਟੈਗੋਰ ਦਾ ਸਹਾਰਾ ਲੈਣਾ ਪੈ ਰਿਹਾ ਹੈ। ਅਸਲ ਵਿਚ ਫਿਲਮ ਸਟਾਰਾਂ ਦੇ ਬੱਚੇ ਬੱਚੀਆਂ ਨਾਲ ਅਜਿਹਾ ਅਕਸਰ ਵਾਪਰਦਾ ਹੈ। ਬੀਤੇ ਵੇਲਿਆਂ ਵਿਚ ਬਹੁਤ ਸਾਰਾ ਨਾਮ ਕਮਾ ਚੁੱਕੀਆਂ ਫਿਲਮੀ ਹਸਤੀਆਂ ਦੇ ਬੱਚੇ ਜਦੋਂ ਫਿਲਮੀ ਦੁਨੀਆ ਅੰਦਰ ਦਾਖਲ ਹੁੰਦੇ ਹਨ ਤਾਂ ਸਹਿਜ ਸੁਭਾਵਿਕ ਇਨ੍ਹਾਂ ਦੀ ਤੁਲਨਾ ਉਨ੍ਹਾਂ ਨਾਲ ਹੋਣ ਲੱਗਦੀ ਹੈ। ਜਦੋਂ ਧਰਮਿੰਦਰ ਅਤੇ ਹੇਮਾ ਮਾਲਿਨੀ ਦੀ ਜੇਠੀ ਧੀ ਈਸ਼ਾ ਦਿਓਲ ਦੀ ਪਹਿਲੀ ਫਿਲਮ 'ਮੇਰੇ ਦਿਲ ਸੇ ਪੂਛੇ' (2002) ਆਈ ਸੀ ਤਾਂ ਬਹੁਤ ਸਾਰੇ ਲੋਕ ਉਸ ਦੀ ਫਿਲਮ ਇਸ ਕਰ ਕੇ ਹੀ ਦੇਖਣ ਗਏ ਕਿ ਉਹ ਧਰਮਿੰਦਰ ਅਤੇ ਹੇਮਾ ਮਾਲਿਨੀ ਦੀ ਧੀ ਹੈ। ਉਂਝ, ਇਸ ਫਿਲਮ ਵਿਚ ਈਸ਼ਾ ਦਿਓਲ ਕੋਈ ਖਾਸ ਪ੍ਰਭਾਵ ਨਹੀਂ ਛੱਡ ਸਕੀ ਅਤੇ ਬਾਅਦ ਵਿਚ ਵੀ ਉਸ ਦਾ ਫਿਲਮੀ ਕਰੀਅਰ ਡਾਵਾਂ-ਡੋਲ ਹੀ ਰਿਹਾ। ਮਗਰੋਂ ਉਸ ਨੇ ਵਿਆਹ ਕਰਵਾ ਲਿਆ ਅਤੇ ਫਿਲਮਾਂ ਵਿਚ ਕੰਮ ਕਰਨਾ ਬੰਦ ਕਰ ਦਿੱਤਾ। ਹਾਲੀਆ ਖਬਰਾਂ ਹਨ ਕਿ ਉਸ ਦਾ ਪਤੀ ਅਤੇ ਉਹ ਹੁਣ ਵੱਖ ਹੋ ਗਏ ਹਨ ਅਤੇ ਈਸ਼ਾ ਦਿਓਲ ਇਕ ਵਾਰ ਫਿਰ ਫਿਲਮੀ ਦੁਨੀਆ ਅੰਦਰ ਮੁੜ ਦਾਖਲੇ ਲਈ ਤਿਆਰੀ ਕਰ ਰਹੀ ਹੈ।

12 ਅਗਸਤ 1995 ਨੂੰ ਜਨਮੀ ਸਾਰਾ ਅਲੀ ਖਾਨ ਨੇ ਕੋਲੰਬੀਆ ਯੂਨੀਵਰਸਿਟੀ ਤੋਂ ਇਤਿਹਾਸ ਅਤੇ ਪੁਲੀਟੀਕਲ ਸਾਇੰਸ ਦੀ ਡਿਗਰੀ ਲਈ ਹੋਈ ਹੈ। ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਉਸ ਨੇ ਫਿਲਮ 'ਕੇਦਾਰਨਾਥ' ਨਾਲ 2018 ਵਿਚ ਕੀਤੀ ਸੀ। ਇਸੇ ਸਾਲ ਉਸ ਦੀ ਇਕ ਹੋਰ ਫਿਲਮ 'ਸਿੰਬਾ' ਵੀ ਰਿਲੀਜ਼ ਹੋਈ ਸੀ। 'ਕੇਦਾਰਨਾਥ' ਫਿਲਮ ਵਿਚ ਉਸ ਦੇ ਸਾਥੀ ਕਲਾਕਾਰਾਂ ਵਿਚ ਸੁਸ਼ਾਤ ਸਿੰਘ ਰਾਜਪੂਤ, ਨਿਤੀਸ਼ ਭਾਰਦਵਾਜ, ਅਲਕਾ ਅਮੀਨ, ਸੋਨਾਲੀ ਸਚਦੇਵ, ਪੂਜਾ ਗੌੜ, ਸੁਨੀਤਾ ਰਾਜਵਰ, ਅਰੁਨ ਬਾਲੀ ਆਦਿ ਸਨ। ਇਸ ਰੁਮਾਂਟਿਕ ਫਿਲਮ ਦੀ ਕਹਾਣੀ ਕੇਦਾਰਨਾਥ ਮੰਦਰ ਦੇ ਆਲੇ-ਦੁਆਲੇ ਵਾਪਰਦੀ ਹੈ। ਇਹ ਫਿਲਮ ਔਸਤ ਜਿਹੀ ਚੱਲੀ ਸੀ। ਇਸ ਦਾ ਬਜਟ ਕੁੱਲ 69 ਕਰੋੜ ਦਾ ਸੀ ਅਤੇ ਇਸ ਨੇ ਬਾਕਸ ਆਫਿਸ ਉਤੇ 103 ਕਰੋੜ ਰੁਪਏ ਦੀ ਕਮਾਈ ਕੀਤੀ ਸੀ। ਉਂਝ, ਇਸ ਫਿਲਮ ਨਾਲ ਸਾਰਾ ਅਲੀ ਖਾਨ ਦੀ ਚਰਚਾ ਜ਼ਰੂਰ ਹੋ ਗਈ ਸੀ। ਫਿਲਮ 'ਸਿੰਬਾ' ਵਿਚ ਸਾਰਾ ਅਲੀ ਖਾਨ ਦਾ ਸਾਥ ਰਣਬੀਰ ਸਿੰਘ ਅਤੇ ਸੋਨੂ ਸੂਦ ਨੇ ਦਿੱਤਾ ਸੀ। ਇਹ ਫਿਲਮ ਰੋਹਿਤ ਸ਼ੈੱਟੀ ਨੇ ਬਣਾਈ ਸੀ। ਫਿਲਮ ਖੂਬ ਚੱਲੀ। ਇਸ ਨੇ ਕਮਾਈ ਵੀ ਖੂਬ ਕੀਤੀ। ਇਸ ਦਾ ਬਜਟ 80 ਕਰੋੜ ਰੁਪਏ ਦਾ ਸੀ ਅਤੇ ਇਸ ਨੇ 400 ਕਰੋੜ ਰੁਪਏ ਤੋਂ ਉਪਰ ਕਮਾਏ। ਉਂਝ ਬਾਅਦ ਵਿਚ ਸਾਰਾ ਅਲੀ ਖਾਨ ਫਿਲਮੀ ਦੁਨੀਆ ਅੰਦਰ ਕੁਝ ਨਵਾਂ ਨਹੀਂ ਕਰ ਸਕੀ।

ਸਾਰਾ ਅਲੀ ਖਾਨ ਦੀ ਦਾਦੀ ਸ਼ਰਮੀਲਾ ਟੈਗੋਰ ਦੇ ਤਾਂ ਕਹਿਣੇ ਹੀ ਕੀ ਸਨ! ਉਹ ਆਪਣੇ ਵੇਲਿਆਂ ਦੀ ਚਰਚਿਤ ਅਤੇ ਕਾਮਯਾਬ ਹੀਰੋਇਨ ਸੀ। ਉਸ ਦੀਆਂ ਫਿਲਮਾਂ ਅੱਜ ਵੀ ਓਨੇ ਹੀ ਚਾਅ ਅਤੇ ਉਤਸ਼ਾਹ ਨਾਲ ਦੇਖੀਆਂ ਜਾਂਦੀਆਂ ਹਨ। ਇਸੇ ਕਰ ਕੇ ਹੁਣ ਸਾਰਾ ਅਲੀ ਖਾਨ ਆਪਣੀ ਦਾਦੀ ਕੋਲੋਂ ਅਦਾਕਾਰੀ ਦੇ ਗੁਰ ਸਿੱਖ ਰਹੀ ਹੈ।



*ਫਿਲਮ ਅਦਾਕਾਰਾ ਸ਼ਰਮੀਲਾ ਟੈਗੋਰ ਆਪਣੀ ਪੋਤੀ, ਅਦਾਕਾਰਾ ਸਾਰਾ ਅਲੀ ਖਾਨ ਨਾਲ।*


ਮਿਡਵੈਸਟ ਵਿਚ ਟਰੱਕ ਡਰਾਈਵਿੰਗ ਸਿੱਖਣ ਲਈ ਨੰਬਰ 1 ਅਕੈਡਮੀ
THE CDL ACADEMY
@thecdlacademy
GET YOUR CLASS A
WITH THE CDL ACADEMY
ਕਲਾਸ A ਪ੍ਰਾਪਤ ਕਰਨ ਦੇ ਲਈ CDL ਅਕੈਡਮੀ ਚੁਣੋ!
1800 800 5646
Your path to a successful Trucking Career Start here!
ਇਕ ਸਫਲ ਟ੍ਰੱਕਇੰਗ ਕਰਿਅਰ ਦੇ ਲਈ ਆਪਣਾ ਰਸਤਾ ਇਥੋਂ ਸ਼ੁਰੂ ਕਰੋ ਜੀ
$700 OFF
JOIN NOW
Experienced Instructors
ਤਜਰਬੇਕਾਰ ਅਧਿਆਪਕ
Modern Facilites
ਆਧੁਨਿਕ ਸਹੂਲਤਾਂ
Flexible Scheduling
ਆਸਾਨ ਸਮਾਂ-ਸਾਰਣੀ
Job Placement Assistance
ਨੌਕਰੀ ਦੀ ਪਲੇਸਮੈਂਟ ਸਹਾਇਤਾ
Thecdlacademy.org
info@thecdlacademy.org
5284 E 23rd St Indianapolis, IN 46218